ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!

ਚੜ੍ਹਦੀਕਲਾ

ਬੀਤੀ ਅੱਧੀ ਸਦੀ ਤੋਂ ਧਰੂ ਤਾਰੇ ਵਾਂਗ ਚਮਕ ਰਿਹਾ ਰੋਜ਼ਾਨਾ 'ਚੜ੍ਹਦੀਕਲਾ' ਅਖ਼ਬਾਰ

- ਦੇਸ਼ ਦੇ ਸਭ ਤੋਂ ਸੀਨੀਅਰ ਪੱਤਰਕਾਰਾਂ ਵਿਚੋਂ ਇੱਕ ਸ. ਜਗਜੀਤ ਸਿੰਘ ਦਰਦੀ ਦੀ ਯੋਗ ਰਹਿਨੁਮਾਈ
- ਬਿਨਾਂ ਕਿਸੇ ਸਿਆਸੀ ਦਬਾਅ ਜਾਂ ਲਾਲਚ ਤੋਂ ਨਿਰਪੱਖਤਾ ਅਤੇ ਨਿਡਰਤਾ ਨਾਲ ਲੋਕ ਮੁੱਦਿਆਂ ਨੂੰ ਪੇਸ਼ ਕਰਨਾ
- ਧਾਰਮਿਕ ਕੱਟੜਤਾ ਅਤੇ ਵਪਾਰਕ ਲਾਭਾਂ ਜਿਹੀ ਸੌੜੀ ਸੋਚ ਤੋਂ ਕੋਹਾਂ ਦੂਰ, ਕੌਮੀ ਹਿੱਤਾਂ ਨੂੰ ਸਮਰਪਿਤ ਸੋਚ
- ਪੇਸ਼ੇ ਪ੍ਰਤੀ ਇਮਾਨਦਾਰ, ਸਮਰਪਿਤ ਅਤੇ ਸੰਵੇਦਨਸ਼ੀਲ ਪੱਤਰਕਾਰ ਅਤੇ ਸੰਪਾਦਕ ਸਟਾਫ
- ਹਰ ਵਰਗ ਦੇ ਪਾਠਕਾਂ ਲਈ ਉਸਾਰੂ ਸਮੱਗਰੀ ਦੀ ਭਰਮਾਰ

ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ

ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ

ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ
ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ
ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Saturday, 28 June, 2025) ਪਟਿਆਲਾ ਸ਼ਨੀਵਾਰ, 28 ਜੂਨ, 2025, 14 ਹਾੜ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 177 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

## ਡਾਕਘਰਾਂ 'ਚ ਅਗਸਤ ਤੋਂ ਸ਼ੁਰੂ ਹੋਵੇਗਾ ਡਿਜੀਟਲ ਭੁਗਤਾਨ

ਨਵੀਂ ਦਿੱਲੀ, 27 ਜੂਨ (ਚੜ੍ਹਦੀਕਲਾ ਬਿਊਰੋ) : ਦੇਸ਼ ਭਰ ਦੇ ਡਾਕਖ਼ਾਨੇ ਆਗਾਮੀ ਅਗਸਤ ਤੋਂ ਕਾਊਂਟਰਾਂ 'ਤੇ ਡਿਜੀਟਲ ਭੁਗਤਾਨ ਸਵੀਕਾਰ ਕਰਨਾ ਸ਼ੁਰੂ ਕਰ ਦੇਣਗੇ। ਇਹ ਉਨ੍ਹਾਂ ਦੇ ਆਈ.ਟੀ. ਸਿਸਟਮ ਵਿੱਚ ਇੱਕ ਨਵੀਂ ਐਪਲੀਕੇਸ਼ਨ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਤੋਂ ਬਾਅਦ ਸੰਭਵ ਹੋਵੇਗਾ। ਹੁਣ ਤੱਕ, ਡਾਕਘਰ ਡਿਜੀਟਲ ਅਦਾਇਗੀਆਂ ਸਵੀਕਾਰ ਕਰਨ ਵਿੱਚ ਅਸਮਰੱਥ ਸਨ ਕਿਉਂਕਿ ਉਨ੍ਹਾਂ ਦੇ ਖਾਤੇ ਯੂ.ਪੀ.ਆਈ. ਸਿਸਟਮ ਨਾਲ ਜੁੜੇ ਹੋਏ ਨਹੀਂ ਸਨ।ਅਧਿਕਾਰੀ ਨੇ (ਬਾਕੀ ਸਫਾ 2 'ਤੇ)

## ਹਿਮਾਚਲ-ਜੰਮੂ 'ਚ ਬੱਦਲ ਫਟਣ ਕਾਰਨ 8 ਮੌਤਾਂ

### ਭਾਰੀ ਮੀਂਹ ਕਰਕੇ ਚਨਾਬ ਨਦੀ 'ਚ ਵਧਿਆ ਪਾਣੀ ਦਾ ਪੱਧਰ



ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ/ਸ੍ਰੀਨਗਰ, 27 ਜੂਨ : ਦਿੱਲੀ ਨੂੰ ਛੱਡ ਕੇ ਦੇਸ਼ ਦੇ ਸਾਰੇ ਸੂਬਿਆਂ ਵਿੱਚ ਮੌਨਸੂਨ ਦੀ ਬਾਰਿਸ਼ ਹੋ ਰਹੀ ਹੈ। ਹੁਣ ਤੱਕ ਆਮ ਨਾਲੋਂ 9.1 ਪ੍ਰਤੀਸ਼ਤ ਵੱਧ ਬਾਰਿਸ਼ ਹੋਈ ਹੈ। 26 ਜੂਨ ਤੱਕ ਦੇਸ਼ ਵਿੱਚ ਆਮ ਨਾਲੋਂ 134.3 ਮਿਲੀਮੀਟਰ ਬਾਰਿਸ਼ ਹੋਣੀ ਚਾਹੀਦੀ ਸੀ, ਪਰ 146.6 ਮਿਲੀਮੀਟਰ ਹੋਈ ਹੈ। ਇਸ ਦੌਰਾਨ, ਦੇਸ਼ ਵਿੱਚ ਮੀਂਹ ਕਾਰਨ ਹੋਈਆਂ ਮੌਤਾਂ ਦੀ ਗਿਣਤੀ ਵੀ ਵਧਣੀ ਸ਼ੁਰੂ ਹੋ ਗਈ ਹੈ। ਹਿਮਾਚਲ ਦੇ ਕੁੱਲੂ ਜ਼ਿਲ੍ਹੇ ਵਿੱਚ ਬੱਦਲ ਫਟਣ ਕਾਰਨ ਹੁਣ ਤੱਕ 8 ਲੋਕਾਂ ਦੀ ਮੌਤ ਹੋ ਗਈ ਹੈ। ਜਦੋਂ ਕਿ 7 ਤੋਂ ਵੱਧ ਲੋਕ ਲਾਪਤਾ ਹਨ। ਗੁਜਰਾਤ ਦੇ ਅਹਿਮਦਾਬਾਦ, ਸੂਰਤ ਅਤੇ ਨਵਸਾਰੀ ਜ਼ਿਲ੍ਹਿਆਂ ਵਿੱਚ ਪਿਛਲੇ 2 ਦਿਨਾਂ ਤੋਂ ਭਾਰੀ ਮੀਂਹ ਜਾਰੀ ਹੈ। ਸੂਰਤ ਤੋਂ ਬਾਅਦ ਹੁਣ ਅਹਿਮਦਾਬਾਦ ਵਿੱਚ ਹੜ੍ਹ ਵਰਗੀ ਸਥਿਤੀ ਪੈਦਾ ਹੋ ਗਈ ਹੈ। ਲੋਕਾਂ ਦੇ ਘਰ ਪਾਣੀ ਨਾਲ ਭਰ ਗਏ ਹਨ।

ਮੌਸਮ ਵਿਭਾਗ ਅਨੁਸਾਰ ਅੱਜ ਦੇਸ਼ ਦੇ ਸਾਰੇ ਰਾਜਾਂ ਵਿੱਚ ਮੀਂਹ ਪੈਣ ਦੀ ਸੰਭਾਵਨਾ ਹੈ। ਪੂਰਬੀ ਰਾਜਸਥਾਨ, ਪੱਛਮੀ ਮੱਧ ਪ੍ਰਦੇਸ਼, ਉੱਤਰਾਖੰਡ, ਗੁਜਰਾਤ, ਮੱਧ ਮਹਾਰਾਸ਼ਟਰ, ਗੋਆ, ਕਰਨਾਟਕ ਅਤੇ ਕੇਰਲ ਵਿੱਚ ਮੀਂਹ ਪੈਣ ਦੀ ਸੰਭਾਵਨਾ ਹੈ। ਜੰਮੂ ਅਤੇ ਕਸ਼ਮੀਰ ਦੇ ਕਈ ਹਿੱਸਿਆਂ ਵਿੱਚ ਭਾਰੀ ਮੀਂਹ ਕਾਰਨ (ਬਾਕੀ ਸਫਾ 2 'ਤੇ)

### ਪੰਜਾਬ ਦੇ ਕਈ ਜ਼ਿਲ੍ਹਿਆਂ 'ਚ ਅੱਜ ਮੀਂਹ ਦਾ ਅਲਰਟ

ਚੰਡੀਗੜ੍ਹ, 27 ਜੂਨ (ਚੜ੍ਹਦੀਕਲਾ ਬਿਊਰੋ) : ਪੰਜਾਬ ਵਿੱਚ ਮਾਨਸੂਨ ਨੇ ਦਸਤਕ ਦੇ ਦਿੱਤੀ ਹੈ ਅਤੇ ਇਸ ਦੇ ਨਾਲ ਹੀ ਮੌਸਮ ਵਿਭਾਗ ਨੇ ਸੂਬੇ ਦੇ ਕਈ ਜ਼ਿਲ੍ਹਿਆਂ ਲਈ ਚਿਤਾਵਨੀ ਜਾਰੀ ਕੀਤੀ ਹੈ। ਮੌਸਮ ਵਿਭਾਗ ਅਨੁਸਾਰ ਅੱਜ ਪਠਾਨਕੋਟ, ਹੁਸ਼ਿਆਰਪੁਰ, ਮੋਹਾਲੀ ਅਤੇ ਰੂਪਨਗਰ ਜ਼ਿਲ੍ਹਿਆਂ ਵਿੱਚ ਮੀਂਹ ਨੂੰ ਲੈ ਕੇ ਯੈਲੋ ਅਲਰਟ ਐਲਾਨਿਆ ਗਿਆ ਹੈ। ਇਸ ਤੋਂ ਇਲਾਵਾ ਸੂਬੇ ਦੇ ਹੋਰ ਜ਼ਿਲ੍ਹਿਆਂ ਵਿੱਚ ਮੌਸਮ ਆਮ ਰਹਿਣ ਦੀ ਸੰਭਾਵਨਾ ਹੈ। ਸ਼ਨੀਵਾਰ ਨੂੰ ਸੂਬੇ ਦੇ 14 ਜ਼ਿਲ੍ਹਿਆਂ ਵਿੱਚ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ, ਜਦੋਂ ਕਿ 29 ਜੂਨ ਨੂੰ ਪੰਜਾਬ ਵਿੱਚ ਆਰੈਂਜ ਅਲਰਟ ਜਾਰੀ ਕੀਤਾ ਗਿਆ ਹੈ, ਜਿਸ ਮੁਤਾਬਕ ਸੂਬੇ ਦੇ ਜ਼ਿਆਦਾਤਰ ਜ਼ਿਲ੍ਹਿਆਂ ਵਿਚ ਤੇਜ਼ ਬਾਰਿਸ਼ ਤੇ ਬਿਜਲੀ ਡਿੱਗਣ ਦੇ ਆਸਾਰ ਹਨ। ਜਦਕਿ 30 ਜੂਨ ਨੂੰ ਵੀ ਪੂਰੇ ਸੂਬੇ (ਬਾਕੀ ਸਫਾ 2 'ਤੇ)

### ਰੱਖਿਆ ਮੰਤਰੀ ਦਾ ਚੀਨ ਨੂੰ ਵੱਡਾ ਸੰਦੇਸ਼

## ਸਰਹੱਦ 'ਤੇ ਸ਼ਾਂਤੀ ਕਾਇਮ ਰੱਖਣਾ ਦੋਵਾਂ ਦੇਸ਼ਾਂ ਦੇ ਹਿੱਤ 'ਚ: ਰਾਜਨਾਥ

ਚੜ੍ਹਦੀਕਲਾ ਬਿਊਰੋ

================

ਸ਼ੰਘਾਈ, 27 ਜੂਨ : ਸ਼ੰਘਾਈ ਸਹਿਯੋਗ ਸੰਗਠਨ ਦੀ ਮੀਟਿੰਗ 'ਚ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਚੀਨ ਦੇ ਰੱਖਿਆ ਮੰਤਰੀ ਡੋਂਗ ਜੂਨ ਵਿਚਕਾਰ ਇੱਕ ਮਹੱਤਵਪੂਰਨ ਮੀਟਿੰਗ ਹੋਈ। ਇਹ ਮੀਟਿੰਗ ਚੀਨ ਦੇ ਕਿੰਗਦਾਓ ਸ਼ਹਿਰ 'ਚ ਹੋਈ। ਮੀਟਿੰਗ ਦੌਰਾਨ ਰਾਜਨਾਥ ਸਿੰਘ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਭਾਰਤ ਅਤੇ ਚੀਨ ਨੂੰ ਕਿਸੇ ਵੀ ਨਵੇਂ ਤਣਾਅ ਤੋਂ ਬਚਣਾ ਚਾਹੀਦਾ ਹੈ ਅਤੇ ਸਰਹੱਦ 'ਤੇ ਸ਼ਾਂਤੀ ਬਣਾਈ ਰੱਖਣਾ ਦੋਵਾਂ ਦੇਸ਼ਾਂ ਦੇ ਹਿੱਤ 'ਚ ਹੈ। ਇਸ ਗੱਲਬਾਤ ਦੌਰਾਨ ਕੈਲਾਸ਼ ਮਾਨਸਰੋਵਰ ਯਾਤਰਾ 'ਤੇ ਵੀ ਚਰਚਾ ਹੋਈ। ਇਹ ਯਾਤਰਾ ਪਿਛਲੇ ਛੇ ਸਾਲਾਂ ਤੋਂ ਮੁਲਤਵੀ ਸੀ। ਰਾਜਨਾਥ ਸਿੰਘ ਨੇ ਦੱਸਿਆ ਕਿ ਹੁਣ ਇਹ ਧਾਰਮਿਕ ਯਾਤਰਾ ਦੁਬਾਰਾ ਸ਼ੁਰੂ ਕੀਤੀ ਜਾ ਰਹੀ ਹੈ। ਧਿਆਨ ਦੇਣ ਯੋਗ ਹੈ ਕਿ ਇਹ ਯਾਤਰਾ 2020 ਵਿੱਚ ਕੋਵਿਡ-19 ਮਹਾਂਮਾਰੀ ਕਾਰਨ ਰੋਕ ਦਿੱਤੀ ਗਈ ਸੀ। ਇਸ ਤੋਂ ਬਾਅਦ ਗਲਵਾਨ ਘਾਟੀ 'ਚ ਭਾਰਤ ਅਤੇ ਚੀਨ ਵਿਚਕਾਰ ਫੌਜੀ ਟਕਰਾਅ ਕਾਰਨ ਇਸਨੂੰ ਦੁਬਾਰਾ ਸ਼ੁਰੂ ਨਹੀਂ ਕੀਤਾ ਜਾ ਸਕਿਆ। ਹੁਣ ਜਦੋਂ ਗੱਲਬਾਤ ਦਾ ਦੌਰ ਦੁਬਾਰਾ ਸ਼ੁਰੂ ਹੋ ਰਿਹਾ ਹੈ, ਤਾਂ ਯਾਤਰਾ ਦੀ ਮੁੜ ਸ਼ੁਰੂਆਤ ਨੂੰ ਇੱਕ ਸਕਾਰਾਤਮਕ ਸੰਕੇਤ ਮੰਨਿਆ ਜਾ ਰਿਹਾ ਹੈ।



**ਭਾਰਤ ਨੇ ਆਪਣਾ ਸਟੈਂਡ ਫਿਰ ਦੁਹਰਾਇਆ:** ਰਾਜਨਾਥ ਸਿੰਘ ਦੀ ਇਹ ਮੁਲਾਕਾਤ ਅਜਿਹੇ ਸਮੇਂ ਹੋਈ ਹੈ ਜਦੋਂ ਭਾਰਤ ਅਤੇ ਚੀਨ ਵਿਚਕਾਰ ਸਰਹੱਦੀ ਵਿਵਾਦ ਪੂਰੀ ਤਰ੍ਹਾਂ ਹੱਲ ਨਹੀਂ ਹੋਇਆ ਹੈ। ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਸਰਹੱਦਾਂ 'ਤੇ ਸ਼ਾਂਤੀ ਅਤੇ ਸਥਿਰਤਾ ਬਣਾਈ ਰੱਖਣਾ ਮਹੱਤਵਪੂਰਨ ਹੈ। ਦੋਵਾਂ ਦੇਸ਼ਾਂ ਨੂੰ ਕਿਸੇ ਵੀ ਤਰ੍ਹਾਂ ਦੇ ਟਕਰਾਅ ਤੋਂ ਬਚਣਾ ਚਾਹੀਦਾ ਹੈ।

**ਚੀਨ ਨੂੰ ਮਧੂਬਨੀ ਪੇਂਟਿੰਗ ਭੇਟ:** ਮੀਟਿੰਗ ਦੌਰਾਨ, ਰਾਜਨਾਥ ਸਿੰਘ ਨੇ ਚੀਨੀ ਰੱਖਿਆ ਮੰਤਰੀ ਨੂੰ ਬਿਹਾਰ ਦੀ ਰਵਾਇਤੀ ਮਧੂਬਨੀ ਪੇਂਟਿੰਗ ਭੇਟ ਕੀਤੀ। ਇਸ ਕਲਾ ਨੂੰ ਮਿਥਿਲਾ ਪੇਂਟਿੰਗ ਵੀ ਕਿਹਾ ਜਾਂਦਾ ਹੈ, ਜੋ ਕਿ ਬਿਹਾਰ ਦੇ ਮਿਥਿਲਾ ਖੇਤਰ ਵਿੱਚ ਪ੍ਰਚਲਿਤ ਹੈ। ਇਹ ਪੇਂਟਿੰਗ ਆਪਣੇ ਵਧੀਆ ਡਿਜ਼ਾਈਨ, ਚਮਕਦਾਰ (ਬਾਕੀ ਸਫਾ 2 'ਤੇ)

### ਰਾਜਨਾਥ ਵੱਲੋਂ ਆਪਣੇ ਰੂਸੀ ਹਮਰੁਤਬਾ ਨਾਲ ਗੱਲਬਾਤ

## ਸੁਖੋਈ ਜਹਾਜ਼ਾਂ ਨੂੰ ਬਿਹਤਰ ਕਰਨ ਸਬੰਧੀ ਕੀਤੀ ਚਰਚਾ

ਚੜ੍ਹਦੀਕਲਾ ਬਿਊਰੋ

================

ਸ਼ੰਘਾਈ, 27 ਜੂਨ : ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਚੀਨ ਦੇ ਸ਼ਹਿਰ ਕਿੰਗਦਾਓ 'ਚ ਆਪਣੇ ਰੂਸ ਦੇ ਹਮਰੁਤਬਾ ਆਂਦਰੇ ਬੇਲੋਸੋਵ ਨਾਲ ਹੋਈ ਗੱਲਬਾਤ ਦਾ ਵੇਰਵਾ ਸਾਹਮਣੇ ਆਇਆ ਹੈ। ਗੱਲਬਾਤ 'ਚ ਭਾਰਤ ਦੇ ਸੁਖੋਈ-30 ਐਮ.ਕੇ.ਆਈ. ਲੜਾਕੂ ਬੇੜੇ ਨੂੰ ਬਿਹਤਰ ਕਰਨ, ਹਵਾ ਤੋਂ ਹਵਾ 'ਚ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਦੇ ਉਤਪਾਦਨ ਅਤੇ ਐਸ-400 ਮਿਜ਼ਾਈਲ ਪ੍ਰਣਾਲੀਆਂ ਦੇ ਦੋ ਬੈਚਾਂ ਦੀ ਤੇਜ਼ੀ ਨਾਲ ਸਪਲਾਈ ਉਤੇ ਚਰਚਾ ਹੋਈ। ਦੋਹਾਂ ਰੱਖਿਆ ਮੰਤਰੀਆਂ ਨੇ ਵੀਰਵਾਰ ਨੂੰ ਸ਼ੰਘਾਈ ਸਹਿਯੋਗ ਸੰਗਠਨ (ਐੱਸ.ਸੀ.ਓ.) ਦੇ ਸੰਮੇਲਨ ਤੋਂ ਇਲਾਵਾ ਦੁਵਲੀ ਬੈਠਕ ਕੀਤੀ। ਭਾਰਤੀ ਹਵਾਈ ਫ਼ੌਜ ਲਗਭਗ 260 ਸੁਖੋਈ 30-ਐਮ.ਕੇ.ਆਈ. ਜਹਾਜ਼ਾਂ ਦਾ ਸੰਚਾਲਨ ਕਰ ਰਹੀ ਹੈ ਅਤੇ ਉਹ ਇਕ ਅਭਿਲਾਸ਼ੀ ਯੋਜਨਾ ਦੇ ਤਹਿਤ ਬੇੜੇ ਨੂੰ ਹੋਰ ਬਿਹਤਰ ਕਰਨ ਉਤੇ ਵਿਚਾਰ ਕਰ ਰਹੀ ਹੈ। ਰੂਸੀ ਮੂਲ ਦੇ ਸੁਖੋਈ ਜਹਾਜ਼ਾਂ ਨੇ ਪਿਛਲੇ ਮਹੀਨੇ ਆਪਰੇਸ਼ਨ ਸਿੰਦੂਰ 'ਚ ਅਹਿਮ ਭੂਮਿਕਾ ਨਿਭਾਈ ਸੀ। ਰੱਖਿਆ ਮੰਤਰਾਲੇ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਰਾਜਨਾਥ ਸਿੰਘ ਅਤੇ ਬੇਲੋਸੋਵ ਨੇ ਮੌਜੂਦਾ ਭੂ-ਸਿਆਸੀ ਸਥਿਤੀਆਂ, ਸਰਹੱਦ ਪਾਰ ਅਤਿਵਾਦ ਅਤੇ ਭਾਰਤ-ਰੂਸ ਰੱਖਿਆ ਸਹਿਯੋਗ ਸਮੇਤ ਕਈ ਵਿਸ਼ਿਆਂ ਉਤੇ ਡੂੰਘਾਈ ਨਾਲ ਚਰਚਾ ਕੀਤੀ। ਰੂਸ ਦੇ ਰੱਖਿਆ ਮੰਤਰੀ ਨੇ ਲੰਮੇ ਸਮੇਂ ਤੋਂ ਚੱਲ ਰਹੇ ਭਾਰਤ-ਰੂਸ ਸਬੰਧਾਂ ਨੂੰ ਉਜਾਗਰ ਕੀਤਾ ਅਤੇ (ਬਾਕੀ ਸਫਾ 2 'ਤੇ)

## ਸ਼੍ਰੋਮਣੀ ਅਕਾਲੀ ਦਲ ਦੇ ਅਹੁਦੇਦਾਰਾਂ ਅਤੇ ਕੋਰ ਕਮੇਟੀ ਦਾ ਐਲਾਨ

### ਭੂੰਦੜ ਨੂੰ ਪਾਰਟੀ ਦਾ ਸਕੱਤਰ ਜਨਰਲ, ਡਾ. ਚੀਮਾ ਨੂੰ ਸਕੱਤਰ ਅਤੇ ਸ਼ਰਮਾ ਨੂੰ ਖ਼ਜ਼ਾਨਚੀ ਬਣਾਇਆ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 27 ਜੂਨ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਦੇ ਜਥੇਬੰਦਕ ਢਾਂਚੇ ਦੀ ਸ਼ੁਰੂਆਤ ਕਰਦਿਆਂ ਅੱਜ ਪਾਰਟੀ ਅਹੁਦੇਦਾਰਾਂ ਦੀ ਪਹਿਲੀ ਸੂਚੀ ਅਤੇ ਕੋਰ ਕਮੇਟੀ ਦਾ ਐਲਾਨ ਕੀਤਾ। ਅੱਜ ਐਲਾਨੇ ਗਏ ਅਹੁਦੇਦਾਰਾਂ ਵਿੱਚ ਸ. ਬਲਵਿੰਦਰ ਸਿੰਘ ਭੂੰਦੜ ਪਾਰਟੀ ਦੇ ਸਕੱਤਰ ਜਨਰਲ, ਡਾ. ਦਲਜੀਤ ਸਿੰਘ ਚੀਮਾ ਸਕੱਤਰ ਅਤੇ ਸ੍ਰੀ ਐਨ.ਕੇ. ਸ਼ਰਮਾ ਖਜ਼ਾਨਚੀ ਬਣਾਏ ਗਏ। ਇਸ ਦੇ ਨਾਲ ਹੀ ਸ. ਸਰਬਜੀਤ ਸਿੰਘ ਝਿੰਜਰ ਨੂੰ ਯੂਥ ਵਿੰਗ, ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ, ਬੀਬੀ ਹਰਿਗੋਬਿੰਦ ਕੌਰ ਨੂੰ ਇਸਤਰੀ ਅਕਾਲੀ ਦਲ ਦਾ ਪ੍ਰਧਾਨ ਅਤੇ ਸ. ਰਣਬੀਰ ਸਿੰਘ ਰਾਣਾ ਢਿੱਲੋਂ ਨੂੰ ਐਸ.ਓ.ਆਈ ਦਾ ਪ੍ਰਧਾਨ ਬਣਾਇਆ ਗਿਆ।





ਅੱਜ ਸ. ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਐਲਾਨੀ ਗਈ ਕੋਰ ਕਮੇਟੀ ਜਿਸ ਵਿੱਚ ਪਾਰਟੀ ਦੇ 31 ਸੀਨੀਅਰ ਆਗੂਆਂ ਨੂੰ ਸ਼ਾਮਲ ਕੀਤਾ ਗਿਆ ਉਹਨਾਂ ਵਿੱਚ ਸ. ਬਲਵਿੰਦਰ ਸਿੰਘ ਭੂੰਦੜ, ਸ. ਹਰਜਿੰਦਰ ਸਿੰਘ ਧਾਮੀ, ਸ੍ਰੀ ਨਰੇਸ਼ ਗੁਜਰਾਲ, ਸ. ਪਰਮਜੀਤ (ਬਾਕੀ ਸਫਾ 2 'ਤੇ)

### 'ਆਪ' ਦੇ ਮੌਜੂਦਾ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦਾ ਦੇਹਾਂਤ

ਚੰਡੀਗੜ੍ਹ, 27 ਜੂਨ (ਚੜ੍ਹਦੀਕਲਾ ਬਿਊਰੋ) : ਆਮ ਆਦਮੀ ਪਾਰਟੀ ਦੇ ਤਰਨਤਾਰਨ, ਪੰਜਾਬ ਤੋਂ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦਾ ਦੇਹਾਂਤ ਹੋ ਗਿਆ ਹੈ।



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਉਨ੍ਹਾਂ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕੀਤਾ ਹੈ। ਜਾਣਕਾਰੀ ਮੁਤਾਬਕ ਵਿਧਾਇਕ ਪਿਛਲੇ ਕੁਝ ਸਮੇਂ ਤੋਂ ਕੈਂਸਰ ਦੀ ਬੀਮਾਰੀ ਨਾਲ ਜੂਝ ਰਹੇ ਸਨ। ਡਾਕਟਰ ਸੋਹਲ ਦਾ ਦੇਸ਼ ਦੇ ਵੱਖ-ਵੱਖ ਹਸਪਤਾਲਾਂ ਵਿਚ ਇਲਾਜ ਚੱਲ ਰਿਹਾ ਸੀ। ਹੁਣ ਤੋਂ ਕੁਝ ਸਮਾਂ ਪਹਿਲਾਂ ਅੰਮ੍ਰਿਤਸਰ ਦੇ ਇਕ ਨਿੱਜੀ ਹਸਪਤਾਲ ਵਿਚ ਉਨ੍ਹਾਂ ਨੇ ਆਖਰੀ ਸਾਹ ਲਏ। ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਪੋਸਟ ਕਰਦੇ ਹੋਏ ਸੀ.ਐਮ. ਮਾਨ ਨੇ ਲਿਖਿਆ ਕਿ (ਬਾਕੀ ਸਫਾ 2 'ਤੇ)

## ਕੋਰੋਨਾ ਦੇ ਸਰਗਰਮ ਕੇਸਾਂ ਦੀ ਗਿਣਤੀ ਘੱਟ, ਪਿਛਲੇ 24 ਘੰਟਿਆਂ ਦੌਰਾਨ 4 ਮਰੀਜ਼ਾਂ ਦੀ ਮੌਤ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 27 ਜੂਨ : ਦੇਸ਼ ਵਿੱਚ ਕੋਰੋਨਾ ਇਨਫੈਕਸ਼ਨ ਕਾਰਨ ਮਰਨ ਵਾਲਿਆਂ ਦੀ ਗਿਣਤੀ 135 ਤੱਕ ਪਹੁੰਚ ਗਈ ਹੈ, ਜਿਸ ਵਿੱਚ ਪਿਛਲੇ 24 ਘੰਟਿਆਂ ਵਿੱਚ ਚਾਰ ਹੋਰ ਮਰੀਜ਼ਾਂ ਦੀ ਮੌਤ ਹੋ ਗਈ ਹੈ ਹਾਲਾਂਕਿ, ਪਿਛਲੇ ਕੁਝ ਦਿਨਾਂ ਤੋਂ ਕੋਰੋਨਾ ਦੇ ਸਰਗਰਮ ਮਾਮਲਿਆਂ ਵਿੱਚ ਲਗਾਤਾਰ ਕਮੀ ਆਉਣ ਦੇ ਨਾਲ ਸ਼ੁੱਕਰਵਾਰ ਨੂੰ ਕੁੱਲ ਗਿਣਤੀ 3256 ਹੋ ਗਈ। ਰਾਹਤ ਦੀ ਗੱਲ ਹੈ ਕਿ ਪਿਛਲੇ 24 ਘੰਟਿਆਂ ਦੌਰਾਨ ਕੋਰੋਨਾ ਤੋਂ ਠੀਕ ਹੋਣ ਵਾਲੇ ਲੋਕਾਂ ਦੀ ਗਿਣਤੀ ਸਰਗਰਮ ਮਾਮਲਿਆਂ ਨਾਲੋਂ ਵੱਧ ਰਹੀ ਹੈ। ਇਸ ਵਾਇਰਸ ਦੇ ਇਨਫੈਕਸ਼ਨ ਤੋਂ 666 ਮਰੀਜ਼ ਠੀਕ ਹੋਣ ਦੇ ਨਾਲ, ਇਸ ਤੋਂ ਠੀਕ ਹੋਣ ਵਾਲੇ ਲੋਕਾਂ ਦੀ ਕੁੱਲ ਗਿਣਤੀ 23581 ਤੱਕ ਪਹੁੰਚ ਗਈ ਹੈ।



ਧਿਆਨ ਦੇਣ ਯੋਗ ਹੈ ਕਿ ਦੇਸ਼ ਵਿੱਚ ਕੋਰੋਨਾ ਦੇ ਨਵੇਂ ਰੂਪ ਕਾਰਨ ਇਸ ਸਾਲ ਦੀ ਸ਼ੁਰੂਆਤ ਤੋਂ ਹੀ ਇਸਦੇ ਮਾਮਲੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਸਨ ਅਤੇ 22 ਮਈ ਨੂੰ ਸਿਰਫ਼ 257 ਮਾਮਲੇ ਸਰਗਰਮ ਸਨ ਪਰ ਉਸ ਤੋਂ ਬਾਅਦ ਇਸ ਵਿੱਚ ਵਾਧਾ ਦੇਖਿਆ ਗਿਆ। ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ ਅੱਜ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ, (ਬਾਕੀ ਸਫਾ 2 'ਤੇ)

### ਕੇਰਲਾ 'ਚ ਰੈਟ ਫੀਵਰ, ਹੁਣ ਤੱਕ 29 ਲੋਕਾਂ ਦੀ ਮੌਤ

ਤਿਰੁਅਨੰਤਪੁਰਮ, 27 ਜੂਨ (ਚੜ੍ਹਦੀਕਲਾ ਬਿਊਰੋ) : ਕੇਰਲਾ 'ਚ ਇਸ ਸਾਲ ਰੈਟ ਫੀਵਰ ਨਾਲ 29 ਲੋਕਾਂ ਦੀ ਮੌਤ ਦੀ ਪੁਸ਼ਟੀ ਤੋਂ ਬਾਅਦ ਸੂਬੇ ਦੇ ਲੋਕਾਂ ਨੂੰ ਇਸ ਬਿਮਾਰੀ ਬਾਰੇ ਸੁਚੇਤ ਕੀਤਾ ਜਾ ਰਿਹਾ ਹੈ। ਰੈਟ ਫੀਵਰ ਯਾਨੀ ਲੀਪਟੋਸਪਾਇਰੋਸਿਸ ਇਕ ਗੰਭੀਰ ਬਿਮਾਰੀ ਹੈ, ਜਿਸ ਦੇ ਮੀਂਹ ਦੌਰਾਨ ਫੈਲਣ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ। ਕੇਰਲ ਦੀ ਸਿਹਤ ਮੰਤਰੀ ਵੀਨਾ ਜਾਰਜ ਨੇ ਕਿਹਾ ਕਿ ਮਨਰੇਗਾ ਮਜ਼ਦੂਰਾਂ, ਸਫ਼ਾਈ ਕਰਮੀਆਂ, ਵਾਲੰਟੀਅਰ, ਬਾਗਬਾਨੀ (ਬਾਕੀ ਸਫਾ 2 'ਤੇ)

## ਅੱਤਵਾਦ ਦੇ ਹਵਾਲੇ ਤੋਂ ਬਿਨਾਂ ਐੱਸ.ਸੀ.ਓ. ਐਲਾਨ ਭਾਰਤ ਨੂੰ ਸਵੀਕਾਰ ਨਹੀਂ: ਜੈਸ਼ੰਕਰ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 27 ਜੂਨ : ਕੇਂਦਰੀ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਸ਼ੁੱਕਰਵਾਰ ਨੂੰ ਪਾਕਿਸਤਾਨ ਦਾ ਨਾਮ ਲਏ ਬਿਨਾਂ ਕਿਹਾ ਕਿ ਭਾਰਤ ਸ਼ੰਘਾਈ ਸਹਿਯੋਗ ਸੰਗਠਨ (ਐੱਸ.ਸੀ.ਓ.) ਦੇ ਰੱਖਿਆ ਮੰਤਰੀਆਂ ਦੀ ਮੀਟਿੰਗ ਦੇ ਐਲਾਨਨਾਮੇ ਵਿੱਚ ਅੱਤਵਾਦ ਦਾ ਜ਼ਿਕਰ ਚਾਹੁੰਦਾ ਹੈ ਪਰ ਇਹ ਕਿਸੇ ਮੈਂਬਰ ਦੇਸ਼ ਨੂੰ ਸਵੀਕਾਰ ਨਹੀਂ ਹੈ।



ਜੈਸ਼ੰਕਰ ਨੇ ਕਿਹਾ ਕਿ ਇਸ ਮਾਮਲੇ 'ਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਦਾ ਵਿਚਾਰ ਸਹੀ ਸੀ ਕਿਉਂਕਿ ਐੱਸ.ਸੀ.ਓ. ਦਾ ਮੁੱਖ ਉਦੇਸ਼ ਅੱਤਵਾਦ ਨਾਲ ਲੜਨਾ ਹੈ ਅਤੇ ਇਸ ਹਵਾਲੇ ਤੋਂ ਬਿਨਾਂ (ਅੱਤਵਾਦ 'ਤੇ ਭਾਰਤ ਦੀ ਚਿੰਤਾ), ਸਿੰਘ ਨੇ ਨਤੀਜੇ ਵਜੋਂ ਦਸਤਾਵੇਜ਼ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਸਿੰਘ ਨੇ ਵੀਰਵਾਰ ਨੂੰ ਪਹਿਲਗਾਮ ਅੱਤਵਾਦੀ ਹਮਲੇ ਦਾ ਜ਼ਿਕਰ ਨਾ ਕਰਨ ਅਤੇ ਪਾਕਿਸਤਾਨ-ਸਮਰਥਿਤ ਸਰਹੱਦ ਪਾਰ ਅੱਤਵਾਦ 'ਤੇ ਭਾਰਤ ਦੀਆਂ ਚਿੰਤਾਵਾਂ ਨੂੰ ਸਪੱਸ਼ਟ ਤੌਰ 'ਤੇ ਹੱਲ ਨਾ ਕਰਨ ਲਈ ਐੱਸ.ਸੀ.ਓ. ਦੇ ਸਾਂਝੇ ਬਿਆਨ 'ਤੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ। ਉੱਚ ਸੂਤਰਾਂ ਨੇ ਕਿਹਾ ਕਿ ਸਿੰਘ ਨੇ (ਬਾਕੀ ਸਫਾ 2 'ਤੇ)

### ਨੀਟ ਪਾਸ ਕਰਨ ਵਾਲੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦਾ ਸਨਮਾਨ

## ਸਿੱਖਿਆ ਖੇਤਰ ਨੂੰ ਹੁਲਾਰਾ ਦੇਣ ਲਈ ਲੀਕ ਤੋਂ ਹਟਵੀਆਂ ਪਹਿਲਕਦਮੀਆਂ ਕਰ ਰਹੇ ਹਾਂ: ਮਾਨ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 27 ਜੂਨ :ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਸੂਬਾ ਸਰਕਾਰ ਪੰਜਾਬ ਵਿੱਚ ਸਿੱਖਿਆ ਖ਼ੇਤਰ ਨੂੰ ਹੁਲਾਰਾ ਦੇਣ ਲਈ ਲੀਕ ਤੋਂ ਹਟਵੀਆਂ ਪਹਿਲਕਦਮੀਆਂ ਉੱਤੇ ਚੱਲ ਰਹੀ ਹੈ।

ਨੀਟ ਪ੍ਰੀਖਿਆ ਪਾਸ ਕਰਨ ਵਾਲੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦਾ ਸਨਮਾਨ ਕਰਨ ਲਈ ਰੱਖੇ ਸਮਾਰੋਹ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਿੱਖਿਆ ਖ਼ੇਤਰ ਵਿੱਚ ਪਿਛਲੇ ਤਿੰਨ ਸਾਲਾਂ ਵਿੱਚ ਮਿਸਾਲੀ ਤਬਦੀਲੀ ਦੇਖਣ ਨੂੰ ਮਿਲੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਕ੍ਰਾਂਤੀਕਾਰੀ ਕਦਮਾਂ ਨਾਲ ਸਿੱਖਿਆ ਖ਼ੇਤਰ ਨੂੰ ਵੱਡਾ ਹੁਲਾਰਾ ਮਿਲਿਆ ਹੈ, ਜਿਸ ਕਾਰਨ



ਇਨ੍ਹੀਂ ਦਿਨੀਂ ਵਿਦਿਆਰਥੀ ਹਰੇਕ ਖ਼ੇਤਰ ਵਿੱਚ ਸਫ਼ਲਤਾ ਦੇ ਝੰਡੇ ਗੱਡ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅੱਜ ਦਾ ਦਿਨ ਇਤਿਹਾਸਕ ਹੈ ਕਿਉਂਕਿ ਸਰਕਾਰੀ ਸਕੂਲਾਂ ਦੇ 509 ਵਿਦਿਆਰਥੀਆਂ ਨੇ ਨੀਟ ਦੀ ਵੱਕਾਰੀ ਪ੍ਰੀਖਿਆ ਪਾਸ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਿੱਖਿਆ, ਸਿਹਤ, ਬੁਨਿਆਦੀ ਢਾਂਚਾ, ਸਨਅਤ, ਖੇਡਾਂ ਤੇ ਨੌਕਰੀਆਂ ਦੇ ਨਾਲ-ਨਾਲ ਨਸ਼ਿਆਂ ਦਾ ਖ਼ਾਤਮਾ ਸੂਬਾ ਸਰਕਾਰ ਦੇ ਤਰਜੀਹੀ ਖ਼ੇਤਰਾਂ ਵਿੱਚੋਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਦਫ਼ਾ ਸੂਬਾ ਸਰਕਾਰ ਨੇ 'ਯੁੱਧ ਨਸ਼ਿਆਂ ਵਿਰੁੱਧ' ਦੇ ਰੂਪ ਵਿੱਚ ਵਿਆਪਕ ਲੋਕ ਲਹਿਰ ਸ਼ੁਰੂ ਕੀਤੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪੰਜਾਬ ਵਿੱਚੋਂ ਨਸ਼ਿਆਂ ਦੇ ਖ਼ਤਰੇ ਦੀ ਜੜ੍ਹ ਵੱਢਣ ਲਈ ਹਰ ਹਰਬਾ ਵਰਤੇਗੀ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰੀ ਵਿੱਚ ਸ਼ਾਮਲ ਮੁਲਜ਼ਮਾਂ ਨੂੰ ਸੂਬਾ ਸਰਕਾਰ ਵੱਲੋਂ ਸਲਾਖਾਂ ਪਿੱਛੇ ਡੱਕਿਆ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਵਿਦਿਆਰਥੀਆਂ ਨੇ ਆਪਣੀ ਸਖ਼ਤ ਮਿਹਨਤ ਤੇ (ਬਾਕੀ ਸਫਾ 2 'ਤੇ)

## ਜੱਗੂ ਭਗਵਾਨਪੁਰੀਆ ਦੀ ਮਾਂ ਤੇ ਭਰਾ ਦਾ ਬਾਈਕ ਸਵਾਰਾਂ ਵੱਲੋਂ ਗੋਲ਼ੀਆਂ ਮਾਰ ਕੇ ਕਤਲ

### ਬੰਬੀਹਾ ਗੈਂਗ ਨੇ ਲਈ ਵਾਰਦਾਤ ਦੀ ਜ਼ਿੰਮੇਵਾਰੀ

ਬਲਵਿੰਦਰ ਸਿੰਘ ਪੰਜਗਰਾਈਂ, ਧੰਨਪਾਲ ਸਿੰਘ ਕਲਸੀ।

================

ਬਟਾਲਾ, 27 ਜੂਨ : ਗੁਰਦਾਸਪੁਰ ਵਿੱਚ ਗੈਂਗਸਟਰ ਜੱਗੂ ਭਗਵਾਨਪੁਰੀਆ ਦੀ ਮਾਂ ਤੇ ਭਰਾ ਦਾ ਗੋਲੀਆਂ ਮਾਰ ਕੇ ਕਤਲ ਕਰ ਦੇਣ ਦੀ ਖਬਰ ਸਾਹਮਣੇ ਆਈ ਹੈ। ਬਟਾਲਾ ਵਿੱਚ ਗੈਂਗਸਟਰ ਦੀ ਮਾਂ ਹਰਜੀਤ ਕੌਰ ਅਤੇ ਭਰਾ ਕਰਨਵੀਰ ਸਿੰਘ ਸਕਾਰਪੀਓ ਵਿੱਚ ਜਾ ਰਹੇ ਸਨ ਜਿਸ ਨੂੰ ਕਰਨਵੀਰ ਚਲਾ ਰਿਹਾ ਸੀ। ਇਸ ਦੌਰਾਨ ਤਿੰਨ ਬਾਈਕ ਸਵਾਰ ਉੱਥੇ ਪਹੁੰਚੇ ਅਤੇ ਕਾਰ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਇਸ ਘਟਨਾ ਵਿੱਚ ਕਰਨਵੀਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਹਰਜੀਤ ਕੌਰ ਨੂੰ ਅੰਮ੍ਰਿਤਸਰ ਦੇ ਇੱਕ ਨਿੱਜੀ ਹਸਪਤਾਲ ਲਿਜਾਇਆ ਗਿਆ। ਇਲਾਜ ਦੌਰਾਨ ਉਸ ਦੀ ਵੀ ਉੱਥੇ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਹਰਜੀਤ ਕੌਰ ਨੂੰ 6 ਤੇ ਕਰਨਵੀਰ ਨੂੰ ਚਾਰ ਗੋਲੀਆਂ ਲੱਗੀਆਂ। ਵਾਰਦਾਤ ਮਗਰੋਂ ਹਮਲਾਵਰ ਫਰਾਰ ਹੋ ਗਏ।



ਬੰਬੀਹਾ ਗੈਂਗ ਨਾਲ ਜੁੜੇ ਤਿੰਨ ਗੈਂਗਸਟਰਾਂ ਨੇ ਸੋਸ਼ਲ ਮੀਡੀਆ 'ਤੇ ਪੋਸਟ ਕਰਕੇ ਇਸ ਦੀ ਵਾਰਦਾਤ ਦੀ ਜ਼ਿੰਮੇਵਾਰੀ ਲਈ ਹੈ। ਇਨ੍ਹਾਂ ਵਿੱਚੋਂ ਦੋ ਗੈਂਗਸਟਰ ਹਰਿਆਣਾ ਦੇ ਹਨ। ਪੁਲਿਸ ਇਸ ਘਟਨਾ ਨੂੰ ਅੰਦਰੂਨੀ ਗੈਂਗਵਾਰ ਨਾਲ ਜੋੜ ਰਹੀ ਹੈ ਕਿਉਂਕਿ (ਬਾਕੀ ਸਫਾ 2 'ਤੇ)





## ਪੰਜਾਬ ਕਾਂਗਰਸ 'ਚ ਧੜੇਬੰਦੀ: 2027 ਦੀਆਂ ਚੋਣਾਂ ਲਈ ਵੱਡੀ ਚੁਣੌਤੀ

### ਕੀ ਹਾਈ ਕਮਾਨ ਇਹ ਖਹਿਬਾਜ਼ੀ ਨੂੰ ਕਰ ਸਕੇਗੀ ਖ਼ਤਮ ?

ਦਰਸ਼ਨ ਸਿੰਘ ਦਰਸ਼ਕ

================

ਪਟਿਆਲਾ, 27 ਜੂਨ : ਪੰਜਾਬ ਕਾਂਗਰਸ ਵਿੱਚ ਚੱਲ ਰਹੀ ਧੜੇਬੰਦੀ ਇਸ ਸਮੇਂ ਲੋਕਾਂ ਵਿੱਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਕਾਂਗਰਸ ਦੇ ਨੇਤਾ ਅਤੇ ਕਾਰਕੁੰਨ ਇਹ ਖਹਿਬਾਜ਼ੀ ਤੋਂ ਕਾਫ਼ੀ ਖ਼ਫ਼ਾ ਨਜ਼ਰ ਆ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਪਾਰਟੀ ਲਈ ਵੱਡੀ ਚੁਣੌਤੀ ਹਨ ਪਰ ਵੱਡੇ ਲੀਡਰ ਆਪਣੀ ਹਉਮੈ ਦੇ ਕਾਰਨ ਪਾਰਟੀ ਦੇ ਹਿੱਤਾਂ ਨੂੰ ਅਣਗੌਲ਼ਿਆ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਹਾਈ ਕਮਾਨ ਨੂੰ ਇਸ ਧੜੇਬੰਦੀ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ ਅਤੇ ਪਾਰਟੀ ਅੰਦਰ ਅਨੁਸ਼ਾਸਨ ਕਾਇਮ ਰੱਖਣਾ ਬਹੁਤ ਜ਼ਰੂਰੀ ਹੈ।

ਇਸ ਲਈ ਪੰਜਾਬ ਦੇ ਕਈ





ਕਾਂਗਰਸੀ ਆਗੂਆਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਪਾਰਟੀ ਹਾਈਕਮਾਨ ਸੂਬਾ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸੀਨੀਅਰ ਆਗੂ ਭਾਰਤ ਭੂਸ਼ਣ ਆਸ਼ੂ ਵਿਚਕਾਰ ਚੱਲ ਰਹੀ ਲੜਾਈ ਨੂੰ ਹੱਲ ਨਹੀਂ ਕਰਦੀ ਤਾਂ ਪਾਰਟੀ ਨੂੰ ਵੱਡਾ ਨੁਕਸਾਨ ਹੋ ਸਕਦਾ ਹੈ। ਪਾਰਟੀ ਅੰਦਰ 2027 ਦੀਆਂ ਚੋਣਾਂ ਨੂੰ ਕਾਂਗਰਸੀ ਲੀਡਰਾਂ ਅਤੇ ਕਾਰਕੁੰਨਾਂ ਵੱਲੋਂ ਸੱਤਾ ਦਾ ਮੌਕਾ ਮੰਨਿਆ ਜਾ ਰਿਹਾ ਹੈ।

ਲੁਧਿਆਣਾ ਪੱਛਮੀ ਸੀਟ 'ਤੇ ਉਪ ਚੋਣ ਲਈ ਪ੍ਰਚਾਰ ਦੌਰਾਨ, ਵੜਿੰਗ ਅਤੇ ਆਸ਼ੂ ਵਿਚਕਾਰ ਮਤਭੇਦ ਖੁੱਲ੍ਹ ਕੇ ਦਿਖਾਈ ਦੇ ਰਹੇ ਸਨ।

**ਆਸ਼ੂ ਅਤੇ ਸਮਰਥਕਾਂ ਦੇ ਅਸਤੀਫ਼ੇ ਸਵੀਕਾਰ ਕੀਤੇ ਗਏ**

ਇਹ ਸਪੱਸ਼ਟ ਹੈ ਕਿ ਲੁਧਿਆਣਾ ਪੱਛਮੀ ਸੀਟ 'ਤੇ ਹਾਰ ਤੋਂ ਬਾਅਦ, ਪੰਜਾਬ ਕਾਂਗਰਸ ਵਿੱਚ ਚੱਲ ਰਹੀ ਧੜੇਬੰਦੀ ਖੁੱਲ੍ਹ ਕੇ ਸਾਹਮਣੇ ਆ ਗਈ ਹੈ। ਇਸ ਸੀਟ 'ਤੇ ਉਮੀਦਵਾਰ ਰਹੇ ਭਾਰਤ ਭੂਸ਼ਣ ਆਸ਼ੂ ਅਤੇ ਦੋ ਹੋਰ ਆਗੂਆਂ ਦੇ ਅਸਤੀਫ਼ੇ ਪਾਰਟੀ ਹਾਈਕਮਾਨ ਨੇ ਸਵੀਕਾਰ ਕਰ ਲਏ ਹਨ। (ਬਾਕੀ ਸਫਾ 2 'ਤੇ)

### ਬਰਖਾਸਤ ਡੀ.ਐਸ.ਪੀ. ਗੁਰਸ਼ੇਰ ਸਿੰਘ ਸੰਧੂ 'ਤੇ ਆਮਦਨ ਤੋਂ ਵੱਧ ਜਾਇਦਾਦ ਦਾ ਮਾਮਲਾ ਦਰਜ

ਚੰਡੀਗੜ੍ਹ, 27 ਜੂਨ (ਚੜ੍ਹਦੀਕਲਾ ਬਿਊਰੋ) : ਗੈਂਗਸਟਰ ਲਾਰੈਂਸ ਦੇ ਪੰਜਾਬ ਵਿਚ ਪੁਲਿਸ ਕਸਟਡੀ ਤੋਂ ਦਿੱਤੇ ਗਏ ਟੀਵੀ ਇੰਟਰਵਿਊ ਮਾਮਲੇ ਵਿਚ ਬਰਖਾਸਤ ਡੀ.ਐਸ.ਪੀ. ਗੁਰਸ਼ੇਰ ਸਿੰਘ ਅਤੇ ਉਸ ਦੀ ਮਾਂ ਸੁਖਵੰਤ ਕੌਰ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਦਾ ਮਾਮਲਾ ਦਰਜ ਕੀਤਾ ਹੈ। ਇਹ ਮਾਮਲਾ ਮੋਹਾਲੀ ਦੀ ਫਲਾਇੰਗ ਸਕੁਐਡ ਟੀਮ ਨੇ ਦਰਜ ਕੀਤਾ ਹੈ। ਜਾਂਚ ਵਿੱਚ ਖੁਲਾਸਾ ਹੋਇਆ ਹੈ ਕਿ ਗੁਰਸ਼ੇਰ ਨੂੰ ਤਿੰਨ ਸਾਲਾਂ ਵਿੱਚ ਸਿਰਫ਼ 26 ਲੱਖ ਰੁਪਏ ਦੀ ਤਨਖਾਹ ਮਿਲੀ ਸੀ ਪਰ ਉਸ ਨੇ ਲਗਭਗ 2.59 ਕਰੋੜ ਰੁਪਏ ਖਰਚ ਕੀਤੇ ਹਨ। (ਬਾਕੀ ਸਫਾ 2 'ਤੇ)



# ਜੱਗੂ ਭਗਵਾਨਪੁਰੀਆ ਦੀ ਮਾਂ ਤੇ ਭਰਾ ਦੇ ਕਤਲ ਮਾਮਲੇ 'ਚ ਸਾਬਕਾ ਡਿਪਟੀ ਸੀ.ਐਮ. ਰੰਧਾਵਾ ਤੇ ਪੁੱਤਰ ਖ਼ਿਲਾਫ਼ ਸ਼ਿਕਾਇਤ



ਬਟਾਲਾ, 27 ਜੂਨ (ਚ.ਨ.ਸ.): ਜੱਗੂ ਭਗਵਾਨਪੁਰੀਆ ਦੇ ਭਰਾ ਤੇ ਮਾਂ ਦੇ ਕਤਲ ਮਾਮਲੇ ਵਿਚ ਸਾਬਕਾ ਡਿਪਟੀ ਸੀ.ਐਮ. ਸੁਖਜਿੰਦਰ ਸਿੰਘ ਰੰਧਾਵਾ ਖਿਲਾਫ ਸ਼ਿਕਾਇਤ ਦਿੱਤੀ ਗਈ ਹੈ। ਇਹ ਸ਼ਿਕਾਇਤ ਜੱਗੂ ਭਗਵਾਨਪੁਰੀਆ ਦੀ ਮਾਸੀ ਵੱਲੋਂ ਦਿੱਤੀ ਗਈ ਹੈ। ਸ਼ਿਕਾਇਤ ਵਿਚ ਦੱਸਿਆ ਗਿਆ ਹੈ ਕਿ ਕਿਵੇਂ ਜੱਗੂ ਭਗਵਾਨਪੁਰੀਆ ਦੀ ਮਾਂ ਤੇ ਭਰਾ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਸਨ, ਜਿਸ ਦੇ ਚੱਲਦਿਆਂ ਗੈਂਗਸਟਰ ਜੱਗੂ ਭਗਵਾਨਪੁਰੀਆ ਦਾ ਇਕ ਭਰਾ ਤੇ ਮਾਸੀ ਦੇ ਮੁੰਡੇ ਵੀ ਵਿਦੇਸ਼ ਜਾ ਕੇ ਸੈਟਲ ਹੋ ਗਏ ਹਨ। ਇਹ ਸ਼ਿਕਾਇਤ ਜੱਗੂ ਭਗਵਾਨਪੁਰੀਆ ਦੀ ਮਾਸੀ ਵੱਲੋਂ ਦਿੱਤੀ ਗਈ ਹੈ ਤੇ ਵੱਡੇ ਇਲਜ਼ਾਮ ਲਗਾਏ ਗਏ ਹਨ, ਤੇ ਕਿਹਾ ਗਿਆ ਹੈ ਕਿ ਫੋਨ 'ਤੇ ਵੀਡੀਓ ਕਾਲ ਕਰਕੇ ਸ਼ੂਟਰਾਂ ਨੇ ਗੋਲੀਆਂ ਮਾਰੀਆਂ ਸੀ। ਉਨ੍ਹਾਂ ਨੇ ਵੀਡੀਓ ਕਾਲ ਕਰਕੇ ਸਾਰਾ ਮੰਜ਼ਰ ਦਿਖਾਇਆ। ਕਤਲ ਪਿੱਛੇ ਦਾ ਕਾਰਨ ਸਿਆਸੀ ਰੰਜਿਸ਼ ਦੱਸਿਆ ਜਾ ਰਿਹਾ ਹੈ। ਮਾਸੀ ਰਾਜਵਿੰਦਰ ਕੌਰ ਨੇ ਡੀਐਸਪੀ ਦਫਤਰ ਵਿਚ ਅਪੀਲ ਕੀਤੀ ਹੈ, ਕਿ ਜਿਸ ਵਿਚ ਉਨ੍ਹਾਂ ਵੱਲੋਂ ਖੁਲਾਸਾ ਕੀਤਾ ਗਿਆ ਹੈ ਕਿ ਸੁਖਜਿੰਦਰ ਸਿੰਘ ਰੰਧਾਵਾ ਤੇ ਉਨ੍ਹਾਂ ਦੇ ਪੁੱਤਰ ਉਦੇਵੀਰ ਸਿੰਘ ਦਾ ਨਾਂ ਸਪੱਸ਼ਟ ਹੈ। ਇਸ ਤੋਂ ਇਲਾਵਾ ਅਮਨਦੀਪ ਸਿਘ ਜੈਂਤੀਪੁਰ, ਪੱਪੂ ਜੈਂਤੀਪੁਰ, ਰਵਿੰਦਰ ਸਿੰਘ ਪੁੱਤਰ ਨਿਰਮਲ ਸਿੰਘ, ਨਿਰਮਲ ਸਿੰਘ ਪਿਤਾ ਰਵਿੰਦਰ ਸਿੰਘ ਵਾਸੀ ਪਿੰਡ ਭਗਵਾਨਪੁਰ ਤਹਿਸੀਲ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ ਖਿਲਾਫ ਦਰਖਾਸਤ ਦਿੱਤੀ ਗਈ ਹੈ। ਦਰਖਾਸਤ ਵਿਚ ਦੱਸਿਆ ਗਿਆ ਹੈ ਕਿ ਮ੍ਰਿਤਕ ਹਰਜੀਤ ਕੌਰ ਤੇ ਮੌਜੂਦਾ ਸਰਪੰਚ ਰਾਜਵਿੰਦਰ ਕੌਰ ਦੋਵੇਂ ਭੈਣਾਂ ਇਕੋ ਪਰਿਵਾਰ ਵਿਚ ਵਿਆਹੀਆਂ ਸਨ। ਉਨ੍ਹਾਂ ਦੱਸਿਆ ਕਿ ਸੁਖਜਿੰਦਰ ਸਿੰਘ ਰੰਧਾਵਾ ਤੇ ਉਨ੍ਹਾਂ ਦੇ ਪੁੱਤਰ ਉਦੇਵੀਰ ਸਿੰਘ ਰੰਧਾਵਾ ਵਾਸੀ ਪਿੰਡ ਧਾਰੋਵਾਲੀ ਤਹਿਸੀਲ ਡੇਰਾ ਬਾਬਾ ਨਾਨਕ ਗੁਰਦਾਸਪੁਰ ਅਮਨਦੀਪ ਸਿੰਘ ਜੈਂਤੀਪੁਰ ਪੁੱਤਰ ਪੱਪੀ ਜੈਂਤੀਪੁਰ ਵਾਸੀ ਪਿੰਡ ਜੈਂਤੀਪੁਰ ਜ਼ਿਲ੍ਹਾ ਅੰਮ੍ਰਿਤਸਰ, ਰਵਿੰਦਰ ਸਿੰਘ ਵਾਸੀਆਨ ਪਿੰਡ ਭਗਵਾਨਪੁਰ ਤਹਿਸੀਲ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ ਵੱਲੋਂ ਮੇਰੇ ਪੁੱਤ ਗਗਨਦੀਪ ਸਿੰਘ ਨੂੰ ਅਕਸਰ ਜਾਨੋਂ ਮਾਰਨਰ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਸਨ। ਉਦੇਵੀਰ ਸਿੰਘ ਰੰਧਾਵਾ ਨੇ ਮੇਰੇ ਲੜਕੇ ਨੂੰ ਕਈ ਵਾਰ ਰਸਤੇ ਵਿਚ ਰੋਕ ਕੇ ਧਮਕੀਆਂ ਦਿੱਤੀਆਂ ਕਿ ਤੁਸੀਂ ਸਾਡੇ ਖਿਲਾਫ ਚੋਣਾਂ ਵਿਚ ਖੜ੍ਹੇ ਨਾ ਹੋਵੋ ਤੇ ਨਾ ਹੀ ਕਿਸੇ ਦੀ ਸਪੋਟ ਕਰੋ। ਇਨ੍ਹਾਂ ਦੇ ਡਰ ਤੋਂ ਅਸੀਂ ਆਪਣਾ ਲੜਕ ਗਗਨਦੀਪ ਵਿਦੇਸ਼ ਭੇਜ ਦਿੱਤਾ। ਇਸ ਸਬੰਧੀ ਮੇਰੇ ਪੁੱਤ ਨੂੰ ਸਕਿਉਰਿਟੀ ਵੀ ਮਿਲੀ ਸੀ, ਪਰ ਆਪਣੀ ਸਿਆਸੀ ਪਹੁੰਚ ਵਰਤਦੇ ਹੋਏ ਇਨ੍ਹਾਂ ਨੇ ਸਕਿਉਰਿਟੀ ਵਾਪਸ ਕਰਵਾ ਦਿੱਤੀ ਤੇ ਸਾਨੂੰ ਜਾਨ-ਮਾਲ ਦੇ ਖਤਰੇ ਸਬੰਧੀ ਦਰਖਾਸਤਾਂ ਮੇਰੇ ਪੁੱਤ ਗਗਨਦੀਪ ਸਿੰਘ ਵੱਲੋਂ ਪਹਿਲਾਂ ਵੀ ਦਿੱਤੀਆਂ ਹੋਈਆਂ ਸਨ। ਹੋਰ ਦੱਸਿਆ ਕਿ ਹਰਜੀਤ ਕੌਰ ਤੇ ਕਰਨਬੀਰ ਕੌਰ ਜੋ ਕਿ ਖਡੂਰ ਸਾਹਿਬ ਵਿਖੇ ਕਿਸੇ ਦੀ ਜ਼ਮਾਨਤ ਭਰ ਕੇ ਪਿੰਡ ਭਗਵਾਨਪੁਰ ਵਿਖੇ ਆ ਰਹੇ ਸੀ। ਨੰਬਰਦਾਰ ਨੂੰ ਪਿੰਡ ਵਿਚ ਉਤਾਰ ਕੇ ਗਈਆਂ ਨੂੰ ਜਦੋਂ ਨਿਕਲੇ ਤਾਂ ਉਕਤ ਰਵਿੰਦਰ ਸਿੰਘ ਤੇ ਰਵਿੰਦਰ ਸਿੰਘ ਨੇ ਸੁਖਜਿੰਦਰ ਰੰਧਾਵਾ ਨੂੰ ਸੂਚਿਤ ਕੀਤਾ ਕਿ ਉਹ ਪਿੰਡ ਭਗਵਾਨਪੁਰ ਤੋਂ ਬਟਾਲਾ ਨੂੰ ਨਿਕਲ ਚੁੱਕੇ ਹਨ। ਉਕਤ ਨਿਰਮਲ ਸਿੰਘ ਤੇ ਰਵਿੰਦਰ ਸਿੰਘ ਨੂੰ ਮੈਂ ਕਈ ਵਾਰ ਰੇਕੀ ਕਰਦੇ ਹੋਏ ਦੇਖਿਆ ਹੈ। ਜਦੋਂ ਹਰਜੀਤ ਕੌਰ ਤੇ ਕਰਨਬੀਰ ਕੌਰ ਮੇਰੇ ਘਰ ਕਾਦੀਆਂ ਵਿਖੇ ਘਰ ਦੇ ਬਾਹਰ ਆਏ ਤਾਂ ਮੈਂ ਦੇਖਿਆ ਕਿ 2 ਅਣਪਛਾਤੇ ਵਿਅਕਤੀ ਜੋ ਮੋਟਰਸਾਈਕਲ 'ਤੇ ਵੀਡੀਓ ਕਾਲ ਵਿਚ ਸੁਖਜਿੰਦਰ ਤੇ ਅਮਨਦੀਪ ਸਿੰਘ ਜੈਂਤੀਪੁਰੀਆ ਨਾਲ ਗੱਲ ਕਰ ਰਹੇ ਸੀ ਤੇ ਮੇਰੇ ਸਾਹਮਣੇ ਉਹ ਲਗਾਤਾਰ ਫੋਨ 'ਤੇ ਗੱਲ ਕਰ ਰਹੇ ਸੀ ਕਿ ਉਨ੍ਹਾਂ ਨੇ ਤੁਹਾਡਾ ਕੰਮ ਕਰ ਦਿੱਤਾ। ਅੱਗੋਂ ਸੁਖਜਿੰਦਰ ਰੰਧਾਵਾ ਕਹਿ ਰਿਹਾ ਸੀ ਕਿ ਇਸ ਭਗਵਾਨਪੁਰੀਆ ਪਰਿਵਾਰ ਖਿਲਾਫ ਕਿਸੇ ਨੇ ਵੀ ਅੜਣ ਦੀ ਤੇ ਬੋਲਣ ਦੀ ਹਿੰਮਤ ਕੀਤੀ ਤਾਂ ਉਨ੍ਹਾਂ ਦਾ ਵੀ ਅਸੀਂ ਇਹੋ ਜਿਹਾ ਹਸ਼ਰ ਕਰਾਂਗੇ।

# ਅਸੀਂ ਐਮਰਜੈਂਸੀ ਖ਼ਿਲਾਫ਼ ਵੀ ਲੜੇ ਪਰ ਹੁਣ ਭਾਜਪਾ-ਸੰਘ ਅਧੀਨ 'ਨਵੀਂ-ਤਾਨਾਸ਼ਾਹੀ' ਦੇ ਮੁਕਾਬਲੇ ਦੀ ਵੱਧ ਲੋੜ: ਕਰਤ

ਨਵੀਂ ਦਿੱਲੀ, 27 ਜੂਨ (ਚ.ਨ.ਸ.): ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਪੋਲਿਟ ਬਿਊਰੋ ਮੈਂਬਰ ਬਰਿੰਦਾ ਕਰਤ ਨੇ ਕਿਹਾ ਹੈ ਕਿ 1975 ਵਿੱਚ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਮੁਲਕ ਵਿਚ ਲਾਈ ਗਈ ਐਮਰਜੈਂਸੀ ਭਾਰਤ ਲਈ 'ਤਾਨਾਸ਼ਾਹੀ ਦਾ ਪਹਿਲਾ ਸੁਆਦ' ਸੀ, ਜਦੋਂਕਿ ਹੁਣ ਮੁਲਕ ਨੂੰ 'ਭਾਜਪਾ-ਆਰ.ਐਸ.ਐਸ. ਹਕੂਮਤ ਅਧੀਨ ਤਾਨਾਸ਼ਾਹੀ ਦੇ ਨਵੇਂ ਰੂਪਾਂ' ਵਿਰੁੱਧ ਲੜਨ ਦੀ ਜ਼ਿਆਦਾ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐਸ.ਐਸ.) ਦੇ ਸ਼ਾਸਨ ਅਧੀਨ ਵੇਖੇ 'ਤਾਨਾਸ਼ਾਹੀ ਅਤੇ ਨਵ-ਫਾਸ਼ੀਵਾਦ' ਦੇ ਨਵੇਂ ਰੂਪਾਂ ਦਾ ਮੁਕਾਬਲਾ ਐਮਰਜੈਂਸੀ ਵਾਂਗ ਹੀ ਸਖ਼ਤੀ ਨਾਲ ਕਰਨਾ ਚਾਹੀਦਾ ਹੈ। ਉਨ੍ਹਾਂ ਦਾਅਵਾ ਕੀਤਾ ਕਿ 'ਸੰਵਿਧਾਨ 'ਤੇ ਹਮਲਾ' ਹੋ ਰਿਹਾ ਹੈ ਅਤੇ ਸੰਸਥਾਵਾਂ ਅਤੇ ਲੋਕਤੰਤਰੀ ਅਧਿਕਾਰਾਂ ਨੂੰ ਵਿਗਾੜਨ ਅਤੇ ਕੁਝ ਭਾਈਚਾਰਿਆਂ ਨੂੰ ਨਿਸ਼ਾਨਾ ਬਣਾ ਕੇ ਇਸਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਬੀਬੀ ਕਰਤ ਨੇ ਗੱਲ ਕਰਦਿਆਂ ਕਿਹਾ, ਇਹ ਬਹੁਤ ਅਹਿਮ ਹੈ ਕਿ ਸੰਵਿਧਾਨ ਦੀਆਂ ਕਾਪੀਆਂ ਪੂਰੇ ਭਾਰਤ ਵਿੱਚ ਰੈਲੀਆਂ ਜਾਣ ਅਤੇ ਪ੍ਰਦਰਸ਼ਿਤ ਕੀਤੀਆਂ ਜਾਣ। ਕਿਉਂਕਿ ਐਮਰਜੈਂਸੀ ਤਾਨਾਸ਼ਾਹੀ ਦਾ ਪਹਿਲਾ ਸੁਆਦ ਸੀ ਅਤੇ ਅਸੀਂ ਇਸਦੀ ਨਿੰਦਾ ਕੀਤੀ ਅਤੇ ਇਸ ਦੇ ਵਿਰੁੱਧ ਲੜਾਈ ਲੜੀ। ਪਰ ਅੱਜ, ਸੰਵਿਧਾਨ 'ਤੇ ਜਿਸ ਤਰ੍ਹਾਂ ਦਾ ਹਮਲਾ ਹੋਇਆ ਹੈ, ਹਰ ਪੜਾਅ 'ਤੇ ਇਸਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਦੇ ਨਾਲ, ਜਿਸ ਵਿੱਚ ਸੰਸਥਾਵਾਂ ਨੂੰ ਢਾਹ ਲਾਉਣਾ, ਸੰਸਦ ਦੇ ਅੰਦਰ ਲੋਕਤੰਤਰੀ ਅਧਿਕਾਰਾਂ ਨੂੰ ਵਿਗਾੜਨਾ ਅਤੇ ਕੁਝ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣਾ ਸ਼ਾਮਲ ਹੈ। ਉਨ੍ਹਾਂ ਕਿਹਾ, ਜਿਵੇਂ ਅਸੀਂ ਐਮਰਜੈਂਸੀ ਦਾ ਸਾਹਮਣਾ ਕੀਤਾ, ਅੱਜ ਤਾਨਾਸ਼ਾਹੀ ਅਤੇ ਨਵ-ਫਾਸ਼ੀਵਾਦ ਦੇ ਨਵੇਂ ਰੂਪ, ਜੋ ਕਿ ਭਾਜਪਾ-ਆਰ.ਐਸ.ਐਸ. ਸ਼ਾਸਨ ਅਧੀਨ ਬਹੁਤ ਸਪੱਸ਼ਟ ਤੌਰ 'ਤੇ ਦਿਖਾਈ ਦਿੰਦੇ ਹਨ, ਨਾਲ ਵੀ ਲੜਨਾ ਚਾਹੀਦਾ ਹੈ। ਉਨ੍ਹਾਂ ਦੀਆਂ ਟਿੱਪਣੀਆਂ ਆਰ.ਐਸ.ਐਸ. ਦੇ ਜਨਰਲ ਸਕੱਤਰ ਦੱਤਾਤ੍ਰੇਯ ਹੋਸਬਾਲੇ ਦੁਆਰਾ ਕੀਤੀਆਂ ਗਈਆਂ ਹਾਲੀਆ ਟਿੱਪਣੀਆਂ 'ਤੇ ਚੱਲ ਰਹੇ ਵਿਵਾਦ ਦੇ ਵਿਚਕਾਰ ਆਈਆਂ ਹਨ, ਜਿੱਥੇ ਉਨ੍ਹਾਂ ਨੇ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਜੋੜੇ ਗਏ ਧਰਮ ਨਿਰਪੱਖ ਅਤੇ ਸਮਾਜਵਾਦੀ ਸ਼ਬਦਾਂ ਨੂੰ ਕਾਇਮ ਰੱਖਣ 'ਤੇ ਮੁੜ ਵਿਚਾਰ ਕਰਨ ਦਾ ਸੁਝਾਅ ਦਿੱਤਾ ਸੀ। ਹੋਸਬਾਲੇ ਐਮਰਜੈਂਸੀ ਦੀ 50ਵੀਂ ਵਰ੍ਹੇਗੰਢ 'ਤੇ ਡਾ. ਅੰਬੇਡਕਰ ਇੰਟਰਨੈਸ਼ਨਲ ਸੈਂਟਰ ਵਿਖੇ ਇੱਕ ਪ੍ਰੋਗਰਾਮ ਨੂੰ ਸੰਬੋਧਨ ਕਰ ਰਹੇ ਸਨ, ਜੋ ਕਿ ਇੰਦਰਾ ਗਾਂਧੀ ਨੈਸ਼ਨਲ ਸੈਂਟਰ ਫਾਰ ਦ ਆਰਟਸ (ਸੱਭਿਆਚਾਰ ਮੰਤਰਾਲੇ ਅਧੀਨ) ਅਤੇ ਅੰਬੇਡਕਰ ਇੰਟਰਨੈਸ਼ਨਲ ਸੈਂਟਰ ਦੁਆਰਾ ਸਾਂਝੇ ਤੌਰ 'ਤੇ ਕੀਤਾ ਗਿਆ ਸੀ।

### ਪੁਲਿਸ ਥਾਣੇ 'ਤੇ ਗ੍ਰਨੇਡ ਹਮਲੇ ਦਾ ਮਾਮਲਾ

# ਐਨ.ਆਈ.ਏ. ਵੱਲੋਂ ਦੋਸ਼ ਪੱਤਰ 'ਚ ਤਿੰਨ ਭਗੌੜਿਆਂ ਸਮੇਤ 7 ਜਣੇ ਨਾਮਜ਼ਦ

ਨਵੀਂ ਦਿੱਲੀ, 27 ਜੂਨ (ਚ.ਨ.ਸ.): ਕੌਮੀ ਜਾਂਚ ਏਜੰਸੀ (ਐੱਨ.ਆਈ.ਏ.) ਨੇ ਦਸੰਬਰ, 2024 ਵਿੱਚ ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਦੇ ਦਹਿਸ਼ਤਗਰਦਾਂ ਵੱਲੋਂ ਗੁਰਦਾਸਪੁਰ ਪੁਲੀਸ ਥਾਣੇ 'ਤੇ ਕੀਤੇ ਗ੍ਰਨੇਡ ਹਮਲੇ ਨਾਲ ਸਬੰਧਤ ਮਾਮਲੇ ਵਿੱਚ ਤਿੰਨ ਭਗੌੜਿਆਂ ਸਮੇਤ ਸੱਤ ਮੁਲਜ਼ਮਾਂ ਖਿਲਾਫ਼ ਚਾਰਜਸ਼ੀਟ ਦਾਖ਼ਲ ਕੀਤੀ ਹੈ। ਅਧਿਕਾਰੀਆਂ ਨੇ ਅੱਜ ਕਿਹਾ ਕਿ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਬਟਾਲਾ ਵਿੱਚ ਘਣੀ ਕੇ ਬਾਂਗਰ ਪੁਲਿਸ ਥਾਣੇ 'ਤੇ ਹੋਏ ਦਹਿਸ਼ਤੀ ਹਮਲੇ ਦੀ ਜ਼ਿੰਮੇਵਾਰੀ ਬੀਕੇਆਈ ਕਾਰਕੁੰਨਾਂ ਹਰਪ੍ਰੀਤ ਸਿੰਘ ਉਰਫ਼ ਹੈਪੀ ਪਾਸੀਆ ਅਤੇ ਗੁਰਪ੍ਰੀਤ ਉਰਫ਼ ਗੋਪੀ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਵਿਚ ਲਈ ਸੀ। ਅਧਿਕਾਰੀਆਂ ਨੇ ਦੱਸਿਆ ਕਿ ਅਮਰੀਕਾ ਸਥਿਤ ਪਾਸੀਆ, ਪਾਕਿਸਤਾਨ ਅਧਾਰਿਤ ਦਹਿਸ਼ਤਗਰਦ ਹਰਵਿੰਦਰ ਸਿੰਘ ਉਰਫ਼ ਰਿੰਦਾ ਅਤੇ ਸ਼ਮਸ਼ੇਰ ਸਿੰਘ ਉਰਫ਼ ਸ਼ੇਰਾ ਉਰਫ਼ ਹਨੀ ਇਸ ਵੇਲੇ ਭਗੌੜੇ ਹਨ ਤੇ ਐੱਨ.ਆਈ.ਏ. ਨੇ ਵੀਰਵਾਰ ਨੂੰ ਮੋਹਾਲੀ ਦੀ ਅਦਾਲਤ ਵਿੱਚ ਦਾਇਰ ਚਾਰਜਸ਼ੀਟ 'ਚ ਤਿੰਨਾਂ ਨੂੰ ਨਾਮਜ਼ਦ ਕੀਤਾ ਹੈ। ਐੱਨਆਈਏ ਵੱਲੋਂ ਜਾਰੀ ਬਿਆਨ ਅਨੁਸਾਰ ਅਤਿਵਾਦ ਵਿਰੋਧੀ ਏਜੰਸੀ ਵੱਲੋਂ ਚਾਰਜਸ਼ੀਟ ਕੀਤੇ ਗਏ ਚਾਰ ਗ੍ਰਿਫ਼ਤਾਰ ਮੁਲਜ਼ਮਾਂ ਦੀ ਪਛਾਣ ਕੁਲਜੀਤ ਸਿੰਘ, ਅਭਿਜੋਤ ਸਿੰਘ, ਗੁਰਜਿੰਦਰ ਸਿੰਘ ਅਤੇ ਸ਼ੁਭਮ ਵਜੋਂ ਹੋਈ ਹੈ, ਜੋ ਸਾਰੇ ਪਿੰਡ ਕਿਲਾ ਲਾਲ ਸਿੰਘ, ਬਟਾਲਾ ਦੇ ਵਸਨੀਕ ਹਨ। ਇਨ੍ਹਾਂ ਸੱਤਾਂ ਮੁਲਜ਼ਮਾਂ ਨੂੰ 12 ਦਸੰਬਰ, 2024 ਨੂੰ ਹੋਏ ਹਮਲੇ ਦੀ ਸਾਜ਼ਿਸ਼ ਅਤੇ ਅਮਲ ਵਿੱਚ ਉਨ੍ਹਾਂ ਦੀ ਭੂਮਿਕਾ ਲਈ ਗੈਰਕਾਨੂੰਨੀ ਸਰਗਰਮੀਆਂ (ਰੋਕੂ) ਐਕਟ ਅਤੇ ਵਿਸਫੋਟਕ ਪਦਾਰਥ ਐਕਟ ਦੀਆਂ ਵੱਖ-ਵੱਖ ਧਾਰਾਵਾਂ ਦੇ ਨਾਲ ਹੋਰਨਾਂ ਸਬੰਧਤ ਧਾਰਾਵਾਂ ਤਹਿਤ ਚਾਰਜਸ਼ੀਟ ਕੀਤਾ ਗਿਆ ਹੈ। ਜਾਂਚ ਏਜੰਸੀ ਨੇ ਕਿਹਾ ਕਿ ਇਸ ਸਾਲ 23 ਮਾਰਚ ਨੂੰ ਕੇਸ ਦੀ ਜਾਂਚ ਆਪਣੇ ਹੱਥਾਂ ਵਿਚ ਲੈਣ ਵਾਲੀ ਐੱਨਆਈਏ ਨੇ ਤਫ਼ਤੀਸ਼ ਦੌਰਾਨ ਪਾਇਆ ਕਿ ਰਿੰਦਾ ਦੇ ਇਸ਼ਾਰੇ 'ਤੇ ਹੈਪੀ ਪਾਸੀਆ ਨੇ ਅਰਮੀਨੀਆ ਵਿੱਚ ਆਪਣੇ ਗੁਰਗੇ ਸ਼ਮਸ਼ੇਰ ਸਿੰਘ ਰਾਹੀਂ ਅਭਿਜੋਤ ਸਿੰਘ ਨੂੰ ਦਹਿਸ਼ਤੀ ਕਾਰਾ ਅੰਜਾਮ ਦੇਣ ਲਈ ਭਰਤੀ ਕੀਤਾ ਸੀ। ਐੱਨ.ਆਈ.ਏ. ਨੇ ਅਭਿਜੋਤ ਨੂੰ ਚੰਡੀਗੜ੍ਹ ਦੇ ਸੈਕਟਰ 10 ਵਿੱਚ ਗੋਲੀਬਾਰੀ ਨਾਲ ਸਬੰਧਤ ਵੱਖਰੇ ਮਾਮਲੇ ਵਿੱਚ ਵੀ ਗ੍ਰਿਫ਼ਤਾਰ ਕੀਤਾ ਹੈ।

# ਕੋਲਕਾਤਾ ਦੇ ਕਾਲਜ 'ਚ ਵਿਦਿਆਰਥਣ ਨਾਲ 'ਸਮੂਹਿਕ ਜਬਰ-ਜਨਾਹ', 3 ਗ੍ਰਿਫ਼ਤਾਰ

ਕੋਲਕਾਤਾ, 27 ਜੂਨ (ਚੜ੍ਹਦੀਕਲਾ ਬਿਊਰੋ): ਕੋਲਕਾਤਾ ਦੇ ਇੱਕ ਲਾਅ ਕਾਲਜ ਵਿਚ ਇਕ ਵਿਦਿਆਰਥਣ ਨਾਲ ਇੱਕ ਸਾਬਕਾ ਵਿਦਿਆਰਥੀ ਵੱਲੋਂ ਸੰਸਥਾ ਦੇ ਅੰਦਰ ਕਥਿਤ ਤੌਰ 'ਤੇ ਜਬਰ-ਜਨਾਹ ਕੀਤਾ ਗਿਆ, ਜਦੋਂ ਕਿ ਵਿੱਦਿਅਕ ਸੰਸਥਾ ਦੇ ਦੋ ਸੀਨੀਅਰ ਵਿਦਿਆਰਥੀਆਂ ਨੇ ਇਸ ਕਾਰੇ ਵਿਚ ਮੁੱਖ ਮੁਲਜ਼ਮ ਦੀ ਮੱਦਦ ਕੀਤੀ। ਇਹ ਜਾਣਕਾਰੀ ਇੱਕ ਪੁਲਿਸ ਅਧਿਕਾਰੀ ਨੇ ਸ਼ੁੱਕਰਵਾਰ ਨੂੰ ਦਿੱਤੀ ਹੈ। ਪੁਲਿਸ ਵੱਲੋਂ ਤਿੰਨਾਂ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਕੇ ਅਦਾਲਤ ਵਿੱਚ ਪੇਸ਼ ਕੀਤਾ ਗਿਆ ਅਤੇ ਅਦਾਲਤ ਨੇ ਉਨ੍ਹਾਂ ਨੂੰ ਚਾਰ ਦਿਨਾਂ ਲਈ ਪੁਲਿਸ ਹਿਰਾਸਤ ਵਿੱਚ ਭੇਜ ਦਿੱਤਾ ਹੈ। ਪੁਲਿਸ ਨੇ ਕਿਹਾ ਕਿ ਪੀੜਤ ਦਾ ਨਿਆਂਇਕ ਮੈਜਿਸਟ੍ਰੇਟ ਦੇ ਸਾਹਮਣੇ ਗੁਪਤ ਬਿਆਨ ਲੈਣ ਦੀ ਪ੍ਰਕਿਰਿਆ ਵੀ ਚੱਲ ਰਹੀ ਸੀ। ਸਾਊਥ ਕਲਕੱਤਾ ਲਾਅ ਕਾਲਜ ਵਿੱਚ ਹੋਈ ਇਸ ਭਿਆਨਕ ਘਟਨਾ ਨੇ ਪਿਛਲੇ ਸਾਲ ਅਗਸਤ ਵਿੱਚ ਸ਼ਹਿਰ ਦੇ ਆਰਜੀ ਕਰ ਮੈਡੀਕਲ ਕਾਲਜ ਦੇ ਅੰਦਰ ਇੱਕ ਇੰਟਰਨ ਨਾਲ ਬਲਾਤਕਾਰ ਅਤੇ ਕਤਲ ਦੀ ਘਟਨਾ ਦੀਆਂ ਭਿਆਨਕ ਯਾਦਾਂ ਨੂੰ ਤਾਜ਼ਾ ਕਰ ਦਿੱਤਾ ਹੈ, ਜਿਸ ਕਾਰਨ ਸਿਆਸੀ ਤੌਰ 'ਤੇ ਵੀ ਭਾਰੀ ਹਲਚਲ ਪੈਦਾ ਹੋ ਗਈ ਸੀ।

# ਪਹਿਲੇ ਸਫ਼ੇ ਦੀ ਬਾਕੀ

## ਡਾਕਘਰਾਂ 'ਚ ਅਗਸਤ ਤੋਂ ਸ਼ੁਰੂ

ਦੱਸਿਆ ਕਿ ਡਾਕ ਵਿਭਾਗ ਆਪਣੇ ਆਈ.ਟੀ. ਬੁਨਿਆਦੀ ਢਾਂਚੇ ਨੂੰ ਲਾਗੂ ਕਰ ਰਿਹਾ ਹੈ, ਜਿਸ ਵਿੱਚ ਨਵੀਆਂ ਐਪਲੀਕੇਸ਼ਨਾਂ ਹੋਣਗੀਆਂ ਜੋ ਡਾਇਨਾਮਿਕ ਕਿਊਆਰ ਕੋਡ ਨਾਲ ਲੈਣ-ਦੇਣ ਕਰਨ ਦੇ ਯੋਗ ਹੋਣਗੀਆਂ। ਇਹ ਰੋਲਆਊਟ ਅਗਸਤ, 2025 ਤੱਕ ਸਾਰੇ ਡਾਕਘਰਾਂ ਵਿੱਚ ਪੂਰਾ ਹੋ ਜਾਵੇਗਾ। ਨਵੇਂ ਸਿਸਟਮ, ਜਿਸ ਨੂੰ ਆਈ.ਟੀ. 2.0 ਕਿਹਾ ਗਿਆ ਹੈ, ਦੀ ਸ਼ੁਰੂਆਤ ਕਰਨਾਟਕ ਸਰਕਲ ਵਿੱਚ ਹੋ ਚੁੱਕੀ ਹੈ। ਮੈਸੂਰ ਅਤੇ ਬਾਗਲਕੋਟ ਹੈੱਡ ਆਫਿਸ ਅਧੀਨ ਦਫ਼ਤਰਾਂ ਵਿੱਚ ਕਿਊਆਰ-ਆਧਾਰਿਤ ਮੇਲ ਉਤਪਾਦਾਂ ਦੀ ਬੁਕਿੰਗ ਸਫਲਤਾਪੂਰਵਕ ਕੀਤੀ ਗਈ। ਪਹਿਲਾਂ, ਡਾਕ ਵਿਭਾਗ ਨੇ ਡਿਜੀਟਲ ਲੈਣ-ਦੇਣ ਨੂੰ ਸਮਰੱਥ ਬਣਾਉਣ ਲਈ ਡਾਕਘਰਾਂ ਦੇ ਪੁਆਇੰਟ ਆਫ ਸੇਲ ਕਾਊਂਟਰਾਂ 'ਤੇ ਸਟੈਟਿਕ ਕਿਊਆਰ ਕੋਡ ਪੇਸ਼ ਕੀਤੇ ਸਨ। ਹਾਲਾਂਕਿ, ਲਗਾਤਾਰ ਤਕਨੀਕੀ ਮੁਸ਼ਕਲਾਂ ਅਤੇ ਗਾਹਕਾਂ ਦੀਆਂ ਸ਼ਿਕਾਇਤਾਂ ਕਾਰਨ ਇਸ ਪਹੁੰਚ ਨੂੰ ਬੰਦ ਕਰਨਾ ਪਿਆ ਸੀ।

## ਸਰਹੱਦ 'ਤੇ ਸ਼ਾਂਤੀ ਕਾਇਮ ਰੱਖਣਾ

ਰੰਗਾਂ ਅਤੇ ਰਵਾਇਤੀ ਕਬਾਇਲੀ ਚਿੱਤਰਾਂ ਲਈ ਜਾਣੀ ਜਾਂਦੀ ਹੈ।

**ਭਾਰਤ ਨੇ ਐਸ.ਸੀ.ਓ. ਦਸਤਾਵੇਜ਼ 'ਤੇ ਦਸਤਖਤ ਨਹੀਂ ਕੀਤੇ:** ਜਦੋਂ ਐਸ.ਸੀ.ਓ. ਰੱਖਿਆ ਮੰਤਰੀਆਂ ਦੀ ਇਸ ਮੀਟਿੰਗ ਵਿੱਚ ਇੱਕ ਸਾਂਝੇ ਦਸਤਾਵੇਜ਼ 'ਤੇ ਦਸਤਖਤ ਕਰਨ ਦਾ ਸਮਾਂ ਆਇਆ, ਤਾਂ ਰਾਜਨਾਥ ਸਿੰਘ ਨੇ ਇਸ 'ਤੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ। ਰਿਪੋਰਟਾਂ ਅਨੁਸਾਰ, ਦਸਤਾਵੇਜ਼ ਵਿੱਚ ਅੱਤਵਾਦ ਵਰਗੇ ਮਹੱਤਵਪੂਰਨ ਮੁੱਦਿਆਂ ਨੂੰ ਕਮਜ਼ੋਰ ਰੂਪ ਵਿੱਚ ਪੇਸ਼ ਕੀਤਾ ਗਿਆ ਸੀ, ਜੋ ਕਿ ਭਾਰਤ ਦੀ ਸਖ਼ਤ ਨੀਤੀ ਦੇ ਉਲਟ ਸੀ। ਇਸ ਕਾਰਨ ਭਾਰਤ ਨੇ ਇਸ ਵਿੱਚ ਹਿੱਸਾ ਨਹੀਂ ਲਿਆ।

## ਸੁਖੋਈ ਜਹਾਜ਼ਾਂ ਨੂੰ ਬਿਹਤਰ

ਪਹਿਲਗਾਮ ਅੱਤਵਾਦੀ ਹਮਲੇ ਉੱਤੇ ਭਾਰਤ ਨਾਲ ਇਕਜੁੱਟਤਾ ਜ਼ਾਹਰ ਕੀਤੀ। ਮੰਤਰਾਲੇ ਨੇ ਇਕ ਬਿਆਨ 'ਚ ਕਿਹਾ ਕਿ ਐੱਸ-400 ਪ੍ਰਣਾਲੀਆਂ ਦੀ ਸਪਲਾਈ, ਐੱਸ.ਯੂ.-30 ਐੱਮ.ਕੇ.ਆਈ. ਅਪਗਰੇਡ ਅਤੇ ਮਹੱਤਵਪੂਰਨ ਫੌਜੀ ਹਾਰਡਵੇਅਰ ਦੀ ਖਰੀਦ ਜਲਦੀ ਸਮੇਂ 'ਚ ਕੀਤੀ ਗਈ। ਬਿਆਨ 'ਚ ਕਿਹਾ ਗਿਆ ਹੈ ਕਿ ਆਪਰੇਸ਼ਨ ਸੰਧੂਰ ਦੇ ਪਿਛੋਕੜ 'ਚ ਅਤੇ ਇਸ ਦੇ ਨਤੀਜੇ ਵਜੋਂ ਰੱਖਿਆ ਉਤਪਾਦਨ ਵਧਾਉਣ ਦੀ ਜ਼ਰੂਰਤ ਦੇ ਮੱਦੇਨਜ਼ਰ ਦੋਹਾਂ ਦੇਸ਼ਾਂ ਦੇ ਨੇਤਾਵਾਂ ਵਿਚਾਲੇ ਹਾਲ ਹੀ 'ਚ ਹੋਈ ਸੱਭ ਤੋਂ ਮਹੱਤਵਪੂਰਨ ਬੈਠਕਾਂ ਵਿੱਚੋਂ ਇਕ ਸੀ। ਖਾਸ ਤੌਰ ਉੱਤੇ ਹਵਾਈ ਰੱਖਿਆ, ਹਵਾ ਤੋਂ ਹਵਾ 'ਚ ਮਾਰ ਕਰਨ ਵਾਲੀਆਂ ਮਿਜ਼ਾਈਲਾਂ, ਆਧੁਨਿਕ ਸਮਰੱਥਾ ਅਤੇ ਹਵਾਈ ਮੰਚਾਂ ਨੂੰ ਅਪਗ੍ਰੇਡ ਕਰਨ ਵਰਗੀਆਂ ਮਹੱਤਵਪੂਰਨ ਚੀਜ਼ਾਂ 'ਚ। ਪਤਾ ਲੱਗਾ ਹੈ ਕਿ ਬੇਲੋਸੋਵ ਨਾਲ ਗੱਲਬਾਤ ਦੌਰਾਨ ਰਾਜਨਾਥ ਸਿੰਘ ਨੇ ਭਾਰਤ ਨੂੰ ਐਸ-400 ਟਰੀਅੰਫ ਮਿਜ਼ਾਈਲ ਪ੍ਰਣਾਲੀਆਂ ਦੀਆਂ ਬਾਕੀ ਦੋ ਯੂਨਿਟਾਂ ਦੀ ਸਪਲਾਈ 'ਚ ਤੇਜ਼ੀ ਲਿਆਉਣ ਉੱਤੇ ਜ਼ੋਰ ਦਿੱਤਾ। ਰੂਸ ਪਹਿਲਾਂ ਹੀ 5.5 ਅਰਬ ਡਾਲਰ ਦੇ ਸੌਦੇ ਤਹਿਤ ਭਾਰਤ ਨੂੰ ਲੰਬੀ ਦੂਰੀ ਦੀ ਮਿਜ਼ਾਈਲ ਪ੍ਰਣਾਲੀ ਦੀਆਂ ਤਿੰਨ ਇਕਾਈਆਂ ਦੀ ਸਪਲਾਈ ਕਰ ਚੁੱਕਾ ਹੈ।

## ਹਿਮਾਚਲ-ਜੰਮੂ 'ਚ ਬੱਦਲ ਫਟਣ ਕਾਰਨ

ਚਨਾਬ ਨਦੀ ਦੇ ਪਾਣੀ ਦਾ ਪੱਧਰ ਵੱਧ ਗਿਆ, ਜਿਸ ਕਾਰਨ ਬਗਲੀਹਾਰ ਪਣ-ਬਿਜਲੀ ਪ੍ਰਾਜੈਕਟ ਓਵਰਫ਼ਲੋ ਹੋ ਗਿਆ। ਅਧਿਕਾਰੀ ਦੇ ਅਨੁਸਾਰ, ਡੋਡਾ ਜ਼ਿਲ੍ਹੇ ਵਿੱਚ ਮੀਂਹ ਨਾਲ ਸਬੰਧਤ ਘਟਨਾਵਾਂ ਕਾਰਨ ਕਈ ਲੋਕਾਂ ਦੇ ਮਾਰੇ ਜਾਣ ਦਾ ਖ਼ਦਸ਼ਾ ਹੈ।

ਡੋਡਾ-ਕਿਸ਼ਤਵਾੜ-ਰਾਮਬਨ ਰੇਂਜ ਦੇ ਡਿਪਟੀ ਇੰਸਪੈਕਟਰ ਜਨਰਲ (ਡੀਆਈਜੀ) ਸ਼੍ਰੀਧਰ ਪਾਟਿਲ ਨੇ ਸਥਿਤੀ ਨੂੰ ਸਵੀਕਾਰ ਕੀਤਾ ਅਤੇ ਲੋਕਾਂ ਨੂੰ ਨਦੀਆਂ ਅਤੇ ਹੜ੍ਹਾਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ। ਏਐਨਆਈ ਨਾਲ ਗੱਲ ਕਰਦੇ ਹੋਏ ਡੀਆਈਜੀ ਪਾਟਿਲ ਨੇ ਕਿਹਾ, ਤੁਸੀਂ ਸਾਰਿਆਂ ਨੇ ਦੇਖਿਆ ਹੋਵੇਗਾ ਕਿ ਚਨਾਬ ਨਦੀ ਵਿੱਚ ਪਾਣੀ ਦਾ ਪੱਧਰ ਵਧਿਆ ਹੈ। ਡੋਡਾ ਜ਼ਿਲ੍ਹੇ ਵਿੱਚ ਵੀ ਇੱਕ ਘਟਨਾ ਸਾਡੇ ਧਿਆਨ ਵਿੱਚ ਆਈ ਹੈ, ਜਿਸ ਵਿੱਚ ਕੁਝ ਲੋਕਾਂ ਦੀ ਜਾਨ ਚਲੀ ਗਈ ਹੈ। ਮੈਂ ਸਾਰੇ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਨਦੀਆਂ ਦੇ ਨੇੜੇ ਨਾ ਜਾਣ... ਪਾਣੀ ਦਾ ਪੱਧਰ ਬਹੁਤ ਉੱਚਾ ਹੈ। ਆਪਣੇ ਆਪ ਨੂੰ ਜੋਖਮ ਵਿੱਚ ਨਾ ਪਾਓ। ਬੁੱਧਵਾਰ ਨੂੰ ਰਾਜ ਆਫ਼ਤ ਪ੍ਰਬੰਧਨ ਅਥਾਰਟੀ ਨੇ ਕਿਹਾ ਕਿ ਚਨਾਬ ਨਦੀ ਵਿੱਚ ਪਾਣੀ ਦਾ ਪੱਧਰ ਵੱਧ ਗਿਆ ਹੈ।

## ਪੰਜਾਬ ਦੇ ਕਈ ਜ਼ਿਲ੍ਹਿਆਂ 'ਚ

ਵਿਚ ਮੀਂਹ ਨੂੰ ਲੈ ਕੇ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਤੁਹਾਨੂੰ ਦੱਸ ਦੇਈਏ ਕਿ 26 ਜੂਨ ਨੂੰ ਹੋਈ ਪਹਿਲੀ ਮਾਨਸੂਨ ਦੀ ਬਾਰਿਸ਼ ਨੇ ਪੰਜਾਬ ਦੇ ਲੋਕਾਂ ਨੂੰ ਭਿਆਨਕ ਗਰਮੀ ਤੋਂ ਕੁਝ ਰਾਹਤ ਜ਼ਰੂਰ ਦਿੱਤੀ ਸੀ, ਪਰ ਬਾਰਿਸ਼ ਤੋਂ ਬਾਅਦ ਫਿਰ ਤੇਜ਼ ਧੁੱਪ ਨੇ ਨਮੀ ਅਤੇ ਗਰਮੀ ਨੂੰ ਵਧਾ ਦਿੱਤਾ। ਸੂਬੇ ਦੇ ਕੁਝ ਜ਼ਿਲ੍ਹਿਆਂ ਵਿੱਚ ਤਾਪਮਾਨ ਵਿੱਚ ਗਿਰਾਵਟ ਦਰਜ ਕੀਤੀ ਗਈ ਹੈ। ਅੰਮ੍ਰਿਤਸਰ, ਜਲੰਧਰ, ਫਾਜ਼ਿਲਕਾ ਅਤੇ ਫਿਰੋਜ਼ਪੁਰ ਵਿੱਚ ਵੱਧ ਤੋਂ ਵੱਧ ਤਾਪਮਾਨ 30 ਡਿਗਰੀ ਸੈਲਸੀਅਸ ਤੋਂ ਘੱਟ ਸੀ। ਸੂਬੇ ਵਿੱਚ ਸਭ ਤੋਂ ਵੱਧ ਤਾਪਮਾਨ ਫਰੀਦਕੋਟ ਵਿੱਚ ਦਰਜ ਕੀਤਾ ਗਿਆ, ਜਿੱਥੇ ਤਾਪਮਾਨ 38.5 ਡਿਗਰੀ ਦਰਜ ਕੀਤਾ ਗਿਆ। ਅੰਮ੍ਰਿਤਸਰ ਦਾ ਤਾਪਮਾਨ 29.5 ਡਿਗਰੀ, ਫਿਰੋਜ਼ਪੁਰ ਦਾ 29 ਡਿਗਰੀ, ਫਾਜ਼ਿਲਕਾ ਦਾ 28.7 ਡਿਗਰੀ ਅਤੇ ਜਲੰਧਰ ਦੇ ਨੂਰਮਹਿਲ ਦਾ 29.3 ਡਿਗਰੀ ਰਿਹਾ।

## ਸ਼੍ਰੋਮਣੀ ਅਕਾਲੀ ਦਲ ਦੇ ਅਹੁਦੇਦਾਰਾਂ

ਸਿੰਘ ਸਰਨਾ, ਹੀਰਾ ਸਿੰਘ ਗਾਬੜੀਆ, ਗੁਲਜ਼ਾਰ ਸਿੰਘ ਰਾਣੀਕੇ, ਮਹੇਸ਼ਇੰਦਰ ਸਿੰਘ ਗਰੇਵਾਲ, ਡਾ. ਦਲਜੀਤ ਸਿੰਘ ਚੀਮਾ, ਸ. ਜਨਮੇਜਾ ਸਿੰਘ ਸੇਖੋਂ, ਸ. ਸਿਕੰਦਰ ਸਿੰਘ ਮਲੂਕਾ, ਬੀਬਾ ਹਰਸਿਮਰਤ ਕੌਰ ਬਾਦਲ, ਸ. ਮਨਜੀਤ ਸਿੰਘ ਜੀ.ਕੇ, ਸ. ਸ਼ਰਨਜੀਤ ਸਿੰਘ ਢਿੱਲੋਂ, ਸ. ਬਿਕਰਮ ਸਿੰਘ ਮਜੀਠੀਆ, ਸੁੱਚਾ ਸਿੰਘ ਲੰਗਾਹ, ਗੁਰਬਚਨ ਸਿੰਘ ਬੱਬੇਹਾਲੀ, ਲਖਬੀਰ ਸਿੰਘ ਲੋਧੀਨੰਗਲ, ਸ੍ਰੀ ਐਨ.ਕੇ.ਸ਼ਰਮਾ, ਸ. ਮਨਤਾਰ ਸਿੰਘ ਬਰਾੜ, ਸ. ਬਲਦੇਵ ਸਿੰਘ ਖਹਿਰਾ, ਸ੍ਰੀ ਐਸ.ਆਰ.ਕਲੇਰ, ਸ. ਜੋਗਿੰਦਰ ਸਿੰਘ ਜਿੰਦੂ, ਸ. ਤੀਰਥ ਸਿੰਘ ਮਾਹਲਾ, ਸ. ਰਣਜੀਤ ਸਿੰਘ ਢਿੱਲੋਂ, ਸ. ਵਰਦੇਵ ਸਿੰਘ ਮਾਨ, ਸ. ਗੁਰਪ੍ਰੀਤ ਸਿੰਘ ਰਾਜੂਖੰਨਾ, ਸ੍ਰੀ ਕਮਲ ਚੇਤਲੀ, ਸ. ਹਰਪ੍ਰੀਤ ਸਿੰਘ ਕੋਟਭਾਈ, ਸ. ਸੁਖਦੀਪ ਸਿੰਘ ਸੁਕਾਰ ਅਤੇ ਸ. ਦਰਬਾਰਾ ਸਿੰਘ ਗੁਰੂ ਦੇ ਨਾਮ ਸ਼ਾਮਲ ਹਨ। ਉਪਰੋਕਤ ਤੋਂ ਇਲਾਵਾ ਹੇਠ ਲਿਖੇ 5 ਸੀਨੀਅਰ ਨੇਤਾਵਾਂ ਨੂੰ ਕੋਰ ਕਮੇਟੀ ਦਾ ਐਕਸ ਆਫੀਸ਼ੀਓ ਮੈਂਬਰ ਬਣਾਇਆ ਗਿਆ ਹੈ, ਜਿਹਨਾਂ ਵਿੱਚ ਮੀਡੀਆ ਹੈੱਡ ਸ. ਹਰਚਰਨ ਸਿੰਘ ਬੈਂਸ, ਯੂਥ ਅਕਾਲੀ ਦਲ ਦੇ ਪ੍ਰਧਾਨ ਸ. ਸਰਬਜੀਤ ਸਿੰਘ ਝਿੰਜਰ, ਇਸਤਰੀ ਅਕਾਲੀ ਦਲ ਦੀ ਪ੍ਰਧਾਨ ਬੀਬੀ ਹਰਗੋਬਿੰਦ ਕੌਰ, ਐਸ.ਓ.ਆਈ ਦੇ ਪ੍ਰਧਾਨ ਸ. ਰਣਬੀਰ ਸਿੰਘ ਰਾਣਾ ਢਿੱਲੋਂ ਅਤੇ ਪਾਰਟੀ ਦੇ ਮੁੱਖ ਬੁਲਾਰੇ ਸ. ਅਰਸ਼ਦੀਪ ਸਿੰਘ ਕਲੇਰ ਨੂੰ ਸ਼ਾਮਲ ਕੀਤਾ ਗਿਆ ਹੈ।

## 'ਆਪ' ਦੇ ਮੌਜੂਦਾ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ

ਤਰਨਤਾਰਨ ਤੋਂ ਸਾਡੀ ਪਾਰਟੀ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦੇ ਅਚਾਨਕ ਦੇਹਾਂਤ ਦੀ ਦੁੱਖਦਾਈ ਖ਼ਬਰ ਮਿਲੀ। ਮੈਨੂੰ ਇਹ ਸੁਣ ਕੇ ਬਹੁਤ ਦੁੱਖ ਹੋਇਆ, ਡਾ. ਸਾਹਿਬ ਪਾਰਟੀ ਦੇ ਇੱਕ ਮਿਹਨਤੀ ਅਤੇ ਸੰਘਰਸ਼ਸ਼ੀਲ ਨੇਤਾ ਸਨ। ਸੀ.ਐਮ. ਮਾਨ ਨੇ ਆਪਣੀ ਪੋਸਟ ਵਿੱਚ ਅੱਗੇ ਲਿਖਿਆ, ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਦੇ ਪਰਿਵਾਰ ਨਾਲ ਦਿਲੋਂ ਹਮਦਰਦੀ। ਪਰਮਾਤਮਾ ਵਿੱਛੜੀ ਰੂਹ ਨੂੰ ਸ਼ਾਂਤੀ ਦੇਵੇ ਅਤੇ ਇਸ ਔਖੇ ਸਮੇਂ ਵਿੱਚ ਪਰਿਵਾਰ ਅਤੇ ਅਜ਼ੀਜ਼ਾਂ ਨੂੰ ਧੀਰਜ ਅਤੇ ਹਿੰਮਤ ਦੇਵੇ। ਵਾਹਿਗੁਰੂ ਵਾਹਿਗੁਰੂ

## ਕੋਰੋਨਾ ਦੇ ਸਰਗਰਮ ਕੇਸਾਂ ਦੀ ਗਿਣਤੀ 3256,

ਪਿਛਲੇ 24 ਘੰਟਿਆਂ ਦੌਰਾਨ 33 ਰਾਜਾਂ ਵਿੱਚੋਂ ਅੱਠ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਕੋਰੋਨਾ ਦੇ ਸਰਗਰਮ ਮਾਮਲਿਆਂ ਵਿੱਚ ਵਾਧਾ ਹੋਇਆ ਹੈ ਅਤੇ 18 ਰਾਜਾਂ ਵਿੱਚ ਇਸ ਦੇ ਮਾਮਲਿਆਂ ਵਿੱਚ ਕਮੀ ਆਈ ਹੈ। ਜਦੋਂ ਕਿ ਸੱਤ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਤੋਂ ਇਸ ਵਾਇਰਸ ਦੇ ਸੰਕਰਮਣ ਦਾ ਕੋਈ ਮਾਮਲਾ ਨਹੀਂ ਮਿਲਿਆ। ਸਿਹਤ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਨਵੇਂ ਰੂਪ, ਖ਼ਾਸ ਕਰਕੇ ਐਲਐਫ.7, ਧ67, ਏਟ.1 ਅਤੇ ਹਾਲ ਹੀ ਵਿੱਚ ਪਛਾਣੇ ਗਏ ਟ2.1.8.1 ਸਬਵੇਰੀਐਂਟ, ਲਾਗ ਦਾ ਕਾਰਨ ਬਣ ਰਹੇ ਹਨ। ਇਨ੍ਹਾਂ ਵੇਰੀਐਂਟਾਂ ਦੀ ਜਾਂਚ ਚੱਲ ਰਹੀ ਹੈ। ਮੰਤਰਾਲੇ ਦੇ ਅਨੁਸਾਰ, ਸਰਗਰਮ ਮਾਮਲਿਆਂ ਵਿਚ ਕੇਰਲ ਸਭ ਤੋਂ ਵੱਧ ਪ੍ਰਭਾਵਿਤ ਹੈ। ਹਾਲਾਂਕਿ ਕੇਰਲਾ ਵਿਚ ਅੱਜ ਸਵੇਰੇ 8 ਵਜੇ ਤੱਕ 70 ਮਾਮਲੇ ਘੱਟਣ ਨਾਲ ਕੁੱਲ ਸਰਗਰਮ ਮਾਮਲਿਆਂ ਦਾ ਅੰਕੜਾ ਘੱਟ ਕੇ 680 ਰਹਿ ਗਿਆ। ਰਾਸ਼ਟਰੀ ਰਾਜਧਾਨੀ ਵਿਚ 88 ਮਾਮਲੇ ਘੱਟਣ ਨਾਲ ਸਰਗਰਮ ਮਾਮਲਿਆਂ ਦੀ ਕੁੱਲ ਗਿਣਤੀ 347 ਰਹਿ ਗਈ ਹੈ। ਮਹਾਰਾਸ਼ਟਰ ਵਿੱਚ 35 ਮਾਮਲਿਆਂ ਦੀ ਗਿਰਾਵਟ ਆਈ, ਜਿਸ ਨਾਲ ਕੁੱਲ ਸਰਗਰਮ ਮਾਮਲਿਆਂ ਦੀ ਗਿਣਤੀ 188 ਹੋ ਗਈ ਅਤੇ ਗੁਜਰਾਤ ਵਿੱਚ 56 ਮਾਮਲਿਆਂ ਦੀ ਗਿਰਾਵਟ ਆਈ, ਜਿਸ ਨਾਲ ਕੁੱਲ ਗਿਣਤੀ 301 ਹੋ ਗਈ। ਪੱਛਮੀ ਬੰਗਾਲ ਦਾ ਤਾਜ਼ਾ ਅੰਕੜਾ ਉਪਲੱਬਧ ਨਹੀਂ ਹੈ, ਪਰ ਉੱਥੇ ਕੋਰੋਨਾ ਦੇ 747 ਸਰਗਰਮ ਮਾਮਲੇ ਹਨ। ਕਰਨਾਟਕ ਵਿੱਚ 138, ਤਾਮਿਲਨਾਡੂ ਵਿੱਚ 90, ਉੱਤਰ ਪ੍ਰਦੇਸ਼ ਵਿੱਚ 121, ਰਾਜਸਥਾਨ ਵਿੱਚ 140, ਹਰਿਆਣਾ ਵਿੱਚ 60, ਮੱਧ ਪ੍ਰਦੇਸ਼ ਵਿੱਚ 59, ਆਂਧਰਾ ਪ੍ਰਦੇਸ਼ ਵਿੱਚ 31, ਓਡੀਸ਼ਾ ਵਿੱਚ 12, ਛੱਤੀਸਗੜ੍ਹ ਵਿੱਚ 37, ਬਿਹਾਰ ਅਤੇ ਝਾਰਖੰਡ ਵਿੱਚ ਅੱਠ-ਅੱਠ, ਸਿੱਕਮ ਵਿੱਚ 26, ਪੰਜਾਬ ਵਿੱਚ 36, ਅਸਾਮ ਵਿੱਚ 27, ਮਨੀਪੁਰ ਵਿੱਚ 149, ਜੰਮੂ-ਕਸ਼ਮੀਰ ਵਿੱਚ 26, ਗੋਆ ਅਤੇ ਤੇਲੰਗਾਨਾ ਵਿੱਚ ਚਾਰ-ਚਾਰ, ਉਤਰਾਖੰਡ ਵਿੱਚ ਸੱਤ, ਪੁਡੂਚੇਰੀ ਅਤੇ ਤ੍ਰਿਪੁਰਾ ਵਿੱਚ ਤਿੰਨ-ਤਿੰਨ ਅਤੇ ਚੰਡੀਗੜ੍ਹ, ਮੇਘਾਲਿਆ, ਮਿਜ਼ੋਰਮ ਅਤੇ ਨਾਗਾਲੈਂਡ ਵਿੱਚ ਇੱਕ-ਇੱਕ ਸਰਗਰਮ ਕੇਸ ਹਨ। ਹਿਮਾਚਲ ਪ੍ਰਦੇਸ਼, ਲੱਦਾਖ ਅਤੇ ਅਰੁਣਾਚਲ ਪ੍ਰਦੇਸ਼ ਵਿੱਚ ਇਸ ਵੇਲੇ ਕੋਰੋਨਾ ਇਨਫੈਕਸ਼ਨ ਦਾ ਕੋਈ ਸਰਗਰਮ ਮਾਮਲਾ ਨਹੀਂ ਹੈ। ਸਿਹਤ ਅਧਿਕਾਰੀਆਂ ਅਤੇ ਮਾਹਿਰਾਂ ਨੇ ਲੋਕਾਂ ਨੂੰ ਕੋਰੋਨਾ ਨਿਯਮਾਂ ਦੀ ਪਾਲਣਾ ਕਰਨ ਅਤੇ ਮਾਸਕ ਪਹਿਨਣ, ਵਾਰ-ਵਾਰ ਹੱਥ ਧੋਣ ਅਤੇ ਭੀੜ ਵਾਲੇ ਇਲਾਕਿਆਂ ਵਿੱਚ ਜਾਣ ਤੋਂ ਬਚਣ ਦੀ ਅਪੀਲ ਕੀਤੀ ਹੈ।

## ਕੇਰਲਾ 'ਚ ਰੈਟ ਫੀਵਰ ਹੁਣ ਤੱਕ

ਕਰਨ ਵਾਲਿਆਂ ਅਤੇ ਮਿੱਟੀ 'ਚ ਖੇਡਣ ਵਾਲੇ ਬੱਚਿਆਂ ਨੂੰ ਰੈਟ ਫੀਵਰ ਦਾ ਜ਼ਿਆਦਾ ਖ਼ਤਰਾ ਹੈ। ਇਨ੍ਹਾਂ ਨੂੰ ਡਾਕਸੀਸਾਈਕਲਿਨ ਜ਼ਰੂਰ ਲੈਣੀ ਚਾਹੀਦੀ ਹੈ। ਸਿਹਤ ਮੰਤਰੀ ਨੇ ਕਿਹਾ, ਮਿੱਟੀ ਜਾਂ ਦੂਸ਼ਿਤ ਪਾਣੀ ਦੇ ਸੰਪਰਕ 'ਚ ਆਉਣ ਵਾਲਿਆਂ ਨੂੰ ਸਿਹਤ ਕਰਮੀਆਂ ਦੀ ਸਲਾਹ ਅਨੁਸਾਰ ਇਲਾਜ ਲਈ ਡਾਕਸੀਸਾਈਕਲਿਨ ਟੈਬਲੇਟ ਲੈਣੀ ਚਾਹੀਦੀ ਹੈ। ਬੁਖ਼ਾਰ ਹੋਣ 'ਤੇ ਤੁਰੰਤ ਡਾਕਟਰ ਨਾਲ ਸੰਪਰਕ ਜ਼ਰੂਰੀ ਹੈ। ਰੈਟ ਫੀਵਰ ਚੂਹਾ, ਗਾਂ, ਬਕਰੀ ਜਾਂ ਕੁੱਤੇ ਵਰਗੇ ਸੰਕ੍ਰਮਿਤ ਜਾਨਵਰਾਂ ਦੇ ਮਲ ਤੋਂ ਨਿਕਲੇ ਬੈਕਟੀਰੀਆ ਦੇ ਦੂਸ਼ਿਤ ਮਿੱਟੀ ਜਾਂ ਪਾਣੀ ਰਾਹੀਂ ਮਨੁੱਖੀ ਸਰੀਰ 'ਚ ਪ੍ਰਵੇਸ਼ ਕਰਨਾ ਨਾਲ ਫੈਲਦਾ ਹੈ। ਇਹ ਬੈਕਟੀਰੀਆ ਚਮੜੀ 'ਤੇ ਹੋਏ ਜ਼ਖ਼ਮਾਂ, ਅੱਖਾਂ, ਨੱਕ ਜਾਂ ਮੂੰਹ ਰਾਹੀਂ ਸਰੀਰ 'ਚ ਪ੍ਰਵੇਸ਼ ਕਰ ਸਕਦਾ ਹੈ। ਸਿਹਤ ਮੰਤਰੀ ਨੇ ਕਿਹਾ ਕਿ ਮਿੱਟੀ ਜਾਂ ਦੂਸ਼ਿਤ ਪਾਣੀ ਦੇ ਸੰਪਰਕ 'ਚ ਆਉਣ ਵਾਲਿਆਂ ਨੂੰ ਹਫ਼ਤੇ 'ਚ ਇਕ ਵਾਰ 200 ਮਿਲੀਗ੍ਰਾਮ ਡਾਕਸੀਸਾਈਕਲਿਨ ਲੈਣੀ ਚਾਹੀਦੀ ਹੈ। ਇਹ ਦਵਾਈ ਸਰਕਾਰੀ ਹਸਪਤਾਲ 'ਚ ਮੁਫ਼ਤ ਮਿਲਦੀ ਹੈ। ਸ਼ੁਰੂਆਤੀ ਲੱਛਣ ਦਿੱਸਣ ਤਾਂ ਤੁਰੰਤ ਇਲਾਜ ਲੈਣ। ਸਮੇਂ 'ਤੇ ਸਾਵਧਾਨੀ ਨਾਲ ਰੈਟ ਫੀਵਰ ਤੋਂ ਬਚਾਅ ਸੰਭਵ ਹੈ।

## ਅੱਤਵਾਦ ਦੇ ਹਵਾਲੇ ਤੋਂ ਬਿਨਾਂ ਐੱਸ.ਸੀ.ਓ.

ਰੱਖਿਆ ਮੰਤਰੀਆਂ ਦੀ ਕਾਨਫ਼ਰੰਸ ਵਿੱਚ ਬਿਆਨ ਵਿੱਚ ਅੱਤਵਾਦੀ ਹਮਲੇ ਨੂੰ ਸ਼ਾਮਲ ਕਰਨ ਦੀ ਮੰਗ ਕੀਤੀ ਜਦੋਂ ਕਿ ਪਾਕਿਸਤਾਨੀ ਪੱਖ ਬਲੋਚਿਸਤਾਨ ਵਿੱਚ ਅੱਤਵਾਦੀ ਗਤੀਵਿਧੀਆਂ 'ਤੇ ਇੱਕ ਪੈਰਾਗ੍ਰਾਫ 'ਤੇ ਜ਼ੋਰ ਦੇ ਰਿਹਾ ਸੀ, ਜੋ ਕਿ ਨਵੀਂ ਦਿੱਲੀ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਸਪੱਸ਼ਟ ਕੋਸ਼ਿਸ਼ ਹੈ। ਸਿੰਘ ਦੇ ਸਟੈਂਡ ਬਾਰੇ ਪੁੱਛੇ ਜਾਣ 'ਤੇ, ਜੈਸ਼ੰਕਰ ਨੇ ਪੱਤਰਕਾਰਾਂ ਨੂੰ ਕਿਹਾ ਕਿ ਸਹਿਮਤੀ-ਅਧਾਰਤ ਐੱਸ.ਸੀ.ਓ. ਦਾ ਉਦੇਸ਼ ਅੱਤਵਾਦ ਨਾਲ ਲੜਨਾ ਹੈ। ਉਨ੍ਹਾਂ ਨੇ ਕਿਹਾ ਰੱਖਿਆ ਮੰਤਰੀਆਂ ਦੀ ਮੀਟਿੰਗ ਦੇ ਐਲਾਨ 'ਤੇ ਚਰਚਾ ਕਰਦੇ ਹੋਏ, ਇੱਕ ਦੇਸ਼ ਨੇ ਕਿਹਾ ਨਹੀਂ, ਅਸੀਂ ਇਸ ਦਾ ਹਵਾਲਾ ਨਹੀਂ ਚਾਹੁੰਦੇ। ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਇਹ ਕਿਹੜਾ ਦੇਸ਼ ਸੀ।।

## ਸਿੱਖਿਆ ਖੇਤਰ ਨੂੰ ਹੁਲਾਰਾ ਦੇਣ ਲਈ

ਘਾਲਣਾ ਨਾਲ ਇਸ ਅਹਿਮ ਪ੍ਰੀਖਿਆ ਨੂੰ ਪਾਸ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਵਿਦਿਆਰਥੀ ਹੁਣ ਪੂਰੇ ਸਮਾਜ ਲਈ ਆਦਰਸ਼ ਬਣਨਗੇ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ 70 ਸਾਲਾਂ ਤੋਂ ਫੈਲਾਈ ਬਦਅਮਨੀ ਨੂੰ ਦਰੁਸਤ ਕਰਨ ਲਈ ਸਰਕਾਰ ਨੇ ਆਪਣਾ ਅਹੁਦਾ ਸੰਭਾਲਣ ਦੇ ਪਹਿਲੇ ਦਿਨ ਤੋਂ ਕੰਮ ਸ਼ੁਰੂ ਕੀਤਾ ਹੋਇਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਉਦਾਸੀਨ ਰਵੱਈਏ ਕਾਰਨ ਸਾਡੇ ਨੌਜਵਾਨ ਸਰਕਾਰੀ ਨੌਕਰੀਆਂ ਲਈ ਉਮਰ ਹੱਦ ਟੱਪ ਗਏ।

ਮੁੱਖ ਮੰਤਰੀ ਨੇ ਕਿਹਾ ਕਿ ਹੁਣ ਸਰਕਾਰੀ ਸਕੂਲਾਂ ਰਾਹੀਂ ਮਾਪਿਆਂ ਦੇ ਸੁਪਨੇ ਸਾਕਾਰ ਹੋ ਰਹੇ ਹਨ, ਜੋ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇ ਰਹੇ ਹਨ। ਉਨ੍ਹਾਂ ਅਫ਼ਸੋਸ ਪ੍ਰਗਟ ਕੀਤਾ ਕਿ ਪਿਛਲੀਆਂ ਸਰਕਾਰਾਂ ਨੇ ਲੋਕਾਂ ਨੂੰ ਸਹੀ ਮੌਕੇ ਮੁਹੱਈਆ ਨਹੀਂ ਕੀਤੇ, ਜਿਸ ਕਾਰਨ ਜ਼ਿਆਦਾਤਰ ਨੌਜਵਾਨ ਸਰਕਾਰੀ ਨੌਕਰੀਆਂ ਲਈ ਉਮਰ ਹੱਦ ਟੱਪ ਗਏ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਕਿੰਨੀ ਬਦਕਿਸਮਤੀ ਦੀ ਗੱਲ ਹੈ ਕਿ ਸਿਆਸੀ ਆਗੂਆਂ ਦੇ ਚੋਣਾਂ ਲੜਨ ਲਈ ਉਮਰ ਦੀ ਕੋਈ ਹੱਦ ਨਹੀਂ, ਸਗੋਂ ਸਰਕਾਰੀ ਨੌਕਰੀਆਂ ਲੈਣ ਲਈ ਉਮਰ ਹੱਦ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਮਿਊਂਸਿਪਲ ਭਵਨ, ਜਿੱਥੇ ਅੱਜ ਦਾ ਸਮਾਗਮ ਹੋ ਰਿਹਾ ਹੈ, ਉਹ ਹਜ਼ਾਰਾਂ ਨੌਜਵਾਨਾਂ ਨੂੰ ਨੌਕਰੀਆਂ ਮਿਲਣ ਦਾ ਗਵਾਹ ਹੈ, ਜਿਸ ਕਾਰਨ ਇਸ ਭਵਨ ਦਾ ਨਾਮ ਹੀ 'ਨਿਯੁਕਤੀ ਪੱਤਰ ਭਵਨ' ਰੱਖਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਲਈ ਬੇਹੱਦ ਮਾਣ ਤੇ ਤਸੱਲੀ ਵਾਲੀ ਗੱਲ ਹੈ ਕਿ ਸਰਕਾਰ ਨੇ 54 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਮੈਰਿਟ ਦੇ ਆਧਾਰ ਉੱਤੇ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸੂਬੇ ਲਈ ਚੰਗਾ ਸ਼ਗਨ ਹੈ ਕਿ ਪੰਜਾਬ ਹੁਣ ਪਰਵਾਸ ਨੂੰ ਪੁੱਠੇ ਗੇੜ ਦਾ ਗਵਾਹ ਬਣ ਰਿਹਾ ਹੈ, ਕਿਉਂਕਿ ਸੂਬੇ ਵਿੱਚ ਸਰਕਾਰੀ ਨੌਕਰੀਆਂ ਮਿਲਣ ਕਾਰਨ ਹੁਣ ਨੌਜਵਾਨ ਵਿਦੇਸ਼ੀ ਧਰਤੀ ਤੋਂ ਵਾਪਸ ਆਉਣ ਲੱਗੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸਾਰੀ ਭਰਤੀ ਪ੍ਰਕਿਰਿਆ ਪੂਰੀ ਤਰ੍ਹਾਂ ਨਿਰਪੱਖ ਆਧਾਰ ਉੱਤੇ ਹੋਈ ਹੈ ਅਤੇ ਇਸ ਲਈ ਪੂਰੀ ਤਰ੍ਹਾਂ ਪਾਰਦਰਸ਼ੀ ਪ੍ਰਕਿਰਿਆ ਅਪਣਾਈ ਗਈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨੌਜਵਾਨਾਂ ਦਾ ਸੂਬਾ ਸਰਕਾਰ ਲਈ ਕੰਮ ਕਰਨ ਵਾਸਤੇ ਵਿਸ਼ਵਾਸ ਵਧਿਆ ਹੈ, ਜਿਸ ਕਾਰਨ ਉਹ ਵਿਦੇਸ਼ ਜਾਣ ਦਾ ਵਿਚਾਰ ਤਿਆਗ ਕੇ ਸਰਕਾਰੀ ਨੌਕਰੀਆਂ ਲਈ ਤਿਆਰੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮਿਹਨਤੀ ਅਤੇ ਸੰਘਰਸ਼ੀ ਪੰਜਾਬੀ ਜੀਵਨ ਦੇ ਹਰੇਕ ਪੜਾਅ ਉੱਤੇ ਮੋਹਰੀ ਰਹੇ ਹਨ ਅਤੇ ਸੂਬੇ ਕੋਲ ਜਰਖੇਜ਼ ਜ਼ਮੀਨ ਤੇ ਸਾਹਸੀ ਲੋਕਾਂ ਦਾ ਸਰਮਾਇਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਅਣਗਹਿਲੀ ਕਾਰਨ ਬਹੁਤ ਸਾਰੇ ਹੁਸ਼ਿਆਰ ਨੌਜਵਾਨ ਦੇਸ਼ ਛੱਡ ਕੇ ਵਿਦੇਸ਼ਾਂ ਦੀ ਧਰਤੀ ਉੱਤੇ ਜਾ ਵਸੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਜਦੋਂ ਤੋਂ ਹਾਲਾਤ ਸੁਧਾਰਨ ਦੀ ਸ਼ੁਰੂਆਤ ਕੀਤੀ ਹੈ, ਉਦੋਂ ਤੋਂ ਵੱਡੀ ਗਿਣਤੀ ਵਿਦਿਆਰਥੀ ਸਰਕਾਰੀ ਨੌਕਰੀਆਂ ਵਿੱਚ ਸ਼ਾਮਲ ਹੋ ਕੇ ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਦਾ ਅਨਿੱਖੜਵਾਂ ਅੰਗ ਬਣ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਨੂੰ ਦੇਸ਼ ਭਰ ਵਿੱਚੋਂ ਮੋਹਰੀ ਸੂਬਾ ਬਣਾਉਣ ਲਈ ਨੌਜਵਾਨਾਂ ਦਾ ਸਰਗਰਮ ਸਹਿਯੋਗ ਤੇ ਤਾਲਮੇਲ ਬਹੁਤ ਜ਼ਰੂਰੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਕ ਮਿਸਾਲੀ ਤਬਦੀਲੀ ਤਹਿਤ ਸਰਕਾਰੀ ਸਕੂਲਾਂ ਵਿੱਚ ਮਾਪੇ-ਅਧਿਆਪਕ ਮਿਲਣੀ (ਪੀ.ਟੀ.ਐਮ.) ਕਰਵਾਈ ਗਈ। ਪਹਿਲਾਂ ਪ੍ਰਾਈਵੇਟ ਸਕੂਲਾਂ ਵਿੱਚ ਅਜਿਹੀਆਂ ਮਿਲਣੀਆਂ ਹੁੰਦੀਆਂ ਸਨ ਅਤੇ ਸਰਕਾਰੀ ਸਕੂਲ ਇਨ੍ਹਾਂ ਤੋਂ ਵਾਂਝੇ ਸਨ। ਉਨ੍ਹਾਂ ਕਿਹਾ ਕਿ ਇਹ ਬਿਹਤਰੀਨ ਜੁਗਤ ਹੈ, ਜਿਸ ਰਾਹੀਂ ਮਾਪਿਆਂ ਤੇ ਅਧਿਆਪਕਾਂ ਵਿਚਾਲੇ ਵਿਦਿਆਰਥੀਆਂ ਦੀ ਪੜ੍ਹਾਈ ਲਈ ਬਿਹਤਰ ਤਾਲਮੇਲ ਪੈਦਾ ਹੁੰਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਪੰਜਾਬ ਵਿੱਚ ਸਿੱਖਿਆ ਕ੍ਰਾਂਤੀ ਦੇ ਯੁੱਗ ਦੀ ਸ਼ੁਰੂਆਤ ਕੀਤੀ ਹੈ ਅਤੇ ਇਸ ਨੂੰ ਹੋਰ ਹੁਲਾਰਾ ਦੇਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਇਸ ਪ੍ਰੋਗਰਾਮ ਦੌਰਾਨ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਤੇ ਹੋਰ ਵੀ ਹਾਜ਼ਰ ਸਨ।

## ਜੱਗੂ ਭਗਵਾਨਪੁਰੀਆ ਦੀ ਮਾਂ ਤੇ ਭਰਾ ਦਾ

ਜੱਗੂ ਲੰਬੇ ਸਮੇਂ ਤੋਂ ਪੰਜਾਬ ਵਿੱਚ ਅਪਰਾਧ ਦੀ ਦੁਨੀਆਂ ਵਿੱਚ ਸਰਗਰਮ ਹੈ। ਉਸ ਦੀਆਂ ਕਈ ਵਿਰੋਧੀ ਗੈਂਗਾਂ ਨਾਲ ਝੜਪਾਂ ਹੋਈਆਂ ਹਨ। ਇਹ ਘਟਨਾ ਵੀਰਵਾਰ (26 ਜੂਨ) ਰਾਤ ਲੱਗਭੱਗ 9.00 ਵਜੇ ਵਾਪਰੀ। ਸ਼ੁਰੂਆਤੀ ਜਾਂਚ ਵਿਚ ਇਹ ਸ਼ੱਕ ਜਤਾਇਆ ਜਾ ਰਿਹਾ ਹੈ ਕਿ ਇਹ ਕਿਸੇ ਵਿਰੋਧੀ ਗਿਰੋਹ ਦੀ ਸਾਜ਼ਿਸ਼ ਹੋ ਸਕਦੀ ਹੈ। ਪੁਲਿਸ ਨੂੰ ਗੋਲੀਬਾਰੀ ਦੀ ਸੀ.ਸੀ.ਟੀਵੀ ਫੁਟੇਜ ਮਿਲ ਗਈ ਹੈ। ਇਸ ਦੇ ਨਾਲ ਹੀ, ਅਗਲੇਰੀ ਕਾਰਵਾਈ ਕਰਦੇ ਹੋਏ, ਪੁਲਿਸ ਚਸ਼ਮਦੀਦਾਂ ਦੇ ਬਿਆਨ ਵੀ ਇਕੱਠੇ ਕਰ ਰਹੀ ਹੈ। ਫਿਲਹਾਲ, ਕਤਲ ਵਿੱਚ ਸ਼ਾਮਲ ਹਮਲਾਵਰ ਪੁਲਿਸ ਦੀ ਪਹੁੰਚ ਤੋਂ ਬਾਹਰ ਹਨ। ਦੱਸ ਦੇਈਏ ਕਿ ਗੁਰਦਾਸਪੁਰ ਦਾ ਰਹਿਣ ਵਾਲਾ ਜਗਦੀਪ ਸਿੰਘ ਉਰਫ਼ ਜੱਗੂ ਭਗਵਾਨਪੁਰੀਆ ਪੰਜਾਬ ਦੇ ਸਭ ਤੋਂ ਬਦਨਾਮ ਗੈਂਗਸਟਰਾਂ ਦੀ ਸੂਚੀ ਵਿੱਚ ਸ਼ਾਮਲ ਹੈ। ਹੁਣ ਤੱਕ ਉਸ ਵਿਰੁੱਧ ਕਤਲ, ਫਿਰੌਤੀ, ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀ ਤਸਕਰੀ ਅਤੇ ਗੈਂਗਵਾਰ ਨਾਲ ਸਬੰਧਤ 128 ਮਾਮਲੇ ਦਰਜ ਹਨ। ਜੱਗੂ ਭਗਵਾਨਪੁਰੀਆ ਦਾ ਨਾਮ ਪੰਜਾਬ ਦੇ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿੱਚ ਵੀ ਆਇਆ ਸੀ। ਇਸ ਵੇਲੇ ਉਹ ਆਸਾਮ ਦੀ ਸਿਲਚਰ ਜੇਲ੍ਹ ਵਿੱਚ ਬੰਦ ਹੈ। ਮਾਰਚ, 2025 ਵਿੱਚ ਉਸਨੂੰ ਬਠਿੰਡਾ ਦੀ ਹਾਈ ਸਕਿਓਰਿਟੀ ਜੇਲ੍ਹ ਤੋਂ ਉੱਚ ਸੁਰੱਖਿਆ ਵਿਚਕਾਰ ਸਿਲਚਰ ਲਿਆਂਦਾ ਗਿਆ ਸੀ। ਜਾਂਚ ਦੌਰਾਨ, ਪੁਲਿਸ ਨੂੰ ਪਤਾ ਲੱਗਾ ਕਿ ਜੱਗੂ ਭਗਵਾਨਪੁਰੀਆ ਦਾ ਨੈੱਟਵਰਕ ਅਮਰੀਕਾ, ਕੈਨੇਡਾ ਅਤੇ ਪਾਕਿਸਤਾਨ ਤੱਕ ਵੀ ਫੈਲਿਆ ਹੋਇਆ ਹੈ।

## ਬਰਖਾਸਤ ਡੀ.ਐਸ.ਪੀ. ਗੁਰਸ਼ੇਰ ਸਿੰਘ ਸੰਧੂ 'ਤੇ

ਹੁਣ ਵਿਜੀਲੈਂਸ ਟੀਮਾਂ ਉਸ ਨੂੰ ਫੜਨ ਲਈ ਛਾਪੇਮਾਰੀ ਕਰ ਰਹੀਆਂ ਹਨ, ਹਾਲਾਂਕਿ ਸੂਤਰਾਂ ਦਾ ਕਹਿਣਾ ਹੈ ਕਿ ਉਹ ਵਿਦੇਸ਼ ਭੱਜ ਗਿਆ ਹੈ। ਵਿਜੀਲੈਂਸ ਮੁਤਾਬਕ 1 ਅਪ੍ਰੈਲ, 2021 ਨੂੰ ਡੀ.ਐਸ.ਪੀ. ਅਤੇ ਉਸ ਦੇ ਪਰਿਵਾਰਕ ਮੈਂਬਰਾਂ ਦੇ ਖਾਤਿਆਂ ਵਿੱਚ ਕੁੱਲ 3,00,903.98 ਰੁਪਏ ਜਮ੍ਹਾਂ ਕਰਵਾਏ ਗਏ ਸਨ, ਜਦੋਂਕਿ 3,17,415 ਰੁਪਏ ਦਾ ਕਰਜ਼ਾ ਸੀ। ਫਰਮ ਦੇ ਬੈਂਕ ਬੈਲੇਂਸ ਸਟੇਟਮੈਂਟ ਮੁਤਾਬਕ ਇਸ ਮਿਆਦ ਦੇ ਸ਼ੁਰੂ ਵਿੱਚ ਕੁੱਲ 9,67,33,700.06 ਰੁਪਏ ਦੀ ਆਮਦਨ ਦਾ ਖੁਲਾਸਾ ਹੋਇਆ ਸੀ। 31 ਮਾਰਚ 2024 ਤੱਕ ਕੀਤੀ ਗਈ ਜਾਂਚ ਵਿੱਚ ਇਹ ਖੁਲਾਸਾ ਹੋਇਆ ਕਿ ਉਸ ਕੋਲ 2,47,50,000 ਰੁਪਏ ਦੀ ਅਚੱਲ ਜਾਇਦਾਦ ਅਤੇ ਹੋਰ ਸਾਧਨ ਸਨ। ਉਸ ਦਾ ਬੈਂਕ ਬੈਲੇਂਸ 83,88,429.08 ਰੁਪਏ ਸੀ। ਬਰਖਾਸਤ ਡੀਐਸਪੀ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੇ ਬੈਂਕ ਤੋਂ 25,17,415 ਰੁਪਏ ਦਾ ਕਰਜ਼ਾ ਲਿਆ ਸੀ। ਇਸ ਤੋਂ ਇਲਾਵਾ ਪਰਿਵਾਰ ਨੇ ਕੰਪਨੀਆਂ, ਫਰਮਾਂ ਅਤੇ ਸੁਸਾਇਟੀਆਂ ਵਿੱਚ 1,81,35,270.77 ਰੁਪਏ ਦੀ ਰਕਮ ਜਮ੍ਹਾਂ ਕਰਵਾਈ ਸੀ। ਗੈਂਗਸਟਰ ਦੇ ਦੋ ਇੰਟਰਵਿਊ ਵਾਇਰਲ ਹੋਏ ਸਨ। ਇਸ ਮਾਮਲੇ ਵਿਚ ਸਰਕਾਰ ਨੇ ਡੀ.ਐਸ.ਪੀ. ਤੋਂ ਲੈ ਕੇ ਹੈੱਡ ਕਾਂਸਟੇਬਲ ਰੈਂਕ ਤੱਕ ਸਾਰਿਆਂ ਨੂੰ ਮੁਅੱਤਲ ਕਰ ਦਿੱਤਾ ਸੀ। ਇਨ੍ਹਾਂ ਵਿੱਚ ਡੀ.ਐਸ.ਪੀ. ਗੁਰਸ਼ੇਰ ਸਿੰਘ (ਅੰਮ੍ਰਿਤਸਰ ਵਿੱਚ ਸਥਿਤ 9ਵੀਂ ਬਟਾਲੀਅਨ), ਡੀ.ਐਸ.ਪੀ. ਸਮਰ ਵਨੀਤ, ਸਬ ਇੰਸਪੈਕਟਰ ਰੀਨਾ (ਸੀ.ਆਈ.ਏ. ਖਰੜ ਵਿੱਚ ਤਾਇਨਾਤ), ਸਬ ਇੰਸਪੈਕਟਰ ਜਗਤਪਾਲ ਜਾਂਗੂ (ਏ.ਜੀ.ਟੀ.ਐਫ. ਵਿੱਚ ਤਾਇਨਾਤ), ਸਬ ਇੰਸਪੈਕਟਰ ਸ਼ਗਨਜੀਤ ਸਿੰਘ (ਏ.ਜੀ.ਟੀ.ਐਫ.), ਏ.ਐਸ.ਆਈ. ਮੁਖਤਿਆਰ ਸਿੰਘ ਅਤੇ ਹੈੱਡ ਕਾਂਸਟੇਬਲ ਓਮ ਪ੍ਰਕਾਸ਼ ਸ਼ਾਮਲ ਸਨ। ਇਸ ਤੋਂ ਬਾਅਦ, ਸਰਕਾਰ ਨੇ ਡੀ.ਐਸ.ਪੀ. ਨੂੰ ਬਰਖਾਸਤ ਕਰ ਦਿੱਤਾ। ਉਸ ਨੇ ਇਸ ਮਾਮਲੇ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਹੈ। ਸੁਣਵਾਈ 3 ਜੁਲਾਈ ਨੂੰ ਹਾਈ ਕੋਰਟ ਵਿੱਚ ਹੋਵੇਗੀ।

## ਪੰਜਾਬ ਕਾਂਗਰਸ 'ਚ ਧੜੇਬੰਦੀ:

ਦੱਸਣਾ ਪਵੇਗਾ ਕਿ ਚੋਣ ਹਾਰਨ ਤੋਂ ਬਾਅਦ, ਆਸ਼ੂ ਨੇ ਸੂਬਾ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਉਨ੍ਹਾਂ ਦੇ ਦੋ ਸਮਰਥਕ ਵਿਧਾਇਕ - ਪ੍ਰਗਟ ਸਿੰਘ ਅਤੇ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ ਨੇ ਲੁਧਿਆਣਾ ਜ਼ਿਮਨੀ ਚੋਣ ਦੇ ਮੱਦੇਨਜ਼ਰ ਨੈਤਿਕ ਜ਼ਿੰਮੇਵਾਰੀ ਲੈਂਦੇ ਹੋਏ ਅਸਤੀਫ਼ੇ ਦਿੱਤੇ ਹਨ।

ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਨੇ ਐਕਸ 'ਤੇ ਅਸਤੀਫ਼ਾ ਸਵੀਕਾਰ ਕਰਨ ਦੀ ਜਾਣਕਾਰੀ ਦਿੱਤੀ ਹੈ। ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਨੇ ਲੁਧਿਆਣਾ ਪੱਛਮੀ ਸੀਟ ਤੋਂ 10 ਹਜ਼ਾਰ ਤੋਂ ਵੱਧ ਵੋਟਾਂ ਨਾਲ ਜਿੱਤ ਪ੍ਰਾਪਤ ਕੀਤੀ।

**ਵੜਿੰਗ ਲੁਧਿਆਣਾ ਤੋਂ ਸੰਸਦ ਮੈਂਬਰ ਹਨ**

ਵੜਿੰਗ ਤੋਂ ਇਲਾਵਾ, ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਪਾਰਟੀ ਦੇ ਕਈ ਵੱਡੇ ਨੇਤਾ ਆਸ਼ੂ ਦੀ ਚੋਣ ਮੁਹਿੰਮ ਤੋਂ ਦੂਰ ਰਹੇ। ਅਮਰਿੰਦਰ ਸਿੰਘ ਰਾਜਾ ਵੜਿੰਗ ਲੁਧਿਆਣਾ ਤੋਂ ਸੰਸਦ ਮੈਂਬਰ ਵੀ ਹਨ। ਵੜਿੰਗ ਦੇ ਸਮੱਰਥਕ ਮੰਨੇ ਜਾਣ ਵਾਲੇ ਕਈ ਨੇਤਾ ਵੀ ਚੋਣ ਮੁਹਿੰਮ ਤੋਂ ਗੈਰਹਾਜ਼ਰ ਰਹੇ। ਅਜਿਹੇ ਕਈ ਨੇਤਾਵਾਂ ਵਿੱਚ ਸੂਬਾ ਕਾਂਗਰਸ ਦੇ ਜਨਰਲ ਸਕੱਤਰ ਕੈਪਟਨ ਸੰਦੀਪ ਸੰਧੂ, ਲੁਧਿਆਣਾ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਸੰਜੇ ਤਲਵਾੜ, ਸਾਬਕਾ ਵਿਧਾਇਕ ਰਾਕੇਸ਼ ਪਾਂਡੇ, ਜੱਸੀ ਖੰਗੂੜਾ, ਸੁਰਿੰਦਰ ਡਾਵਰ, ਸਾਬਕਾ ਨੌਕਰਸ਼ਾਹ ਕੁਲਦੀਪ ਸਿੰਘ ਵੈਦ ਅਤੇ ਸਾਬਕਾ ਵਿਧਾਇਕ ਸਿਮਰਜੀਤ ਅਤੇ ਬਲਵਿੰਦਰ ਬੈਂਸ ਸ਼ਾਮਲ ਹਨ। ਉਨ੍ਹਾਂ ਨੂੰ ਵੜਿੰਗ ਦੇ ਸਮਰਥਕ ਮੰਨਿਆ ਜਾਂਦਾ ਹੈ।

**ਚੋਣ ਪ੍ਰਚਾਰ ਲਈ ਸੱਦਾ ਨਾ ਦਿੱਤੇ ਜਾਣ 'ਤੇ ਵਿਵਾਦ**

ਚੋਣ ਨਤੀਜਿਆਂ ਤੋਂ ਬਾਅਦ, ਵੜਿੰਗ ਨੇ ਕਿਹਾ ਕਿ ਉਨ੍ਹਾਂ ਨੂੰ ਚੋਣ ਪ੍ਰਚਾਰ ਲਈ 'ਸੱਦਾ' ਨਹੀਂ ਦਿੱਤਾ ਗਿਆ ਸੀ। ਇਸ ਦੇ ਜਵਾਬ ਵਿੱਚ ਆਸ਼ੂ ਨੇ ਕਿਹਾ ਸੀ ਕਿ ਇਹ ਉਨ੍ਹਾਂ ਦਾ ਵਿਆਹ ਨਹੀਂ ਸੀ ਕਿ ਉਹ ਕਿਸੇ ਨੂੰ ਸੱਦਾ ਪੱਤਰ ਭੇਜਦੇ।

ਇਸੇ ਤਰ੍ਹਾਂ ਕੁਝ ਹੋਰ ਵਿਧਾਇਕਾਂ ਨੇ ਕਿਹਾ ਕਿ ਉਨ੍ਹਾਂ ਨੂੰ ਚੋਣ ਪ੍ਰਚਾਰ ਲਈ ਨਹੀਂ ਬੁਲਾਇਆ ਗਿਆ ਸੀ, ਜਦੋਂ ਕਿ ਭਾਰਤ ਭੂਸ਼ਣ ਆਸ਼ੂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕਿਸੇ ਨੂੰ ਵੀ ਚੋਣ ਪ੍ਰਚਾਰ ਕਰਨ ਤੋਂ ਨਹੀਂ ਰੋਕਿਆ ਅਤੇ ਸੂਬਾ ਪ੍ਰਧਾਨ ਹੋਣ ਕਰਕੇ ਚੋਣ ਪ੍ਰਚਾਰ ਲਈ ਆਉਣਾ ਵੜਿੰਗ ਦੀ ਜ਼ਿੰਮੇਵਾਰੀ ਸੀ।

**ਆਸ਼ੂ ਲੁਧਿਆਣਾ ਤੋਂ ਚੋਣ ਲੜਨਾ ਚਾਹੁੰਦੇ ਸਨ**

ਵੜਿੰਗ ਅਤੇ ਆਸ਼ੂ ਵਿਚਕਾਰ ਇਹ ਲੜਾਈ 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਸ਼ੁਰੂ ਹੋਈ ਸੀ। ਆਸ਼ੂ ਲੁਧਿਆਣਾ ਤੋਂ ਲੋਕ ਸਭਾ ਚੋਣਾਂ ਲੜਨਾ ਚਾਹੁੰਦੇ ਸਨ, ਪਰ ਪਾਰਟੀ ਨੇ ਵੜਿੰਗ ਨੂੰ ਇੱਥੋਂ ਉਮੀਦਵਾਰ ਬਣਾਇਆ ਅਤੇ ਉਨ੍ਹਾਂ ਨੇ ਚੋਣ ਵੀ ਜਿੱਤ ਲਈ। ਆਗੂਆਂ ਵਿਚਕਾਰ ਇਹ ਅੰਦਰੂਨੀ ਲੜਾਈ ਕਾਂਗਰਸ ਲਈ ਇੱਕ ਵੱਡੀ ਸਮੱਸਿਆ ਬਣ ਸਕਦੀ ਹੈ, ਜਿਸਨੇ ਲੰਬੇ ਸਮੇਂ ਤੋਂ ਪੰਜਾਬ ਵਿੱਚ ਸਰਕਾਰ ਚਲਾਈ ਹੈ। ਇਹ ਦੇਖਣਾ ਬਾਕੀ ਹੈ ਕਿ ਕੀ ਕਾਂਗਰਸ ਲੀਡਰਸ਼ਿਪ ਇਸ ਲੜਾਈ ਨੂੰ ਹੱਲ ਕਰ ਸਕੇਗੀ। ਇਹ ਯਾਦ ਦਿਵਾਉਣਾ ਪਵੇਗਾ ਕਿ ਧੜੇਬੰਦੀ ਕਾਰਨ ਕਾਂਗਰਸ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਵਿੱਚ ਸੱਤਾ ਤੋਂ ਬਾਹਰ ਹੋ ਗਈ ਸੀ।


**ਪੰਜਾਬ ਨੈਸ਼ਨਲ ਬੈਂਕ** .....ਭਰੋਸੇ ਦਾ ਪ੍ਰਤੀਕ — punjab national bank ...the name you can BANK upon !

**ਜ਼ੋਨਲ ਦਫ਼ਤਰ, 05, ਫਿਰੋਜ਼ਪੁਰ ਰੋਡ, ਲੁਧਿਆਣਾ-141012**

**ਡੌਰਮੈਂਟ/ਅਕਿਰਿਆਸ਼ੀਲ ਖਾਤਿਆਂ ਨੂੰ ਬੰਦ ਕਰਨ ਲਈ ਜਨਤਕ ਨੋਟਿਸ**

ਸਾਡੇ ਧਿਆਨ ਵਿੱਚ ਆਇਆ ਹੈ ਕਿ ਕੁਝ ਖਾਤਿਆਂ ਵਿੱਚ ਪਿਛਲੇ 3 ਸਾਲਾਂ ਤੋਂ ਕੋਈ ਗਾਹਕ-ਪ੍ਰੇਰਿਤ ਕਾਰਵਾਈ ਨਹੀਂ ਹੋਈ ਹੈ ਅਤੇ ਇਹਨਾਂ ਖਾਤਿਆਂ ਵਿੱਚ ਕੋਈ ਬਕਾਇਆ ਨਹੀਂ ਹੈ। ਇਹ ਯਕੀਨੀ ਬਣਾਉਣ ਲਈ ਕਿ ਇਹਨਾਂ ਖਾਤਿਆਂ ਦੀ ਦੁਰਵਰਤੋਂ ਨਾ ਹੋਵੇ ਅਤੇ ਅੰਦਰੂਨੀ ਜੋਖਮਾਂ ਨੂੰ ਰੋਕਣ ਲਈ, ਬੈਂਕ ਨੇ ਅਜਿਹੇ ਖਾਤਿਆਂ ਨੂੰ ਬੰਦ ਕਰਨ ਦਾ ਫੈਸਲਾ ਕੀਤਾ ਹੈ।

ਇਸ ਲਈ, ਅਜਿਹੇ ਖਾਤਿਆਂ ਦੇ ਖਾਤਾ ਧਾਰਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਜਿਨ੍ਹਾਂ ਵਿੱਚ 30.04.2025 ਨੂੰ 3 ਸਾਲਾਂ ਤੋਂ ਵੱਧ ਸਮੇਂ ਤੋਂ ਕੋਈ ਗਾਹਕ ਦੁਆਰਾ ਪ੍ਰੇਰਿਤ ਲੈਣ-ਦੇਣ ਜਾਂ ਸੰਚਾਲਨ ਨਹੀਂ ਹੈ ਅਤੇ ਜਿਨ੍ਹਾਂ ਵਿੱਚ ਕੋਈ ਜਾਂ ਜ਼ੀਰੋ ਬਕਾਇਆ ਨਹੀਂ ਹੈ, ਉਹ ਸਬੰਧਤ ਸ਼ਾਖਾਵਾਂ ਵਿੱਚ ਨਵੇਂ ਕੇਵਾਈਸੀ ਦਸਤਾਵੇਜ਼ ਜਮ ?ਹਾਂ ਕਰਵਾ ਕੇ ਆਪਣੇ ਖਾਤਿਆਂ ਨੂੰ ਕਿਰਿਆਸ਼ੀਲ ਕਰਨ। ਅਜਿਹਾ ਕਰਨ ਵਿੱਚ ਅਸਫਲ ਰਹਿਣ ਦੀ ਸਥਿਤੀ ਵਿੱਚ, ਅਜਿਹੇ ਖਾਤਿਆਂ ਨੂੰ ਇੱਕ ਮਹੀਨੇ ਜਾਂ ਉਸ ਤੋਂ ਬਾਅਦ ਬਿਨਾਂ ਕਿਸੇ ਹੋਰ ਨੋਟਿਸ ਦੇ ਬੰਦ ਕਰ ਦਿੱਤਾ ਜਾਵੇਗਾ। ਅਜਿਹੇ ਸਾਰੇ ਖਾਤਾ ਧਾਰਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ 30.07.2025 ਨੂੰ ਜਾਂ ਇਸ ਤੋਂ ਪਹਿਲਾਂ ਸਬੰਧਤ ਸ਼ਾਖਾਵਾਂ ਵਿੱਚ ਕੇਵਾਈਸੀ ਦਸਤਾਵੇਜ਼ ਜਮ ?ਹਾਂ ਕਰਵਾ ਕੇ ਅਜਿਹੇ ਖਾਤਿਆਂ ਨੂੰ ਮੁੜ ਸਰਗਰਮ ਕਰਨ ਤਾਂ ਜੋ ਉਹ ਬੈਂਕ ਨਾਲ ਨਿਰਵਿਘਨ ਬੈਂਕਿੰਗ ਸੇਵਾਵਾਂ ਦਾ ਲਾਭ ਲੈ ਸਕਣ। ਜੇਕਰ ਇਹ ਖਾਤੇ ਕਿਰਿਆਸ਼ੀਲ ਨਹੀਂ ਕੀਤੇ ਗਏ ਤਾਂ ਇਹ 30.07.2025 ਨੂੰ ਜਾਂ ਇਸ ਤੋਂ ਬਾਅਦ ਬਿਨਾਂ ਕਿਸੇ ਹੋਰ ਸੂਚਨਾ ਦੇ ਬੰਦ ਕਰ ਦਿੱਤੇ ਜਾਣਗੇ।

ਕਿਸੇ ਵੀ ਪੁੱਛਗਿੱਛ/ਸਹਾਇਤਾ ਦੇ ਮਾਮਲੇ ਵਿੱਚ, ਤੁਹਾਨੂੰ ਆਪਣੀ ਸ਼ਾਖਾ ਨਾਲ ਸੰਪਰਕ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।

ਅਧਿਕਾਰਤ ਹਸਤਾਖਰਕਰਤਾ



**ਉਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਸੀਨੀਅਰ ਮੰਡਲ ਇੰਜੀਨੀਅਰ-ਤਾਲਮੇਲ/ਅੰਬਾਲਾ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ ਨਿਵਿਦਾ ਦੇ ਮਾਧਿਅਮ ਨਾਲ ਇਛੁਕ ਠੇਕੇਦਾਰਾਂ ਤੋਂ ਹੇਠਾਂ ਲਿਖਤ ਕੰਮਾਂ ਲਈ ਖੁਲ੍ਹੀਆਂ ਨਿਵਿਦਾਵਾਂ ਦੀ ਮੰਗ ਕੀਤੀ ਜਾਂਦੀ ਹੈ ਜੋ ਕਿ ਉਨ੍ਹਾਂ ਕੰਮਾਂ ਦੇ ਸਾਹਮਣੇ ਦਿਤੀ ਗਈ ਮਿਤੀ ਨੂੰ 15.00 ਵਜੇ ਖੁਲ੍ਹੇ ਰਹਿਣਗੇ ਅਤੇ ਉਸ ਦੇ ਬਾਅਦ ਖੋਹਲੇ ਜਾਣਗੇ।

| | ਅੰਦਾਜਨ ਲਾਗਤ(ਰੁ.) | ਅਗਾਊਂ ਰਾਸ਼ੀ (ਰੁ.) | ਕੰਮ ਸਮਾਪਤੀ ਦਾ ਸਮਾਂ | ਨਿਵਿਦਾ ਖੁਲਣ ਦੀ ਮਿਤੀ |
|---|---|---|---|---|
| ਕੰਮ ਦਾ ਨਾਮ | ਚੰਡੀਗੜ੍ਹ ਦੇ ਗੁਡਸ ਸ਼ੈਡ ਉਦਯੋਗਿਕ ਸਾਈਡਿੰਗ I ਅਤੇ II ਵਿਚ ਬਾਕੀ ਕੰਮਾਂ ਦਾ ਅਪਗ੍ਰੇਡੇਸ਼ਨ। | | | |
| | 2,33,32,024 | 2,66,700 | 06 ਮਹੀਨੇ | 21/07/2025 |
| ਕੰਮ ਦਾ ਨਾਮ | ਏਡੀਈਐਨ/ਯੂਐਮਬੀ ਦੇ ਤਹਿਤ ਐਸਐਸਈ/ਡਬਲਯੂ/ਐਮ/ਯੂਐਮਬੀ ਦੇ ਸੈਕਸ਼ਨ ਵਿਚ ਐਮਓਵਾਈ-ਯੂਐਮਬੀ ਸੈਕਸ਼ਨ ਤੇ ਕਿਮੀ 191/16-18 ਤੇ ਬੀਆਰ ਨੰਬਰ 232 ਯੂਪੀ (2x12.20ਐਮ) ਦੇ ਪੀਐਸਸੀ ਸਲੈਬ ਦੇ ਨਾਲ ਮੌਜੂਦਾ ਸਟੀਲ ਗਡੂਰ ਨੂੰ ਪ੍ਰਤੀਸਥਾਪਿਤ ਕਰਨਾ। | | | |
| | 82,60,416 | 1,65,200 | 09 ਮਹੀਨੇ | 21/07/2025 |
| ਕੰਮ ਦਾ ਨਾਮ | ਏਡੀਈਐਨ/ਯੂਐਮਬੀ ਦੇ ਤਹਿਤ ਐਸਐਸਈ/ਵਰਕਸ-ਐਮ/ਯੂਐਮਬੀ ਦੇ ਅਨੁਭਾਗ ਵਿਚ ਅੰਬਾਲਾ ਕੈਂਟ ਗੁਡਸ ਸ਼ੈਡ ਵਿਚ ਲਾਈਨ ਨੰਬਰ 9 'ਤੇ ਅਵਸੰਰਚਨਾ ਸਹੂਲਤਾਂ ਦੇ ਸੁਧਾਰ, ਪਾਣੀ ਛਿੜਕਾਉ ਪ੍ਰਣਾਲੀ, ਐਨਜੀਟੀ ਦਿਸ਼ਾ ਨਿਰਦੇਸ਼ ਦੇ ਸਬੰਧ ਵਿਚ ਬਾਕੀ ਕੰਮ। | | | |
| | 2,95,43,376 | 2,97,700 | 06 ਮਹੀਨੇ | 21/07/2025 |
| ਕੰਮ ਦਾ ਨਾਮ | ਸੀਨੀਅਰ ਡੀਈਐਨ-1 ਦੇ ਤਹਿਤ ਪੁਲ ਦੇ ਸਬਸਟ੍ਰਕਚਰ ਦੀ ਜੈਕੇਟਿੰਗ ਦੇ ਨਾਲ-ਨਾਲ ਪੀਐਸਸੀ ਸਲੈਬ ਦੇ ਨਾਲ ਪੁਲ ਦੇ ਸਟੀਲ ਗਡੂਰਾਂ ਨੂੰ ਬਦਲਣ ਅਤੇ ਪੁਲ ਨੰਬਰ 190, 197-ਏ1, 220 ਏ, 232 ਡੀਯੂਆਈ-ਜੇਐਚਐਲ, ਪੁਲ ਨੰਬਰ 49 ਜੇਐਚਐਲ-ਐਚਐਸਆਰ ਪੁਲ ਨੰਬਰ 30,82, 135 ਐਲਡੀਐਚ ਡੀਯੂਆਈ ਪੁਲ ਨੰਬਰ 60-ਏ, 100 ਆਰਪੀਜੇ-ਬੀਟੀਆਈ ਪੁਲ ਨੰਬਰ 221, 292 ਡੀਯੂਆਈ-ਬੀਟੀਆਈ ਅਤੇ ਪੁਲ ਨੰਬਰ 143 ਬੀਟੀਆਈ-ਐਸਜੀਐਨਆਰ ਸੈਕਸ਼ਨ ਦੇ ਸਬਸਟ੍ਰਕਚਰ ਨੂੰ ਮਜਬੂਤ ਕਰਨ ਦੇ ਲਈ ਸਟ੍ਰਕਚਰਲ ਡ੍ਰਾਇੰਗ ਦੀ ਸਪਲਾਈ। | | | |
| | 4,11,55,977 | 3,55,800 | 18 ਮਹੀਨੇ | 21/07/2025 |
| ਕੰਮ ਦਾ ਨਾਮ | ਯੂਐਮਬੀ ਡਵੀਜਨ ਵਿਚ ਮਾਲ ਸ਼ੈਡਾਂ ਦੇ ਅਪਗ੍ਰੇਡੇਸ਼ਨ ਦੇ ਲਈ ਐਮਈਟੀ, ਏਐਚਐਚ, ਜੀਡੀਬੀ ਅਤੇ ਐਮਓਟੀ ਵਿਚ ਮਾਲ ਸ਼ੈਡਾਂ ਦੇ ਅਪਗ੍ਰੇਡੇਸ਼ਨ ਦੇ ਲਈ ਬਾਕੀ ਕੰਮ। | | | |
| | 8,64,32,216 | 5,82,200 | 10 ਮਹੀਨੇ | 21/07/2025 |
| ਕੰਮ ਦਾ ਨਾਮ | ਅਬੋਹਰ ਗੁਡਸ ਸ਼ੈਡ ਵਿਚ ਕਰਾਚੀ ਗੁਡਸ ਸਾਈਡਿੰਗ ਦਾ ਅਪਗ੍ਰੇਡੇਸ਼ਨ। | | | |
| | 4,23,21,735 | 3,61,600 | 08 ਮਹੀਨੇ | 21/07/2025 |

1. ਠੇਕੇਦਾਰ ਨੂੰ ਸ਼ਰਤਾਂ ਦੇ ਅਨੁਸਾਰ ਟੈਂਡਰ ਯੋਗਤਾ ਪੂਰੀ ਕਰਨ ਲਈ ਸਾਰੇ ਜ਼ਰੂਰੀ ਸਬੰਧਤ ਡਾਕੂਮੈਂਟਾਂ ਦੀ ਸਕੈਨਿੰਗ ਕਾਪੀ ਨੂੰ ਰੇਲਵੇ ਵੈਬਸਾਈਟ IREPS ਤੇ ਅਪਲੋਡ ਕਰਨੀ ਜ਼ਰੂਰੀ ਹੈ। 2. ਅਗਾਊਂ ਰਾਸ਼ੀ ਆਨ ਲਾਈਨ ਪੇਮੇਂਟ ਨੈੱਟ ਬੈਂਕਿੰਗ/ਗੇਟਵੇ ਪੇਮੇਂਟ ਦੇ ਦੁਆਰਾ ਹੀ ਸਵੀਕਾਰ ਹੋਣਗੇ। 3. ਟੈਂਡਰ ਦੀ ਵਿਸਤ੍ਰਿਤ ਜਾਣਕਾਰੀ ਲਈ ਰੇਲਵੇ ਵੈਬਸਾਈਟ www.ireps.gov.in ਤੇ ਲਾਗ ਆਨ ਕਰੋ। 4. ਠੇਕੇਦਾਰ ਨੂੰ ਈ-ਟੈਂਡਰ ਵਿਚ ਭਾਗੀਦਾਰੀ ਲਈ (ਕਲਾਸ-III) ਡਿਜੀਟਲ ਸਿਗਨੇਚਰ ਸਰਟੀਫਿਕੇਟ ਦੁਆਰਾ ਲਾਗ-ਆਨ ਕਰਨਾ ਹੋਵੇਗਾ। 5. ਜੀ.ਐਸ.ਟੀ. ਐਕਟ 2017 ਦੇ ਅਨੁਸਾਰ ਲਾਗੂ ਹੋਵੇਗਾ।

ਖੁਲ੍ਹੀ ਨਿਵਿਦਾ ਨੰਬਰ-15-ਅੰਬਾਲਾ/2025-26 ਮਿਤੀ 27.06.2025

1951/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi

PRGI (RNI) Regd. No. 22972/1972

# ਪੰਜਾਬ ਵਿੱਚ ਬੱਚਿਆਂ ਦੇ ਆਨਲਾਈਨ ਜਿਨਸੀ ਸ਼ੋਸ਼ਣ ਦੇ ਮਾਮਲਿਆਂ 'ਚ ਵੱਡੀ ਕਾਰਵਾਈ; ਦੋ ਗ੍ਰਿਫ਼ਤਾਰ, 33 ਸ਼ੱਕੀਆਂ ਦੀ ਪਛਾਣ

## ਪੁਲਿਸ ਟੀਮਾਂ ਨੇ ਰਾਜਵਿਆਪੀ ਆਪ੍ਰੇਸ਼ਨ 'ਸੀਐਸਈਏਐਮ-4' ਦੌਰਾਨ 34 ਮੋਬਾਈਲ ਫੋਨ ਜ਼ਬਤ ਕੀਤੇ: ਡੀ.ਜੀ.ਪੀ.

ਚੰਡੀਗੜ੍ਹ, 27 ਜੂਨ, (ਚ.ਨ.ਸ.) : ਬੱਚਿਆਂ ਦੇ ਔਨਲਾਈਨ ਜਿਨਸੀ ਸੋਸ਼ਣ ਦੇ ਮਾਮਲਿਆਂ 'ਚ ਵੱਡੀ ਕਾਰਵਾਈ ਕਰਦਿਆਂ ਪੰਜਾਬ ਪੁਲਿਸ ਦੇ ਸਾਈਬਰ ਕ੍ਰਾਈਮ ਡਿਵੀਜ਼ਨ ਨੇ ਵੱਖ-ਵੱਖ ਔਨਲਾਈਨ ਪਲੇਟਫਾਰਮਾਂ ਦੀ ਵਰਤੋਂ ਜ਼ਰੀਏ ਬੱਚਿਆਂ ਦੇ ਜਿਨਸੀ ਸ਼ੋਸ਼ਣ ਅਤੇ ਦੁਰਵਿਵਹਾਰ ਵਾਲੀ ਸਮੱਗਰੀ (ਸੀਐਸਈਏਐਮ) ਨੂੰ ਦੇਖਣ, ਪ੍ਰਸਾਰਿਤ ਕਰਨ ਅਤੇ ਅੱਗੇ ਭੇਜਣ ਦੀਆਂ ਕਾਰਵਾਈਆਂ ਵਿੱਚ ਸ਼ਾਮਲ ਵਿਅਕਤੀਆਂ 'ਤੇ ਸਖ਼ਤ ਕਾਰਵਾਈ ਕਰਦਿਆਂ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਦੇ ਨਾਲ-ਨਾਲ 33 ਸ਼ੱਕੀਆਂ ਦੀ ਪਛਾਣ ਕੀਤੀ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਇਹ ਆਪ੍ਰੇਸ਼ਨ ਸੀਐਸਈਏਐਮ-4 ਦੇ ਨਾਮ ਹੇਠ ਗ੍ਰਹਿ ਮੰਤਰਾਲੇ ਦੇ ਇੰਡੀਅਨ ਸਾਈਬਰ ਕ੍ਰਾਈਮ ਕੋਆਰਡੀਨੇਸ਼ਨ ਸੈਂਟਰ (ਆਈ4ਸੀ) ਤੋਂ ਪ੍ਰਾਪਤ ਕਾਰਵਾਈਯੋਗ ਸਾਈਬਰ ਟਿਪ-ਲਾਈਨਜ਼ ਦੇ ਆਧਾਰ 'ਤੇ 18 ਜ਼ਿਲ੍ਹਿਆਂ ਅਤੇ ਤਿੰਨ ਕਮਿਸ਼ਨਰੇਟਾਂ ਵਿੱਚ 40 ਥਾਵਾਂ 'ਤੇ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮਾਣਯੋਗ ਸੁਪਰੀਮ ਕੋਰਟ ਨੇ ਇੱਕ ਫੈਸਲੇ ਵਿੱਚ ਸਪੱਸ਼ਟ ਕੀਤਾ ਸੀ ਕਿ ਸੀਐਸਈਏਐਮ ਸਮੱਗਰੀ ਨੂੰ ਦੇਖਣਾ, ਰੱਖਣਾ ਅਤੇ ਇਸਦੀ ਰਿਪੋਰਟ ਨਾ ਕਰਨਾ ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ ਬਾਰੇ ਐਕਟ (ਪੋਕਸੋ) ਤਹਿਤ ਸਜ਼ਾਯੋਗ ਹੈ। ਸੀਐਸਈਏਐਮ ਕਿਸੇ ਵੀ ਅਜਿਹੀ ਸਮੱਗਰੀ ਨੂੰ ਦਰਸਾਉਂਦਾ ਹੈ, ਜਿਸ ਵਿੱਚ ਨਾਬਾਲਗਾਂ ਦੇ ਜਿਨਸੀ ਸੋਸ਼ਣ ਨਾਲ ਸਬੰਧਤ ਸਮੱਗਰੀ ਜਿਵੇਂ ਫੋਟੋਆਂ, ਵੀਡੀਓ ਜਾਂ ਮੀਡੀਆ ਸ਼ਾਮਲ ਹਨ, ਜਿਨ੍ਹਾਂ ਨੂੰ ਬਣਾਉਣਾ, ਅੱਗੇ ਭੇਜਣਾ ਜਾਂ ਰੱਖਣਾ ਗੈਰ-ਕਾਨੂੰਨੀ ਹੈ ਅਤੇ ਜਿਸ ਨਾਲ ਪੀੜਤ 'ਤੇ ਲੰਬੇ ਸਮੇਂ ਪ੍ਰਭਾਵ ਪੈ ਸਕਦਾ ਹੈ ਜਾਂ ਅਜਿਹੀ ਸਮੱਗਰੀ, ਜੋ ਗੰਭੀਰ ਰੂਪ ਵਿੱਚ ਬੱਚਿਆਂ ਦਾ ਸੋਸ਼ਣ ਕਰਦੀ ਹੋਵੇ ਅਤੇ ਜਿਸਦਾ ਬੱਚਿਆਂ ਦੀ ਮਾਨਸਿਕ ਸਿਹਤ ਉੱਪਰ ਸਥਾਈ ਤੌਰ 'ਤੇ ਮਾੜਾ ਪ੍ਰਭਾਵ ਪੈ ਸਕਦਾ ਹੈ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਖੰਨਾ ਦੀ ਰਾਜਸਥਾਨੀ ਕਲੋਨੀ ਦੇ ਨਿਵਾਸੀ ਆਕਾਸ਼ ਬਾਬੂ ਅਤੇ ਰੂਪਨਗਰ ਦੇ ਮੋਰਿੰਡਾ ਦੇ ਪਿੰਡ ਬੂਰਮਾਜਰਾ ਦੇ ਨਿਵਾਸੀ ਹਰਪ੍ਰੀਤ ਸਿੰਘ ਵਜੋਂ ਹੋਈ ਹੈ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਸਟੇਟ ਸਾਈਬਰ ਕ੍ਰਾਈਮ ਸੈੱਲ ਨੇ ਅਪਰਾਧੀਆਂ ਦਾ ਪਤਾ ਲਗਾਉਣ ਲਈ ਵਟਸਐਪ, ਫੇਸਬੁੱਕ, ਇੰਸਟਾਗ੍ਰਾਮ ਅਤੇ ਟੈਲੀਗ੍ਰਾਮ ਵਰਗੇ ਪਲੇਟਫਾਰਮਾਂ ਤੋਂ ਮਿਲੇ ਡਿਜੀਟਲ ਸਬੂਤਾਂ ਦਾ ਬਾਰੀਕੀ ਨਾਲ ਵਿਸ਼ਲੇਸ਼ਣ ਕੀਤਾ।

ਉਨ੍ਹਾਂ ਕਿਹਾ ਕਿ ਆਪ੍ਰੇਸ਼ਨ ਦੌਰਾਨ ਪੰਜਾਬ ਭਰ ਵਿੱਚ 33 ਸ਼ੱਕੀਆਂ ਦੀ ਪਛਾਣ ਕੀਤੀ ਗਈ ਅਤੇ ਐਡੀਸ਼ਨਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਏਡੀਜੀਪੀ) ਸਾਈਬਰ ਕ੍ਰਾਈਮ ਵੀ ਨੀਰਜਾ ਦੀ ਅਗਵਾਈ ਹੇਠ ਫੀਲਡ ਯੂਨਿਟ ਦੀਆਂ ਟੀਮਾਂ ਨੂੰ ਕਾਰਵਾਈ ਲਈ ਭੇਜਿਆ ਗਿਆ। ਇਸ ਛਾਪੇਮਾਰੀ ਦੌਰਾਨ ਦੋ ਐਫਆਈਆਰ ਦਰਜ ਕਰਨ ਦੇ ਨਾਲ-ਨਾਲ 34 ਮੋਬਾਈਲ ਫੋਨ ਜ਼ਬਤ ਕੀਤੇ ਗਏ ਹਨ ਅਤੇ ਇਨ੍ਹਾਂ ਮੋਬਾਈਲਾਂ ਨੂੰ ਡਿਲੀਟ ਕੀਤੇ ਡੇਟਾ ਨੂੰ ਮੁੜ ਹਾਸਲ ਕਰਨ ਲਈ ਫੋਰੈਂਸਿਕ ਵਿਸ਼ਲੇਸ਼ਣ ਲਈ ਭੇਜਿਆ ਗਿਆ ਹੈ ਅਤੇ ਇਸ ਮਾਮਲੇ 'ਚ ਹੋਰ ਗ੍ਰਿਫ਼ਤਾਰੀਆਂ ਦੀ ਉਮੀਦ ਹੈ।

ਏਡੀਜੀਪੀ ਵੀ ਨੀਰਜਾ ਨੇ ਕਿਹਾ ਕਿ ਵਿਸ਼ੇਸ਼ ਕਰਕੇ ਵਟਸਐਪ, ਫੇਸਬੁੱਕ, ਇੰਸਟਾਗ੍ਰਾਮ ਅਤੇ ਟੈਲੀਗ੍ਰਾਮ ਵਰਗੇ ਪਲੇਟਫਾਰਮਾਂ 'ਤੇ ਸੀਐਸਈਏਐਮ ਸਮੱਗਰੀ ਦੇ ਆਧਾਰ 'ਤੇ ਸਾਈਬਰ ਟਿਪਲਾਈਨਜ਼ ਜਨਰੇਟ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਇੰਸਪੈਕਟਰ ਪ੍ਰਭਜੋਤ ਕੌਰ ਦੀ ਅਗਵਾਈ ਹੇਠ ਸਟੇਟ ਸਾਈਬਰ ਕ੍ਰਾਈਮ ਦਫ਼ਤਰ ਦੀ ਸੀਸੀਪੀਡਬਲਯੂਸੀ ਯੂਨਿਟ ਦੁਆਰਾ ਅਪਰਾਧੀਆਂ ਅਤੇ ਉਨ੍ਹਾਂ ਦੇ ਟਿਕਾਣਿਆਂ ਦਾ ਪਤਾ ਲਗਾਉਣ ਲਈ ਆਈ4ਸੀ ਰਿਪੋਰਟਾਂ ਦਾ ਬਾਰੀਕੀ ਨਾਲ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ।

ਦੱਸਣਯੋਗ ਹੈ ਕਿ ਪੰਜਾਬ ਪੁਲਿਸ ਦੇ ਸਾਰੇ 28 ਜ਼ਿਲ੍ਹਿਆਂ ਅਤੇ ਕਮਿਸ਼ਨਰੇਟਾਂ ਵਿੱਚ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਹਨ, ਜੋ ਸਾਈਬਰ ਅਪਰਾਧਾਂ ਦੀ ਜਾਂਚ ਕਰਨ ਲਈ ਸਾਈਬਰ ਜਾਂਚ ਅਤੇ ਤਕਨੀਕੀ ਸਹਾਇਤਾ ਇਕਾਈਆਂ (ਸੀਆਈ ਅਤੇ ਟੀਐਸਯੂਜ਼) ਨਾਲ ਲੈਸ ਹਨ। ਹੋਰ ਸਹਾਇਤਾ ਜਾਂ ਸੀਐਸਈਏਐਮ ਸਮੱਗਰੀ ਦੀ ਰਿਪੋਰਟ ਕਰਨ ਲਈ ਲੋਕ ਸਟੇਟ ਸਾਈਬਰ ਕ੍ਰਾਈਮ ਡਿਵੀਜ਼ਨ ਜਾਂ ਸਥਾਨਕ ਜ਼ਿਲ੍ਹਾ ਸਾਈਬਰ ਕ੍ਰਾਈਮ ਪੁਲਿਸ ਥਾਣੇ ਨਾਲ ਸੰਪਰਕ ਕਰ ਸਕਦੇ ਹਨ।

# ਪੰਜਾਬ ਵਿੱਚ ਵੱਡੀ ਅੱਤਵਾਦੀ ਸਾਜ਼ਿਸ਼ ਨੂੰ ਕੀਤਾ ਨਾਕਾਮ; ਨਾਬਾਲ.ਗ ਸਮੇਤ ਬੀ.ਕੇ.ਆਈ. ਮਾਡਿਊਲ ਦੇ ਤਿੰਨ ਗੁਰਗੇ ਕਾਬੂ

## ਪੁਲਿਸ ਟੀਮਾਂ ਨੇ ਦੋ ਹੈਂਡ ਗ੍ਰਨੇਡ ਅਤੇ ਇੱਕ ਗਲੌਕ ਪਿਸਤੌਲ ਕੀਤਾ ਬਰਾਮਦ




ਚੰਡੀਗੜ੍ਹ, 27 ਜੂਨ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ, ਪੰਜਾਬ ਪੁਲਿਸ ਨੇ ਅੱਤਵਾਦੀ ਹਰਵਿੰਦਰ ਸਿੰਘ ਰਿੰਦਾ ਦੇ ਨਿਰਦੇਸ਼ਾਂ 'ਤੇ ਯੂਕੇ ਅਧਾਰਿਤ ਨਿਸ਼ਾਨ ਸਿੰਘ ਵੱਲੋਂ ਚਲਾਏ ਜਾ ਰਹੇ ਪਾਕਿ-ਆਈਐਸਆਈ ਸਮਰਥਿਤ ਬੱਬਰ ਖਾਲਸਾ ਇੰਟਰਨੈਸ਼ਨਲ (ਬੀਕੇਆਈ) ਅੱਤਵਾਦੀ ਮਾਡਿਊਲ ਦੇ ਤਿੰਨ ਸਾਥੀਆਂ, ਜਿਹਨਾਂ ਵਿੱਚ ਇੱਕ ਨਬਾਲਗ ਵੀ ਸ਼ਾਮਲ ਹੈ, ਨੂੰ ਗ੍ਰਿਫ਼ਤਾਰ ਕਰਕੇ ਇਸ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਸਹਿਜਪਾਲ ਸਿੰਘ ਅਤੇ ਵਿਕਰਮਜੀਤ ਸਿੰਘ ਦੋਵੇਂ ਵਾਸੀ ਰਾਮਦਾਸ, ਅੰਮ੍ਰਿਤਸਰ ਅਤੇ ਇੱਕ 17 ਸਾਲਾ ਨਾਬਾਲਗ ਵਜੋਂ ਹੋਈ ਹੈ। ਇਹ ਕਾਰਵਾਈ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸਐਸਓਸੀ) ਮੋਹਾਲੀ ਵੱਲੋਂ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਕੀਤੀ ਗਈ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਕਾਰਵਾਈ ਦੌਰਾਨ, ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ ਦੋ ਹੈਂਡ ਗ੍ਰਨੇਡ ਅਤੇ ਇੱਕ ਆਧੁਨਿਕ 9 ਐਮਐਮ ਗਲੌਕ ਪਿਸਤੌਲ ਸਮੇਤ ਤਿੰਨ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ ਹਨ।

ਉਨ੍ਹਾਂ ਦੱਸਿਆ ਕਿ ਇਹ ਗਿਰੋਹ ਅੰਮ੍ਰਿਤਸਰ ਦੇ ਇਲਾਕੇ ਵਿੱਚ ਪੁਲਿਸ ਅਦਾਰਿਆਂ 'ਤੇ ਹਮਲੇ ਅਤੇ ਮਿੱਥ ਕੇ ਕਤਲ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਦੀ ਸਾਜ਼ਿਸ਼ ਰਚ ਰਿਹਾ ਸੀ। ਉਨ੍ਹਾਂ ਦੱਸਿਆ ਕਿ ਇਸ ਗ੍ਰਿਫਤਾਰੀ ਨਾਲ ਵੱਡੀ ਅੱਤਵਾਦੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਗਿਆ ਹੈ, ਜਿਸ ਨਾਲ ਅਣਗਿਣਤ ਮਾਸੂਮ ਜਾਨਾਂ ਬਚ ਗਈਆਂ ਹਨ।

ਡੀਜੀਪੀ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ। ਉਨ੍ਹਾਂ ਅੱਗੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ।

ਏਆਈਜੀ ਐਸਐਸਓਸੀ ਐਸਏਐਸ ਨਗਰ ਰਵਜੋਤ ਗਰੇਵਾਲ ਨੇ ਦੱਸਿਆ ਕਿ ਜਾਂਚ ਦੌਰਾਨ ਗ੍ਰਿਫ਼ਤਾਰ ਮੁਲਜ਼ਮ ਸਹਿਜਪਾਲ ਸਿੰਘ ਨੇ ਖੁਲਾਸਾ ਕੀਤਾ ਕਿ ਉਹ ਅੰਮ੍ਰਿਤਸਰ ਦੇ ਪਿੰਡ ਪੰਡੋਰੀ ਦੇ ਰਹਿਣ ਵਾਲੇ ਲਵਪ੍ਰੀਤ ਸਿੰਘ ਉਰਫ਼ ਲਵ, ਜੋ ਫਿਰੋਜ਼ਪੁਰ ਜੇਲ੍ਹ ਵਿੱਚ ਬੰਦ ਹੈ, ਦੇ ਨਿਰਦੇਸ਼ਾਂ 'ਤੇ ਕੰਮ ਕਰ ਰਿਹਾ ਸੀ।

ਉਨ੍ਹਾਂ ਦੱਸਿਆ ਕਿ ਸਹਿਜਪਾਲ ਵੱਲੋਂ ਕੀਤੇ ਖੁਲਾਸੇ ਉਪਰੰਤ ਪੁਲਿਸ ਟੀਮਾਂ ਵੱਲੋਂ ਲਵਪ੍ਰੀਤ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਐਸਐਸਓਸੀ, ਐਸਏਐਸ ਨਗਰ ਵਿਖੇ ਲਿਆਂਦਾ ਗਿਆ ਹੈ। ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਲਵਪ੍ਰੀਤ ਨੇ ਸਹਿਜਪਾਲ ਸਿੰਘ ਨੂੰ ਹਥਿਆਰ ਅਤੇ ਵਿਸਫੋਟਕ ਪਦਾਰਥ ਪ੍ਰਾਪਤ ਕਰਨ ਦੇ ਨਿਰਦੇਸ਼ ਦਿੱਤੇ ਸਨ ਅਤੇ ਸਹਿਜਪ੍ਰੀਤ ਨੇ ਇਹ ਹਥਿਆਰ ਅਤੇ ਵਿਸਫੋਟਕ ਪਦਾਰਥ ਪ੍ਰਾਪਤ ਕਰਨ ਅਤੇ ਲੈ ਜਾਣ ਲਈ ਆਪਣੇ ਸਾਥੀ ਵਿਕਰਮਜੀਤ ਸਿੰਘ ਨੂੰ ਆਪਣੇ ਨਾਲ ਸ਼ਾਮਲ ਕੀਤਾ।

ਜ਼ਿਕਰਯੋਗ ਹੈ ਕਿ ਲਵਪ੍ਰੀਤ, ਜੋ ਇੱਕ ਬਦਨਾਮ ਅਪਰਾਧੀ ਹੈ ਅਤੇ ਜਿਸਦੇ ਖਿਲਾਫ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ, ਵਿਸਫੋਟਕ ਪਦਾਰਥ ਐਕਟ, ਅਤੇ ਇਰਾਦਾ ਕਤਲ ਤਹਿਤ ਕਈ ਮਾਮਲੇ ਦਰਜ ਹਨ, ਨੇ ਕਾਰਕੁੰਨਾਂ ਨੂੰ ਲਾਮਬੰਦ ਕਰਨ ਅਤੇ ਨਿਰਦੇਸ਼ਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ।

ਏਆਈਜੀ ਨੇ ਦੱਸਿਆ ਕਿ ਬਰਾਮਦ ਕੀਤੇ ਗਏ ਹੈਂਡ ਗ੍ਰਨੇਡ ਨੂੰ ਮਿੱਥ ਕੇ ਵਿਸਫੋਟ ਕਰਨ ਦੀ ਵਾਰਦਾਤਾਂ ਵਿੱਚ ਵਰਤੇ ਜਾਣੇ ਸਨ ਅਤੇ ਵਿਸਫੋਟ ਕਰਨ ਦੀ ਜਗ੍ਹਾ ਅਤੇ ਸਮੇਂ ਬਾਰੇ ਵਿਦੇਸ਼ ਅਧਾਰਤ ਹੈਂਡਲਰਾਂ ਵੱਲੋਂ ਬਾਅਦ ਵਿੱਚ ਦੱਸਿਆ ਜਾਣਾ ਸੀ, ਜਦੋਂ ਕਿ, ਬਰਾਮਦ ਗਲੌਕ ਪਿਸਤੌਲ ਦੀ ਵਰਤੋਂ ਵਿਰੋਧੀ ਗਿਰੋਹ ਦੇ ਮੈਂਬਰਾਂ ਦੇ ਮਿੱਥ ਕੇ ਕਤਲ ਦੀ ਵਾਰਦਾਤ ਨੂੰ ਅੰਜਾਮ ਦੇਣ ਵਿੱਚ ਕੀਤੀ ਜਾਣੀ ਸੀ।

ਇਸ ਸਬੰਧੀ ਐਫਆਈਆਰ ਨੰਬਰ 09 ਮਿਤੀ 22-04-2025 ਨੂੰ ਥਾਣਾ ਐਸਐਸਓਸੀ ਐਸਏਐਸ ਨਗਰ ਵਿਖੇ ਅਸਲਾ ਐਕਟ ਦੀ ਧਾਰਾ 25(1)(ਬੀ) ਅਤੇ 25(7) ਅਤੇ ਵਿਸਫੋਟਕ ਐਕਟ ਦੀ ਧਾਰਾ 3, 4 ਅਤੇ 5 ਤਹਿਤ ਦਰਜ ਕੀਤੀ ਗਈ ਹੈ।

# 'ਯੁੱਧ ਨਸ਼ਿਆਂ ਵਿਰੁੱਧ' ਦਾ 118ਵਾਂ ਦਿਨ : 710 ਗ੍ਰਾਮ ਹੈਰੋਇਨ, 1 ਕਿਲੋ ਅਫ਼ੀਮ, 1.2 ਲੱਖ ਦੀ ਡਰੱਗ ਮਨੀ ਸਮੇਤ 125 ਨਸ਼ਾ ਤਸਕਰ ਕਾਬੂ

ਚੰਡੀਗੜ੍ਹ, 27 ਜੂਨ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ੀਲੇ ਪਦਾਰਥਾਂ ਦੇ ਮੁਕੰਮਲ ਖਾਤਮੇ ਲਈ ਚਲਾਈ ਗਈ ਜੰਗ 'ਯੁੱਧ ਨਸ਼ਿਆਂ ਵਿਰੁੱਧ' ਨੂੰ 118ਵੇਂ ਦਿਨ ਵੀ ਜਾਰੀ ਰੱਖਦਿਆਂ ਪੰਜਾਬ ਪੁਲਿਸ ਨੇ ਅੱਜ 125 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 710 ਗ੍ਰਾਮ ਹੈਰੋਇਨ, 1 ਕਿਲੋ ਅਫੀਮ ਅਤੇ 1.22 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਸ ਦੇ ਨਾਲ, 118 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੀ ਕੁੱਲ ਗਿਣਤੀ 19,473 ਹੋ ਗਈ ਹੈ।

ਇਹ ਆਪਰੇਸ਼ਨ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਗਿਆ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ।

ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਜਾਣਕਾਰੀ ਦਿੱਤੀ ਕਿ 96 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1400 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ 488 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ, ਜਿਸ ਦੇ ਚਲਦਿਆਂ ਸੂਬੇ ਭਰ ਵਿੱਚ 84 ਐਫਆਈਆਰਜ਼ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 505 ਸ਼ੱਕੀ ਵਿਅਕਤੀਆਂ ਦੀ ਵੀ ਜਾਂਚ ਕੀਤੀ ਹੈ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ 'ਡੀ-ਅਡਿਕਸ਼ਨ' ਹਿੱਸੇ ਵਜੋਂ ਅੱਜ 78 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਏ.ਐਸ.ਆਈ. ਤੇ ਪੰਚਾਇਤ ਮੈਂਬਰ ਖ਼ਿਲਾਫ਼ 20,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਮੁਕੱਦਮਾ ਦਰਜ

## ਵਿਚੋਲਗੀ ਕਰਨ ਵਾਲਾ ਪੰਚਾਇਤ ਮੈਂਬਰ ਗ੍ਰਿਫ਼ਤਾਰ



ਚੰਡੀਗੜ੍ਹ, 27 ਜੂਨ, (ਚ.ਨ.ਸ.) : ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਰਿਸ਼ਵਤਖੋਰੀ ਵਿਰੁੱਧ ਜਾਰੀ ਮੁਹਿੰਮ ਦੌਰਾਨ ਏ.ਐਸ.ਆਈ. (ਐਲ.ਆਰ) ਅਵਤਾਰ ਸਿੰਘ, ਥਾਣਾ ਸਿਟੀ ਰਾਮਪੁਰਾ, ਜ਼ਿਲ੍ਹਾ ਬਠਿੰਡਾ ਅਤੇ ਰਾਜਦੀਪ ਸਿੰਘ ਮੈਂਬਰ ਪੰਚਾਇਤ, ਪਿੰਡ ਰਾਮਪੁਰਾ ਵੱਲੋਂ 20000 ਰੁਪਏ ਰਿਸ਼ਵਤ ਲੈਣ ਖਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ ਅਤੇ ਇਸ ਕੇਸ ਵਿੱਚ ਸਹਿ ਮੁਲਜ਼ਮ ਰਾਜਦੀਪ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਇਹ ਜਾਣਕਾਰੀ ਦਿੰਦੇ ਹੋਏ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਵਾਸੀ ਪਿੰਡ ਧੌਲਾ ਜ਼ਿਲ੍ਹਾ ਬਰਨਾਲਾ ਵੱਲੋਂ ਮੁੱਖ ਮੰਤਰੀ ਦੀ ਐਂਟੀ ਕੁਰੱਪਸ਼ਨ ਹੈਲਪਲਾਈਨ ਉੱਪਰ ਕੀਤੀ। ਸ਼ਿਕਾਇਤ ਦੇ ਆਧਾਰ ਉੱਪਰ ਇਹ ਪਰਚਾ ਦਰਜ ਕੀਤਾ ਹੈ।

ਬੁਲਾਰੇ ਨੇ ਦੱਸਿਆ ਕਿ ਉਕਤ ਸ਼ਿਕਾਇਤ ਦੀ ਪੜਤਾਲ ਦੌਰਾਨ ਪਤਾ ਲੱਗਿਆ ਕਿ ਉਕਤ ਥਾਣੇ ਵਿੱਚ ਸ਼ਿਕਾਇਤਕਰਤਾ ਖਿਲਾਫ ਦਰਜ ਇੱਕ ਮੁਕੱਦਮੇ ਵਿੱਚ ਸ਼ਿਕਾਇਤਕਰਤਾ ਨੂੰ ਫਾਇਦਾ ਦੇਣ ਲਈ ਉਕਤ ਪੁਲਿਸ ਮੁਲਾਜ਼ਮ ਨੇ ਰਾਜਦੀਪ ਸਿੰਘ ਮੈਂਬਰ ਰਾਹੀ ਸ਼ਿਕਾਇਤਕਰਤਾ ਪਾਸੋਂ 40-50 ਹਜਾਰ ਰੁਪਏ ਦੀ ਮੰਗ ਕੀਤੀ ਅਤੇ 20,000 ਰੁਪਏ ਬਤੌਰ ਰਿਸ਼ਵਤ ਹਾਸਲ ਕੀਤੇ ਸਨ, ਜਿਸ ਕਰਕੇ ਇਹ ਮੁਕੱਦਮਾ ਦਰਜ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਇਸ ਮੁਕੱਦਮੇ ਵਿੱਚ ਸਹਿ-ਦੋਸ਼ੀ ਰਾਜਦੀਪ ਸਿੰਘ ਮੈਂਬਰ ਨੂੰ ਵਿਜੀਲੈਂਸ ਬਿਊਰੋ, ਯੂਨਿਟ ਬਠਿੰਡਾ ਵੱਲੋਂ ਗ੍ਰਿਫਤਾਰ ਕਰਕੇ ਅਗਲੇਰੀ ਤਫਤੀਸ਼ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਉਕਤ ਏ.ਐਸ.ਆਈ. ਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# 8,000 ਰੁਪਏ ਰਿਸ਼ਵਤ ਲੈਂਦਾ ਸਬ ਇੰਸਪੈਕਟਰ ਵਿਜੀਲੈਂਸ ਬਿਊਰੋ ਵੱਲੋਂ ਕਾਬੂ

ਚੰਡੀਗੜ੍ਹ, 27 ਜੂਨ, (ਚ.ਨ.ਸ.) : ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ, ਜ਼ਿਲ੍ਹਾ ਫਾਜ਼ਿਲਕਾ ਦੇ ਥਾਣਾ ਅਮੀਰ ਖਾਸ ਵਿਖੇ ਤਾਇਨਾਤ ਸਬ ਇੰਸਪੈਕਟਰ (ਐਸ.ਆਈ.) ਰਵੀਪਾਲ ਨੂੰ 8,000 ਰੁਪਏ ਰਿਸ਼ਵਤ ਲੈਂਦਿਆਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਗ੍ਰਿਫ਼ਤਾਰੀ ਫਿਰੋਜ਼ਪੁਰ ਜ਼ਿਲ੍ਹੇ ਦੇ ਗੁਰੂਹਰਿ ਸਹਾਏ ਦੇ ਵਸਨੀਕ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਉਪਰੰਤ ਕੀਤੀ ਗਈ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਕਿ ਮੁਲਜ਼ਮ ਐਸ.ਆਈ. ਨੇ ਹਾਈ ਕੋਰਟ ਵਿੱਚ ਇੱਕ ਰਿੱਟ ਪਟੀਸ਼ਨ ਦਾ ਜਵਾਬ ਤਿਆਰ ਕਰਨ 'ਤੇ ਜਮ੍ਹਾਂ ਕਰਾਉਣ ਅਤੇ ਸ਼ਿਕਾਇਤਕਰਤਾ ਵਿਰੁੱਧ ਦਰਜ ਪੁਲਿਸ ਕੇਸ ਨਾਲ ਸਬੰਧਤ ਚਾਰਜਸ਼ੀਟ ਜ਼ਿਲ੍ਹਾ ਅਦਾਲਤ ਵਿੱਚ ਜਮ੍ਹਾਂ ਕਰਾਉਣ ਬਦਲੇ 10,000 ਰੁਪਏ ਰਿਸ਼ਵਤ ਦੀ ਮੰਗ ਕੀਤੀ। ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਪੜਤਾਲ ਉਪਰੰਤ, ਵਿਜੀਲੈਂਸ ਬਿਊਰੋ ਦੀ ਟੀਮ ਨੇ ਇੱਕ ਜਾਲ ਵਿਛਾ ਕੇ ਉਕਤ ਪੁਲਿਸ ਮੁਲਾਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 8000 ਰੁਪਏ ਰਿਸ਼ਵਤ ਲੈਂਦਿਆਂ ਕਾਬੂ ਕਰ ਲਿਆ।

ਇਸ ਸਬੰਧੀ ਉਕਤ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ, ਫਿਰੋਜ਼ਪੁਰ ਰੇਂਜ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਵਿਸ਼ੇਸ਼ ਬਜ਼ੁਰਗ ਭਲਾਈ ਮੁਹਿੰਮ ਰਾਹੀਂ ਅਯੋਗ ਪੈਨਸ਼ਨ ਖਾਤਿਆਂ ਤੋਂ 166 ਕਰੋੜ ਦੀ ਵਸੂਲੀ ਕੀਤੀ : ਡਾ. ਬਲਜੀਤ ਕੌਰ



ਚੰਡੀਗੜ੍ਹ, 27 ਜੂਨ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਦਰਸ਼ੀ ਅਗਵਾਈ ਹੇਠ, ਪੰਜਾਬ ਸਰਕਾਰ ਬਜ਼ੁਰਗਾਂ ਦੀ ਭਲਾਈ ਅਤੇ ਮਾਣ-ਸਨਮਾਨ ਨੂੰ ਯਕੀਨੀ ਬਣਾਉਣ ਲਈ ਮਹੱਤਵਪੂਰਨ ਕਦਮ ਚੁੱਕ ਰਹੀ ਹੈ। ਇੱਕ ਸ਼ਾਨਦਾਰ ਪਹਿਲਕਦਮੀ ਵਿੱਚ, ਮ੍ਰਿਤਕ ਪੈਨਸ਼ਨ ਲਾਭਪਾਤਰੀਆਂ ਦੀ ਪਛਾਣ ਕਰਨ ਅਤੇ ਸਹੀ ਪ੍ਰਾਪਤ ਕਰਤਾਵਾਂ ਨੂੰ ਪੈਨਸ਼ਨਾਂ ਦੀ ਵੰਡ ਨੂੰ ਸੁਚਾਰੂ ਬਣਾਉਣ ਲਈ "ਸਾਡੇ ਬੁਜ਼ੁਰਗ ਸਾਡਾ ਮਾਣ" ਸਿਰਲੇਖ ਹੇਠ ਇੱਕ ਵਿਸ਼ੇਸ਼ ਸਰਵੇਖਣ ਕੀਤਾ ਗਿਆ।

ਅੱਜ ਇਹ ਖੁਲਾਸਾ ਕਰਦਿਆਂ, ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਇਸ ਵਿਆਪਕ ਸਰਵੇਖਣ ਰਾਹੀਂ, 67,852 ਮ੍ਰਿਤਕ ਪੈਨਸ਼ਨਰਾਂ ਦੀ ਪਛਾਣ ਕੀਤੀ ਗਈ ਹੈ, ਜਿਨ੍ਹਾਂ ਦੇ ਖਾਤਿਆਂ ਵਿੱਚ ਸਮੇਂ ਦੇ ਨਾਲ ਲੱਗਭੱਗ 252 ਕਰੋੜ ਰੁਪਏ ਇਕੱਠੇ ਹੋਏ ਸਨ। ਇਸ ਰਕਮ ਵਿੱਚੋਂ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਧਿਕਾਰੀਆਂ ਅਤੇ ਬੈਂਕਾਂ ਦੇ ਸਹਿਯੋਗ ਨਾਲ 166 ਕਰੋੜ ਰੁਪਏ ਦੀ ਵੱਡੀ ਰਕਮ ਦੀ ਵਸੂਲੀ ਕੀਤੀ ਜਾ ਚੁੱਕੀ ਹੈ।

ਮੰਤਰੀ ਨੇ ਅਧਿਕਾਰੀਆਂ ਨੂੰ ਬਾਕੀ 86 ਕਰੋੜ ਰੁਪਏ ਦੀ ਵਸੂਲੀ ਵਿੱਚ ਤੇਜ਼ੀ ਲਿਆਉਣ ਅਤੇ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਇਹ ਪ੍ਰਾਪਤ ਫੰਡ ਹੋਰ ਯੋਗ ਲਾਭਪਾਤਰੀਆਂ ਤੱਕ ਪੈਨਸ਼ਨ ਲਾਭ ਪਹੁੰਚਾਉਣ ਲਈ ਵਰਤੇ ਜਾਣ।

ਡਾ. ਬਲਜੀਤ ਕੌਰ ਨੇ ਕਿਹਾ ਕਿ ਰਾਜ ਵਿੱਚ ਲੱਗਭੱਗ 35 ਲੱਖ ਬਜ਼ੁਰਗ, ਵਿਧਵਾਵਾਂ, ਬੇਸਹਾਰਾ ਬੱਚੇ ਅਤੇ ਦਿਵਿਆਂਗ ਵਿਅਕਤੀਆਂ ਨੂੰ ਸਿੱਧੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ 1500 ਰੁਪਏ ਦੀ ਮਹੀਨਾਵਾਰ ਪੈਨਸ਼ਨ ਮਿਲ ਰਹੀ ਹੈ। ਉਨ੍ਹਾਂ ਵਿਭਾਗ ਦੇ ਅਧਿਕਾਰੀਆਂ ਅਤੇ ਆਂਗਣਵਾੜੀ ਸੁਪਰਵਾਈਜ਼ਰਾਂ ਦੀ ਵਚਨਬੱਧਤਾ ਅਤੇ ਮਿਹਨਤੀ ਯਤਨਾਂ ਦੀ ਸ਼ਲਾਘਾ ਕੀਤੀ, ਜੋ ਘਰ-ਘਰ ਜਾ ਕੇ ਪੈਨਸ਼ਨਰਾਂ ਦੀ ਭਲਾਈ ਅਤੇ ਸਥਿਤੀ ਬਾਰੇ ਸਹੀ ਜਾਣਕਾਰੀ ਇਕੱਠੀ ਕਰ ਰਹੇ ਹਨ।

ਇਸ ਮੌਕੇ ਡਾ. ਬਲਜੀਤ ਕੌਰ ਨੇ ਇਹ ਵੀ ਦੱਸਿਆ ਕਿ ਸਾਡੀ ਸਰਕਾਰ ਸਮਾਜਿਕ ਸੁਰੱਖਿਆ ਤਹਿਤ ਹਰ ਇੱਕ ਯੋਗ ਲਾਭਪਾਤਰੀ ਨੂੰ ਪੈਨਸ਼ਨ ਮੁਹਈਆ ਕਰ ਰਹੀ ਹੈ। ਮੌਜੂਦਾ ਵਿੱਤੀ ਸਾਲ ਦੌਰਾਨ ਮਈ 2025 ਤੱਕ 43,644 ਹੋਰ ਨਵੇਂ ਯੋਗ ਲਾਭਪਾਤਰੀਆਂ ਨੂੰ ਪੈਨਸ਼ਨ ਦੇਣ ਲਈ ਅਰਜ਼ੀਆਂ ਮਨਜ਼ੂਰ ਕੀਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਵਿਭਾਗ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਯੋਗ ਲਾਭਪਾਤਰੀਆਂ ਨੂੰ ਪਾਰਦਰਸ਼ੀ ਢੰਗ ਨਾਲ ਪੈਨਸ਼ਨ ਬਿਨਾਂ ਦੇਰੀ ਤੋਂ ਮੁਹੱਈਆ ਕਰਵਾਈ ਜਾਵੇ।

ਪਾਰਦਰਸ਼ਤਾ ਅਤੇ ਜਵਾਬਦੇਹੀ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਉਜਾਗਰ ਕਰਦੇ ਹੋਏ, ਡਾ. ਕੌਰ ਨੇ ਜ਼ਿਕਰ ਕੀਤਾ ਕਿ ਸਰਵੇਖਣ ਦੌਰਾਨ ਐਮ-ਸੇਵਾ ਐਪ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਗਿਆ ਸੀ, ਤਾਂ ਜੋ ਅਸਲ-ਸਮੇਂ ਦੇ ਡੇਟਾ ਸੰਗ੍ਰਹਿ ਅਤੇ ਨਿਗਰਾਨੀ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਭਰੋਸਾ ਦਿੱਤਾ ਕਿ ਪੰਜਾਬ ਦੇ ਲੋਕਾਂ ਨੂੰ ਸਰਕਾਰੀ ਲਾਭਾਂ ਦੀ ਸਹੀ ਵੰਡ ਨੂੰ ਯਕੀਨੀ ਬਣਾਉਣ ਲਈ ਅਜਿਹੀਆਂ ਭਲਾਈ ਪਹਿਲਕਦਮੀਆਂ ਅਤੇ ਤਸਦੀਕ ਸਰਵੇਖਣ ਨਿਯਮਿਤ ਤੌਰ 'ਤੇ ਕੀਤੇ ਜਾਣਗੇ।

ਜ਼ਿਲ੍ਹਾ ਅਧਿਕਾਰੀਆਂ, ਬੈਂਕਾਂ ਅਤੇ ਸਮਾਜਿਕ ਸੁਰੱਖਿਆ ਵਿਭਾਗ ਵਿਚਕਾਰ ਸਰਗਰਮ ਤਾਲਮੇਲ ਦੀ ਸ਼ਲਾਘਾ ਕਰਦੇ ਹੋਏ, ਮੰਤਰੀ ਨੇ ਅਧਿਕਾਰੀਆਂ ਨੂੰ ਬਕਾਇਆ ਰਕਮਾਂ ਦੀ ਵਸੂਲੀ ਦੀ ਗਤੀ ਬਣਾਈ ਰੱਖਣ ਅਤੇ ਸਮਾਜ ਦੇ ਬਜ਼ੁਰਗਾਂ ਅਤੇ ਹਾਸ਼ੀਏ 'ਤੇ ਪਏ ਵਰਗਾਂ ਦੀ ਭਲਾਈ ਲਈ ਆਪਣੀ ਅਟੁੱਟ ਸੇਵਾ ਜਾਰੀ ਰੱਖਣ ਦੇ ਨਿਰਦੇਸ਼ ਦਿੱਤੇ।

# ਆਮ ਘਰ-ਪਰਿਵਾਰਾਂ ਨਾਲ ਸਬੰਧਤ ਵਿਦਿਆਰਥੀਆਂ ਨੇ ਨੀਟ ਪ੍ਰੀਖਿਆ ਪਾਸ ਕਰਨ ਵਿੱਚ ਲੋੜੀਂਦੀ ਸਹਾਇਤਾ ਕਰਨ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ







ਚੰਡੀਗੜ੍ਹ, 27 ਜੂਨ, (ਚ.ਨ.ਸ.) : ਸਰਕਾਰੀ ਸਕੂਲਾਂ 'ਚ ਪੜ੍ਹਦੇ ਆਮ ਘਰ-ਪਰਿਵਾਰਾਂ ਨਾਲ ਸਬੰਧਤ ਵਿਦਿਆਰਥੀਆਂ ਨੇ ਨੀਟ ਪ੍ਰੀਖਿਆ ਪਾਸ ਕਰਨ ਵਾਸਤੇ ਉਨ੍ਹਾਂ ਨੂੰ ਲੋੜੀਂਦੀ ਲੌਜਿਸਟਿਕਲ ਅਤੇ ਬੁਨਿਆਦੀ ਸਹਾਇਤਾ ਪ੍ਰਦਾਨ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਭਰਪੂਰ ਦਾ ਧੰਨਵਾਦ ਕੀਤਾ।

ਇੱਥੇ ਮਿਉਂਸਿਪਲ ਭਵਨ ਵਿਖੇ ਮੁੱਖ ਮੰਤਰੀ ਨਾਲ ਗੱਲਬਾਤ ਕਰਦਿਆਂ ਫਾਜ਼ਿਲਕਾ ਤੋਂ ਗੁਰਸ਼ਰਨ ਸੋਢੀ ਨੇ ਕਿਹਾ ਕਿ ਉਹ ਸੂਬਾ ਸਰਕਾਰ ਦੇ ਸਹਿਯੋਗ ਨਾਲ ਜੇਈਈ ਐਡਵਾਂਸਡ ਅਤੇ ਨੀਟ ਦੋਵੇਂ ਪ੍ਰੀਖਿਆਵਾਂ ਪਾਸ ਕਰਨ ਵਿੱਚ ਸਫ਼ਲ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਅਗਵਾਈ ਹੇਠ ਸਰਕਾਰੀ ਸਕੂਲਾਂ ਬਾਰੇ ਬਣੀਆਂ ਗਲਤ ਧਾਰਨਾਵਾਂ ਦਿਨੋ-ਦਿਨ ਬਦਲ ਰਹੀਆਂ ਹਨ, ਕਿਉਂਕਿ ਸਰਕਾਰ ਨੇ ਇਨ੍ਹਾਂ ਸਕੂਲਾਂ ਨੂੰ ਅਤਿ ਆਧੁਨਿਕ ਸਹੂਲਤਾਂ ਲੈਸ ਕਰਕੇ ਸਿੱਖਿਆ ਦਾ ਮੁਹਾਂਦਰਾ ਬਦਲ ਦਿੱਤਾ ਹੈ।

ਅੰਮ੍ਰਿਤਸਰ ਤੋਂ ਇੱਕ ਸੇਲਜ਼ਮੈਨ ਦੀ ਧੀ ਤਮਨਪ੍ਰੀਤ ਕੌਰ ਨੇ ਮੁੱਖ ਮੰਤਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਸਦਾ ਪਰਿਵਾਰ ਅੱਗੇ ਦੀ ਪੜ੍ਹਾਈ ਦਾ ਖਰਚਾ ਨਹੀਂ ਚੁੱਕ ਸਕਦਾ ਸੀ, ਪਰ ਸਰਕਾਰੀ ਸਕੂਲਾਂ 'ਚ ਦਿੱਤੀ ਜਾ ਰਹੀ ਆਲਾ ਦਰਜੇ ਦੀ ਸਿੱਖਿਆ ਨੇ ਉਸਦੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲ ਕੇ ਦਿਖਾਇਆ। ਤਮਨਪ੍ਰੀਤ ਕੌਰ ਨੇ ਕਿਹਾ ਕਿ ਉਸਨੇ ਬਿਨਾਂ ਕਿਸੇ ਕੋਚਿੰਗ ਤੋਂ ਇਹ ਪ੍ਰੀਖਿਆ ਪਾਸ ਕੀਤੀ ਹੈ।

ਪਠਾਨਕੋਟ ਤੋਂ ਕਾਮਿਨੀ ਸ਼ਰਮਾ ਨੇ ਉਸ ਨੂੰ ਪ੍ਰੀਖਿਆ ਪਾਸ ਕਰਨ ਕਾਬਲ ਬਣਨ 'ਚ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਲਈ ਮੁੱਖ ਮੰਤਰੀ ਦੀ ਸ਼ਲਾਘਾ ਕੀਤੀ। ਕਾਮਿਨੀ ਨੇ ਕਿਹਾ ਕਿ ਉਹ ਪਹਿਲਾਂ ਵੀ ਅਜਿਹੇ ਇੱਕ ਸਮਾਗਮ ਵਿੱਚ ਸ਼ਾਮਲ ਹੋਈ ਹੈ, ਪਰ ਅੱਜ ਉਸਨੂੰ ਮੁੱਖ ਮੰਤਰੀ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ ਹੈ।

ਲੁਧਿਆਣਾ ਤੋਂ ਅਨੀਸ਼ਾ ਨੇ ਕਿਹਾ ਕਿ ਉਸਨੇ ਬਿਨਾਂ ਕਿਸੇ ਕੋਚਿੰਗ ਦੇ ਇਹ ਪ੍ਰੀਖਿਆ ਪਾਸ ਕੀਤੀ ਹੈ ਅਤੇ ਕਿਹਾ ਕਿ ਉਹ ਆਪਣੇ ਪਰਿਵਾਰ ਲਈ ਦੋ ਵਕਤ ਦੀ ਰੋਟੀ ਕਮਾਉਣ ਲਈ ਇੱਕ ਦੁਕਾਨ 'ਤੇ ਵੀ ਕੰਮ ਕਰ ਰਹੀ ਹੈ। ਉਸਨੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਅਤੇ ਉਨ੍ਹਾਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਮੁੱਖ ਮੰਤਰੀ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਅੰਮ੍ਰਿਤਸਰ ਤੋਂ ਜੈਨਾ ਪਾਹਵਾ ਨੇ ਮਿਆਰੀ ਸਿੱਖਿਆ ਪ੍ਰਦਾਨ ਕਰਕੇ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ। ਉਸਨੇ ਸੂਬੇ ਵਿੱਚ ਐਮਬੀਬੀਐਸ ਦੀਆਂ ਸੀਟਾਂ ਵਧਾਉਣ ਲਈ ਮੁੱਖ ਮੰਤਰੀ ਦੇ ਦਖ਼ਲ ਦੀ ਮੰਗ ਕੀਤੀ।

ਪੱਟੀ ਤੋਂ ਸਿਮਰਨਪ੍ਰੀਤ ਕੌਰ ਨੇ ਸੂਬੇ ਵਿੱਚ ਸਕੂਲ ਆਫ਼ ਐਮੀਨੈਂਸ ਖੋਲ੍ਹਣ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ, ਜੋ ਸੂਬੇ ਦੀ ਸਿੱਖਿਆ ਕ੍ਰਾਂਤੀ 'ਚ ਮੋਹਰੀ ਬਣ ਕੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰ ਰਿਹਾ ਹੈ। ਉਸਨੇ ਕਿਹਾ ਕਿ ਅਸੀਂ ਖੁਸ਼ਕਿਸਮਤ ਹਾਂ ਕਿ ਸਾਨੂੰ ਅਜਿਹਾ ਮੁੱਖ ਮੰਤਰੀ ਮਿਲਿਆ ਹੈ ਜੋ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਹਰ ਸੰਭਵ ਸਹਾਇਆ ਪ੍ਰਦਾਨ ਕਰ ਰਹੇ ਹਨ।

# ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਨਾਂ 'ਤੇ ਕੈਲੀਫੋਰਨੀਆ ਵਿੱਚ ਸਰਕਾਰੀ ਸਕੂਲ ਦੀ ਸਥਾਪਨਾ

## ਇਨਸਾਫ਼, ਇਨਸਾਨੀਅਤ ਅਤੇ ਸੱਚ ਦੀ ਜਿੱਤ : ਕਾਲਕਾ




ਨਵੀਂ ਦਿੱਲੀ, 27 ਜੂਨ, (ਅੰਮ੍ਰਿਤਪਾਲ ਸਿੰਘ) : ਇਹ ਸਿੱਖ ਕੌਮ ਲਈ ਹੀ ਨਹੀਂ, ਸਗੋਂ ਪੂਰੀ ਮਨਾਵਤਾ ਲਈ ਮਾਣ ਵਾਲੀ ਗੱਲ ਹੈ ਕਿ ਅਮਰੀਕਾ ਦੇ ਰਾਜ ਕੈਲੀਫੋਰਨੀਆ ਵਿੱਚ ਮਨੁੱਖੀ ਅਧਿਕਾਰਾਂ ਦੀ ਪਹਿਰੇਦਾਰੀ ਕਰਨ ਵਾਲੇ ਮਹਾਨ ਸ਼ਹੀਦ ਸ੍ਰ. ਜਸਵੰਤ ਸਿੰਘ ਖਾਲੜਾ ਜੀ ਦੇ ਨਾਮ 'ਤੇ ਇੱਕ ਸਰਕਾਰੀ ਸਕੂਲ ਦੀ ਸਥਾਪਨਾ ਕੀਤੀ ਗਈ ਹੈ। ਇਹ ਫੈਸਲਾ ਨਾ ਸਿਰਫ਼ ਉਨ੍ਹਾਂ ਦੀ ਸ਼ਹਾਦਤ ਨੂੰ ਸੱਚੀ ਸ਼ਰਧਾਂਜਲੀ ਹੈ, ਸਗੋਂ ਦੁਨੀਆਂ ਭਰ ਵਿੱਚ ਇਨਸਾਫ਼ ਅਤੇ ਸੱਚ ਲਈ ਲੜਨ ਵਾਲਿਆਂ ਲਈ ਪ੍ਰੇਰਨਾਦਾਇਕ ਮਿਸਾਲ ਵੀ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਇਸ ਇਤਿਹਾਸਕ ਪੱਲ ਨੂੰ ਸਿੱਖ ਕੌਮ ਦੀ ਆਵਾਜ਼ ਅਤੇ ਸਚਾਈ ਦੀ ਫਤਿਹ ਕਰਾਰ ਦਿੰਦਿਆਂ ਕਿਹਾ ਕਿ ਸ. ਜਸਵੰਤ ਸਿੰਘ ਖਾਲੜਾ ਜੀ ਨੇ 1984 ਤੋਂ ਬਾਅਦ ਪੰਜਾਬ ਵਿਚ ਗੁੰਮਸ਼ੁਦਾ ਨੌਜਵਾਨਾਂ ਦੇ ਹੱਕ 'ਚ ਆਪਣੀ ਆਵਾਜ਼ ਬੁਲੰਦ ਕਰਕੇ ਜੋ ਬਹਾਦਰੀ ਦਿਖਾਈ, ਉਹ ਅਮਰ ਰਹੇਗੀ। ਅੱਜ ਉਹਨਾਂ ਦੇ ਨਾਮ 'ਤੇ ਸਕੂਲ ਬਣਨਾ ਸਾਨੂੰ ਸਿੱਖਾਂ ਦੀ ਕੁਰਬਾਨੀ ਦੀ ਵਿਰਾਸਤ ਅਤੇ ਨੈਤਿਕਤਾ ਦੀ ਯਾਦ ਦਿਲਾਉਂਦਾ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਮਰੀਕਾ ਦੀਆਂ ਸੰਸਥਾਵਾਂ ਦਾ ਧੰਨਵਾਦ ਕੀਤਾ ਗਿਆ ਹੈ ਜੋ ਸਰਦਾਰ ਖਾਲੜਾ ਜੀ ਦੀ ਸ਼ਹਾਦਤ ਅਤੇ ਯਤਨਾਂ ਨੂੰ ਮੰਨਤਾ ਦੇ ਰਹੇ ਹਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਰਦਾਰ ਖਾਲੜਾ ਜੀ ਦੇ ਉਪਦੇਸ਼ਾਂ ਅਤੇ ਆਦਰਸ਼ਾਂ ਨੂੰ ਲੋਕਾਂ ਤਕ ਲੈ ਕੇ ਜਾਣ ਲਈ ਉਪਰਾਲੇ ਕੀਤੇ ਜਾਣਗੇ।

# ਬੱਚਿਆਂ ਲਈ ਗੁਰਮਤਿ ਕੈਂਪ ਲਗਾਇਆ

ਨਵੀਂ ਦਿੱਲੀ, 27 ਜੂਨ, (ਅੰਮ੍ਰਿਤਪਾਲ ਸਿੰਘ) : ਸਕੂਲਾਂ ਅੰਦਰ ਗਰਮੀ ਦੀਆਂ ਛੁੱਟੀਆਂ ਹੋਣ ਕਰਕੇ ਬੱਚਿਆਂ ਨੂੰ ਗੁਰਬਾਣੀ ਅਤੇ ਸਿੱਖੀ ਨਾਲ ਜੋੜਨ ਲਈ ਇਨ੍ਹਾਂ ਦਿਨਾਂ ਵਿਚ ਵੱਡੇ ਉਪਰਾਲੇ ਕੀਤੇ ਜਾਂਦੇ ਹਨ। ਇਸੇ ਤਰ੍ਹਾਂ ਦਾ ਇਕ ਨਿਵੇਕਲਾ ਉਪਰਾਲਾ ਦਿੱਲੀ ਕਮੇਟੀ ਦੇ ਮੈਂਬਰ ਬੀਬੀ ਰਣਜੀਤ ਕੌਰ ਨੇ ਗੁਰਦੁਆਰਾ ਸੰਤਗੜ੍ਹ ਵਿਖੇ ਕਰਕੇ ਸੰਗਤਾਂ ਦਾ ਮਨ ਮੋਹ ਲਿਆ ਸੀ। ਉਨ੍ਹਾਂ ਵੱਲੋਂ ਬੱਚਿਆਂ ਤੇ ਮਾਵਾਂ ਨੂੰ ਪਹਿਲਾਂ ਉੜੇ ਨਾਲ ਜੁੜੇ ਨੂੰ ਸੰਭਾਲਣ ਲਈ ਮਾਵਾਂ ਕੋਲੋਂ ਬੱਚਿਆਂ ਨੂੰ ਜੁੜੇ ਕਰਵਾਉਣ ਦਾ ਮੁਕਾਬਲਾ ਕਰਵਾਇਆ। ਉਪਰੰਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸੰਤਗੜ੍ਹ ਵਿਖੇ ਗੁਰਮਤਿ ਕੈਂਪ ਰਾਹੀਂ, ਜਿਸ ਵਿੱਚ ਬੱਚਿਆਂ ਵੱਲੋਂ ਸ਼ਬਦ ਕੀਰਤਨ, ਕਵਿਤਾਵਾਂ ਅਤੇ ਵਾਤਾਵਰਣ ਸੰਬੰਧੀ ਬਹੁਤ ਸੁੰਦਰ ਨਾਟਕ ਬਲਿਹਾਰੀ ਕੁਦਰਤਿ ਵਸਿਆ ਤੇਰਾ ਅੰਤੁ ਨ ਜਾਈ ਲਖਿਆ ਦੀ ਪੇਸ਼ਕਾਰੀ ਕੀਤੀ ਗਈ। ਇਸ ਨਾਟਕ ਰਾਹੀਂ ਬੱਚਿਆਂ ਵੱਲੋਂ ਇਹ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਗਈ ਕਿ ਵੱਧ ਰਹੇ ਪਲੂਸ਼ਨ ਤੋਂ ਵਾਤਾਵਰਨ ਨੂੰ ਬਚਾਉਣਾ ਕਿਉਂ ਜ਼ਰੂਰੀ ਹੈ, ਵੱਧ ਤੋਂ ਵੱਧ ਰੁੱਖ ਕਿਉਂ ਲਗਾਉਣੇ ਚਾਹੀਦੇ ਹਨ। ਬੱਚਿਆਂ ਨੇ ਕਵਿਤਾਵਾਂ, ਪੈਂਤੀ ਅੱਖਰੀ, ਕੀਰਤਨ ਅਤੇ ਨਾਟਕ ਰਾਹੀਂ ਸਮਾਂ ਬੰਨ੍ਹ ਦਿੱਤਾ ਸੀ। ਇਸ ਮੌਕੇ ਉੜੇ ਅਤੇ ਜੁੜੇ ਪ੍ਰਤੀਯੋਗਿਤਾ ਵਿਚ ਜਿੱਤਣ ਵਾਲੀ ਬੀਬੀਆਂ ਦੇ ਨਾਲ ਬੱਚਿਆਂ ਨੂੰ ਇਨਾਮ ਅਤੇ ਸਨਮਾਨ ਪੱਤਰ ਦੇ ਕੇ ਉਤਸ਼ਾਹ ਵਧਾਇਆ ਗਿਆ।

# ਸਪੀਕਰ ਸੰਧਵਾਂ ਨੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕੀਤਾ



ਚੰਡੀਗੜ੍ਹ, 27 ਜੂਨ, (ਚ.ਨ.ਸ.) : ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਤਰਨਤਾਰਨ ਹਲਕੇ ਤੋਂ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕੀਤਾ। ਉਹ ਬਹੁਤ ਮਿਹਨਤੀ, ਸਮਰਪਿਤ ਅਤੇ ਮੱਦਦਗਾਰ ਵਿਅਕਤੀ ਸਨ। ਉਨ੍ਹਾਂ ਨੇ ਆਮ ਆਦਮੀ ਪਾਰਟੀ ਅਤੇ ਆਪਣੇ ਹਲਕੇ ਲਈ ਮਹਾਨ ਸੇਵਾਵਾਂ ਨਿਭਾਈਆਂ।

ਸਪੀਕਰ ਸੰਧਵਾਂ ਨੇ ਕਿਹਾ ਕਿ ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਸੁਣ ਕੇ ਮੈਨੂੰ ਬਹੁਤ ਦੁੱਖ ਹੋਇਆ ਹੈ ਅਤੇ ਮੈਂ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਵਿੱਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਣ। ਪਰਮਾਤਮਾ ਇਸ ਦੁੱਖ ਦੀ ਘੜੀ ਵਿੱਚ ਇਸ ਨਾ ਪੂਰਿਆ ਜਾਣ ਵਾਲੇ ਘਾਟੇ ਨੂੰ ਸਹਿਣ ਕਰਨ ਲਈ ਦੁਖੀ ਪਰਿਵਾਰ ਨੂੰ ਤਾਕਤ ਦੇਵੇ।

# ਦਿੱਲੀ ਸਰਕਾਰ ਸ੍ਰੀ ਗੁਰੂ ਤੇ.ਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ 'ਤੇ ਕਰੇਗੀ ਇਤਿਹਾਸਕ ਪ੍ਰੋਗਰਾਮ

## ਮੰਤਰੀ ਕਪਿਲ ਮਿਸ਼ਰਾ ਤੇ ਸਿਰਸਾ ਨੇ ਦਿੱਲੀ ਗੁਰਦੁਆਰਾ ਕਮੇਟੀ ਦੀ ਟੀਮ ਸਮੇਤ ਸਮਾਜ ਦੇ ਸਨਮਾਨਤ ਲੋਕਾਂ ਤੋਂ ਮੀਟਿੰਗ ਕਰਕੇ ਸੁਝਾਅ ਮੰਗੇ



ਨਵੀਂ ਦਿੱਲੀ, 27 ਜੂਨ, (ਅੰਮ੍ਰਿਤਪਾਲ ਸਿੰਘ) : ਦਿੱਲੀ ਸਰਕਾਰ ਮਾਣਯੋਗ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ ਦੀ ਅਗਵਾਈ ਹੇਠ ਇਸ ਸਾਲ ਨਵੰਬਰ ਮਹੀਨੇ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ 'ਤੇ ਇਤਿਹਾਸਕ ਪ੍ਰੋਗਰਾਮ ਦਾ ਆਯੋਜਨ ਕਰਨ ਜਾ ਰਹੀ ਹੈ।

ਇਸ ਮਾਮਲੇ ਵਿਚ ਇਕ ਅਹਿਮ ਮੀਟਿੰਗ ਹੋਈ, ਜਿਸਦੀ ਪ੍ਰਧਾਨਗੀ ਕਲਾ ਤੇ ਸਭਿਆਚਾਰ ਮੰਤਰੀ ਕਪਿਲ ਮਿਸ਼ਰਾ ਅਤੇ ਵਾਤਾਵਰਨ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਕੀਤੀ। ਮੀਟਿੰਗ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਸਮਾਜ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਸੱਦਿਆ ਗਿਆ ਸੀ। ਮੀਟਿੰਗ ਵਿਚ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ, ਚਰਨ ਸਿੰਘ ਸਾਬਕਾ ਆਈ ਏ ਐਸ ਅਤੇ ਸਾਬਕਾ ਚੇਅਰਮੈਨ ਪੰਜਾਬ ਐਂਡ ਸਿੰਧ ਬੈਂਕ, ਮਨਜੀਵ ਸਿੰਘ ਪੁਰੀ ਸਾਬਕਾ ਆਈ ਐਫ ਐਸ ਤੇ ਸਾਬਕਾ ਰਾਜਦੂਤ, ਤਰਲੋਚਨ ਸਿੰਘ ਸਾਬਕਾ ਐਮ ਪੀ ਸਮੇਤ ਅਨੇਕਾਂ ਸ਼ਖਸੀਅਤਾਂ ਸ਼ਾਮਲ ਸਨ।

ਇਸ ਦੌਰਾਨ ਲੋਕਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਦੁਨੀਆਂ ਲਈ ਇਕ ਮਿਸਾਲ ਦੱਸਿਆ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਯਤਨਾਂ ਦੀ ਸ਼ਲਾਘਾ ਕੀਤੀ। ਜਿਹਨਾਂ ਸਦਕਾ ਗੁਰੂ ਸਾਹਿਬ ਦਾ ਸੰਦੇਸ਼ ਕੌਮੀ ਮੰਚ 'ਤੇ ਪੁੱਜਾ ਹੈ।

ਮੰਤਰੀ ਕਪਿਲ ਮਿਸ਼ਰਾ ਨੇ ਦੱਸਿਆ ਕਿ ਉਹਨਾਂ ਨੇ ਹਾਲ ਹੀ ਵਿਚ ਸਿਰਸਾ ਦੇ ਨਾਲ ਮਿਲ ਕੇ ਸ੍ਰੀ ਗੁਰੂ ਤੇਗ ਬਹਾਦਰ ਯਾਦਗਾਰ ਸਿੰਘੂ ਬਾਰਡਰ ਦਾ ਦੌਰਾ ਕੀਤਾ ਤੇ ਉੱਥੇ ਹੀ ਬਦਤਰ ਹਾਲਤ ਨੇ ਉਹਨਾਂ ਨੂੰ ਕਾਫੀ ਪ੍ਰਭਾਵਤ ਕੀਤਾ। ਉਹਨਾਂ ਦੱਸਿਆ ਕਿ ਜਦੋਂ ਅਸੀਂ ਯਾਦਗਾਰ ਵੇਖੀ ਤਾਂ ਲਾਈਟਾਂ ਤੱਕ ਖਰਾਬ ਸਨ, ਜਿਸਦਾ ਕਾਰਨ ਪਿਛਲੀ ਸਰਕਾਰ ਵੱਲੋਂ ਯਾਦਗਾਰ ਨੂੰ ਅਣਡਿੱਠ ਕਰਨਾ ਹੈ। ਉਹਨਾਂ ਕਿਹਾ ਕਿ ਅਸੀਂ ਇਸਨੂੰ ਪੂਰੀ ਤਰ੍ਹਾਂ ਰੈਨੋਵੇਟ ਕਰ ਰਹੇ ਹਾਂ ਨਾਲ ਹੀ ਰੋਜ਼ ਲਾਈਟ ਐਂਡ ਸਾਊਂਡ ਸ਼ੋਅ, ਅਧਿਐਨ ਕੇਂਦਰ ਅਤੇ ਸਿੱਖਿਆ ਪ੍ਰੋਗਰਾਮ ਸ਼ੁਰੂ ਕੀਤੇ ਜਾਣਗੇ ਜਿਸ ਨਾਲ ਦਿੱਲੀ ਦੇ ਬੱਚੇ ਗੁਰੂ ਸਾਹਿਬ ਦੇ ਜੀਵਨ ਨੂੰ ਪੜ੍ਹ ਅਤੇ ਸਮਝ ਸਕਣਗੇ।

ਉਹਨਾਂ ਇਹ ਵੀ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਕਿਸੇ ਇਕ ਧਰਮ ਤੱਕ ਸੀਮਤ ਨਹੀਂ ਹੈ ਬਲਕਿ ਇਹ ਪੂਰੀ ਮਨੁੱਖਤਾ ਵਾਸਤੇ ਸੰਦੇਸ਼ ਹੈ, ਆਸਥਾ ਦੀ ਆਜ਼ਾਦੀ ਦਾ ਸੰਦੇਸ਼।

ਵਾਤਾਵਰਣ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਦਿੱਲੀ ਦੀ ਪੰਜਾਬੀ ਸੰਸਕ੍ਰਿਤੀ ਤੇ ਵਿਰਾਸਤ ਨਾਲ ਡੂੰਘੇ ਸੰਬੰਧ ਹੋਣ 'ਤੇ ਚਰਚਾ ਕੀਤੀ। ਉਹਨਾਂ ਕਿਹਾ ਕਿ ਅਸੀਂ ਦਿੱਲੀ ਦੀ ਪਛਾਣ ਨੂੰ ਉਸਦੇ ਸਿੱਖ-ਪੰਜਾਬੀ ਸਰੂਪ ਨਾਲ ਮੁੜ ਜੋੜਨ ਲਈ ਵਚਨਬੱਧ ਹਾਂ। ਉਹਨਾਂ ਕਿਹਾ ਕਿ ਉਹ ਸਿੱਖਿਆ ਵਿਭਾਗ ਨਾਲ ਮਿਲ ਕੇ ਇਹ ਯਕੀਨੀ ਬਣਾਉਣਗੇ ਕਿ ਸਕੂਲਾਂ ਅਤੇ ਕਾਲਜਾਂ ਵਿਚ ਗੁਰੂ ਸਾਹਿਬ ਦੇ ਜੀਵਨ ਅਤੇ ਸ਼ਹਾਦਤ 'ਤੇ ਆਧਾਰਿਤ ਸਿੱਖਿਆ ਪ੍ਰੋਗਰਾਮ ਸ਼ੁਰੂ ਹੋਣ।

ਉਹਨਾਂ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਨਾਮ ਸਿਰਫ ਦਿੱਲੀ ਦੇ ਇਤਿਹਾਸ ਵਿਚ ਨਹੀਂ ਬਲਕਿ ਇਸ ਦੇਸ਼ ਦੇ ਇਤਿਹਾਸ ਤੇ ਵਿਰਸੇ ਦਾ ਅਹਿਮ ਹਿੱਸਾ ਹੈ। ਉਹਨਾਂ ਦੀ ਸ਼ਹਾਦਤ ਆਜ਼ਾਦੀ ਦੀ ਭਾਵਨਾ ਦਾ ਸਭ ਤੋਂ ਵੱਡਾ ਉਦਾਹਰਣ ਹੈ।

## ਸੰਪਾਦਕੀ

# ਅੱਤਵਾਦ ਉੱਤੇ ਭਾਰਤ ਦਾ ਸੰਦੇਸ਼

ਅੱਤਵਾਦ ਦੇ ਮੁੱਦੇ 'ਤੇ ਦੁਨੀਆ ਭਰ ਵਿੱਚ ਇੱਕ ਸਹਿਮਤੀ ਹੈ ਕਿ ਜਦੋਂ ਤੱਕ ਇਸ ਵਿਰੁੱਧ ਇੱਕ ਸਾਂਝਾ ਮੋਰਚਾ ਨਹੀਂ ਖੋਲ੍ਹਿਆ ਜਾਂਦਾ, ਉਦੋਂ ਤੱਕ ਇਸ 'ਤੇ ਪੂਰੀ ਤਰ੍ਹਾਂ ਕਾਬੂ ਪਾਉਣਾ ਸੰਭਵ ਨਹੀਂ ਹੋਵੇਗਾ। ਅੰਤਰਰਾਸ਼ਟਰੀ ਪੱਧਰ 'ਤੇ ਇਹ ਉਮੀਦ ਕੀਤੀ ਜਾਂਦੀ ਹੈ ਅਤੇ ਮੰਗ ਕੀਤੀ ਜਾਂਦੀ ਹੈ ਕਿ ਕੋਈ ਵੀ ਦੇਸ਼ ਜਾਂ ਸਮੂਹ ਇਸ ਮਾਮਲੇ ਵਿੱਚ ਦੋਹਰਾ ਮਾਪਦੰਡ ਨਹੀਂ ਅਪਣਾਏਗਾ। ਪਰ ਅੱਤਵਾਦ ਦੀ ਸਮੱਸਿਆ ਤੋਂ ਪੈਦਾ ਹੋਣ ਵਾਲੀ ਚਿੰਤਾ ਉਦੋਂ ਅਰਥਹੀਣ ਹੋ ਜਾਂਦੀ ਹੈ ਜਦੋਂ ਖੇਤਰੀ ਸਹਿਯੋਗ ਲਈ ਬਣੇ ਦੇਸ਼ਾਂ ਦਾ ਇੱਕ ਸਮੂਹ ਅੱਤਵਾਦ ਨਾਲ ਨਜਿੱਠਣ ਲਈ ਦੋਹਰਾ ਮਾਪਦੰਡ ਅਪਣਾਉਂਦਾ ਹੈ। ਇਹ ਧਿਆਨ ਦੇਣ ਯੋਗ ਹੈ ਕਿ ਚੀਨ ਦੇ ਕਿੰਗਦਾਓ ਵਿੱਚ ਹੋਈ ਸ਼ੰਘਾਈ ਸਹਿਯੋਗ ਸੰਗਠਨ ਕਾਨਫਰੰਸ ਵਿੱਚ ਤਿਆਰ ਕੀਤੇ ਗਏ ਸਾਂਝੇ ਬਿਆਨ ਵਿੱਚ ਬਲੋਚਿਸਤਾਨ ਦਾ ਜ਼ਿਕਰ ਕੀਤਾ ਗਿਆ ਸੀ ਪਰ ਪਹਿਲਗਾਮ ਦਾ ਜ਼ਿਕਰ ਨਹੀਂ ਕੀਤਾ ਗਿਆ ਸੀ। ਹਾਲਾਂਕਿ, ਸਾਰੇ ਦੇਸ਼ ਪਹਿਲਗਾਮ ਵਿੱਚ ਸੈਲਾਨੀਆਂ 'ਤੇ ਹੋਏ ਹਮਲੇ ਅਤੇ ਇਸਦੀ ਪ੍ਰਕਿਰਤੀ ਨੂੰ ਅੱਤਵਾਦ ਦਾ ਜ਼ਾਲਮ ਚਿਹਰਾ ਮੰਨਦੇ ਹਨ ਅਤੇ ਇਸਦੇ ਵਿਰੁੱਧ ਮੁਹਿੰਮ ਸ਼ੁਰੂ ਕਰਨ ਦੀ ਵਚਨਬੱਧਤਾ ਪ੍ਰਗਟ ਕਰਦੇ ਰਹਿੰਦੇ ਹਨ। ਪਰ ਇਹ ਅਜੀਬ ਹੈ ਕਿ SCO ਮੀਟਿੰਗ ਵਿੱਚ, ਅੱਤਵਾਦ ਨਾਲ ਲੜਨ ਦੇ ਸੰਦਰਭ ਵਿੱਚ ਪਹਿਲਗਾਮ ਹਮਲੇ ਨੂੰ ਦਰਜ ਕਰਨਾ ਜ਼ਰੂਰੀ ਨਹੀਂ ਮੰਨਿਆ ਗਿਆ। ਇਸ ਲਈ, ਇਹ ਸੁਭਾਵਿਕ ਹੈ ਕਿ ਭਾਰਤ ਨੇ ਇਸ ਮੀਟਿੰਗ ਵਿੱਚ ਤਿਆਰ ਕੀਤੇ ਗਏ ਸਾਂਝੇ ਬਿਆਨ 'ਤੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਸਪੱਸ਼ਟ ਤੌਰ 'ਤੇ ਕਿਹਾ ਕਿ ਇਹ ਬਿਆਨ ਅੱਤਵਾਦ ਵਿਰੁੱਧ ਭਾਰਤ ਦੇ ਮਜ਼ਬੂਤ ਸਟੈਂਡ ਨੂੰ ਨਹੀਂ ਦਰਸਾਉਂਦਾ। ਇਸ ਤੋਂ ਬਾਅਦ ਕਾਨਫਰੰਸ ਬਿਨਾਂ ਸਾਂਝਾ ਬਿਆਨ ਜਾਰੀ ਕੀਤੇ ਖਤਮ ਹੋ ਗਈ। ਇਹ ਇੱਕ ਜਾਣਿਆ-ਪਛਾਣਿਆ ਤੱਥ ਹੈ ਕਿ ਪਾਕਿਸਤਾਨ ਨੇ ਭਾਰਤ ਵਿੱਚ ਅੱਤਵਾਦ ਦੀ ਸਮੱਸਿਆ ਨੂੰ ਗੁੰਝਲਦਾਰ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਦੁਨੀਆ ਦੇ ਜ਼ਿਆਦਾਤਰ ਦੇਸ਼ ਇਸ ਤੱਥ ਤੋਂ ਚੰਗੀ ਤਰ੍ਹਾਂ ਜਾਣੂ ਹਨ। ਕੁਝ ਸਾਲ ਪਹਿਲਾਂ ਚੀਨ ਦੇ ਬੀਜਿੰਗ ਵਿੱਚ ਹੋਈ ਬ੍ਰਿਕਸ ਦੇਸ਼ਾਂ ਦੀ ਕਾਨਫਰੰਸ ਦੇ ਐਲਾਨਨਾਮੇ ਵਿੱਚ ਇਹ ਤੱਥ ਸ਼ਾਮਲ ਕੀਤਾ ਗਿਆ ਸੀ ਕਿ ਬਹੁਤ ਸਾਰੇ ਵੱਡੇ ਅੱਤਵਾਦੀ ਸੰਗਠਨ ਪਾਕਿਸਤਾਨ ਵਿੱਚ ਸਥਿਤ ਟਿਕਾਣਿਆਂ ਤੋਂ ਆਪਣੀਆਂ ਗਤੀਵਿਧੀਆਂ ਚਲਾਉਂਦੇ ਹਨ। ਫਿਰ ਇਹ ਖੁਲਾਸਾ ਹੋਇਆ ਕਿ ਪਹਿਲਗਾਮ ਵਿੱਚ ਸੈਲਾਨੀਆਂ 'ਤੇ ਹੋਏ ਵਹਿਸ਼ੀ ਹਮਲਿਆਂ ਵਿੱਚ ਪਾਕਿਸਤਾਨ ਦੇ ਅੱਤਵਾਦੀ ਸ਼ਾਮਲ ਸਨ। ਇਸ ਦੇ ਬਾਵਜੂਦ, ਐਸਸੀਓ ਕਾਨਫਰੰਸ ਦੇ ਸਾਂਝੇ ਬਿਆਨ ਵਿੱਚ ਪਹਿਲਗਾਮ ਹਮਲੇ ਦਾ ਜ਼ਿਕਰ ਨਾ ਕਰਨਾ ਕੀ ਦਰਸਾਉਂਦਾ ਹੈ? ਸਵਾਲ ਇਹ ਹੈ ਕਿ ਸੰਗਠਨ ਦੇ ਮੈਂਬਰ ਦੇਸ਼ ਖੇਤਰੀ ਅਤੇ ਅੰਤਰਰਾਸ਼ਟਰੀ ਸੁਰੱਖਿਆ ਨਾਲ ਸਬੰਧਤ ਮੁੱਦਿਆਂ 'ਤੇ ਚਰਚਾ ਕਰਨ ਲਈ ਇਸ ਕਾਨਫਰੰਸ ਵਿੱਚ ਹਿੱਸਾ ਲੈ ਰਹੇ ਹਨ, ਤਾਂ ਭਾਰਤ ਵਿੱਚ ਅੱਤਵਾਦ 'ਤੇ ਉਨ੍ਹਾਂ ਦੇ ਦੋਹਰੇ ਮਾਪਦੰਡ ਦੁਨੀਆ ਲਈ ਇਸ ਵਿਰੁੱਧ ਲੜਨ ਦਾ ਰਸਤਾ ਕਿਵੇਂ ਤਿਆਰ ਕਰਨਗੇ। ਗਲੋਬਲ ਪਲੇਟਫਾਰਮਾਂ 'ਤੇ, ਪਾਕਿਸਤਾਨ ਸਿੱਧੇ ਅਤੇ ਅਸਿੱਧੇ ਤੌਰ 'ਤੇ ਅੱਤਵਾਦ ਨੂੰ ਉਤਸ਼ਾਹਿਤ ਕਰਨ ਦੀ ਇੱਕ ਅਣਐਲਾਨੀ ਨੀਤੀ 'ਤੇ ਕੰਮ ਕਰਦਾ ਹੈ ਅਤੇ ਆਪਣੀਆਂ ਸਰਹੱਦਾਂ 'ਤੇ ਅੱਤਵਾਦੀਆਂ ਨੂੰ ਪਨਾਹ ਦੇ ਰਿਹਾ ਹੈ! ਇਹ ਛੁਪਿਆ ਨਹੀਂ ਹੈ ਕਿ ਭਾਰਤ ਵਿੱਚ ਘੁਸਪੈਠ ਅਤੇ ਜੰਮੂ-ਕਸ਼ਮੀਰ ਵਿੱਚ ਅੱਤਵਾਦ ਅਤੇ ਅੱਤਵਾਦੀ ਹਮਲਿਆਂ ਵਿਚਕਾਰ ਸਬੰਧ ਕਿਵੇਂ ਜੁੜੇ ਹੋਏ ਹਨ। ਵਿਡੰਬਨਾ ਇਹ ਹੈ ਕਿ ਇਸ ਦੇ ਬਾਵਜੂਦ, ਚੀਨ ਨੂੰ ਆਮ ਤੌਰ 'ਤੇ ਪਾਕਿਸਤਾਨ ਦੇ ਹੱਕ ਵਿੱਚ ਖੜ੍ਹਾ ਦੇਖਿਆ ਗਿਆ ਹੈ। ਕੀ ਚੀਨ ਵੱਲੋਂ ਸ਼ੰਘਾਈ ਸਹਿਯੋਗ ਸੰਗਠਨ ਮੀਟਿੰਗ ਦੇ ਸਾਂਝੇ ਬਿਆਨ ਵਿੱਚ ਪਹਿਲਗਾਮ ਦੀ ਬਜਾਏ ਬਲੋਚਿਸਤਾਨ ਦਾ ਜ਼ਿਕਰ ਕਰਨ ਦੀ ਕੋਸ਼ਿਸ਼ ਕਰਕੇ ਪਾਕਿਸਤਾਨ ਨੂੰ ਸਪੱਸ਼ਟ ਸਮਰਥਨ ਨਹੀਂ ਦਿੱਤਾ ਜਾ ਰਿਹਾ? ਅਜਿਹੇ ਦੋਹਰੇ ਮਾਪਦੰਡਾਂ ਨਾਲ ਅੱਤਵਾਦ ਵਿਰੁੱਧ ਕਿਸ ਤਰ੍ਹਾਂ ਦੀ ਲੜਾਈ ਦਾ ਦਾਅਵਾ ਕੀਤਾ ਜਾ ਸਕਦਾ ਹੈ? ਇਸ ਸੰਦਰਭ ਵਿੱਚ ਭਾਰਤ ਨੇ ਸ਼ੰਘਾਈ ਸਹਿਯੋਗ ਸੰਗਠਨ ਦੇਸ਼ਾਂ, ਖਾਸ ਕਰਕੇ ਚੀਨ ਅਤੇ ਪਾਕਿਸਤਾਨ ਨੂੰ ਸਹੀ ਢੰਗ ਨਾਲ ਸਪੱਸ਼ਟ ਸੰਦੇਸ਼ ਦਿੱਤਾ ਹੈ ਕਿ ਉਹ ਅੱਤਵਾਦ ਦੇ ਮੁੱਦੇ 'ਤੇ ਕਿਸੇ ਅੱਗੇ ਝੁਕਣ ਵਾਲਾ ਨਹੀਂ ਹੈ।

-ਜਗਜੀਤ ਸਿੰਘ ਦਰਦੀ

# ਪੰਜਾਬ ਲਈ ਹੁਣ ਜਾਗਣ ਦਾ ਵੇਲਾ ਅਤੇ ਭਵਿੱਖ ਵਿੱਚ ਪੰਜਾਬ ਫਸਟ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

**ਹੁਣ ਕਾਨੂੰਨ-ਵਿਵਸਥਾ ਅਤੇ ਗੈਂਗਸਟਰਵਾਦ ਵਿੱਚ ਕਾਨੂੰਨ-ਵਿਵਸਥਾ ਦੀ ਸਥਿਤੀ ਪੰਜਾਬ ਵਿੱਚ ਚਿੰਤਾਜਨਕ ਹੈ। ਇੱਕ ਸਰਵੇਖਣ ਅਨੁਸਾਰ, ਗੈਂਗਸਟਰਵਾਦ ਦੀ ਸਮੱਸਿਆ ਨੇ ਸੂਬੇ ਵਿੱਚ ਅਸੁਰੱਖਿਆ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਪੰਜਾਬ ਪੁਲਿਸ ਨੇ 2024 ਵਿੱਚ 559 ਗੈਂਗਸਟਰਾਂ ਨੂੰ ਗ੍ਰਿਫਤਾਰ ਕਰਕੇ 198 ਮਾਡਿਊਲਾਂ ਦਾ ਪਰਦਾਫਾਸ਼ ਕੀਤਾ, ਜੋ ਇੱਕ ਸਕਾਰਾਤਮਕ ਕਦਮ ਹੈ। ਪਰ ਇਹ ਸਮੱਸਿਆ ਅਜੇ ਵੀ ਜੜ੍ਹੋਂ ਨਹੀਂ ਖਤਮ ਹੋਈ। ਗੈਂਗਸਟਰਵਾਦ ਨਸ਼ਿਆਂ ਦੇ ਕਾਰੋਬਾਰ ਨਾਲ ਜੁੜਿਆ ਹੋਇਆ ਹੈ, ਜੋ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਤਬਾਹ ਕਰ ਰਿਹਾ ਹੈ।**

ਅੱਜ ਪੰਜਾਬ ਵਿੱਚ ਜਿਸ ਤਰ੍ਹਾਂ ਦਾ ਸਮਾਜਿਕ, ਆਰਥਿਕ ਤੇ ਰਾਜਨੀਤਿਕ ਮਾਹੌਲ ਹੈ, ਉਹ ਇਸ ਤਰ੍ਹਾਂ ਨਿਰਾਸ਼ਾ ਨਾਲ ਭਰ ਗਿਆ ਹੈ ਕਿ ਪ੍ਰਵਾਸ 'ਤੇ ਪਲਾਇਨ ਦੇ ਨਾਲ ਪਿੰਡਾਂ ਦੇ ਪਿੰਡ ਖਾਲੀ ਹੋ ਗਏ ਹਨ। ਸਾਡੀ ਬੌਧਿਕ ਕੰਗਾਲੀ ਦਾ ਹਾਲ ਹੁਣ ਕਿਸੇ ਪਹਿਚਾਣ ਦਾ ਮੁਹਤਾਜ਼ ਨਹੀਂ ਰਿਹਾ ਹੈ।

ਸਾਡੇ ਇੰਸਟੀਚਿਊਸ਼ਨ ਜਿਸ ਤਰ੍ਹਾਂ ਦੀ ਕਾਰਕਰਦਗੀ ਕਰ ਰਹੇ ਹਨ ਲੱਗਦਾ ਹੈ ਕਿ ਪਿਛਲੇ 70 ਸਾਲਾਂ ਵਿੱਚ ਜਿਸ ਪੰਜਾਬ ਦੀ ਗੱਲ ਪਹਿਲੇ ਦਰਜੇ ਵਿੱਚ ਹੁੰਦੀ ਸੀ, ਉਹ ਹੁਣ ਕਿਤੇ ਬੀਤੇ ਦੀ ਗੱਲ ਹੋ ਗਈ ਹੈ। ਹੁਣ ਪੰਜਾਬ ਕਿਸ ਵਿੱਚ ਫਸਟ ਹੈ। ਕਦੀ ਪੰਜਾਬ ਪੂਰੇ ਭਾਰਤ ਦਾ ਐਗਰੀਕਲਚਰ ਦੇ ਰਾਹੀਂ ਅੰਨਦਾਤਾ ਹੋਣ ਦਾ ਖਿਤਾਬ ਹਾਸਲ ਰੱਖਦਾ ਸੀ ਪ੍ਰੰਤੂ ਹੁਣ ਪਿਛਲਿਆਂ ਸਾਲਾਂ ਦੇ ਵਿੱਚ ਉਹ ਵੀ ਉਸ ਤੋਂ ਖੁਸ ਗਿਆ ਹੈ।

ਸਾਡੀ ਰਾਜਨੀਤਿਕ ਤੇ ਸਮਾਜਿਕ ਹਾਲਤ ਇਸ ਤਰ੍ਹਾਂ ਦੀ ਹੈ ਕਿ ਜਿਸ ਤਰ੍ਹਾਂ ਸਾਡੀ ਪਹਿਚਾਣ ਨੂੰ ਵੀ ਖੋਰਾ ਲਾ ਦਿੱਤਾ ਹੈ ਸਾਡੇ ਸਮਾਜਿਕ ਅਤੇ ਭ੍ਰਿਸ਼ਟਾਚਾਰ ਅਫਸਰਸ਼ਾਹੀ ਅਤੇ ਸਾਡੇ ਮਨਾਂ ਵਿੱਚ ਸਾਡੀ ਘਟੀਆ ਸੋਚ ਤੇ ਲੱਚਰਤਾ ਨੇ ਸਾਡੀ ਨਵੀਂ ਪੀੜ੍ਹੀ ਨੂੰ ਕਿਸ ਦੋਰਾਹੇ 'ਤੇ ਖੜ੍ਹਾ ਕਰ ਦਿੱਤਾ ਹੈ।

ਹੁਣ ਇਸ ਬਾਰੇ ਸਿਰ ਜੋੜ ਕੇ ਸੋਚਣ ਦਾ ਵੇਲਾ ਹੈ ਜੇ ਹੁਣ ਵੀ ਨਹੀਂ ਸੋਚਿਆ ਤਾਂ ਫਿਰ ਇਹ ਵੇਲਾ ਲੰਘ ਜਾਏਗਾ। ਆਓ ਦੇਖਦੇ ਹਾਂ ਕਿ ਇਸ ਦੇ ਬਾਰੇ ਕੀ ਕੁਝ ਕੀਤਾ ਜਾ ਸਕਦਾ ਹੈ। ਸਭ ਤੋਂ ਪਹਿਲਾਂ ਸੋਚ ਬਦਲਣੀ ਹੋਏਗੀ ਕਿ ਪੰਜਾਬ ਫਸਟ।

ਪੰਜਾਬ, ਭਾਰਤ ਦੀ ਉਹ ਧਰਤੀ ਹੈ, ਜਿਸ ਨੇ ਸਦੀਆਂ ਤੋਂ ਸੱਭਿਆਚਾਰਕ, ਧਾਰਮਿਕ ਅਤੇ ਸਮਾਜਿਕ ਵਿਕਾਸ ਦੀਆਂ ਗਾਥਾਵਾਂ ਰਚੀਆਂ ਹਨ। ਸੂਫੀ ਸੰਤਾਂ ਦੀ ਬਾਣੀ, ਸਿੱਖ ਗੁਰੂਆਂ ਦੀ ਸਰਬ-ਸਾਂਝੀਵਾਲਤਾ ਅਤੇ ਹਰੇਕ ਇਨਕਲਾਬ ਦੀ ਚੰਗਿਆੜੀ ਨੇ ਪੰਜਾਬ ਨੂੰ ਵਿਲੱਖਣ ਪਛਾਣ ਦਿੱਤੀ ਹੈ। ਪਰ ਅੱਜ ਦਾ ਪੰਜਾਬ ਕਈ ਗੰਭੀਰ ਸਮਾਜਿਕ ਅਤੇ ਰਾਜਨੀਤਿਕ ਚੁਣੌਤੀਆਂ ਨਾਲ ਜੂਝ ਰਿਹਾ ਹੈ।

ਰਾਜਨੀਤਿਕ ਅਸਥਿਰਤਾ, ਕਾਨੂੰਨ-ਵਿਵਸਥਾ ਦੀਆਂ ਸਮੱਸਿਆਵਾਂ, ਗੈਂਗਸਟਰਵਾਦ, ਨਸ਼ਿਆਂ ਦਾ ਕਾਰੋਬਾਰ ਅਤੇ ਸੱਭਿਆਚਾਰਕ ਖੋਰਾ ਪੰਜਾਬ ਦੀ ਅਸਲੀ ਰੂਹ ਨੂੰ ਚੁਣੌਤੀ ਦੇ ਰਿਹਾ ਹੈ। ਅਜਿਹੇ ਸਮੇਂ ਵਿੱਚ, ਪੰਜਾਬ ਨੂੰ ਜਾਗਣ ਦੀ ਲੋੜ ਹੈ, ਤਾਂ ਜੋ ਨਵੇਂ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਤਲਾਸ਼ਿਆ ਜਾ ਸਕੇ।

ਅੱਜ ਰਾਜਨੀਤਿਕ ਮਾਹੌਲ ਵਿਚ ਵੰਡੀਆਂ ਪਾਰਟੀਆਂ ਅਤੇ ਅਸਥਿਰਤਾ ਨੇ ਪੰਜਾਬ ਦੀ ਰਾਜਨੀਤੀ ਪਿਛਲੇ ਕੁਝ ਦਹਾਕਿਆਂ ਤੋਂ ਵਿਵਾਦਾਂ ਅਤੇ ਵੰਡੀਆਂ ਦਾ ਸ਼ਿਕਾਰ ਰਹੀ ਹੈ। 1947 ਦੀ ਵੰਡ, ਹਰੀ ਕ੍ਰਾਂਤੀ ਦੇ ਮਿਸ਼ਰਤ ਨਤੀਜਿਆਂ ਅਤੇ ਖਾੜਕੂਵਾਦ ਦੇ ਦੌਰ ਨੇ ਪੰਜਾਬ ਦੀ ਸਮਾਜਿਕ ਅਤੇ ਰਾਜਨੀਤਿਕ ਸੰਰਚਨਾ ਨੂੰ ਡੂੰਘਾ ਪ੍ਰਭਾਵਿਤ ਕੀਤਾ। ਅੱਜ, ਰਾਜਨੀਤਿਕ ਪਾਰਟੀਆਂ ਦੀਆਂ ਨਿੱਜੀ ਸਵਾਰਥਾਂ ਅਤੇ ਸਿਆਸੀ ਖੇਡਾਂ ਨੇ ਪੰਜਾਬ ਦੀਆਂ ਜੜ੍ਹਾਂ ਨੂੰ ਹੋਰ ਕਮਜ਼ੋਰ ਕੀਤਾ ਹੈ। ਰਾਸ਼ਟਰੀ ਪੱਧਰ 'ਤੇ ਧਰਮ ਅਤੇ ਰਾਸ਼ਟਰਵਾਦ 'ਤੇ ਆਧਾਰਿਤ ਸਿਆਸਤ ਨੇ ਪੰਜਾਬੀਆਂ ਵਿੱਚ ਭਰਮ ਅਤੇ ਖਲਾਅ ਪੈਦਾ ਕੀਤਾ, ਜਿਸ ਨਾਲ ਲੋਕਾਂ ਦਾ ਸਿਆਸੀ ਸਿਸਟਮ 'ਤੇ ਵਿਸ਼ਵਾਸ ਘਟਿਆ ਹੈ।

ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਪੰਜਾਬ ਦੇ ਲੋਕਾਂ ਨੇ ਲੋਕ-ਹਿਤੈਸ਼ੀ ਵਿਚਾਰਧਾਰਾ ਦੇ ਆਧਾਰ 'ਤੇ ਜ਼ਿੰਮੇਵਾਰੀ ਸੌਂਪੀ ਸੀ, ਪਰ ਜ਼ਮੀਨੀ ਹਕੀਕਤਾਂ ਵੱਖਰੀਆਂ ਹਨ। ਸਿਹਤ, ਸਿੱਖਿਆ, ਨਸ਼ੇ ਅਤੇ ਗੈਂਗਸਟਰਵਾਦ ਵਰਗੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਸਰਕਾਰ ਦੀਆਂ ਕੋਸ਼ਿਸ਼ਾਂ ਅਜੇ ਵੀ ਅਧੂਰੀਆਂ ਜਾਪਦੀਆਂ ਹਨ। ਰਾਜਨੀਤਿਕ ਸਥਿਰਤਾ ਅਤੇ ਪਾਰਦਰਸ਼ੀ ਸ਼ਾਸਨ ਦੀ ਲੋੜ ਹੈ, ਜੋ ਪੰਜਾਬ ਦੀਆਂ ਸਮੱਸਿਆਵਾਂ ਨੂੰ ਜੜ੍ਹੋਂ ਹੱਲ ਕਰ ਸਕੇ।

ਹੁਣ ਕਾਨੂੰਨ-ਵਿਵਸਥਾ ਅਤੇ ਗੈਂਗਸਟਰਵਾਦ ਵਿੱਚ ਕਾਨੂੰਨ-ਵਿਵਸਥਾ ਦੀ ਸਥਿਤੀ ਪੰਜਾਬ ਵਿੱਚ ਚਿੰਤਾਜਨਕ ਹੈ। ਇੱਕ ਸਰਵੇਖਣ ਅਨੁਸਾਰ, ਗੈਂਗਸਟਰਵਾਦ ਦੀ ਸਮੱਸਿਆ ਨੇ ਸੂਬੇ ਵਿੱਚ ਅਸੁਰੱਖਿਆ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਪੰਜਾਬ ਪੁਲਿਸ ਨੇ 2024 ਵਿੱਚ 559 ਗੈਂਗਸਟਰਾਂ ਨੂੰ ਗ੍ਰਿਫਤਾਰ ਕਰਕੇ 198 ਮਾਡਿਊਲਾਂ ਦਾ ਪਰਦਾਫਾਸ਼ ਕੀਤਾ, ਜੋ ਇੱਕ ਸਕਾਰਾਤਮਕ ਕਦਮ ਹੈ। ਪਰ ਇਹ ਸਮੱਸਿਆ ਅਜੇ ਵੀ ਜੜ੍ਹੋਂ ਨਹੀਂ ਖਤਮ ਹੋਈ। ਗੈਂਗਸਟਰਵਾਦ ਨਸ਼ਿਆਂ ਦੇ ਕਾਰੋਬਾਰ ਨਾਲ ਜੁੜਿਆ ਹੋਇਆ ਹੈ, ਜੋ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਤਬਾਹ ਕਰ ਰਿਹਾ ਹੈ।




ਇਸ ਸਮੱਸਿਆ ਦਾ ਹੱਲ ਸਿਰਫ਼ ਪੁਲਿਸੀ ਕਾਰਵਾਈਆਂ ਤੱਕ ਸੀਮਤ ਨਹੀਂ ਸਗੋਂ ਸਮਾਜਿਕ ਜਾਗਰੂਕਤਾ, ਸਿੱਖਿਆ ਅਤੇ ਰੁਜ਼ਗਾਰ ਦੇ ਮੌਕਿਆਂ ਦੀ ਸਿਰਜਣਾ ਨਾਲ ਨੌਜਵਾਨਾਂ ਨੂੰ ਅਪਰਾਧ ਦੇ ਰਾਹ ਤੋਂ ਰੋਕਿਆ ਜਾ ਸਕਦਾ ਹੈ। ਨਵੀਂ ਭਰਤੀ ਅਤੇ ਪੁਲਿਸ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ 378 ਕਰੋੜ ਰੁਪਏ ਦਾ ਖਰਚ ਇੱਕ ਸਕਾਰਾਤਮਕ ਸ਼ੁਰੂਆਤ ਹੈ, ਪਰ ਇਸ ਨੂੰ ਸਮਾਜਿਕ ਸੁਧਾਰਾਂ ਨਾਲ ਜੋੜਨ ਦੀ ਲੋੜ ਹੈ।

ਅੱਜ ਸੱਭਿਆਚਾਰਕ ਖੋਰਾ ਸਾਡੀ ਪਛਾਣ ਦੀ ਚੁਣੌਤੀ ਹੈ। ਪੰਜਾਬ ਦਾ ਸੱਭਿਆਚਾਰਕ ਵਿਰਸਾ ਸੂਫੀ ਸਾਹਿਤ, ਗੁਰਬਾਣੀ ਅਤੇ ਲੋਕ ਗੀਤਾਂ ਦੀ ਸੰਪਦਾ ਨਾਲ ਭਰਪੂਰ ਹੈ ਪਰ ਵਿਸ਼ਵੀਕਰਨ ਅਤੇ ਅੰਗਰੇਜ਼ੀ ਦੇ ਵਧਦੇ ਪ੍ਰਭਾਵ ਨੇ ਪੰਜਾਬੀ ਬੋਲੀ ਅਤੇ ਸੱਭਿਆਚਾਰ ਨੂੰ ਖਤਰੇ ਵਿੱਚ ਪਾ ਦਿੱਤਾ ਹੈ।

ਇਕ ਅੰਦਾਜ਼ੇ ਮੁਤਾਬਕ ਪੰਜਾਬੀ ਸਿਨੇਮਾ ਵਿੱਚ 2024 ਵਿੱਚ 60 ਦੇ ਕਰੀਬ ਫਿਲਮਾਂ ਰਿਲੀਜ਼ ਹੋਈਆਂ, ਪਰ ਸਿਰਫ਼ 5-7 ਹੀ ਸਫਲ ਰਹੀਆਂ, ਜੋ ਸੱਭਿਆਚਾਰਕ ਸਮੱਗਰੀ ਦੀ ਘਾਟ ਨੂੰ ਦਰਸਾਉਂਦੀਆਂ ਹਨ। ਸਤਿੰਦਰ ਸਰਤਾਜ ਵਰਗੇ ਕਲਾਕਾਰਾਂ ਦੀਆਂ ਫਿਲਮਾਂ ਜਿਵੇਂ 'ਸ਼ਾਇਰ' ਨੇ ਸੱਭਿਆਚਾਰਕ ਮੁੱਲਾਂ ਨੂੰ ਜ਼ਿੰਦਾ ਰੱਖਣ ਦੀ ਕੋਸ਼ਿਸ਼ ਕੀਤੀ ਪਰ ਅਜਿਹੀਆਂ ਕੋਸ਼ਿਸ਼ਾਂ ਅਜੇ ਘੱਟ ਹਨ।

ਅੱਜ ਨੌਜਵਾਨ ਪੀੜ੍ਹੀ ਦਾ ਪੱਛਮੀ ਸੱਭਿਆਚਾਰ ਵੱਲ ਝੁਕਾਅ ਅਤੇ ਪੰਜਾਬੀ ਬੋਲੀ ਦੀ ਘੱਟਦੀ ਵਰਤੋਂ ਚਿੰਤਾ ਦਾ ਵਿਸ਼ਾ ਹੈ। ਪੰਜਾਬੀ ਬੋਲੀ ਨੂੰ ਜਿਉਂਦਾ ਰੱਖਣ ਲਈ ਸਿੱਖਿਆ ਪ੍ਰਣਾਲੀ ਵਿੱਚ ਇਸ ਨੂੰ ਪ੍ਰਮੁੱਖਤਾ ਦੇਣ, ਸਾਹਿਤਕ ਸਮਾਗਮਾਂ ਨੂੰ ਉਤਸ਼ਾਹਿਤ ਕਰਨ ਅਤੇ ਡਿਜੀਟਲ ਪਲੇਟਫਾਰਮਾਂ 'ਤੇ ਪੰਜਾਬੀ ਸਮੱਗਰੀ ਨੂੰ ਵਧਾਉਣ ਦੀ ਲੋੜ ਹੈ।

ਨਵੇਂ ਪੰਜਾਬ ਦੀ ਧਰਤੀ ਤੇ ਭਵਿੱਖ ਦੀਆਂ ਸੰਭਾਵਨਾਵਾਂ ਲਈ ਪੰਜਾਬ ਦੇ ਨਵੇਂ ਭਵਿੱਖ ਲਈ ਸੰਭਾਵਨਾਵਾਂ ਬਹੁਤ ਹਨ, ਪਰ ਇਸ ਲਈ ਸਮੂਹਿਕ ਯਤਨ ਅਤੇ ਸਪੱਸ਼ਟ ਦਿਸ਼ਾ-ਨਿਰਦੇਸ਼ ਦੀ ਲੋੜ ਹੈ।

ਸਿੱਖਿਆ ਵਿੱਚ ਨਿਵੇਸ਼ ਅਤੇ ਉਦਯੋਗ 4.0 ਨੂੰ ਉਤਸ਼ਾਹਿਤ ਕਰਨ ਵਾਲੇ ਪ੍ਰੋਗਰਾਮ ਨੌਜਵਾਨਾਂ ਨੂੰ ਸਸ਼ਕਤ ਕਰ ਸਕਦੇ ਹਨ। ਖੇਤੀਬਾੜੀ ਵਿੱਚ ਨਵੀਨਤਾ ਨਾਲ ਪੰਜਾਬ ਦੀ ਖੇਤੀ ਨੂੰ ਟਿਕਾਊ ਅਤੇ ਤਕਨੀਕੀ ਅਧਾਰਿਤ ਕਰਨ ਦੀ ਲੋੜ ਹੈ। ਹਰੀ ਕ੍ਰਾਂਤੀ ਨੇ ਅਨਾਜ ਵਿੱਚ ਸਵੈ-ਨਿਰਭਰਤਾ ਦਿੱਤੀ, ਪਰ ਹੁਣ ਜੋਤਾਂ ਦੇ ਸੁੰਗੜਨ ਅਤੇ ਵਾਤਾਵਰਣ ਸਮੱਸਿਆਵਾਂ ਨੂੰ ਵੇਖਦੇ ਹੋਏ ਜੈਵਿਕ ਖੇਤੀ ਅਤੇ ਸਾਫ਼-ਸੁਥਰੀਆਂ ਤਕਨੀਕਾਂ 'ਤੇ ਧਿਆਨ ਦੇਣ ਦੀ ਲੋੜ ਹੈ।

ਸਮਾਜਿਕ ਸੁਧਾਰ ਬੇਹੱਦ ਜ਼ਰੂਰੀ ਹੈ, ਨਸ਼ਿਆਂ ਅਤੇ ਗੈਂਗਸਟਰਵਾਦ ਦੀ ਸਮੱਸਿਆ ਨੂੰ ਜੜ੍ਹੋਂ ਖਤਮ ਕਰਨ ਲਈ ਜਾਗਰੂਕਤਾ ਮੁਹਿੰਮਾਂ, ਸਮਾਜਿਕ ਸੰਗਠਨਾਂ ਅਤੇ ਸਰਕਾਰ ਦੇ ਸਾਂਝੇ ਯਤਨ ਜ਼ਰੂਰੀ ਹਨ। ਨੌਜਵਾਨਾਂ ਨੂੰ ਸਕਾਰਾਤਮਕ ਰਾਹ 'ਤੇ ਲਿਆਉਣ ਲਈ ਸਪੋਰਟਸ, ਕਲਾ ਅਤੇ ਸੱਭਿਆਚਾਰਕ ਸਮਾਗਮਾਂ ਨੂੰ ਉਤਸ਼ਾਹਿਤ ਕਰਨਾ ਹੋਵੇਗਾ।

ਅੱਜ ਪੰਜਾਬ ਦੀ ਸੱਭਿਆਚਾਰਕ ਪੁਨਰ-ਜਾਗਰਣ ਦਾ ਵੇਲਾ ਹੈ। ਪੰਜਾਬੀ ਸਾਹਿਤ, ਸੰਗੀਤ ਅਤੇ ਸਿਨੇਮਾ ਨੂੰ ਪ੍ਰਫੁੱਲਤ ਕਰਨ ਲਈ ਸਰਕਾਰੀ ਅਤੇ ਗੈਰ-ਸਰਕਾਰੀ ਪਹਿਲਕਦਮੀਆਂ ਦੀ ਲੋੜ ਹੈ। ਸਤਿੰਦਰ ਸਰਤਾਜ ਵਰਗੇ ਕਲਾਕਾਰਾਂ ਦੀਆਂ ਕੋਸ਼ਿਸ਼ਾਂ ਨੂੰ ਵਧਾਉਣ ਲਈ ਸਰਕਾਰੀ ਸਹਾਇਤਾ ਅਤੇ ਡਿਜੀਟਲ ਪਲੇਟਫਾਰਮਾਂ 'ਤੇ ਪੰਜਾਬੀ ਸਮੱਗਰੀ ਨੂੰ ਉਤਸ਼ਾਹਿਤ ਕਰਨਾ ਜ਼ਰੂਰੀ ਹੈ।

ਅੱਜ ਪੰਜਾਬ ਫਸਟ ਹੋ ਸਕਦਾ ਹੈ ਪਰੰਤੂ ਤੁਹਾਨੂੰ ਸਾਡੀ ਸੋਚ ਬਦਲਣੀ ਹੋਵੇਗੀ। ਪੰਜਾਬ ਅੱਜ ਇੱਕ ਚੁਰਾਹੇ 'ਤੇ ਖੜ੍ਹਾ ਹੈ, ਜਿੱਥੇ ਰਾਜਨੀਤਿਕ ਅਸਥਿਰਤਾ, ਕਾਨੂੰਨ-ਵਿਵਸਥਾ ਦੀਆਂ ਚੁਣੌਤੀਆਂ ਅਤੇ ਸੱਭਿਆਚਾਰਕ ਖੋਰੇ ਨੇ ਇਸ ਦੀ ਪਛਾਣ ਨੂੰ ਚੁਣੌਤੀ ਦਿੱਤੀ ਹੈ। ਪਰ ਪੰਜਾਬ ਦੀ ਰੂਹ ਵਿੱਚ ਅਜੇ ਵੀ ਉਹ ਸ਼ਕਤੀ ਹੈ, ਜੋ ਨਵੇਂ ਭਵਿੱਖ ਦੀ ਸਿਰਜਣਾ ਕਰ ਸਕਦੀ ਹੈ।

ਨਵੇਂ ਪੰਜਾਬ ਲਈ ਲੋਕ ਤੇ ਸਰਕਾਰ, ਸਮਾਜ ਅਤੇ ਨੌਜਵਾਨਾਂ ਦੇ ਸਾਂਝੇ ਯਤਨਾਂ ਨਾਲ, ਪੰਜਾਬ ਨੂੰ ਨਾ ਸਿਰਫ਼ ਆਪਣੀ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣਾ ਹੈ, ਸਗੋਂ ਇੱਕ ਸਮਰੱਥ, ਸੁਰੱਖਿਅਤ ਅਤੇ ਖੁਸ਼ਹਾਲ ਸੂਬੇ ਦੀ ਸਥਾਪਨਾ ਵੀ ਕਰਨੀ ਹੈ। ਹੁਣ ਜਾਗਣ ਦਾ ਵੇਲਾ ਹੈ—ਪੰਜਾਬ ਦੇ ਨਵੇਂ ਭਵਿੱਖ ਲਈ, ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਕੰਮ ਕਰਨਾ ਹੋਵੇਗਾ।

# ਲੁਧਿਆਣਾ ਵਿਧਾਨ ਸਭਾ ਜ਼ਿਮਨੀ ਚੋਣਾਂ ਦਾ ਨਤੀਜਾ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਅਕਸ

ਜਤਿੰਦਰਪਾਲ ਸਿੰਘ ਛਾਬੜਾ
8847286127



ਲੁਧਿਆਣਾ ਵਿਧਾਨ ਸਭਾ ਹਲਕਾ ਪੱਛਮੀ ਦੀ ਜ਼ਿਮਨੀ ਚੋਣ ਦੇ ਆਏ ਨਤੀਜੇ ਅਨੁਸਾਰ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਨੇ ਕਾਂਗਰਸ ਪਾਰਟੀ ਦੇ ਉਮੀਦਵਾਰ ਸਾਬਕਾ ਮੰਤਰੀ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਭਾਰਤ ਭੂਸ਼ਣ ਆਸ਼ੂ ਤੋਂ 10637 ਵੋਟਾਂ ਦੇ ਫਰਕ ਨਾਲ ਜਿੱਤ ਹਾਸਲ ਕਰਕੇ ਇੱਕ ਨਵਾਂ ਇਤਹਾਸ ਸਿਰਜਿਆ ਹੈ।

ਇਸ ਜਿੱਤ ਨੂੰ ਜਿੱਥੇ ਆਮ ਆਦਮੀ ਪਾਰਟੀ ਦੇ ਆਗੂਆਂ ਵੱਲੋਂ ਆਪ ਸਰਕਾਰ ਦੇ ਸਾਢੇ ਤਿੰਨ ਸਾਲ ਦੀ ਕਾਰਗੁਜ਼ਾਰੀ ਅਤੇ ਸੰਜੀਵ ਅਰੋੜਾ ਵੱਲੋਂ 3 ਸਾਲ ਵਿੱਚ ਕਰਵਾਏ ਵਿਕਾਸ ਕਾਰਜਾਂ ਦੀ ਜਿੱਤ ਕਰਾਰ ਦਿੱਤਾ ਜਾ ਰਿਹਾ ਹੈ, ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਆਮ ਆਦਮੀ ਪਾਰਟੀ ਦੀ ਹਾਈ ਕਮਾਂਡ ਪੱਬਾਂ ਭਾਰ ਹੋਕੇ ਆਪਣੀ ਪਾਰਟੀ ਦੇ ਉਮੀਦਵਾਰ ਨੂੰ ਜਿਤਾਉਣ ਲਈ ਕੋਸ਼ਿਸ਼ ਵਿੱਚ ਰਹੇ ਅਤੇ ਕਾਮਯਾਬ ਹੋਏ। ਭਾਵੇਂ ਦੂਜੇ ਪਾਸੇ ਸਿਆਸੀ ਪਾਰਟੀਆਂ ਵੱਲੋਂ ਉਹਨਾਂ 'ਤੇ ਸਪੱਸ਼ਟ ਦੋਸ਼ ਲਾਏ ਜਾ ਰਹੇ ਹਨ ਕਿ ਆਮ ਆਦਮੀ ਪਾਰਟੀ ਨੇ ਪੁਲਿਸ ਅਤੇ ਸਰਕਾਰੀ ਵਿਵਸਥਾ ਦੀ ਦੁਰਵਰਤੋਂ ਕਰਕੇ ਸ਼ਰੇਆਮ ਸ਼ਰਾਬ, ਰਾਸ਼ਨ ਅਤੇ ਘਰੇਲੂ ਇਸਤੇਮਾਲ ਦੀਆਂ ਚੀਜ਼ਾਂ ਵੰਡ ਕੇ ਅਤੇ ਪੈਸਿਆਂ ਨਾਲ ਵੱਡੀ ਗਿਣਤੀ ਵਿੱਚ ਵੋਟਾਂ ਖਰੀਦੀਆਂ ਹਨ ਅਤੇ ਆਪ ਸਰਕਾਰ ਨੇ ਵਿਰੋਧੀ ਪਾਰਟੀ ਦੀਆਂ ਵੋਟਾਂ ਕਟਵਾ ਕੇ ਆਪ ਜਾਅਲੀ ਵੋਟਾਂ ਵੀ ਪੋਲ ਕਰਵਾਈਆਂ ਹਨ। ਇਥੇ ਦੇਖਣ ਵਾਲੀ ਗੱਲ ਇਹ ਹੈ ਕਿ ਕੁੱਝ ਸਮੇਂ ਪਹਿਲਾਂ ਬਣੀ ਇਸ ਪਾਰਟੀ ਨੇ ਕਾਂਗਰਸ ਵਰਗੀ ਪੁਰਾਣੀ ਪਾਰਟੀ ਨੂੰ ਹਰਾ ਕੇ ਕਾਂਗਰਸ ਪਾਰਟੀ ਦੀ ਫੁੱਟ ਨੂੰ ਜੱਗ ਜਾਹਰ ਕੀਤਾ ਹੈ। ਭਾਵੇਂ ਇਹ ਵੀ ਕਿਆਸ ਰਾਏ ਲਗਾਈ ਜਾ ਰਹੀ ਹੈ ਕਿ ਆਪ ਦੇ ਪ੍ਰਮੁੱਖ ਨੇਤਾ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਕੇਜਰੀਵਾਲ ਨੂੰ ਸੰਜੀਵ ਅਰੋੜਾ ਦੀ ਰਾਜਸਭਾ ਮੈਂਬਰੀ ਵਾਲੀ ਸੀਟ 'ਤੇ ਕਾਬਜ਼ ਹੋਣਾ ਮੁੱਖ ਮੰਤਵ ਹੈ ਜਦੋਂ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਕੇਜਰੀਵਾਲ ਨੇ ਇਸ ਗੱਲ ਨੂੰ ਨਕਾਰ ਦਿੱਤਾ ਹੈ। ਇਸ ਗੱਲ ਦੀ ਪ੍ਰੋੜ੍ਹਤਾ ਤਾਂ ਆਉਣ ਵਾਲਾ ਸਮਾਂ ਹੀ ਕਰੇਗਾ।

ਸਿਆਸੀ ਪੰਡਤਾਂ ਅਨੁਸਾਰ ਕਾਂਗਰਸ ਪਾਰਟੀ ਦੇ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਦੀ ਹਾਰ ਦੇ ਕਾਰਨ ਕਾਂਗਰਸ ਪਾਰਟੀ ਵਿੱਚ ਸਿਖਰਾਂ 'ਤੇ ਪੁੱਜੀ ਹੋਈ ਧੜੇਬੰਦੀ ਇਸ ਦਾ ਇੱਕ ਵੱਡਾ ਕਾਰਨ ਬਣੀ ਹੈ ਅਤੇ ਕਾਂਗਰਸ ਪਾਰਟੀ ਵੱਲੋਂ ਭਾਰਤ ਭੂਸ਼ਣ ਆਸ਼ੂ ਨੂੰ ਉਮੀਦਵਾਰ ਐਲਾਨੇ ਜਾਣ ਉਪਰੰਤ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਲੋਕ ਸਭਾ ਲੁਧਿਆਣਾ ਤੋਂ ਮੈਂਬਰ ਲੋਕ ਸਭਾ ਅਮਰਿੰਦਰ ਸਿੰਘ ਰਾਜਾ ਵੜਿੰਗ, ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਦੇ ਪ੍ਰਧਾਨ ਸੰਜੇ ਤਲਵਾੜ ਆਪਣੇ ਨਾਲ ਹਾਰੇ ਹੋਏ ਵਿਧਾਇਕਾਂ ਅਤੇ ਹੋਰ ਕਾਂਗਰਸੀ ਆਗੂਆਂ ਨੂੰ ਨਾਲ ਲੈਕੇ ਆਏ ਅਤੇ ਬੇਰੰਗ ਵਾਪਸ ਪਰਤ ਗਏ, ਉਨ੍ਹਾਂ ਨੂੰ ਨਾ ਤਾਂ ਬਣਦਾ ਸਤਿਕਾਰ ਅਤੇ ਨਾ ਹੀ ਹਲਕਾ ਪੱਛਮੀ ਦਾ ਕਾਂਗਰਸ ਪਾਰਟੀ ਦਾ ਉਮੀਦਵਾਰ ਮਿਲਿਆ। ਇਸ ਉਪਰੰਤ ਉਨ੍ਹਾਂ ਆਸ਼ੂ 'ਤੇ ਦੋਸ਼ ਲਾਇਆ ਕਿ ਉਨ੍ਹਾਂ ਸਾਡੇ ਨਾਲ ਮਿਲਣਾ ਮੁਨਾਸਿਬ ਨਹੀਂ ਸਮਝਿਆ ਅਤੇ ਆਸ਼ੂ ਨੇ ਸਪੱਸ਼ਟੀਕਰਨ ਦਿੰਦੇ ਹੋਏ ਕਿਹਾ ਕਿ ਮੈਨੂੰ ਉਨ੍ਹਾਂ ਦੇ ਆਉਣ ਬਾਰੇ ਕੋਈ



ਜਾਣਕਾਰੀ ਨਹੀਂ ਸੀ, ਜੇਕਰ ਉਨ੍ਹਾਂ ਸੱਚੇ ਦਿਲੋਂ ਮੇਰੀ ਮਦਦ ਕਰਨੀ ਹੀ ਸੀ ਤਾਂ ਜਿੱਥੇ ਮੈਂ ਚੋਣ ਪ੍ਰਚਾਰ ਕਰ ਰਿਹਾ ਸੀ, ਉੱਥੇ ਵੀ ਆ ਸਕਦੇ ਸਨ।

ਇਸ ਉਪਰੰਤ ਕਾਂਗਰਸ ਹਾਈ ਕਮਾਂਡ ਦੇ ਦਖਲ ਦੇਣ 'ਤੇ ਲੁਧਿਆਣਾ ਤੋਂ ਮੈਂਬਰ ਪਾਰਲੀਮੈਂਟ ਰਾਜਾ ਵੜਿੰਗ ਅਤੇ ਉਨ੍ਹਾਂ ਦੇ ਸਾਥੀ ਨਾਲ ਚੱਲੇ ਪਰ ਅੰਦਰ ਖਾਤੇ ਉਹ ਦਿੱਲੋਂ ਨਾਲ ਨਹੀਂ ਸਨ। ਹਲਕਾ ਪੱਛਮੀ ਦੀ ਇਕ ਕਾਨਫਰੰਸ ਦੌਰਾਨ ਉਮੀਦਵਾਰ ਭਾਰਤ ਭੂਸ਼ਣ ਆਸ਼ੂ, ਚੋਣ ਇੰਚਾਰਜ ਰਾਣਾ ਗੁਰਜੀਤ ਸਿੰਘ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸ਼ਾਮਲ ਹੋਣਾ ਮੁਨਾਸਿਬ ਨਹੀਂ ਸਮਝਿਆ। ਸਿਆਸੀ ਪੰਡਤਾਂ ਦੀ ਚੱਲ ਰਹੀ ਚਰਚਾ ਅਨੁਸਾਰ ਕੀ ਇਹ ਚੋਣ ਕਾਂਗਰਸ ਪਾਰਟੀ ਦੀ ਸੀ ਜਾਂ ਭਾਰਤ ਭੂਸ਼ਣ ਆਸ਼ੂ ਦੀ, ਜੇਕਰ ਇਹ ਕਾਂਗਰਸ ਪਾਰਟੀ ਦੀ ਸੀ ਤਾਂ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਪਾਰਟੀ ਦੇ ਮੁਖੀ ਹੋਣ ਦਾ ਫਰਜ਼ ਨਿਭਾਉਂਦੇ ਹੋਏ ਗੁੱਸੇ ਗਿਲੇ ਭੁਲਾ ਕੇ ਕਾਂਗਰਸ ਪਾਰਟੀ ਦੇ ਉਮੀਦਵਾਰ ਦੀ ਡੱਟ ਕੇ ਮਦਦ ਕਰਨੀ ਚਾਹੀਦੀ ਸੀ, ਕੀਤੇ ਗਏ ਖੁਲਾਸੇ ਅਨੁਸਾਰ ਕਈ ਕਾਂਗਰਸੀ ਆਗੂ ਆਪਣੇ ਖਾਸ ਬੰਦਿਆਂ ਨੂੰ ਫੋਨ ਕਰਕੇ ਕਹਿੰਦੇ ਰਹੇ ਕਿ ਆਸ਼ੂ ਨੂੰ ਨਾ ਤਾਂ ਵੋਟ ਪਾਉਣੀ ਹੈ ਅਤੇ ਨਾ ਹੀ ਪਵਾਉਣੀ ਹੈ।

ਜਿਸ ਦੀ ਰਿਕਾਰਡਿੰਗ ਬਕਾਇਦਾ ਨਸ਼ਰ ਹੋਈ। ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਵਿਧਾਇਕ ਨੇ ਤਾਂ ਮੀਡੀਆ ਸਾਹਮਣੇ ਇਥੋਂ ਤਕ ਬਿਆਨ ਦਿੱਤੇ ਕਿ ਆਸ਼ੂ ਨੇ ਪ੍ਰੋਟੋਕਾਲ ਦੀ ਉਲੰਘਣਾ ਕੀਤੀ ਅਤੇ ਸੀਨੀਅਰ ਆਗੂਆਂ ਨੂੰ ਦਰਕਿਨਾਰ ਕੀਤਾ। ਇਥੇ ਦੇਖਣਾ ਇਹ ਹੈ ਕਿ ਜੇਕਰ ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਸਬੰਧੀ ਵਿਚਾਰਿਆ ਜਾਵੇ ਤਾਂ ਇਸ ਚੋਣ ਨੂੰ 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ 'ਤੇ ਇਨ੍ਹਾਂ ਚੋਣਾਂ ਦਾ ਅਸਰ ਦੇਖਿਆ ਜਾ ਰਿਹਾ ਹੈ। ਸਿਆਸੀ ਗਲਿਆਰਿਆਂ ਵਿੱਚ ਇਸ ਗੱਲ ਦੀ ਵੀ ਆਮ ਚਰਚਾ ਹੈ ਕਿ ਜੇਕਰ ਕਾਂਗਰਸ ਪਾਰਟੀ ਦੇ ਆਗੂ ਇਸੇ ਤਰ੍ਹਾਂ ਧੜੇਬੰਦੀ ਬਣਾਈ ਰੱਖਦੇ ਹਨ ਤਾਂ 2027 ਵਿੱਚ ਜਿੱਤਣਾ ਮੁਸ਼ਕਲ ਹੋ ਜਾਵੇਗਾ।

ਪਹਿਲਾਂ ਵੀ ਇਹੋ ਜਿਹੀ ਧੜੇਬੰਦੀ ਕਾਰਨ ਕਾਂਗਰਸ ਪਾਰਟੀ ਦੀ ਸਰਕਾਰ ਬਣਦੀ ਬਣਦੀ ਰਹਿ ਗਈ ਸੀ ਅਤੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਗੱਠਜੋੜ ਨੇ ਦੁਬਾਰਾ ਸਰਕਾਰ ਬਣਾ ਲਈ ਸੀ। ਹੁਣ ਦੇਖਣਾ ਇਹ ਹੋਵੇਗਾ ਕੀ ਕਾਂਗਰਸ ਹਾਈ ਕਮਾਂਡ ਪੰਜਾਬ ਵਿੱਚ ਚੱਲ ਰਹੀ ਇਸ ਧੜੇਬੰਦੀ ਨੂੰ ਠੱਲ ਪਾਉਂਦੀ ਹੈ ਜਾਂ 2027 ਵਿੱਚ ਵੀ ਸਿਆਸੀ ਪੰਡਤਾਂ ਅਨੁਸਾਰ ਕਾਂਗਰਸ ਪਾਰਟੀ ਦੀ ਸਰਕਾਰ ਬਣੇਗੀ, ਆਮ ਆਦਮੀ ਪਾਰਟੀ ਜਾਂ ਕੋਈ ਹੋਰ ਪਾਰਟੀ ਦੀ। ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਇਹ ਜ਼ਿਮਨੀ ਚੋਣਾਂ ਹੀ ਪੰਜਾਬ ਵਰਗੇ ਸੂਬੇ ਵਿੱਚ ਆਉਣ ਵਾਲਿਆਂ 2027 ਦੀਆਂ ਚੋਣਾਂ ਦਾ ਅਕਸ ਹੈ।

# ਦੇਸ਼ 'ਚ ਲਿੰਗ ਸਮਾਨਤਾ ਦੇ ਮਾਮਲੇ ਵਿੱਚ ਗਿਰਾਵਟ: ਇੱਕ ਚਿੰਤਾਜਨਕ ਸੰਕੇਤ



ਪ੍ਰਿਅੰਕਾ ਸੌਰਭ
7015375570

ਵਿਸ਼ਵ ਆਰਥਿਕ ਫੋਰਮ ਦੀ ਗਲੋਬਲ ਜੈਂਡਰ ਗੈਪ ਰਿਪੋਰਟ 2024 ਵਿੱਚ ਭਾਰਤ ਨੂੰ 148 ਦੇਸ਼ਾਂ ਵਿੱਚੋਂ 131ਵਾਂ ਸਥਾਨ ਮਿਲਿਆ ਹੈ। ਇਹ ਨਾ ਸਿਰਫ਼ ਦੋ ਸਥਾਨਾਂ ਦੀ ਗਿਰਾਵਟ ਹੈ, ਸਗੋਂ ਭਾਰਤ ਦੀ ਵਿਕਾਸ ਯਾਤਰਾ ਵਿੱਚ ਛੁਪੀ ਅਸਮਾਨਤਾ ਨੂੰ ਵੀ ਉਜਾਗਰ ਕਰਦੀ ਹੈ, ਜਿਸਨੂੰ ਅਸੀਂ ਅਕਸਰ ਨਜ਼ਰਅੰਦਾਜ਼ ਕਰਦੇ ਹਾਂ। ਜਦੋਂ ਪੂਰੀ ਦੁਨੀਆ ਲਿੰਗ ਅਸਮਾਨਤਾ ਨੂੰ ਘਟਾਉਣ ਵਿੱਚ ਹੌਲੀ ਪਰ ਸਥਿਰ ਤਰੱਕੀ ਕਰ ਰਹੀ ਹੈ, ਤਾਂ ਭਾਰਤ ਦੀ ਪਛੜਾਈ ਸਿਰਫ਼ ਇੱਕ ਅੰਕੜਾ ਨਹੀਂ ਹੈ ਸਗੋਂ ਨੀਤੀ, ਸੋਚ ਅਤੇ ਸੰਸਥਾਗਤ ਪ੍ਰਣਾਲੀ ਦੀ ਅਸਫਲਤਾ ਦਾ ਪ੍ਰਤੀਬਿੰਬ ਹੈ।

2006 ਵਿੱਚ ਸ਼ੁਰੂ ਕੀਤਾ ਗਿਆ ਗਲੋਬਲ ਜੈਂਡਰ ਗੈਪ ਇੰਡੈਕਸ, ਚਾਰ ਮੁੱਖ ਖੇਤਰਾਂ- ਆਰਥਿਕ ਭਾਗੀਦਾਰੀ, ਸਿੱਖਿਆ, ਸਿਹਤ ਅਤੇ ਰਾਜਨੀਤਿਕ ਸਸ਼ਕਤੀਕਰਨ-ਵਿੱਚ ਮਰਦਾਂ ਅਤੇ ਔਰਤਾਂ ਵਿਚਕਾਰ ਸਮਾਨਤਾ ਨੂੰ ਮਾਪਦਾ ਹੈ। ਭਾਰਤ ਦਾ ਸਮੁੱਚਾ ਸਕੋਰ 64.1% ਹੈ, ਜੋ ਕਿ 68.5% ਦੇ ਵਿਸ਼ਵ ਔਸਤ ਤੋਂ ਬਹੁਤ ਘੱਟ ਹੈ। ਇੰਨਾ ਹੀ ਨਹੀਂ, ਦੱਖਣੀ ਏਸ਼ੀਆ ਵਿੱਚ ਵੀ ਭਾਰਤ ਬੰਗਲਾਦੇਸ਼, ਨੇਪਾਲ, ਸ਼੍ਰੀਲੰਕਾ ਅਤੇ ਭੂਟਾਨ ਵਰਗੇ ਗੁਆਂਢੀ ਦੇਸ਼ਾਂ ਤੋਂ ਪਿੱਛੇ ਹੈ।

ਭਾਰਤ ਨੇ ਆਰਥਿਕ ਭਾਗੀਦਾਰੀ ਵਿੱਚ ਮਾਮੂਲੀ ਸੁਧਾਰ ਕੀਤੇ ਹਨ, ਪਰ ਔਰਤਾਂ ਦੀ ਕਿਰਤ ਭਾਗੀਦਾਰੀ ਦਰ ਅਜੇ ਵੀ 45.9% 'ਤੇ ਅਟਕ ਗਈ ਹੈ। ਔਰਤਾਂ ਦੇਖਭਾਲ, ਸਿਹਤ ਅਤੇ ਸਿੱਖਿਆ ਵਰਗੇ ਘੱਟ ਤਨਖਾਹ ਵਾਲੇ ਖੇਤਰਾਂ ਵਿੱਚ ਕੇਂਦ੍ਰਿਤ ਹਨ। ਘਰੇਲੂ ਅਤੇ ਬਿਨਾਂ ਤਨਖਾਹ ਵਾਲੀ ਕਿਰਤ, ਜੋ ਕਿ ਦੇਸ਼ ਦੀ ਅਸੰਗਠਿਤ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਹੈ, ਨੂੰ ਅਜੇ ਤੱਕ ਕਿਸੇ ਵੀ ਰਾਸ਼ਟਰੀ ਲੇਖਾ-ਜੋਖਾ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਹੈ। ਔਰਤਾਂ ਨੂੰ ਇੱਕੋ ਕੰਮ ਲਈ ਮਰਦਾਂ ਨਾਲੋਂ 20-30% ਘੱਟ ਤਨਖਾਹ ਮਿਲਦੀ ਹੈ। ਇਹ ਆਰਥਿਕ ਅਸਮਾਨਤਾ ਸਿਰਫ਼ ਅੰਕੜਿਆਂ ਦੀ ਸਮੱਸਿਆ ਨਹੀਂ ਹੈ, ਸਗੋਂ ਸੋਚ ਦੀ ਸਮੱਸਿਆ ਹੈ।

ਜਦੋਂ ਕਿ ਸਿੱਖਿਆ ਵਿੱਚ ਕੁਝ ਤਰੱਕੀ ਹੋਈ ਹੈ, ਔਰਤਾਂ ਦੀ ਸਾਖਰਤਾ ਦਰ ਅਜੇ ਵੀ ਲਗਭਗ 70% ਹੈ, ਜੋ ਕਿ ਵਿਸ਼ਵਵਿਆਪੀ ਔਸਤ 87% ਤੋਂ ਬਹੁਤ ਘੱਟ ਹੈ। ਉੱਚ ਸਿੱਖਿਆ ਵਿੱਚ ਔਰਤਾਂ ਦੀ ਭਾਗੀਦਾਰੀ, ਖਾਸ ਕਰਕੇ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ ਖੇਤਰਾਂ ਵਿੱਚ ਬਹੁਤ ਘੱਟ ਹੈ। ਸਮਾਜਿਕ ਰੁਕਾਵਟਾਂ ਜੋ ਪੇਂਡੂ ਖੇਤਰਾਂ, ਕਬਾਇਲੀ ਖੇਤਰਾਂ ਅਤੇ ਹੇਠਲੇ-ਵਰਗ ਦੇ ਪਰਿਵਾਰਾਂ ਦੀਆਂ ਕੁੜੀਆਂ ਨੂੰ ਸਿੱਖਿਆ ਤੋਂ ਵਾਂਝਾ ਕਰਦੀਆਂ ਹਨ-ਜਿਵੇਂ ਕਿ ਬਾਲ ਵਿਆਹ, ਰੂੜੀਵਾਦੀ ਸੋਚ ਅਤੇ ਸਕੂਲਾਂ ਤੋਂ ਦੂਰੀ-ਅਜੇ ਵੀ ਮੌਜੂਦ ਹਨ।

ਭਾਰਤ ਸਿਹਤ ਅਤੇ ਜੀਵਨ ਸੰਭਾਵਨਾ ਦੇ ਮਾਮਲੇ ਵਿੱਚ ਵੀ ਪਿੱਛੇ ਹੈ। ਜਨਮ ਸਮੇਂ ਲਿੰਗ ਅਨੁਪਾਤ ਅਜੇ ਵੀ ਪ੍ਰਤੀ 1000 ਮੁੰਡਿਆਂ ਪਿੱਛੇ 929 ਕੁੜੀਆਂ ਹੈ। ਮਾਵਾਂ ਦੀਆਂ ਸਮੱਸਿਆਵਾਂ, ਕੁਪੋਸ਼ਣ, ਅਨੀਮੀਆ ਅਤੇ ਜਣੇਪੇ ਦੌਰਾਨ ਸਿਹਤ ਸੇਵਾਵਾਂ ਦੀ ਘਾਟ ਪੇਂਡੂ ਔਰਤਾਂ ਨੂੰ ਗੰਭੀਰਤਾ ਨਾਲ ਪ੍ਰਭਾਵਿਤ ਕਰਦੀ ਹੈ। ਘਰ ਦੀਆਂ ਚਾਰ ਦੀਵਾਰਾਂ ਦੇ ਅੰਦਰ ਔਰਤਾਂ ਦੀ ਸਿਹਤ ਨੂੰ ਤਰਜੀਹ ਨਾ ਦੇਣਾ ਸਾਡੇ ਪਰਿਵਾਰਕ ਸਿਸਟਮ ਦੀ ਕਮਜ਼ੋਰੀ ਹੈ।

ਰਾਜਨੀਤਿਕ ਸਸ਼ਕਤੀਕਰਨ ਦੇ ਖੇਤਰ ਵਿੱਚ ਭਾਰਤ ਦੀ ਸਥਿਤੀ ਬਹੁਤ ਚਿੰਤਾਜਨਕ ਹੈ। ਸੰਸਦ ਵਿੱਚ ਔਰਤਾਂ ਦੀ ਪ੍ਰਤੀਨਿੱਧਤਾ ਘੱਟ ਕੇ 13.8% ਰਹਿ ਗਈ ਹੈ ਅਤੇ ਕੇਂਦਰੀ ਮੰਤਰੀ ਮੰਡਲ ਵਿੱਚ ਸਿਰਫ਼ 5.6% ਔਰਤਾਂ ਹਨ। ਇਹ ਹੋਰ ਵੀ ਵਿਅੰਗਾਤਮਕ ਹੋ ਜਾਂਦਾ ਹੈ ਜਦੋਂ ਅਸੀਂ ਜਾਣਦੇ ਹਾਂ ਕਿ ਮਹਿਲਾ ਰਿਜ਼ਰਵੇਸ਼ਨ ਬਿੱਲ 2023 ਪਾਸ ਹੋ ਗਿਆ ਹੈ, ਪਰ ਜਨਗਣਨਾ ਅਤੇ ਹਲਕੇ ਦੀ ਮੁੜ-ਸੀਮਾਬੰਦੀ ਦੀ ਪ੍ਰਕਿਰਿਆ ਵਿੱਚ ਦੇਰੀ ਕਾਰਨ ਇਸਦਾ ਲਾਗੂਕਰਨ ਰੁਕਿਆ ਹੋਇਆ ਹੈ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸਿਰਫ਼ ਕਾਨੂੰਨ ਪਾਸ ਕਰਨਾ ਕਾਫ਼ੀ ਨਹੀਂ ਹੈ, ਉਨ੍ਹਾਂ ਨੂੰ ਲਾਗੂ ਕਰਨ ਦੀ ਇੱਛਾ ਸ਼ਕਤੀ ਵੀ ਜ਼ਰੂਰੀ ਹੈ।

ਭਾਰਤ ਕੋਲ ਆਪਣੇ ਗੁਆਂਢੀਆਂ ਤੋਂ ਸਿੱਖਣ ਲਈ ਬਹੁਤ ਕੁਝ ਹੈ। ਬੰਗਲਾਦੇਸ਼ ਵਰਗੇ ਦੇਸ਼ਾਂ ਨੇ ਸੂਖਮ ਵਿੱਤ, ਔਰਤਾਂ ਦੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਅਤੇ ਨਿਰੰਤਰ ਰਾਜਨੀਤਿਕ ਭਾਗੀਦਾਰੀ ਵਰਗੇ ਉਪਾਵਾਂ ਰਾਹੀਂ ਸਕਾਰਾਤਮਕ ਸੁਧਾਰ ਕੀਤੇ ਹਨ। ਨੇਪਾਲ ਵਿੱਚ, ਸੰਵਿਧਾਨ ਸਥਾਨਕ ਸੰਸਥਾਵਾਂ ਵਿੱਚ ਔਰਤਾਂ ਦੀ ਲਾਜ਼ਮੀ ਭਾਗੀਦਾਰੀ ਨੂੰ ਯਕੀਨੀ ਬਣਾਉਂਦਾ ਹੈ। ਹੈਰਾਨੀ ਦੀ ਗੱਲ ਹੈ ਕਿ ਬਹੁਤ ਸਾਰੇ ਘੱਟ ਆਮਦਨ ਵਾਲੇ ਦੇਸ਼ਾਂ ਨੇ ਅਮੀਰ ਦੇਸ਼ਾਂ ਨਾਲੋਂ ਲਿੰਗ ਸਮਾਨਤਾ ਵਿੱਚ ਤੇਜ਼ੀ ਨਾਲ ਤਰੱਕੀ ਕੀਤੀ ਹੈ, ਜੋ ਦਰਸਾਉਂਦੀ ਹੈ ਕਿ ਤਬਦੀਲੀ ਲਈ ਪੈਸੇ ਦੀ ਨਹੀਂ, ਦ੍ਰਿੜਤਾ ਦੀ ਲੋੜ ਹੈ। ਲਿੰਗ ਸਮਾਨਤਾ ਸਿਰਫ਼ ਇੱਕ ਸਮਾਜਿਕ ਉਦੇਸ਼ ਨਹੀਂ ਹੈ, ਇਹ ਭਾਰਤ ਦੀ ਆਰਥਿਕ ਤਰੱਕੀ ਲਈ ਵੀ ਜ਼ਰੂਰੀ ਹੈ। ਮੈਕਿੰਸੀ ਗਲੋਬਲ ਇੰਸਟੀਚਿਊਟ ਦਾ ਅੰਦਾਜ਼ਾ ਹੈ ਕਿ ਜੇਕਰ ਭਾਰਤ ਕਾਰਜਬਲ ਵਿੱਚ ਔਰਤਾਂ ਦੀ ਭਾਗੀਦਾਰੀ ਨੂੰ ਵਧਾ ਦਿੰਦਾ ਹੈ ਤਾਂ ਭਾਰਤ 2025 ਤੱਕ ਆਪਣੇ ਕੁੱਲ ਘਰੇਲੂ ਉਤਪਾਦ (GDP) ਨੂੰ £700 ਬਿਲੀਅਨ ਤੱਕ ਵਧਾ ਸਕਦਾ ਹੈ। ਸਿੱਖਿਆ, ਸਿਹਤ ਅਤੇ ਸ਼ਾਸਨ ਵਿੱਚ ਔਰਤਾਂ ਦੀ ਭਾਗੀਦਾਰੀ ਵਧੇਰੇ ਬਰਾਬਰੀ ਵਾਲੇ ਅਤੇ ਸਮਾਵੇਸ਼ੀ ਸਮਾਜਿਕ ਨਤੀਜਿਆਂ ਵੱਲ ਵੀ ਲੈ ਜਾਂਦੀ ਹੈ। ਭਾਰਤ ਦੀ ਜਨਸੰਖਿਆ ਸੰਭਾਵਨਾ ਨੂੰ ਤਾਂ ਹੀ ਸਾਕਾਰ ਕੀਤਾ ਜਾ ਸਕੇਗਾ, ਜੇਕਰ ਔਰਤਾਂ ਦੀ ਪੂਰੀ ਅਤੇ ਬਰਾਬਰ ਭਾਗੀਦਾਰੀ ਨੂੰ ਯਕੀਨੀ ਬਣਾਇਆ ਜਾਵੇ।

ਪਰ ਚੁਣੌਤੀਆਂ ਹੋਰ ਵੀ ਡੂੰਘੀਆਂ ਹਨ। ਪਿਤਾ-ਪੁਰਖੀ ਸਮਾਜਿਕ ਕਦਰਾਂ-ਕੀਮਤਾਂ, ਕੰਮ ਵਾਲੀਆਂ ਥਾਵਾਂ ਅਤੇ ਜਨਤਕ ਥਾਵਾਂ 'ਤੇ ਔਰਤਾਂ ਲਈ ਸੁਰੱਖਿਆ ਦੀ ਘਾਟ, ਡਿਜੀਟਲ ਡਿਵਾਈਸਾਂ ਤੱਕ ਸੀਮਤ ਪਹੁੰਚ ਅਤੇ ਢਿੱਲੀ ਨੀਤੀ ਲਾਗੂਕਰਨ-ਇਹ ਸਭ ਲਿੰਗ ਅਸਮਾਨਤਾ ਨੂੰ ਸਥਾਈ ਬਣਾਉਂਦੇ ਹਨ। ਹੁਣ ਸਮਾਂ ਆ ਗਿਆ ਹੈ ਕਿ ਭਾਰਤ ਨੂੰ ਯੋਜਨਾਵਾਂ ਬਣਾਉਣ ਤੱਕ ਹੀ ਸੀਮਤ ਨਹੀਂ ਰਹਿਣਾ ਚਾਹੀਦਾ, ਸਗੋਂ ਉਨ੍ਹਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨਾ ਚਾਹੀਦਾ ਹੈ। ਮਹਿਲਾ ਰਿਜ਼ਰਵੇਸ਼ਨ ਬਿੱਲ ਨੂੰ ਲਾਗੂ ਕਰਨ ਲਈ ਜਨਗਣਨਾ ਅਤੇ ਚੋਣ ਹਲਕੇ ਦੀ ਹੱਦਬੰਦੀ ਪ੍ਰਕਿਰਿਆ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਘਰੇਲੂ ਅਤੇ ਬਿਨਾਂ ਤਨਖਾਹ ਵਾਲੇ ਮਜ਼ਦੂਰਾਂ ਨੂੰ ਰਾਸ਼ਟਰੀ ਆਰਥਿਕ ਖਾਤਿਆਂ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਸਤਿਕਾਰ ਅਤੇ ਸਮਾਜਿਕ ਸੁਰੱਖਿਆ ਦਿੱਤੀ ਜਾਣੀ ਚਾਹੀਦੀ ਹੈ। ਔਰਤਾਂ ਲਈ ਲਚਕਦਾਰ ਅਤੇ ਸੁਰੱਖਿਅਤ ਕਾਰਜ ਸਥਾਨਾਂ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ, ਖਾਸ ਕਰਕੇ ਪੇਂਡੂ ਅਤੇ ਅਰਧ-ਸ਼ਹਿਰੀ ਖੇਤਰਾਂ ਵਿੱਚ। ਨਿੱਜੀ ਖੇਤਰ ਵਿੱਚ ਔਰਤਾਂ ਦੀ ਅਗਵਾਈ ਨੂੰ ਉਤਸ਼ਾਹਿਤ ਕਰਨ ਲਈ, ਕੰਪਨੀਆਂ ਲਈ ਮਹਿਲਾ ਨਿਰਦੇਸ਼ਕਾਂ ਦਾ ਹੋਣਾ ਲਾਜ਼ਮੀ ਹੋਣਾ ਚਾਹੀਦਾ ਹੈ। ਵਿਗਿਆਨ, ਰਾਜਨੀਤੀ ਅਤੇ ਉੱਦਮਤਾ ਵਿੱਚ ਔਰਤਾਂ ਲਈ ਸਲਾਹ ਪ੍ਰੋਗਰਾਮ ਚਲਾਏ ਜਾਣੇ ਚਾਹੀਦੇ ਹਨ। ਡਿਜੀਟਲ ਪਾੜੇ ਨੂੰ ਪੂਰਾ ਕਰਨ ਲਈ, ਔਰਤਾਂ ਲਈ ਸਸਤੀਆਂ ਮੋਬਾਈਲ ਅਤੇ ਇੰਟਰਨੈੱਟ ਸੇਵਾਵਾਂ ਉਪਲਬਧ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ ਅਤੇ ਡਿਜੀਟਲ ਸਾਖਰਤਾ ਪ੍ਰੋਗਰਾਮਾਂ ਨੂੰ ਪੰਚਾਇਤ ਪੱਧਰ ਤੱਕ ਲਿਜਾਇਆ ਜਾਣਾ ਚਾਹੀਦਾ ਹੈ। ਹਰੇਕ ਯੋਜਨਾ ਅਤੇ ਸਰਵੇਖਣ ਵਿੱਚ ਲਿੰਗ-ਵੰਡਿਆ ਡੈਟਾ ਇਕੱਠਾ ਕਰਨਾ ਲਾਜ਼ਮੀ ਹੋਣਾ ਚਾਹੀਦਾ ਹੈ ਤਾਂ ਜੋ ਰਾਜ ਅਤੇ ਜ਼ਿਲ੍ਹਾ ਪੱਧਰ 'ਤੇ ਪ੍ਰਗਤੀ ਦੀ ਨਿਗਰਾਨੀ ਕੀਤੀ ਜਾ ਸਕੇ ਅਤੇ ਨੀਤੀ ਨਿਰਮਾਣ ਨੂੰ ਵਧੇਰੇ ਨਿਸ਼ਾਨਾ ਬਣਾਇਆ ਜਾ ਸਕੇ। ਭਾਰਤ ਦੀ ਲਿੰਗ ਸਮਾਨਤਾ ਵਿੱਚ ਇਹ ਗਿਰਾਵਟ ਸਿਰਫ਼ ਇੱਕ ਅੰਕੜਾ ਨਹੀਂ ਹੈ ਸਗੋਂ ਇੱਕ ਯਾਦ ਦਿਵਾਉਂਦੀ ਹੈ-ਕਿ ਅਸੀਂ ਵਿਕਾਸ ਦੀ ਦੌੜ ਵਿੱਚ ਅੱਧੀ ਆਬਾਦੀ ਨੂੰ ਪਿੱਛੇ ਛੱਡ ਦਿੱਤਾ ਹੈ। ਇਹ ਗਲਤੀ ਨਾ ਸਿਰਫ਼ ਸਮਾਜਿਕ ਨਿਆਂ ਦੀ ਕੀਮਤ 'ਤੇ ਆਉਂਦੀ ਹੈ, ਸਗੋਂ ਰਾਸ਼ਟਰੀ ਖੁਸ਼ਹਾਲੀ ਦੀ ਵੀ ਕੀਮਤ 'ਤੇ ਆਉਂਦੀ ਹੈ। ਸਮਾਨਤਾ ਦਾ ਰਸਤਾ ਲੰਮਾ ਹੈ, ਪਰ ਅਸੰਭਵ ਨਹੀਂ ਹੈ। ਨੀਤੀ ਤਿਆਰ ਹੋ ਚੁੱਕੀ ਹੈ, ਦਿਸ਼ਾ ਸਪੱਸ਼ਟ ਹੈ, ਹੁਣ ਜਿਸ ਚੀਜ਼ ਦੀ ਲੋੜ ਹੈ ਉਹ ਹੈ ਰਾਜਨੀਤਿਕ ਸੰਕਲਪ, ਸਮਾਜਿਕ ਸਹਿਮਤੀ ਅਤੇ ਸੰਸਥਾਗਤ ਲਾਗੂਕਰਨ। ਜਦੋਂ ਤੱਕ ਭਾਰਤ ਆਪਣੀ ਅੱਧੀ ਆਬਾਦੀ ਨੂੰ ਬਰਾਬਰ ਦਾ ਦਰਜਾ ਨਹੀਂ ਦਿੰਦਾ, ਇੱਕ ਵਿਕਸਤ ਰਾਸ਼ਟਰ ਦਾ ਸੁਪਨਾ ਅਧੂਰਾ ਰਹੇਗਾ।

# ਸਮਾਣਾ ਵਿਖੇ ਟਾਵਰ 'ਤੇ ਚੜ੍ਹ ਕੇ ਸੰਘਰਸ਼ ਕਰ ਰਹੇ ਗੁਰਜੀਤ ਸਿੰਘ ਦੀ ਵਿਗੜ ਰਹੀ ਹਾਲਤ 'ਤੇ ਪ੍ਰਗਟਾਈ ਚਿੰਤਾ

## ਬੇਅਦਬੀਆਂ ਸਬੰਧੀ ਸਖ਼ਤ ਕਾਨੂੰਨ ਬਣਾਉਣ ਲਈ ਸੰਜੀਦਾ ਹੋਵੇ ਸਰਕਾਰ : ਐਡਵੋਕੇਟ ਧਾਮੀ



ਅੰਮ੍ਰਿਤਸਰ, 27 ਜੂਨ, (ਗੁਰਦਿਆਲ ਸਿੰਘ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਨੇ ਬੇਅਦਬੀਆਂ ਦੇ ਮਾਮਲਿਆਂ ਵਿਚ ਦੋਸ਼ੀਆਂ ਖਿਲਾਫ਼ ਸਖ਼ਤ ਕਾਰਵਾਈ ਲਈ ਕਾਨੂੰਨ ਬਣਾਉਣ ਦੀ ਮੰਗ ਨੂੰ ਲੈ ਕੇ ਪਿਛਲੇ ਲੰਮੇ ਸਮੇਂ ਤੋਂ ਸਮਾਣਾ ਵਿਖੇ ਟਾਵਰ 'ਤੇ ਚੜ੍ਹ ਕੇ ਸੰਘਰਸ਼ ਕਰ ਰਹੇ ਸਿੱਖ ਨੌਜੁਆਨ ਸ. ਗੁਰਜੀਤ ਸਿੰਘ ਖ਼ਾਲਸਾ ਦੀ ਵਿਗੜ ਰਹੀ ਹਾਲਤ 'ਤੇ ਚਿੰਤਾ ਪ੍ਰਗਟ ਕਰਦਿਆਂ ਸਰਕਾਰ ਦੀ ਕਰੜੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸਿੱਖ ਭਾਵਨਾਵਾਂ ਨਾਲ ਜੁੜੇ ਇਸ ਮੁੱਦੇ 'ਤੇ ਸਰਕਾਰ ਦੀ ਪਹੁੰਚ ਲਗਾਤਾਰ ਗੈਰ-ਜ਼ੁੰਮੇਵਰਾਨਾ ਰਹੀ ਹੈ, ਜਿਸ ਕਾਰਨ ਸਿੱਖ ਨੌਜੁਆਨ ਦੀ ਜ਼ਿੰਦਗੀ ਨੂੰ ਖ਼ਤਰਾ ਬਣਿਆ ਹੋਇਆ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਬੇਅਦਬੀਆਂ ਦਾ ਮਾਮਲਾ ਬੇਹੱਦ ਸੰਜੀਦਾ ਹੈ ਅਤੇ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਹਮੇਸ਼ਾ ਹੀ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਲਈ ਯਤਨਸ਼ੀਲ ਰਹੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਬੇਅਦਬੀਆਂ ਦੇ ਮਾਮਲੇ ਵਿਚ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਲਈ ਕਾਨੂੰਨ ਪਾਸ ਕਰਨ ਵਾਸਤੇ ਕਈ ਵਾਰ ਸਰਕਾਰਾਂ ਨੂੰ ਲਿਖਿਆ ਹੈ, ਪ੍ਰੰਤੂ ਦੁੱਖ ਦੀ ਗੱਲ ਹੈ ਕਿ ਸਰਕਾਰਾਂ ਵੱਲੋਂ ਬੇਹੱਦ ਸੰਜੀਦਾ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ। ਇਸੇ ਹੀ ਸਬੰਧ ਵਿਚ ਸਿੱਖ ਨੌਜੁਆਨ ਗੁਰਜੀਤ ਸਿੰਘ ਖਾਲਸਾ ਸੰਘਰਸ਼ ਦੇ ਰਾਹ 'ਤੇ ਹੈ, ਪ੍ਰੰਤੂ ਸਰਕਾਰ ਦੀ ਖ਼ਾਮੋਸ਼ੀ ਸਵਾਲ ਖੜ੍ਹੇ ਕਰ ਰਹੀ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਮਾਮਲੇ ਵਿਚ ਫੜ੍ਹੇ ਗਏ ਦੋਸ਼ੀ ਅਕਸਰ ਹੀ ਸਖ਼ਤ ਕਾਨੂੰਨ ਦੀ ਘਾਟ ਕਾਰਨ ਜਲਦ ਛੁੱਟ ਜਾਂਦੇ ਹਨ, ਜਿਸ ਨਾਲ ਸੰਗਤਾਂ ਦੀਆਂ ਭਾਵਨਾਵਾਂ ਆਹਤ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਬੇਅਦਬੀਆਂ ਵਿਰੁੱਧ ਕਾਨੂੰਨ ਬਣਾਉਣ ਦੀ ਮੰਗ ਨੂੰ ਲੈ ਕੇ ਸੰਘਰਸ਼ ਕਰ ਰਹੇ ਨੌਜੁਆਨ ਦੀ ਸਮੁੱਚਾ ਪੰਥ ਹਮਾਇਤ ਕਰਦਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਵੀ ਇਸ ਨੌਜੁਆਨ ਨੂੰ ਮਿਲ ਕੇ ਸਮਰਥਨ ਦਿੱਤਾ ਗਿਆ ਸੀ ਅਤੇ ਹੁਣ ਵੀ ਸਿੱਖ ਸੰਸਥਾ ਉਸ ਦੇ ਨਾਲ ਹੈ।

# ਖ਼ਾਲੀ ਪਏ ਪਲਾਟਾਂ ਵਿੱਚੋਂ ਮਾਲਕ ਕੂੜਾ-ਕਰਕਟ ਅਤੇ ਗੰਦੇ ਪਾਣੀ ਦੀ ਤੁਰੰਤ ਸਫ਼ਾਈ ਕਰਵਾਉਣ : ਜ਼ਿਲ੍ਹਾ ਮੈਜਿਸਟਰੇਟ



ਅੰਮ੍ਰਿਤਸਰ, 27 ਜੂਨ, (ਬਬਲੂ ਮਹਾਜਨ) : ਜ਼ਿਲ੍ਹਾ ਮੈਜਿਸਟਰੇਟ ਕਮ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਸ਼ਹਿਰ ਅਤੇ ਕਸਬਿਆਂ ਵਿੱਚ ਖਾਲੀ ਪਏ ਪਲਾਟਾਂ ਵਿੱਚੋਂ ਕੂੜਾ ਕਰਕਟ ਹਟਾਉਣ ਅਤੇ ਗੰਦਾ ਪਾਣੀ ਕੱਢਣ ਦੇ ਹੁਕਮ ਪਲਾਟ ਮਾਲਕਾਂ ਨੂੰ ਕੀਤੇ ਹਨ। ਜਾਰੀ ਕੀਤੇ ਹੁਕਮਾਂ ਵਿੱਚ ਉਹਨਾਂ ਨੇ ਕਿਹਾ ਕਿ ਸ਼ਹਿਰ ਵਿੱਚ ਜਗ੍ਹਾ-ਜਗ੍ਹਾ 'ਤੇ ਵੱਖ-ਵੱਖ ਵਿਅਕਤੀਆਂ ਦੀ ਮਾਲਕੀ/ਕਬਜ਼ੇ ਅਧੀਨ ਖਾਲੀ ਪਏ ਪਲਾਟਾਂ ਵਿੱਚ ਕੂੜਾ-ਕਰਕਟ, ਗੰਦਗੀ ਅਤੇ ਗੰਦਾ ਪਾਣੀ ਇਕੱਠਾ ਹੁੰਦਾ ਰਹਿੰਦਾ ਹੈ, ਜਿਸ ਨਾਲ ਕਈ ਤਰ੍ਹਾਂ ਦੇ ਨੁਕਸਾਨਦਾਇਕ ਜੀਵ-ਜੰਤੂ ਪੈਦਾ ਹੁੰਦੇ ਹਨ, ਜੋ ਵੱਖ-ਵੱਖ ਪ੍ਰਕਾਰ ਦੀਆਂ ਬਿਮਾਰੀਆਂ ਜਿਵੇਂ ਡੇਂਗੂ, ਮਲੇਰੀਆ, ਚਿਕਨਗੁਨੀਆਂ ਆਦਿ ਫੈਲਾਉਂਦੇ ਹਨ। ਇਹ ਬਿਮਾਰੀਆਂ ਸ਼ਹਿਰ ਵਾਸੀਆਂ ਦੀ ਸਿਹਤ ਲਈ ਇੱਕ ਗੰਭੀਰ ਅਤੇ ਜਾਨਲੇਵਾ ਖ਼ਤਰਾ ਹਨ। ਇਹਨਾਂ ਬਿਮਾਰੀਆਂ ਨੂੰ ਫੈਲਣ ਤੋਂ ਰੋਕਣ ਲਈ ਇਹਨਾਂ ਖਾਲੀ ਪਏ ਪਲਾਟਾਂ ਦੀ ਸਾਫ-ਸਫਾਈ ਹੋਣੀ ਜਰੂਰੀ ਹੈ।

ਇਸ ਲਈ ਮਨੁੱਖੀ ਸਿਹਤ ਅਤੇ ਉਪਰੋਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਮੈਜਿਸਟ੍ਰੇਟ ਅੰਮ੍ਰਿਤਸਰ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੀ ਹੋਏ, ਉਕਤ ਪਲਾਟਾਂ ਦੇ ਮਾਲਕਾਂ ਨੂੰ ਪਲਾਟਾਂ ਵਿੱਚੋਂ ਕੂੜੇ-ਕਰਕਟ, ਗੰਦਗੀ ਅਤੇ ਗੰਦੇ ਪਾਣੀ ਦੀ ਤੁਰੰਤ ਸਾਫ-ਸਫਾਈ ਕਰਵਾਉਣ ਦੀ ਹਦਾਇਤ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਖਾਲੀ ਪਲਾਟ ਦੇ ਆਲੇ-ਦੁਆਲੇ ਪੱਕੀ ਚਾਰ-ਦੀਵਾਰੀ ਜਾਂ ਫੈਂਸਿੰਗ ਕਰਵਾਉਣੀ ਯਕੀਨੀ ਬਣਾਈ ਜਾਵੇ ਜਾਂ ਪਲਾਟ ਵਿੱਚ ਕੂੜਾ-ਕਰਕਟ ਇਕੱਠਾ ਹੋਣ ਤੋਂ ਰੋਕਿਆ ਜਾਵੇ।

# ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗਠਿਤ ਪੰਜ ਮੈਂਬਰੀ ਭਰਤੀ ਕਮੇਟੀ ਅਤੇ ਅਕਾਲੀ ਦਲ (ਵਾਰਿਸ ਪੰਜਾਬ ਦੇ) ਦੀ ਹੋਈ ਅਹਿਮ ਮੀਟਿੰਗ



ਅੰਮ੍ਰਿਤਸਰ, 27 ਜੂਨ, (ਬਬਲੂ ਮਹਾਜਨ/ਗੁਰਦਿਆਲ ਸਿੰਘ) : ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਤੋ ਬਣੀ ਭਰਤੀ ਕਮੇਟੀ ਜਿਨ੍ਹਾਂ ਵਿੱਚ ਬੀਬੀ ਸਤਵੰਤ ਕੌਰ, ਮਨਪ੍ਰੀਤ ਸਿੰਘ ਇਆਲੀ, ਜਥੇਦਾਰ ਸੰਤਾ ਸਿੰਘ ਜੀ ਉਮੈਦਪੁਰੀ, ਜਥੇ: ਗੁਰਪ੍ਰਤਾਪ ਸਿੰਘ ਵਡਾਲਾ, ਇਕਬਾਲ ਸਿੰਘ ਝੂੰਦਾ ਪੰਥਕ ਏਕੇ ਦਾ ਸੱਦਾ ਲੈ ਕੈ ਅਕਾਲੀ ਦਲ (ਵਾਰਿਸ ਪੰਜਾਬ ਦੇ) ਮੁੱਖ ਸੇਵਾਦਾਰ ਅਤੇ ਮੈਂਬਰ ਪਾਰਲੀਮੈਂਟ ਹਲਕਾ ਖਡੂਰ ਸਾਹਿਬ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੇ ਗ੍ਰਹਿ ਵਿਖੇ ਪਹੁੰਚੇ। ਇਸ ਮੌਕੇ 'ਤੇ ਵਿਸ਼ੇਸ਼ ਤੌਰ 'ਤੇ ਭਾਈ ਦਇਆ ਸਿੰਘ ਲਹੌਰੀਆ ਵੀ ਹਾਜ਼ਰ ਸਨ। ਅਕਾਲੀ ਦਲ (ਵਾਰਿਸ ਪੰਜਾਬ ਦੇ) ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਭਰਤੀ ਕਮੇਟੀ ਵੱਲੋਂ ਪੰਥਕ ਏਕਤਾ ਦੇ ਕੀਤੇ ਜਾ ਰਹੇ ਯਤਨਾਂ ਦਾ ਸਵਾਗਤ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਪੁਨਰ-ਸੁਰਜੀਤੀ ਲਈ ਬਣਾਈ ਭਰਤੀ ਕਮੇਟੀ ਅਤੇ ਅਕਾਲੀ ਦਲ ( ਵਾਰਿਸ ਪੰਜਾਬ ਦੇ ) ਵੱਲੋਂ ਇਹ ਫੈਸਲਾ ਹੋਇਆ ਕਿ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਪੰਥਕ ਧਿਰਾਂ ਨਾਲ ਤਾਲਮੇਲ ਕਰਕੇ ਸਮੁੱਚੀਆਂ ਪੰਥਕ ਧਿਰਾਂ ਨੂੰ ਇਕ ਪਲੇਟਫਾਰਮ 'ਤੇ ਇਕੱਠੇ ਕਰਨ ਦੇ ਸਾਂਝੇ ਤੌਰ ਯਤਨ ਕੀਤੇ ਜਾਣੇ ਚਾਹੀਦੇ ਹਨ, ਤਾਂ ਕਿ ਕੌਮ ਨੂੰ ਪੰਥਕ ਸੰਕਟ ਚੋਂ ਕੱਢ ਕੇ ਚੜ੍ਹਦੀਕਲਾ ਵੱਲ ਲਿਜਾਇਆ ਜਾ ਸਕੇ ਅਤੇ ਪੰਜਾਬ ਨੂੰ ਬਚਾਇਆ ਜਾ ਸਕੇ। ਇਸ ਸਮੇਂ ਅਕਾਲੀ ਦਲ (ਵਾਰਿਸ ਪੰਜਾਬ ਦੇ) ਦੀ ਮੁੱਖ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਬਾਪੂ ਤਰਸੇਮ ਸਿੰਘ, ਫ਼ਰੀਦਕੋਟ ਤੋਂ ਮੈਂਬਰ ਪਾਰਲੀਮੈਂਟ ਭਾਈ ਸਰਬਜੀਤ ਸਿੰਘ ਜੀ ਖ਼ਾਲਸਾ, ਅਮਰਜੀਤ ਸਿੰਘ ਵੰਨਚਿੜੀ, ਹਰਭਜਨ ਸਿੰਘ ਤੁੜ, ਸੁਰਜੀਤ ਸਿੰਘ ਦੌਲਤਪੁਰ ਹਾਜ਼ਰ ਸਨ।

# ਚੀਫ਼ ਖ਼ਾਲਸਾ ਦੀਵਾਨ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਜ਼ ਨੂੰ ਅਤਿ-ਆਧੁਨਿਕ ਸਕੂਲ ਵੈਨਾਂ ਸੌਂਪੀਆਂ



ਅੰਮ੍ਰਿਤਸਰ, 27 ਜੂਨ, (ਬਬਲੂ ਮਹਾਜਨ) : ਸਿੱਖ ਪੰਥ ਦੀ ਸਿਰਮੌਰ ਸੰਸਥਾ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਜ਼, ਘਸੀਟਪੁਰਾ, ਮਹਿਲ ਜੰਡਿਆਲਾ, ਨਵਾਂ ਪਿੰਡ, ਦੇਸਾ ਸਿੰਘ ਮਜੀਠਾ, ਸੁਲਤਾਨਵਿੰਡ ਲਿੰਕ ਰੋਡ ਅਤੇ ਪੱਟੀ ਸਕੂਲਜ਼ ਦੇ ਪ੍ਰਬੰਧਕਾਂ ਨੂੰ ਅਤਿ ਆਧੁਨਿਕ ਸਕੂਲ ਵੈਨਾਂ ਦੀਆਂ ਚਾਬੀਆਂ ਸੌਂਪੀਆਂ ਗਈਆਂ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਅੱਗੋਂ ਵੀ ਵਿਦਿਆਰਥੀਆਂ ਦੀ ਜ਼ਰੂਰਤ ਮੁਤਾਬਿਕ ਦੀਵਾਨ ਵੱਲੋਂ ਸੀ.ਕੇ.ਡੀ ਸਕੂਲਾਂ ਨੂੰ ਹੋਰ ਨਵੀਆਂ ਬੱਸਾਂ ਅਤੇ ਸਕੂਲ ਵੈਨਾਂ ਮੁਹੱਈਆ ਕਰਵਾਈਆਂ ਜਾਣਗੀਆਂ ਤਾਂ ਜੋ ਦੂਰ–ਦੁਰਾਡੇ ਪਿੰਡਾਂ ਤੋਂ ਆਉਂਦੇ ਵਿਦਿਆਰਥੀ ਖਾਸ ਕਰਕੇ ਪ੍ਰਾਇਮਰੀ ਵਿੰਗ ਦੇ ਬੱਚੇ ਸਮੇਂ ਮੁਤਾਬਿਕ ਸਕੂਲ ਪਹੁੰਚ ਸਕਣ। ਦੀਵਾਨ ਅਧੀਨ ਚੱਲ ਰਹੇ 51 ਸਕੂਲਾਂ/ਕਾਲਜਾਂ ਅਤੇ ਹੋਰਨਾਂ ਅਦਾਰਿਆਂ ਦੇ ਟਰਾਂਸਪੋਰਟ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਹਿੱਤ ਮੁੱਖ ਦਫ਼ਤਰ ਚੀਫ਼ ਖ਼ਾਲਸਾ ਦੀਵਾਨ ਵਿਖੇ ਟਰਾਂਸਪੋਰਟ ਵਿਭਾਗ ਦੇ ਨਾਲ–ਨਾਲ ਟਰਾਂਸਪੋਰਟ ਕਮੇਟੀ ਵੀ ਦੀਵਾਨ ਦੇ ਯੋਗ ਤਜ਼ਰਬੇਕਾਰ ਮੈਂਬਰਾਂ ਨੂੰ ਸ਼ਾਮਲ ਕਰਕੇ ਬਣਾਈ ਗਈ ਹੈ।

ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਰਮਣੀਕ ਸਿੰਘ, ਐਡੀ.ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਐਡੀ.ਆਨਰੇਰੀ ਸਕੱਤਰ/ ਮੁੱਖ ਦਫ਼ਤਰ ਮੈਂਬਰ ਇੰਚਾਰਜ ਹਰਵਿੰਦਰ ਪਾਲ ਸਿੰਘ ਚੁੱਘ, ਸਰਜੋਤ ਸਿੰਘ ਸਾਹਨੀ, ਏ.ਪੀ.ਐਸ.ਮਾਨ, ਡਾ.ਆਤਮਜੀਤ ਸਿੰਘ ਬਸਰਾ, ਪ੍ਰੋ.ਸੁਖਬੀਰ ਸਿੰਘ, ਜਤਿੰਦਰਬੀਰ ਸਿੰਘ, ਸਰਬਜੀਤ ਸਿੰਘ ਵਾਲੀਆ, ਤਰਿੰਦਰ ਸਿੰਘ ਬਾਵਾ, ਪ੍ਰਭਜੋਤ ਸਿੰਘ ਸੇਠੀ, ਇਕਬਾਲ ਸਿੰਘ ਸੇਰੀ, ਸਵਰਾਜ ਸਿੰਘ ਸ਼ਾਮ, ਅੰਡਰ ਸੈਕਟਰੀ ਕੰਵਰ ਸੁਖਜਿੰਦਰ ਸਿੰਘ, ਹਰਭਜਨ ਸਿੰਘ ਅਤੇ ਸਕੂਲਜ਼ ਦੀਆਂ ਪ੍ਰਿੰਸੀਪਲਜ਼ ਆਦਿ ਹਾਜ਼ਰ ਸਨ।

# ਵਾਤਾਵਰਨ ਨੂੰ ਬਚਾਉਣਾ ਸਮੇਂ ਦੀ ਮੁੱਖ ਲੋੜ : ਨਾਇਬ ਤਹਿਸੀਲਦਾਰ



ਤਰਸਿੱਕਾ, 27 ਜੂਨ, (ਦਵਿੰਦਰ ਸਿੰਘ ਤਰਸਿੱਕਾ) : ਜਿਸ ਤਰ੍ਹਾਂ ਸਮੁੱਚੇ ਸੰਸਾਰ ਵਿੱਚ ਤਾਪਮਾਨ ਵੱਧ ਰਿਹਾ ਹੈ ਉਸ ਨਾਲ ਸਾਡੀ ਧਰਤੀ 'ਤੇ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਲਈ ਹੁਣ ਸਮੇਂ ਦੀ ਮੁੱਖ ਲੋੜ ਹੈ ਕਿ ਅਸੀਂ ਵਾਤਾਵਰਨ ਨੂੰ ਬਚਾਉਣ ਦੇ ਲਈ ਵੱਧ ਤੋਂ ਵੱਧ ਦਰੱਖਤ ਲਗਾਈਏ। ਇਹ ਸ਼ਬਦ ਨਾਇਬ ਤਹਿਸੀਲਦਾਰ ਰਣਜੀਤ ਸਿੰਘ ਸਬ ਤਹਿਸੀਲ ਤਰਸਿੱਕਾ ਨੇ ਸਬ ਤਹਿਸੀਲ ਤਰਸਿੱਕਾ ਦੇ ਕੰਪਲੈਕਸ ਵਿੱਚ ਬੂਟੇ ਲਗਾਉਂਦਿਆਂ ਕਹੇ। ਇਸ ਮੌਕੇ ਉਹਨਾਂ ਨਾਲ ਆਮ ਆਦਮੀ ਪਾਰਟੀ ਦੇ ਐਸ.ਸੀ.ਵਿੰਗ ਦੇ ਪ੍ਰਧਾਨ ਰਵਿੰਦਰ ਸਿੰਘ ਕਲੇਰ ਵੀ ਹਾਜ਼ਰ ਸਨ, ਨੇ ਲੋਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਹਰੇਕ ਨਰਸਰੀ ਵਿੱਚੋਂ ਦਰੱਖਤ ਲਗਾਉਣ ਲਈ ਸਰਕਾਰ ਵੱਲੋਂ ਫਰੀ ਦਿੱਤੇ ਜਾ ਰਹੇ ਹਨ। ਇਸ ਲਈ ਜ਼ਿਆਦਾ ਤੋਂ ਜ਼ਿਆਦਾ ਦਰੱਖਤ ਨਰਸੀ 'ਚੋਂ ਲੈ ਕੇ ਲਗਾਉਣੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਪਾਲਣਾ ਵੀ ਚਾਹੀਦਾ ਹੈ। ਉਹਨਾਂ ਕਿਹਾ ਕਿ ਜੇਕਰ ਅਸੀਂ ਵਾਤਾਵਰਨ ਨੂੰ ਸ਼ੁੱਧ ਰੱਖਣਾ ਚਾਹੁੰਦੇ ਹਾਂ ਤਾਂ ਸਾਨੂੰ ਦਰੱਖਤ ਵੱਧ ਤੋਂ ਵੱਧ ਲਗਾ ਕੇ ਧਰਤੀ ਮਾਂ ਦਾ ਕਰਜ ਵੀ ਉਤਾਰਨਾ ਚਾਹੀਦਾ ਹੈ। ਇਸ ਮੌਕੇ ਸਪਤਸੀਲ ਤਰਸਿੱਕਾ ਦੇ ਸਕੱਤਰ ਸਿੰਘ, ਲਾਡਲਾ ਸ਼ਿੰਦਾ ਡਰਾਈਵਰ, ਮਾਸਟਰ ਬਲਜਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

# ਮੇਹਰ ਚੰਦ ਪੋਲੀਟੈਕਨਿਕ ਕਾਲਜ ਨੇ ਇੰਟਰ- ਪੋਲੀਟੈਕਨਿਕ ਸਟੇਟ ਟੈਕ-ਫੈਸਟ ਵਿੱਚ ਜਿੱਤੀ ਓਵਰਆਲ ਟਰਾਫ਼ੀ



ਜਲੰਧਰ, 27 ਜੂਨ, (ਸੰਦੀਪ ਕੌਲ) : ਪ੍ਰਿੰਸੀਪਲ ਡਾ. ਜਗਰੂਪ ਸਿੰਘ ਜੀ ਦੀ ਰਹਿਨੁਮਾਈ ਹੇਠ ਮੇਹਰ ਚੰਦ ਪੌਲੀਟੈਕਨਿਕ ਕਾਲਜ ਦੇ ਵਿਦਿਆਰਥੀਆਂ ਨੇ ਮਾਈ ਭਾਗੋ ਸਰਕਾਰੀ ਬਹੁਤਕਨੀਕੀ ਕਾਲਜ (ਲੜਕੀਆਂ) ਅੰਮ੍ਰਿਤਸਰ ਵਿਖੇ ਹੋਏ ਪੀ. ਟੀ. ਆਈ. ਐਸ. ਰਾਜ ਪੱਧਰ ਟੈਕ-ਫੈਸਟ-2025 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਅੱਠ ਐਵਾਰਡ ਜਿੱਤ ਕੇ ਓਵਰਆਲ ਟਰਾਫੀ 'ਤੇ ਕਬਜ਼ਾ ਕੀਤਾ। ਕਾਲਜ ਨੇ ਕੁੱਲ ਗਿਆਰਾਂ ਵਾਰ ਇੰਟਰਪੌਲੀਟੈਕਨਿਕ ਸਟੇਟ ਟੈਕ ਫੈਸਟ ਟਰਾਫੀ ਜਿੱਤੀ ਹੈ ਤੇ 9 ਸਾਲ ਲਗਾਤਾਰ ਜਿੱਤੀ ਹੈ। ਇਸ ਇਵੈਂਟ ਵਿੱਚ 2 ਵਰਗ ਸਨ ਪ੍ਰੋਜੈਕਟ ਡਿਸਪਲੇ ਅਤੇ ਪੀ.ਪੀ. ਟੀ ਵਰਗ - ਪੀ. ਪੀ. ਟੀ ਵਿੱਚ ਈ. ਸੀ. ਈ ਦੇ ਵਿਦਿਆਰਥੀਆਂ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਗੋਲਡ ਮੈਡਲ ਤੇ 5000/- ਰੁਪਏ, ਕੰਪਿਊਟਰ (ਹਾਰਡਵੇਅਰ) ਦੇ ਵਿਦਿਆਰਥੀਆਂ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਗੋਲਡ ਮੈਡਲ ਤੇ 5000/- ਰੁਪਏ, ਫਾਰਮੇਸੀ ਵਿਭਾਗ ਦੇ ਵਿਦਿਆਰਥੀਆਂ ਨੇ ਦੂਜਾ ਸਥਾਨ ਪ੍ਰਾਪਤ ਕਰਕੇ ਸਿਲਵਰ ਮੈਡਲ ਤੇ 3000/- ਰੁਪਏ ਅਤੇ ਮੈਕੈਨੀਕਲ ਵਿਭਾਗ ਦੇ ਵਿਦਿਆਰਥੀਆਂ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਕਾਂਸੇ ਦੇ ਮੈਡਲ ਤੇ 2000/- ਰੁਪਏ ਦਾ ਇਨਾਮ ਪ੍ਰਾਪਤ ਕੀਤਾ।ਇਸੇ ਤਰ੍ਹਾਂ ਪ੍ਰੋਜੈਕਟ ਡਿਸਪਲੇ ਵਿੱਚ ਈ.ਸੀ.ਈ ਵਿਭਾਗ ਦੇ ਵਿਦਿਆਰਥੀਆਂ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਗੋਲਡ ਮੈਡਲ ਤੇ 5000/- ਰੁਪਏ, ਮਕੈਨੀਕਲ ਵਿਭਾਗ ਦੇ ਵਿਦਿਆਰਥੀਆਂ ਨੇ ਤੀਜਾ ਸਥਾਨ ਪ੍ਰਾਪਤ ਕਰਕੇ 2000/- ਰੁਪਏ ਦਾ ਇਨਾਮ ਪ੍ਰਾਪਤ ਕੀਤਾ। ਇਸ ਤਰ੍ਹਾਂ ਅਪਲਾਇਡ ਸਾਇੰਸ ਵਿਭਾਗ ਨੇ ਪ੍ਰੋਜੈਕਟ ਡਿਸਪਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਗੋਲਡ ਮੈਡਲ ਅਤੇ ਪੀ.ਪੀ.ਟੀ ਵਿੱਚ ਤੀਜਾ ਸਥਾਨ ਹਾਸਿਲ ਕਰਕੇ ਕਾਂਸੇ ਦਾ ਮੈਡਲ ਹਾਸਲ ਕੀਤਾ।ਇੱਥੇ ਇਹ ਵੀ ਦਸਣਯੋਗ ਹੈ ਕਿ ਪੂਰੇ ਰਾਜ ਦੇ ਵੱਖ- ਵੱਖ 40 ਬਹੁਤਕਨੀਕੀ ਕਾਲਜਾਂ ਦੇ ਵਿਦਿਆਰਥੀਆਂ ਨੇ ਇਨ੍ਹਾਂ ਮੁਕਾਬਲਿਆਂ ਵਿੱਚ ਹਿੱਸਾ ਲਿਆ, ਜਿਨ੍ਹਾਂ ਵਿੱਚੋਂ ਮੇਹਰ ਚੰਦ ਪੌਲੀਟੈਕਨਿਕ ਕਾਲਜ ਦੇ ਵਿਦਿਆਰਥੀਆਂ ਨੇ 8 ਐਵਾਰਡ ਹਾਸਲ ਕਰਕੇ ਤੇ ਕੁੱਲ ਮਿਲਾ ਕੇ 22000/- ਕੈਸ਼ ਇਨਾਮ ਜਿੱਤ ਕੇ ਓਵਰਆਲ ਟਰਾਫੀ 'ਤੇ ਕਬਜ਼ਾ ਕੀਤਾ। ਪਹਿਲਾ ਕਾਲਜ ਨੂੰ ਸਿਰਫ 8 ਐਵਾਰਡ ਦਿੱਤੇ ਗਏ ਸਨ ਤੇ ਓਵਰਆਲ ਟਰਾਫੀ ਦਾ ਐਲਾਨ ਨਹੀਂ ਸੀ ਕੀਤਾ। ਪਰ ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਬੇਨਤੀ 'ਤੇ ਪੀ.ਟੀ.ਆਈ ਟੈੱਕ ਫੈਸਟ ਦੇ ਪ੍ਰਧਾਨ ਅਤੇ ਦੂਜੇ ਅਹੁਦੇਦਾਰਾਂ ਨੇ ਮੁੜ ਵਿਚਾਰਿਆਂ ਤੇ ਕਾਲਜ ਨੂੰ ਓਵਰਆਲ ਟਰਾਫੀ ਮਿਲਣ ਦਾ ਐਲਾਨ ਕਰ ਦਿੱਤਾ।ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਇਹ ਟਰਾਫੀ ਕਾਲਜ ਲਿਆਂਦੀ, ਜਿਸ ਨਾਲ ਸਮੁੱਚੇ ਕਾਲਜ ਵਿੱਚ ਜ਼ਸ਼ਨ ਦਾ ਮਾਹੌਲ ਬਣ ਗਿਆ। ਸਾਰੇ ਸਟਾਫ ਨੇ ਟਰਾਫੀ ਨਾਲ ਫੋਟੋਆਂ ਖਿਚਵਾਈਆਂ ਤੇ ਭੰਗੜੇ ਪਾਏ। ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਲੱਡੂ-ਸਮੋਸੇ ਵੀ ਵੰਡੇ ਗਏ।


**ਯੂਨੀਅਨ ਬੈਂਕ** ਆਫ ਇੰਡੀਆ — ਭਾਰਤ ਸਰਕਾਰ ਦਾ ਇਕ ਅਦਾਰਾ

**Union Bank of India** — A Government of India Undertaking

**ਖੇਤਰੀ ਦਫਤਰ : 41/1, ਵਾਲੀਆ ਕੰਪਲੈਕਸ, ਆਤਮ ਨਗਰ, ਦੁੱਗਰੀ ਰੋਡ, ਲੁਧਿਆਣਾ-141003**

**ਈ-ਨਿਲਾਮੀ ਵਿਕਰੀ ਸੂਚਨਾ**
**ਈ-ਨਿਲਾਮੀ ਦੀ ਮਿਤੀ ਅਤੇ ਸਮਾਂ 15.07.2025 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 05.00 ਵਜੇ ਦੇ ਵਿਚਾਲੇ**

**ਅਚੱਲ/ਚੱਲ ਸੰਪੱਤੀਆਂ ਦੀ ਵਿਕਰੀ ਲਈ ਵਿਕਰੀ ਸੂਚਨਾ "ਅੰਤਿਕਾ 4-ਏ" (ਨਿਯਮ 8 (6) ਦੀ ਵਿਵਸਥਾ ਦੇਖੋ)**
**ਈ-ਨਿਲਾਮੀ ਦੀ ਮਿਤੀ ਅਤੇ ਸਮਾਂ 15.07.2025 ਨੂੰ ਦੁਪਹਿਰ 12 ਵਜੇ ਤੋਂ ਸ਼ਾਮ 05 ਵਜੇ ਦੇ ਵਿਚਾਲੇ (10 ਮਿੰਟ ਦੇ ਅਸੀਮਿਤ ਸਵੈ ਵਾਧਿਆਂ ਸਮੇਤ)**
**ਬਿਆਨਾ ਰਕਮ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ ਈ-ਨਿਲਾਮੀ ਦੀ ਸ਼ੁਰੂਆਤ ਨੂੰ ਜਾਂ ਪਹਿਲਾਂ**

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਦੇ ਅਧੀਨ ਅਚੱਲ ਸੁਰੱਖਿਅਤ ਅਸਾਸਿਆਂ ਦੀ ਵਿਕਰੀ ਦੇ ਲਈ 15 ਰੋਜ਼ਾ ਸੂਚਨਾ।**

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ/ਚੱਲ ਸੰਪੱਤੀਆਂ/ਅਸਾਸਿਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।** ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ(ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਚੱਲ/ਅਚੱਲ ਸੰਪੱਤੀ, ਜਿਸ ਦਾ **ਉਸਾਰੂ/ਭੌਤਿਕ ਕਬਜ਼ਾ** ਯੂਨੀਅਨ ਬੈਂਕ ਆਫ ਇੰਡੀਆ (ਸੁਰੱਖਿਅਤ ਕਰਜ਼ਦਾਤਾ) ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਸਬੰਧਤ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ ਯੂਨੀਅਨ ਬੈਂਕ ਆਫ ਇੰਡੀਆ/ ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ ਰਕਮ ਦੀ ਵਸੂਲੀ ਦੇ ਲਈ 15.07.2025 ਨੂੰ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ"ਅਧਾਰ** 'ਤੇ ਕੀਤੀ ਜਾਵੇਗੀ। ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਸੰਬੰਧਤ ਸੰਪੱਤੀਆਂ ਦੇ ਅਧੀਨ ਨਿਮਨ ਸਾਰਣੀ ਵਿਚ ਦਰਸਾਏ ਅਨੁਸਾਰ ਹੋਵੇਗੀ।
ਆਨਲਾਈਨ ਈ-ਨਿਲਾਮੀ 10 ਮਿੰਟਾਂ ਦੇ ਅਸੀਮਿਤ ਵਾਧੇ ਸਮੇਤ ਉਕਤ ਦਰਸਾਈ ਮਿਤੀ ਅਤੇ ਸਮੇਂ 'ਤੇ ਵੈਬ ਪੋਰਟਲ/ਵੈਬਸਾਈਟ : https://baanknet.com ਰਾਹੀਂ ਆਯੋਜਿਤ ਕੀਤੀ ਜਾਵੇਗੀ।

| ਲ. ਨੰ. | ਸ਼ਾਖਾ ਦਾ ਨਾਮ/ਸੰਪਰਕ ਨੰਬਰ ਅਤੇ ਖਾਤਾ | ਸੰਪੱਤੀਆਂ ਦੇ ਵੇਰਵੇ ਅਤੇ ਮਾਲਕ | ਬਕਾਇਆ ਰਕਮ | ਰਾਖਵੀਂ ਕੀਮਤ, ਬਿਆਨਾ ਰਕਮ, ਬੋਲੀ ਵਾਧਾ ਰਕਮ |
|---|---|---|---|---|
| 1. | ਸ਼ਾਖਾ - ਫਿਰੋਜ਼ਪੁਰ, (30810) Contact No. 99187 01816 **ਕਰਜ਼ਦਾਰ/ਗਿਰਵੀਕਾਰ:** 1. ਸ਼੍ਰੀ. ਹਰਜੀਤ ਸਿੰਘ ਪੁੱਤਰ ਸੋਹਣ ਸਿੰਘ, ਮਕਾਨ ਨੰ. 2, ਵਾਰਡ ਨੰ. 9, ਰੈੱਡ ਰੋਜ਼ ਐਵੇਨਿਊ, ਰਾਧਾ ਸਵਾਮੀ ਡੇਰੇ ਦੇ ਨੇੜੇ, ਫਿਰੋਜ਼ਪੁਰ, ਪੰਜਾਬ-152002, ਗਿਰਵੀਕਾਰ 2. ਸ਼੍ਰੀਮਤੀ ਸੀਤਾ ਬਾਈ ਪਤਨੀ ਹਰਜੀਤ ਸਿੰਘ, ਮਕਾਨ ਨੰ. 2, ਵਾਰਡ ਨੰ. 9, ਰੈੱਡ ਰੋਜ਼ ਐਵੇਨਿਊ, ਰਾਧਾ ਸਵਾਮੀ ਡੇਰੇ ਦੇ ਨੇੜੇ, ਫਿਰੋਜ਼ਪੁਰ, ਪੰਜਾਬ-152002। 3. ਸ਼੍ਰੀ. ਗੁਰਦੀਪ ਸਿੰਘ ਪੁੱਤਰ ਸ਼੍ਰੀ. ਹਰਜੀਤ ਸਿੰਘ, ਮਕਾਨ ਨੰ. 2, ਵਾਰਡ ਨੰ. 9, ਰੈੱਡ ਰੋਜ਼ ਐਵੇਨਿਊ, ਰਾਧਾ ਸਵਾਮੀ ਡੇਰੇ ਦੇ ਨੇੜੇ, ਫਿਰੋਜ਼ਪੁਰ, ਪੰਜਾਬ-152002, 4. ਸ੍ਰੀ. ਜਸਵਿੰਦਰ ਸਿੰਘ ਪੁੱਤਰ ਸ਼੍ਰੀ ਦਰਸ਼ਨ ਸਿੰਘ, 231, ਗਲੀ ਨੰ. 01, ਬਸੰਤ ਵਿਹਾਰ, ਫਿਰੋਜ਼ਪੁਰ ਸ਼ਹਿਰ | ਟਾਈਟਲ ਡੀਡ ਨੰਬਰ 6770 ਮਿਤੀ 13.02.2003 ਅਨੁਸਾਰ ਹਰਜੀਤ ਸਿੰਘ ਅਤੇ ਸੀਤਾ ਬਾਈ ਦੇ ਨਾਮ 'ਤੇ 3.30 ਮਰਲੇ ਦੀ ਰਿਹਾਇਸ਼ੀ ਜਾਇਦਾਦ ਵਿੱਚ ਖੇਵਟ ਨੰਬਰ 2168 ਖਟੋਨੀ ਨੰਬਰ 6535 ਰੈਕਟ ਨੰਬਰ 167 ਐਮ ਕਿਲਾ ਨੰਬਰ 24/2/2 (4/8) 29(0/6), ਰੈਕਟ ਨੰਬਰ 168 ਕਿਲਾ ਨੰਬਰ 21 (0/4), ਰੈਕਟ ਨੰਬਰ 172 ਐਮ, ਕਿਲਾ ਨੰਬਰ 5/1(2/13) ਕੁੱਲ 7 ਕਨਾਲ 11 ਮਰਲੇ ਅਤੇ 14 ਮਰਲੇ ਦੀ ਜ਼ਮੀਨ 14/64 ਹਿੱਸੇ ਵਿੱਚ ਸ਼ਾਮਲ ਹੈ ਜਿਸ ਵਿੱਚ ਰੈਕਟ ਨੰਬਰ 172 ਮੀਟਰ, ਕਿਲਾ ਨੰਬਰ 4/2/1/1/2 (3/4) ਅਤੇ 8 ਮਰਲੇ ਦੀ ਜ਼ਮੀਨ 8/32 ਹਿੱਸੇ ਵਿੱਚ ਸ਼ਾਮਲ ਹੈ ਜਿਸ ਵਿੱਚ ਰੈਕਟ ਨੰਬਰ 168 ਮੀਟਰ, ਕਿਲਾ ਨੰਬਰ 20 (1/12) ਦੀ ਜ਼ਮੀਨ 1 ਕਨਾਲ 4 ਮਰਲੇ ਦੀ ਜ਼ਮੀਨ 24/88 ਹਿੱਸੇ ਵਿੱਚ ਸ਼ਾਮਲ ਹੈ ਜਿਸ ਵਿੱਚ ਰੈਕਟ ਨੰਬਰ 167 ਮੀਟਰ, ਕਿਲ੍ਹਾ ਨੰਬਰ 17/1/1 ਕੁੱਲ ਰਕਬਾ 9 ਕਨਾਲ 17 ਮਰਲੇ ਇਸਦਾ 31/1773 ਹਿੱਸਾ ਹੈ ਭਾਵ 0 ਕਨਾਲ 3.30 ਮਰਲੇ, ਇੱਛੇ ਵਾਲਾ ਰੋਡ ਰੈੱਡ ਰੋਜ਼ ਐਵੇਨਿਊ ਫਿਰੋਜ਼ਪੁਰ ਸ਼ਹਿਰ, ਐਚਬੀ ਨੰਬਰ 108 ਤਹਿਸੀਲ ਫਿਰੋਜ਼ਪੁਰ ਸ਼ਹਿਰ, ਜ਼ਿਲ੍ਹਾ ਫਿਰੋਜ਼ਪੁਰ 'ਤੇ ਸਥਿਤ ਵਿੱਚ ਬਣੀ ਇਮਾਰਤ। ਹੱਦਬੰਦੀ:- ਪੂਰਬ - ਦਰਬਾਰਾ ਸਿੰਘ ਦਾ ਪਲਾਟ, ਪੱਛਮ - ਦਰਬਾਰ ਸਿੰਘ ਦਾ ਪਲਾਟ, ਉੱਤਰ - ਗਲੀ, ਦੱਖਣ - ਸ਼੍ਰੀਮਤੀ ਵੀਨਾ ਦਾ ਪਲਾਟ। **ਕਬਜ਼ੇ ਦੀ ਕਿਸਮ: ਸੰਕੇਤਕ**। | Rs. 14,75,551.56 (ਰੁ. ਚੌਦਾਂ ਲੱਖ ਪਚੰਤਰ ਹਜ਼ਾਰ ਪੰਜ ਸੌ ਇਕਵੰਜਾ ਅਤੇ ਛਪੰਜਾ ਪੈਸੇ ਕੇਵਲ) 31.12.2024 ਦੇ ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | Rs.13,00,000/- Rs.1,30,000/- Rs. 15,000/- |
| 2. | ਸ਼ਾਖਾ - ਫਿਰੋਜ਼ਪੁਰ, (30810) Contact No. 99187 01816 ਕਰਜ਼ਦਾਰ ਅਤੇ ਗਿਰਵੀਕਾਰ: ਸ੍ਰੀ ਪਰਮਜੀਤ ਸਿੰਘ ਪੁੱਤਰ ਮਿਰਜਾ ਸਿੰਘ, ਪਿੰਡ ਨਾਰੰਗ ਕੇ ਸਿਆਲ, ਡਾਕਖਾਨਾ ਕੈਨਾਲ ਕਲੋਨੀ, ਫਿਰੋਜ਼ਪੁਰ ਸਿਟੀ-152002। ਜ਼ਾਮਨ: ਜਸਵੰਤ ਸਿੰਘ ਪੁੱਤਰ ਅਵਤਾਰ ਸਿੰਘ, ਮਕਾਨ ਨੰ: 657, ਬਰਟ ਰੋਡ, ਨੇੜੇ ਜੀਆਰਪੀ ਕਲੋਨੀ ਫਿਰੋਜ਼ਪੁਰ। ਸਿਟੀ-152002 | ਵਿਕਰੀ ਡੀਡ ਵਸੀਕਾ ਨੰਬਰ 3921 ਮਿਤੀ 12.11.2014 ਦੇ ਅਧੀਨ ਪਰਮਜੀਤ ਸਿੰਘ ਦੇ ਨਾਮ 'ਤੇ 3.72 ਮਰਲੇ ਦੇ ਪਲਾਟ 'ਤੇ ਰਿਹਾਇਸ਼ੀ ਜਾਇਦਾਦ 1 ਕਨਾਲ 6 ਮਰਲੇ ਜ਼ਮੀਨ ਦੀ ਮਾਪ ਦੀ ਜ਼ਮੀਨ ਦਾ 17/117 ਹਿੱਸਾ ਹੈ, ਜਿਸ ਵਿੱਚ ਖਸਰਾ ਨੰ./ਖੇਵਟ ਨੰ. 91/78, ਖਤੌਨੀ ਨੰ. 159, ਮੁਰਬਾ ਨੰ: 20, ਕਿਲਾ ਨੰ: 6/2/3 (1-6) ਸ਼ਾਮਲ, ਪਿੰਡ ਨੌਰੰਗ ਕੇ ਸਿਆਲ, ਫਿਰੋਜ਼ਪੁਰ, ਪੰਜਾਬ ਵੀਡ ਅਤੇ ਸੀਮਾ: ਪੂਰਬ: ਗਲੀ, ਪੱਛਮ: ਹਰਜੀਤ ਕੌਰ, ਉੱਤਰ: ਸ਼ਿੰਗਾਰ ਸਿੰਘ, ਦੱਖਣੀ: ਰੋਡ। **ਕਬਜ਼ੇ ਦੀ ਕਿਸਮ: ਸੰਕੇਤਕ** | Rs. 6,30,169.57 (ਰੁ. ਛੇ ਲੱਖ ਤੀਹ ਹਜ਼ਾਰ ਇਕ ਸੌ ਉਨੱਤਰ ਅਤੇ ਸਤਵੰਜਾ ਪੈਸੇ ਕੇਵਲ) 30.09.2024 ਦੇ ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | Rs. 6,70,000/- Rs. 67,000/- Rs. 10,000/- |
| 03. | ਸ਼ਾਖਾ - ਫਿਰੋਜ਼ਪੁਰ, (30810) Contact No. 99187 01816 **ਕਰਜ਼ਦਾਰ :1. ਮੈਸ. ਸੁਖਦੇਵ ਸੀਮਿੰਟ ਸਟੋਰ (ਰਾਹੀਂ ਇਸ ਦੇ ਪ੍ਰੋਪ. ਸ੍ਰੀ ਰੌਸ਼ਨ ਲਾਲ)**, ਰਾਜਘਾਟ ਰੋਡ, ਸਾਹਮਣੇ ਕਸੂਰੀ ਗੇਟ, ਨੇੜੇ ਸਿਮਲਾ ਟੌਲਕੀਜ਼, ਫਿਰੋਜ਼ਪੁਰ-152002, 2. ਸ੍ਰੀ ਰੋਸ਼ਨ ਲਾਲ ਸਪੁੱਤਰ ਸ੍ਰੀ ਬਨਾਰਸੀ ਦਾਸ, ਰਾਜਘਾਟ ਰੋਡ, ਸਾਹਮਣੇ ਕਸੂਰੀ ਗੇਟ, ਨੇੜੇ ਸਿਮਲਾ ਟੌਲਕੀਜ਼, ਫਿਰੋਜ਼ਪੁਰ-152002, (3). ਸ੍ਰੀ ਬਨਾਰਸੀ ਦਾਸ ਪੁੱਤਰ ਸ੍ਰੀ ਬੁਧ ਰਾਮ, ਰਾਜਘਾਟ ਰੋਡ, ਸਾਹਮਣੇ ਕਸੂਰੀ ਗੇਟ, ਨੇੜੇ ਸਿਮਲਾ ਟੌਲਕੀਜ਼, ਫਿਰੋਜ਼ਪੁਰ-152002, **ਜ਼ਾਮਨ : - ਸ੍ਰੀ ਸਵਰਨ ਸਿੰਘ** ਸਪੁੱਤਰ ਸ੍ਰੀ ਬਲਬੀਰ ਸਿੰਘ ਮਾਰਫਤ ਸਿਮਰਨ ਫਰਨੀਚਰ, ਓ/ਐਸ ਕਸੂਰੀ ਗੇਟ, ਨੇੜੇ ਸਿਬ ਕੰਨਿਆ ਸਕੂਲ, ਫਿਰੋਜ਼ਪੁਰ-152002 | ਵਿਕਰੀ ਡੀਡ ਵਸੀਕਾ ਨੰਬਰ 1540 ਮਿਤੀ 28.05.1992 ਦੇ ਅਧੀਨ ਸ਼੍ਰੀ ਬਨਾਰਸੀ ਦਾਸ ਦੇ ਨਾਮ 'ਤੇ 8 ਮਰਲੇ (2179.25 ਵਰਗ ਫੁੱਟ) ਦੇ ਪਲਾਟ ਉੱਤੇ ਬਣਿਆ ਰਿਹਾਇਸ਼ੀ ਮਕਾਨ ਜਿਸ ਦਾ ਮਕਾਨ ਨੰਬਰ ਈਐਸ-78-1-2 ਹੈ, ਕਸੂਰੀ ਗੇਟ ਦੇ ਬਾਹਰ, ਰਾਜਘਾਟ ਰੋਡ ਫਿਰੋਜ਼ਪੁਰ ਸ਼ਹਿਰ ਦੇ ਨੇੜੇਂ, ਰਾਹੀਂ ਸਥਿਤ ਹੈ। ਹੱਦਬੰਦੀ :- ਪੂਰਬ: ਨਰਾਇਣ ਕਬੀਰ ਬਹੀ 51'6", ਪੱਛਮ - ਮੁਖਤਿਆਰ ਸਿੰਘ ਬਹੀ ਦੀ ਜਾਇਦਾਦ 45', ਉੱਤਰ - ਮੁਖਤਿਆਰ ਸਿੰਘ ਬਹੀ ਦੀ ਜਾਇਦਾਦ 44', ਦੱਖਣ - ਬਗੀਚਾ ਸਿੰਘ ਬਹੀ 45'3" ਅਤੇ ਗਲੀ। ਕਬਜ਼ੇ ਦੀ ਕਿਸਮ: ਸੰਕੇਤਕ | Rs. 10,22,066.37 (ਰੁ. ਦਸ ਲੱਖ ਬਾਈ ਹਜ਼ਾਰ ਛਿਆਹਠ ਅਤੇ ਸੈਂਤੀ ਪੈਸੇ ਕੇਵਲ) 31.12.2024 ਦੇ ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | Rs. 14,90,000/- Rs. 1,49,000/- Rs. 15,000/- |
| 04. | Contact No. 99187 01816 **ਕਰਜ਼ਦਾਰ ਅਤੇ ਗਿਰਵੀਕਾਰ: ਸ੍ਰੀ ਸੁਖਜਿੰਦਰ ਸਿੰਘ ਮੈਣੀ ਪੁੱਤਰ ਗੁਰਚਰਨ ਸਿੰਘ, ਪਲਾਟ ਨੰ. 75, ਇੰਪੀਰੀਅਲ ਐਨਕਲੇਵ, ਮੁਕਤਸਰ ਰੋਡ, ਮੰਡੀ ਗੁਰੂ ਹਰਸਹਾਏ-152022 ਜ਼ਾਮਨ: ਸ੍ਰੀ ਰਿਪਨ ਗਾਬਾ ਪੁੱਤਰ ਨਾਥ ਰਾਮ ਗਾਬਾ, ਮਕਾਨ ਨੰ. 437, ਕੀਰਤੀ ਨਗਰ, ਫਿਰੋਜ਼ਪੁਰ ਸਿਟੀ-152002।** | ਵਿਕਰੀ ਡੀਡ ਵਸੀਕਾ ਨੰਬਰ 2434 ਮਿਤੀ 16.12.2014 ਦੇ ਅਧੀਨ ਸ੍ਰੀ ਸੁਖਜਿੰਦਰ ਸਿੰਘ ਮੈਣੀ ਦੇ ਨਾਮ 'ਤੇ ਪਲਾਟ ਨੰਬਰ 75 'ਤੇ ਸਥਿਤ ਰਿਹਾਇਸ਼ੀ ਜਾਇਦਾਦ 8 ਮਰਲੇ 2 ਸਰਸਾਈ ਦਾ 74/11673 ਹਿੱਸਾ ਹੈ ਅਤੇ 64 ਕਨਾਲ 17 ਮਰਲੇ ਦਾ ਹਿੱਸਾ ਹੈ, ਜਿਸ ਵਿੱਚ ਰੈਕਟ ਨੰਬਰ 255, ਕਿਲਾ ਨੰਬਰ 6(8-0), 16/1 (4-0) ਸ਼ਾਮਲ, 16/2(4-0) ਰੈਕਟ ਨੰ. 256, ਕਿਲਾ ਨੰ. 10(9-16) 11(8-0), 12/2(2-7) 19(8-0) 20(8-0) 23(4-14) ਰੈਕਟ ਨੰ. 283. ਇੰਪੀਰੀਅਲ ਐਨਕਲੇਵ, ਗੁਰੂਹਰਸਹਾਏ ਡਰਮੇਆਣੀ, ਤਹਿਸੀਲ ਗੁਰੂਹਰਸਹਾਏ, ਜ਼ਿਲ੍ਹਾ ਫਿਰੋਜ਼ਪੁਰ ਦੇ ਖੇਤਰ ਵਿੱਚ 30' X 75' ਦਾ ਕਿਲਾ ਨੰਬਰ 5(8-0) ਪੂਰਬ: ਗਲੀ, ਪੱਛਮ: ਖਾਲੀ ਪਲਾਟ, ਉੱਤਰ: ਖਾਲੀ ਪਲਾਟ, ਦੱਖਣ: ਗਲੀ। **ਕਬਜ਼ੇ ਦੀ ਕਿਸਮ: ਸੰਕੇਤਕ।** | Rs. 20,32,518.81 (ਰੁ. ਵੀਹ ਲੱਖ ਬੱਤੀ ਹਜ਼ਾਰ ਪੰਜ ਸੌ ਅਠਾਰਾਂ ਅਤੇ ਇਕਿਆਸੀ ਪੈਸੇ ਕੇਵਲ) 30.09.2024 ਦੇ ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | Rs. 30,20,000/- Rs.3,02,000/- Rs. 30,000/- |
| 05. | ਸ਼ਾਖਾ : ਜੱਸੋਵਾਲ, ਲੁਧਿਆਣਾ Contact No. 9808986281 ਕਰਜ਼ਦਾਰ: ਸ਼੍ਰੀਮਤੀ ਰੇਣੂ ਸ਼ਰਮਾ ਪਤਨੀ ਪ੍ਰਵੀਨ ਕੁਮਾਰ, ਮਕਾਨ ਨੰਬਰ 8, ਗਲੀ ਨੰਬਰ 5, ਸਤਜੋਤ ਨਗਰ, ਧਾਂਦਰਾ ਦੁੱਗਰੀ ਰੋਡ, ਬਸੰਤ ਐਵੇਨਿਊ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ 141013.. ਜ਼ਾਮਨ: ਸ੍ਰੀ ਪਰਵੀਨ ਕੁਮਾਰ ਪੁੱਤਰ ਦਰਸ਼ਨਪਾਲ, ਮਕਾਨ ਨੰਬਰ 8, ਸਤਜੋਤ ਨਗਰ, ਧਾਂਦਰਾ ਦੁੱਗਰੀ ਰੋਡ, ਗਲੀ ਨੰਬਰ 5, ਸਤਜੋਤ ਨਗਰ, ਧਾਂਦਰਾ ਦੁੱਗਰੀ ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ 141013. ਸ੍ਰੀ ਨਰੇਸ਼ ਕੁਮਾਰ ਸ਼ਰਮਾ ਪੁੱਤਰ ਲਕਸ਼ਮੀ ਨਰਾਇਣ ਸ਼ਰਮਾ, ਮਕਾਨ ਨੰਬਰ 3, ਸਤਜੋਤ ਨਗਰ, ਧਾਂਦਰਾ ਦੁੱਗਰੀ ਰੋਡ, ਬਸੰਤ ਐਵੀਨਿਊ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ 141013 | ਵਿਕਰੀ ਡੀਡ ਵਸੀਕਾ ਨੰਬਰ 1658 ਮਿਤੀ 01.06.2015, ਸਬ ਰਜਿਸਟਰਾਰ, ਲੁਧਿਆਣਾ (ਕੇਂਦਰੀ) ਦੇ ਦਫ਼ਤਰ ਨਾਲ ਰਜਿਸਟਰਡ, ਸ਼੍ਰੀਮਤੀ ਰੇਣੂ ਸ਼ਰਮਾ ਪਤਨੀ ਪ੍ਰਵੀਨ ਕੁਮਾਰ ਦੀ ਜਾਇਦਾਦ ਦੇ ਨਾਮ 'ਤੇ 55.55 ਵਰਗ ਗਜ਼ ਦੀ ਅਚੱਲ ਜਾਇਦਾਦ / ਪਲਾਟ ਜਿਸਦੀ ਮਾਪ ਖਸਰਾ ਨੰਬਰ 1593, 1617,1552, 1554,1556,1555,1594, 1616,1596,1597, 1595, ਖਾਤਾ ਨੰਬਰ 1958/2601,2602, 1964/2611, 1965/2612, 1966/2613, 1975/2622, 2623, 1995/2643, 2004/2653, 12995/1/12644 ਵਿੱਚ ਸ਼ਾਮਲ ਹੈ, ਸਾਲ 2010-2011 ਲਈ ਜਮ੍ਹਾਂਬੰਦੀ ਅਨੁਸਾਰ ਪਿੰਡ ਗਿੱਲ ਨੰਬਰ 2, ਹੱਦਬਸਤ ਨੰਬਰ 263, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਜਿਸਦੀ ਹੱਦਬੰਦੀ ਇਸ ਪ੍ਰਕਾਰ ਹੈ: ਪੂਰਬ-ਗੁਆਂਢੀ (20'), ਪੱਛਮੀ-ਗਲੀ 18' ਚੌੜੀ (20'), ਉੱਤਰ-ਗੁਆਂਢੀ (25'), ਦੱਖਣੀ-ਗੁਆਂਢੀ (25')। **ਕਬਜ਼ੇ ਦੀ ਕਿਸਮ: ਸੰਕੇਤਕ** | Rs. 10,53,031.06 (ਰੁ. ਦਸ ਲੱਖ ਤਰਵੰਜਾ ਹਜ਼ਾਰ ਇਕੱਤੀ ਅਤੇ ਛੇ ਪੈਸੇ ਕੇਵਲ) 31.12.2024 ਦੇ ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | Rs. 9,80,000/- Rs.98,000/- Rs. 10,000/- |
| 06 | ਸ਼ਾਖਾ : ਮਿਲਰਗੰਜ, ਲੁਧਿਆਣਾ Contact No. 9958589440 ਕਰਜ਼ਦਾਰ:- ਜਗਤਾਰ ਸਿੰਘ ਪੁੱਤਰ ਸ਼ੇਰ ਸਿੰਘ, ਪਿੰਡ ਅਕਾਲ ਗੜ੍ਹ, ਡਾਕ: ਕਲਸੀਆਂ, ਤਹਿਸੀਲ: ਰਾਏਕੋਟ, ਜ਼ਿਲ੍ਹਾ: ਲੁਧਿਆਣਾ 141009, ਬਲਦੇਵ ਸਿੰਘ ਪੁੱਤਰ ਸ਼ੇਰ ਸਿੰਘ ਪਿੰਡ ਅਕਾਲ ਗੜ੍ਹ, ਡਾਕ: ਕਲਸੀਆਂ, ਤਹਿਸੀਲ: ਰਾਏਕੋਟ, ਜ਼ਿਲ੍ਹਾ: ਲੁਧਿਆਣਾ 14100. ਜ਼ਾਮਨ: ਹਰਜਿੰਦਰ ਕੌਰ ਪੁੱਤਰੀ ਜਗਤਾਰ ਸਿੰਘ, ਪਿੰਡ ਅਕਾਲ ਗੜ੍ਹ, ਡਾਕ: ਕਲਸੀਆਂ, ਤਹਿਸੀਲ: ਰਾਏਕੋਟ, ਜ਼ਿਲ੍ਹਾ: ਲੁਧਿਆਣਾ 141009, ਦਲਜੀਤ ਕੌਰ ਪੁੱਤਰੀ ਬਲਦੇਵ ਸਿੰਘ ਪਿੰਡ ਅਕਾਲ ਗੜ੍ਹ, ਡਾਕ: ਰਾਏਕੋਟ, ਲੁਧਿਆਣਾ, ਡਾਕ: ਕਲਸੀਆਂ, ਜ਼ਿਲ੍ਹਾ ਲੁਧਿਆਣਾ। 141009 | ਰਿਹਾਇਸ਼ੀ ਜ਼ਮੀਨ ਅਤੇ ਇਮਾਰਤ ਜੋ ਕਿ ਪਿੰਡ ਅਕਾਲਗੜ੍ਹ, ਤਹਿਸੀਲ: ਰਾਏਕੋਟ, ਜ਼ਿਲ੍ਹਾ ਲੁਧਿਆਣਾ ਵਿੱਚ ਸਥਿਤ ਪਲਾਟ 4 ਕਨਾਲ-4 ਮਰਲੇ-8 ਸਰਸਾਹੀ (2566 ਵਰਗ ਗਜ਼) 'ਤੇ ਬਣੀ ਹੈ ਅਤੇ ਖਾਤਾ ਨੰਬਰ 43/43-104/104-44/44-45/45, ਖਸਰਾ ਨੰਬਰ 141,142, 17//5, 14//25 ਵਿੱਚ ਸ਼ਾਮਲ ਹੈ, ਜਿਵੇਂ ਕਿ ਪਿੰਡ ਅਕਾਲਗੜ੍ਹ ਹਦਬਸਤ ਨੰਬਰ 374 ਦੀ ਜਮ ?ਹਾਂਬੰਦੀ 2013-14 ਦੇ ਨਾਮ 'ਤੇ ਦਰਜ ਕੀਤੀ ਗਈ ਹੈ। ਸ਼੍ਰੀਮਤੀ ਹਰਜਿੰਦਰ ਕੌਰ ਪਤਨੀ ਸ਼੍ਰੀ ਜਗਤਾਰ ਸਿੰਘ ਅਤੇ ਸ਼੍ਰੀਮਤੀ ਦਲਜੀਤ ਕੌਰ ਪਤਨੀ ਸ਼੍ਰੀ ਬਲਦੇਵ ਸਿੰਘ ਦਾ 01.03.2016 ਦੇ ਤਬਾਦਲੇ ਦੇ ਦਸਤਾਵੇਜ਼ ਅਨੁਸਾਰ, ਜਿਸ ਦਾ ਨਾਮ ਵਾਸਿਕਾ ਨੰ. 2657 ਹੈ। ਇਸ ਨਾਲ ਘਿਰਿਆ ਹੋਇਆ ਹੈ: ਪੂਰਬ: ਬਾਹਰ ਮੋੜ + ਅੰਦਰ ਮੋੜ, ਪੱਛਮ: ਬਾਹਰ ਮੋੜ + ਸਿੱਧੀ ਕੰਧ, ਉੱਤਰ: ਰਣਜੀਤ ਸਿੰਘ, ਦੱਖਣ: ਰਸਤਾ। **ਕਬਜ਼ੇ ਦੀ ਕਿਸਮ: ਸੰਕੇਤਕ** | Rs. 1,94,94,902.81/- (ਰੁ. ਇਕ ਕਰੋੜ ਚੁਰਾਨਵੇਂ ਲੱਖ ਚੁਰਾਨਵੇਂ ਹਜ਼ਾਰ ਨੌਂ ਸੌ ਦੋ ਅਤੇ ਇਕਿਆਸੀ ਪੈਸੇ ਕੇਵਲ) 31.12.2024 ਦੇ ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | Rs. 1,36,70,000/- Rs. 13,67,000/- Rs. 1,40,000/- |
| 07 | ਸ਼ਾਖਾ : ਮਿਲਰਗੰਜ, ਲੁਧਿਆਣਾ Contact No. 9958589440 ਕਰਜ਼ਦਾਰ ਅਤੇ ਗਿਰਵੀਕਾਰ:- ਸ਼੍ਰੀ ਅਮੋਲਕ ਸਿੰਘ ਪੁੱਤਰ ਸ. ਕੁਲਵੰਤ ਸਿੰਘ, ਥਾਣਾ ਮੁਖੀ ਮਕਾਨ ਨੰ. 1, ਪਿੰਡ-ਧੂਰਕੋਟ, ਤਹਿਸੀਲ ਅਤੇ ਜ਼ਿਲ੍ਹਾ-ਲੁਧਿਆਣਾ-141204। ਸਹਿ-ਕਰਜ਼ਦਾਰ:- ਸ਼੍ਰੀ ਜਸਵੀਰ ਸਿੰਘ ਪੁੱਤਰ ਸ. ਜੋਗਿੰਦਰ ਸਿੰਘ, ਵਾਸੀ ਪਿੰਡ ਧੂਰਕੋਟ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ-141204 | ਸ਼੍ਰੀ ਅਮੋਲਕ ਸਿੰਘ ਪੁੱਤਰ ਸ਼੍ਰੀ ਕੁਲਵੰਤ ਸਿੰਘ ਦੀ ਵਪਾਰਕ ਇਮਾਰਤ ਜਿਸ ਵਿੱਚ 110 ਵਰਗ ਗਜ਼ ਦਾ ਖੇਤਰਫਲ ਹੈ ਜਿਸ ਵਿੱਚ ਖਾਤਾ ਨੰਬਰ 1179/1448, ਖਸਰਾ ਨੰਬਰ 74, ਹੱਡਬਸਤ ਨੰਬਰ 339, ਪੁਰਾਣਾ ਬੱਸ ਸਟੈਂਡ ਮਾਰਕੀਟ, ਧੂਰਕੋਟ ਚੌਕ ਦੇ ਨੇੜੇ, ਚੱਪੜ ਰੋਡ, ਮੰਡੀ ਅਹਿਮਦਗੜ੍ਹ, ਤਹਿਸੀਲ-ਅਹਿਮਦਗੜ੍ਹ, ਜ਼ਿਲ੍ਹਾ-ਸੰਗਰੂਰ ਸ਼ਾਮਲ ਹੈ। ਉੱਤਰ ਵੱਲ: ਗਲੀ, ਦੱਖਣ ਵੱਲ: ਮੁੱਖ ਚੱਪੜ ਰੋਡ, ਪੂਰਬ ਵੱਲ: ਗੁਆਂਢ ਪੱਛਮ ਵੱਲ: ਗੁਆਂਢ। **ਕਬਜ਼ੇ ਦੀ ਕਿਸਮ : ਸੰਕੇਤਕ** | Rs. 1,36,76,764.38 (ਰੁ. ਇਕ ਕਰੋੜ ਛੱਤੀ ਲੱਖ ਛਿਹੱਤਰ ਹਜ਼ਾਰ ਸੱਤ ਸੌ ਚੌਹਠ ਅਤੇ ਅਠੱਤੀ ਪੈਸੇ ਕੇਵਲ) 31.12.2024 ਦੇ ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | Rs. 79,20,000/- Rs. 7,92,000/- Rs. 80,000/- |
| 08 | ਸ਼ਾਖਾ : ਮਿਲਰਗੰਜ, ਲੁਧਿਆਣਾ Contact No. 9958589440 ਕਰਜ਼ਦਾਰ ਅਤੇ ਗਿਰਵੀਕਾਰ:- ਸ਼੍ਰੀਮਤੀ ਰਜਿੰਦਰ ਕੌਰ ਪਤਨੀ ਸੁਖਵਿੰਦਰ ਸਿੰਘ, ਵਾਸੀ 18 ਪਿੰਡ ਦਾਦ ਕਰਤਾਰ ਵਿਹਾਰ, ਪੱਖੋਵਾਲ ਰੋਡ, ਲੁਧਿਆਣਾ, ਪੰਜਾਬ-141001। ਸਹਿ-ਕਰਜ਼ਦਾਰ:- ਸ਼੍ਰੀ ਸੁਖਵਿੰਦਰ ਸਿੰਘ ਪੁੱਤਰ ਸ਼੍ਰੀ ਜਰਨੈਲ ਸਿੰਘ ਵਾਸੀ 18 ਪਿੰਡ ਦਾਦ ਕਰਤਾਰ ਵਿਹਾਰ, ਪੱਖੋਵਾਲ ਰੋਡ, ਲੁਧਿਆਣਾ, ਪੰਜਾਬ-141001। ਜ਼ਾਮਨ:- ਸ਼੍ਰੀ ਪਰਮਜੀਤ ਸਿੰਘ ਵਾਸੀ 24, ਪੱਖੋਵਾਲ ਰੋਡ, ਕਰਤਾਰ ਵਿਹਾਰ, ਪ੍ਰਿੰਸ ਕਲੋਨੀ, ਪਿੰਡ ਦਾਦ, ਲੁਧਿਆਣਾ, ਪੰਜਾਬ-141001. | ਜ਼ਮੀਨ ਅਤੇ ਇਮਾਰਤ - ਸ਼੍ਰੀਮਤੀ ਰਜਿੰਦਰ ਕੌਰ (ਜਾਇਦਾਦ ਦੀ ਮਾਲਕਣ) ਦੀ ਰਿਹਾਇਸ਼ੀ ਜਾਇਦਾਦ। , ਰਿਹਾਇਸ਼ੀ ਜਾਇਦਾਦ 'ਤੇ ਸਥਿਤ, 92 ਵਰਗ ਗਜ਼ ਮਾਪਣ ਵਾਲੀ, ਕਰਤਾਰ ਵਿਹਾਰ, ਭਾਈਵਾਲਾ ਕਲੋਨੀ, ਲੁਧਿਆਣਾ ਵਿਖੇ ਸਥਿਤ, ਜਿਸ ਵਿੱਚ ਖਾਤਾ ਨੰਬਰ 478/582 ਖਸਰਾ ਨੰਬਰ 1575,1576, 1577, 1578, 1579 ਸ਼ਾਮਲ ਹਨ। ਇਸ ਦੀ ਹੱਦ ਹੇਠ ਲਿਖੇ ਅਨੁਸਾਰ ਹੈ: ਉੱਤਰ ਵੱਲ: ਸ਼੍ਰੀ ਜਗਦੇਵ ਸਿੰਘ ਗੋਗੀ, ਦੱਖਣ ਵੱਲ: ਹੋਰ ਜਾਇਦਾਦ, ਪੂਰਬ ਵੱਲ: ਸ਼੍ਰੀ ਚੰਦਰਪਾਲ ਸਿੰਘ, ਪੱਛਮ ਵੱਲ: ਗਲੀ। **ਕਬਜ਼ੇ ਦੀ ਕਿਸਮ : ਸੰਕੇਤਕ** | Rs. 17,04,151.06 (ਰੁ. ਸਤਾਰਾਂ ਲੱਖ ਚਾਰ ਹਜ਼ਾਰ ਇਕ ਸੌ ਇਕਵੰਜਾ ਅਤੇ ਛੇ ਪੈਸੇ ਕੇਵਲ) 31.03.2025 ਦੇ ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | Rs. 16,38,000/- Rs.1,63,800/- Rs. 15,000/- |
| 09 | ਸ਼ਾਖਾ : ਮਾਡਲ ਟਾਊਨ, ਲੁਧਿਆਣਾ Contact No. 8299665893 ਕਰਜ਼ਦਾਰ: ਸ੍ਰੀ ਸੰਜੀਵ ਕੁਮਾਰ ਪੁੱਤਰ ਸ. ਕਰੋੜੀ ਮੱਲ, ਨਿਵਾਸੀ 158, ਰਾਜਪੂਤ ਪਬਲਿਕ ਸਕੂਲ, ਗੋਪਾਲ ਨਗਰ, ਹੈਬੋਵਾਲ ਕਲਾਂ, ਭਾਰਤ ਨਗਰ ਚੌਕ, ਲੁਧਿਆਣਾ - 141001, 2. ਸ਼੍ਰੀਮਤੀ ਪੂਜਾ ਰਾਣੀ ਪਤਨੀ ਸ੍ਰੀ ਸੰਜੀਵ ਕੁਮਾਰ, ਵਾਸੀ 158, ਰਾਜਪੂਤ ਪਬਲਿਕ ਸਕੂਲ, ਗੋਪਾਲ ਨਗਰ, ਹੈਬੋਵਾਲ ਕਲਾਂ, ਭਾਰਤ ਨਗਰ ਚੌਕ, ਲੁਧਿਆਣਾ-141001। | ਸ਼੍ਰੀ ਸੰਜੀਵ ਕੁਮਾਰ ਦੇ ਨਾਮ 'ਤੇ ਵਿਕਰੀ ਡੀਡ ਦੁਆਰਾ ਵਸੀਕਾ ਨੰਬਰ 8652 ਮਿਤੀ 19.11.2015 ਦੇ ਅਧੀਨ 100 ਵਰਗ ਗਜ਼ ਦੇ ਪਲਾਟ 'ਤੇ ਬਣੀ ਰਿਹਾਇਸ਼ੀ ਜਾਇਦਾਦ, ਜੋ ਕਿ ਪਵਿੱਤਰ ਨਗਰ, ਲੁਧਿਆਣਾ ਵਿੱਚ ਸਥਿਤ ਹੈ ਅਤੇ ਖਾਤਾ ਨੰਬਰ 1654/1863, ਖਸਰਾ ਨੰਬਰ 37//15 ਵਿੱਚ ਸ਼ਾਮਲ ਹੈ, ਜੋ ਕਿ ਪਿੰਡ ਹੈਬੋਵਾਲ ਕਲਾਂ, ਹੱਦਬਸਤ ਨੰਬਰ 102, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੀ 2011-12 ਦੀ ਜਮਾਂਬੰਦੀ ਵਿੱਚ ਦਰਜ ਹੈ,ਇਸ ਤਰ੍ਹਾਂ ਹੱਦਬੰਦੀ ਹੈ: ਪੂਰਬ-ਗਲੀ 18'0" ਤੱਕ, ਪੱਛਮੀ-ਖੁੱਲ੍ਹਾ ਪਲਾਟ 18'0" ਤੱਕ, ਉੱਤਰੀ ਗੁਆਂਢੀ 50'0" ਤੱਕ, ਦੱਖਣ-ਵਿਕਰੇਤਾ 50'0" ਤੱਕ। **ਕਬਜ਼ੇ ਦੀ ਕਿਸਮ: ਸੰਕੇਤਕ ।** | Rs. 11,65,592.36 (ਰੁ. ਗਿਆਰਾਂ ਲੱਖ ਪੈਂਹਠ ਹਜ਼ਾਰ ਪੰਜ ਸੌ ਬਾਨਵੇਂ ਅਤੇ ਛੱਤੀ ਪੈਸੇ ਕੇਵਲ) 31.12.2024 ਦੇ ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | Rs. 24,00,000/- Rs. 2,40,000/- Rs. 25,000/- |
| 10. | ਸ਼ਾਖਾ : ਖਰੜ, ਲੁਧਿਆਣਾ Contact No. 9779245944 **ਕਰਜ਼ਦਾਰ ਅਤੇ ਗਿਰਵੀਕਾਰ: ਸ੍ਰੀ ਅਰਵਿੰਦ ਕੁਮਾਰ ਸਪੁੱਤਰ ਸ੍ਰੀ ਸਤਪਾਲ, ਫਲੈਟ ਨੰ. 191-ਬੀ ਪਹਿਲੀ ਮੰਜ਼ਿਲ, ਅਰਬਨ ਹੋਮਜ਼, ਨਿਊ ਅਜੀਤ ਕਲੋਨੀ ਪਿੰਡ ਖਰੜ, ਹੱਦਬਸਤ ਨੰ. 184 ਐਮਸੀ ਖਰੜ, ਤਹਿਸੀਲ ਖਰੜ, ਜ਼ਿਲ੍ਹਾ ਮੋਹਾਲੀ, ਸਹਿ ਸਹਿ ਬਿਨੈਕਾਰ : ਸ੍ਰੀ ਪਰਮਾਨੰਦ ਸਪੁੱਤਰ ਰੱਤੀ ਰਾਮ ਫਲੈਟ ਨੰ. 189-ਬੀ, ਪਹਿਲੀ ਮੰਜ਼ਿਲ, ਅਰਬਨ ਹੋਮਜ਼, ਨਿਊ ਅਜੀਤ ਕਲੋਨੀ ਪਿੰਡ ਖਰੜ, ਹੱਦਬਸਤ ਨੰ. 184 ਐਮਸੀ ਖਰੜ, ਤਹਿਸੀਲ ਖਰੜ, ਜ਼ਿਲ੍ਹਾ ਮੋਹਾਲੀ** | ਸ੍ਰੀ ਅਰਵਿੰਦ ਕੁਮਾਰ ਦੇ ਨਾਮ 'ਤੇ ਜ਼ਮੀਨ ਅਤੇ ਇਮਾਰਤ - 750 ਵਰਗ ਗਜ਼ ਦਾ ਰਿਹਾਇਸ਼ੀ (ਅਣਵੰਡੇ ਫਲੈਟ ਏਰੀਆ3/4 ਮਰਲਾ), ਫਲੈਟ ਨੰਬਰ 191-ਬੀ, ਪਹਿਲੀ ਮੰਜ਼ਿਲ, ਅਰਬਨ ਹੋਮਜ਼, ਨਿਊ ਅਜੀਤ ਕਲੋਨੀ, ਪਿੰਡ ਖਰੜ, ਹਦਬਸਤ ਨੰਬਰ 184, ਐਮਸੀ ਖਰੜ, ਜ਼ਿਲ੍ਹਾ: ਮੋਹਾਲੀ ਵਿਖੇ ਸਥਿਤ, ਖੇਵਟ/ਖਟੋਨੀ ਨੰ: 397/405, ਖਸਰਾ ਨੰ: 54//24/2(1-9), 25/2(2-13), 25//4/1(2-17), 5/1( 5-11), ਹਦਬਸਤ ਨੰ: 184, ਪਿੰਡ ਖਰੜ ਅਤੇ ਇਸ ਤਰ੍ਹਾਂ ਹੱਦਬੰਦੀ: ਪੂਰਬੀ- ਫਲੈਟ ਨੰਬਰ 192 ਬੀ, ਪੱਛਮ- ਹਾਊਸ ਆਫ ਅਦਰ, ਉੱਤਰ-ਪਾਰਕਿੰਗ ਐਂਡ ਰੋਡ, ਹੋਰ ਦਾ ਦੱਖਣੀ-ਖਾਲੀ ਪਲਾਟ। **ਕਬਜ਼ੇ ਦੀ ਕਿਸਮ: ਸੰਕੇਤਕ।** | Rs. 15,54,879.52 (ਰੁ. ਪੰਦਰਾਂ ਲੱਖ ਚੁਰੰਜਾ ਹਜ਼ਾਰ ਅੱਠ ਸੌ ਉਣਾਸੀ ਅਤੇ ਬਵੰਜਾ ਪੈਸੇ ਕੇਵਲ) 30.09.2024 ਦੇ ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | Rs. 26,10,000/- Rs. 2,61,000/- Rs. 25,000/- |
| 11 | ਸ਼ਾਖਾ : ਮੋਗਾ Contact No. 8889433396 ਕਰਜ਼ਦਾਰ: ਦਿਲਬਾਗ ਸਿੰਘ ਪੁੱਤਰ ਹਰਜਿੰਦਰ ਸਿੰਘ, ਮਕਾਨ ਨੰ. 1298, ਗਲੀ ਨੰ. 6, ਅਹਟਾ ਬਦਨ ਸਿੰਘ ਮੋਗਾ 142001. ਸਵਰਗੀ ਸ. ਗੁਰਮੀਤ ਸਿੰਘ ਪੁੱਤਰ ਹਰਜਿੰਦਰ ਸਿੰਘ (ਜਾਣਿਆ ਅਤੇ ਅਣਪਛਾਤੇ ਕਾਨੂੰਨੀ ਵਾਰਸਾਂ ਰਾਹੀਂ), ਮਕਾਨ ਨੰ: 1298, ਗਲੀ ਨੰ: 6, ਅਹਟਾ ਬਦਨ ਸਿੰਘ ਮੋਗਾ 142001। ਜ਼ਾਮਨ: ਹਰਦਿੱਤ ਸਿੰਘ ਪੁੱਤਰ ਅਜਮੇਰ ਸਿੰਘ, ਮਕਾਨ ਨੰ: 176, ਰਾਧਾ ਸੁਆਮੀ ਗਲੀ , ਕੈਂਪ ਰੋਡ, ਮੋਗਾ 142001 | 4 ਮਰਲੇ 1 ਸਰਸਾਹੀ, ਮੋਗਾ ਮਹਿਲਾ ਸਿੰਘ-2 (ਅਧਿਆਪਕਾਂ ਦੀ ਕਲੋਨੀ ਵਜੋਂ ਜਾਣਿਆ ਜਾਂਦਾ ਇਲਾਕਾ, ਮੋਗਾ), ਨੇੜੇ ਬਹੋਨਾ ਚੌਕ, ਕੇ.ਕੇ.ਪੀ. ਬਾਈ ਰੋਡ, ਮੋਗਾ ਤੋਂ ਵਸੀਕਾ ਨੰ: 8036 ਮਿਤੀ 18.02.2014 ਦੇ ਖੇਤਰ ਵਿੱਚ ਸਥਿਤ ਰਿਹਾਇਸ਼ੀ ਜਾਇਦਾਦ, ਮਿਤੀ 18.02.2014 ਦਿਲਬਾਗ ਸਿੰਘ ਪੁੱਤਰ ਹਰਜਿੰਦਰ ਸਿੰਘ ਦੇ ਨਾਮ 'ਤੇ ਪੂਰਬ: ਸੁਖਮੰਦਰ ਸਿੰਘ (40'), ਪੱਛਮ: ਨਰਪਿੰਦਰ ਕੌਰ (40'), ਉੱਤਰ: ਗਲੀ (28'1"), ਦੱਖਣ: ਪਿਛਲਾ ਮਾਲਕ (28'1") **ਕਬਜੇ ਦੀ ਕਿਸਮ: ਸੰਕੇਤਕ** | Rs.15,57,470.00 (ਰੁ. ਪੰਦਰਾਂ ਲੱਖ ਸਤਵੰਜਾ ਹਜ਼ਾਰ ਚਾਰ ਸੌ ਸੱਤਰ ਕੇਵਲ) 31.07.2023 ਦੇ ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | Rs. 9,60,000/- Rs. 96,000/- Rs. 10,000/- |
| 12 | ਸ਼ਾਖਾ : ਸਮਰਾਲਾ 66870, ਲੁਧਿਆਣਾ Contact No. 9820666744 ਕਰਜ਼ਦਾਰ:- ਸ੍ਰੀ ਜੋਰਾ ਸਿੰਘ ਪੁੱਤਰ ਜਰਨੈਲ ਸਿੰਘ, ਮਕਾਨ ਨੰ. 155. ਪਿੰਡ ਲੋਪੋਂ, ਤਹਿਸੀਲ ਸਮਰਾਲਾ, ਜਿਲਾ ਲੁਧਿਆਣਾ- 141114. (ਗਿਰਵੀਕਾਰ):- ਸ਼੍ਰੀਮਤੀ। ਦਲਵਿੰਦਰ ਕੌਰ ਵਾਸੀ ਜੋਰਾ ਸਿੰਘ ਮਕਾਨ ਨੰਬਰ 155 ਪਿੰਡ ਲੋਪੋਂ ਤਹਿਸੀਲ ਸਮਰਾਲਾ ਜ਼ਿਲ੍ਹਾ ਲੁਧਿਆਣਾ। ਜ਼ਾਮਨ:- ਸ੍ਰੀ ਜਰਨੈਲ ਸਿੰਘ ਪੁੱਤਰ ਸ. ਦਿਆਲ ਸਿੰਘ, ਪਿੰਡ ਲੋਪੋਂ ਤਹਿਸੀਲ ਸਮਰਾਲਾ ਜ਼ਿਲ੍ਹਾ ਲੁਧਿਆਣਾ | ਪਿੰਡ ਲੋਪੋਂ ਤਹਿਸੀਲ ਸਮਰਾਲਾ ਵਿਖੇ ਰਿਹਾਇਸ਼ੀ ਘਰ, ਜੋ ਕਿ ਖੇਵਟ ਨੰਬਰ 316/312 ਮਿਨ, ਖਤੌਣੀ ਨੰਬਰ: 339, ਕਿਲਾ ਨੰਬਰ 32// 13, 29, 34//15/2, 16/1, 25/2, 11/2, 12/2, 1920::21/1,22/1 ਅਤੇ ਖੇਵਟ ਨੰਬਰ 317/312 ਮਿੰਟ, ਖਤੌਣੀ ਨੰਬਰ 340, ਕਿਲਾ ਨੰਬਰ 32//18, 23/1 ਵਿੱਚ ਸ਼ਾਮਲ 9 ਕਨਾਲ-11ਮਰਲੇ ਮਾਪ ਵਾਲੀ ਜ਼ਮੀਨ ਵਿੱਚੋਂ 50/3279 ਹਿੱਸੇ ਵਜੋਂ ਸਥਿਤ ਹੈ, ਸਾਲ 2012-13 ਲਈ ਜਮ੍ਹਾਂਬੰਦੀ ਦੀ ਕਾਪੀ ਦੇ ਅਨੁਸਾਰ। ਪਿੰਡ ਲੋਪੋਂ, ਮਕਾਨ ਨੰ. 334. ਤਹਿਸੀਲ ਸਮਰਾਲਾ, ਜ਼ਿਲ੍ਹਾ: ਲੁਧਿਆਣਾ ਵਿਖੇ ਸ੍ਰੀ ਜੋਰਾ ਸਿੰਘ ਪੁੱਤਰ ਜਰਨੈਲ ਸਿੰਘ ਦੇ ਨਾਮ 'ਤੇ ਵਿਕਰੀ ਡੀਡ ਨੰਬਰ 375 ਮਿਤੀ 08-05-2013 ਅਨੁਸਾਰ ਹੇਠ ਲਿਖੇ ਅਨੁਸਾਰ ਸੀਮਾਬੱਧ: ਪੂਰਬ: ਗੁਰਚੇਤਨ ਸਿੰਘ ਸਾਈਡ 92', ਪੱਛਮ- ਘਰ ਗੁਰਦੇਵ ਸਿੰਘ ਸਾਈਡ 92', ਉੱਤਰ-ਰਾਸਤਾ ਸਾਈਡ 50', ਦੱਖਣ- ਮਨਜੀਤ ਕੌਰ ਸਾਈਡ 48'। ਕਬਜ਼ੇ ਦੀ ਕਿਸਮ: ਸੰਕੇਤਕ | Rs. 13,60,731.48 (ਰੁ. ਤੇਰਾਂ ਲੱਖ ਸੱਠ ਹਜ਼ਾਰ ਸੱਤ ਸੌ ਇਕੱਤੀ ਅਤੇ ਅਠਤਾਲੀ ਪੈਸੇ ਕੇਵਲ) 31.12.2024 ਦੇ ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | Rs. 10,20,000/- Rs. 1,02,000/- Rs. 10,000/- |
| 13 | ਸ਼ਾਖਾ : ਬੀਆਰਐਸ ਨਗਰ, ਲੁਧਿਆਣਾ Contact No. 8872543107 **ਕਰਜ਼ਦਾਰ ਅਤੇ ਗਿਰਵੀਕਾਰ: ਸੁਖਦੇਵ ਸਿੰਘ** ਸਪੁੱਤਰ ਮਹਿੰਦਰ ਸਿੰਘ, ਮਕਾਨ ਨੰ. 218, ਨੇੜੇ ਸਰਕਾਰੀ ਮਿਡਲ ਸਕੂਲ, ਗਿਆਸਪੁਰ ਕਲਾਂ, ਲੁਧਿਆਣਾ, **ਹਰਦੇਵ ਸਿੰਘ** ਸਪੁੱਤਰ ਮਹਿੰਦਰ ਸਿੰਘ, ਮਕਾਨ ਨੰ. 218, ਨੇੜੇ ਸਰਕਾਰੀ ਮਿਡਲ ਸਕੂਲ, ਗਿਆਸਪੁਰ ਕਲਾਂ, ਲੁਧਿਆਣਾ | ਸ੍ਰੀ ਸੁਖਦੇਵ ਸਿੰਘ ਸਪੁੱਤਰ ਮਹਿੰਦਰ ਸਿੰਘ ਅਤੇ ਹਰਦੇਵ ਸਿੰਘ ਸਪੁੱਤਰ ਮਹਿੰਦਰ ਸਿੰਘ ਦੇ ਨਾਮ 'ਤੇ 33 ਫੁੱਟ ਰੋਡ, ਨੇੜੇ ਪਾਰਕ, ਗਿਆਸਪੁਰਾ, ਲੁਧਿਆਣਾ ਵਿਖੇ 200 ਵਰਗ ਗਜ਼ ਮਾਪ ਵਾਲੇ ਪਲਾਟ 'ਤੇ ਨਿਰਮਿਤ ਬਿਲਡਿੰਗ ਵਾਲੀ ਸੰਪੱਤੀ ਨੰ. ਬੀ-29-317/15 ਮਾਪ ਵਾਲੀ ਰਿਹਾਇਸ਼ੀ ਸੰਪੱਤੀ ਦੀ ਈਐਮ। **ਹੱਦਬੰਦੀ: ਪੂਰਬ:** ਗੁਆਂਢੀ, **ਪੱਛਮ:** ਹਮੀਰ ਸਿੰਘ, **ਉੱਤਰ:** ਪ੍ਰੀਤਮ ਸਿੰਘ, **ਦੱਖਣ:** ਗਲੀ 11 ਫੁੱਟ ਚੌੜੀ। **ਕਬਜ਼ੇ ਦੀ ਕਿਸਮ:** ਸੰਕੇਤਕ। | Rs.24,76,614.42 (ਰੁ. ਚੌਵੀ ਲੱਖ ਛਿਹੱਤਰ ਹਜ਼ਾਰ ਛੇ ਸੌ ਚੌਦਾਂ ਅਤੇ ਬਿਆਲੀ ਪੈਸੇ ਕੇਵਲ) 31.08.2024 ਦੇ ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | Rs. 20,50,000/- Rs. 2,05,000/- Rs. 20,000/- |

**ਨਿਯਮ ਅਤੇ ਸ਼ਰਤਾਂ :- ਵਿਕਰੀ ਸਰਫਾਇਸੀ ਐਕਟ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਵਿਚ ਪ੍ਰਸਤਾਵਿਤ ਨਿਯਮ ਅਤੇ ਸ਼ਰਤਾਂ ਅਤੇ ਨਿਮਨਲਿਖਤ ਹੋਰ ਸ਼ਰਤਾਂ ਨਾਲ ਸੰਬੰਧਤ ਹੋਵੇਗੀ :** 1. ਉਕਤ ਦਰਸਾਈ ਸੂਚੀ ਵਿਚ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਰਵੋਤਮ ਜਾਣਕਾਰੀ ਲਈ ਦਰਸਾਏ ਗਏ ਹਨ, ਪ੍ਰੰਤੂ ਅਧਿਕਾਰਤ ਅਧਿਕਾਰੀ ਇਸ ਐਲਾਨਨਾਮੇ ਵਿਚ ਕਿਸੇ ਵੀ ਤਰੁੱਟੀ, ਗਲਤ ਬਿਆਨੀ ਜਾਂ ਕਟੌਤੀ ਲਈ ਜੁਆਬਦੇਹ ਨਹੀਂ ਹੋਵੇਗਾ। 2. ਵਿਕਰੀ ਵੈਬਸਾਈਟ **https://baanknet.com** 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ 15.07.2025 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 05.00 ਵਜੇ ਤੱਕ ਨਿਮਨ ਹਸਤਾਖ਼ਰੀ ਵੱਲੋਂ ਕੀਤੀ ਜਾਵੇਗੀ। ਉਕਤ ਦਰਸਾਈਆਂ ਸੰਪੱਤੀਆਂ ਸੰਬੰਧੀ ਕਿਸੇ ਵੀ ਜਾਣਕਾਰੀ ਦੇ ਲਈ, ਕਿਰਪਾ ਕਰਕੇ ਸੰਬੰਧਤ ਮੈਨੇਜਰ ਨੂੰ ਸੰਪਰਕ ਕਰੋ। 3. ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ **https://www.unionbankofindia.co.in/auction-property/view-auction-property.aspx** ਅਤੇ **www.unionbankofindia.co.in** ਦਾ ਹਵਾਲਾ ਲਓ। 4. ਪੰਜੀਕਰਨ ਅਤੇ ਲਾਗਇਨ ਅਤੇ ਬੋਲੀ ਨਿਯਮਾਂ ਦੇ ਲਈ **"Buyer Guide for Login and Registration"** ਵਿਚ **https://baanknet.com** ਦੇਖੋ। 5. ਬੈਂਕ, ਸੁਰੱਖਿਅਤ ਕਰਜ਼ਦਾਤਾ ਕੋਲ ਬਿਨਾਂ ਕੋਈ ਵੀ ਕਾਰਨ ਦੱਸੇ ਸਭ ਤੋਂ ਉੱਚੀ ਬੋਲੀ ਨੂੰ ਪ੍ਰਵਾਨ ਜਾਂ ਰੱਦ ਕਰਨ ਜਾਂ ਵਿਕਰੀ ਨੂੰ ਬਰਖਾਸਤ ਕਰਨ ਦਾ ਹੱਕ ਰਾਖਵਾਂ ਹੈ।

**ਇਸ ਨੂੰ ਉਕਤ ਦਰਸਾਈ ਮਿਤੀ ਨੂੰ ਈ-ਨਿਲਾਮੀ ਵਿਕਰੀ ਨੂੰ ਰੋਕਣ ਸੰਬੰਧੀ ਉਕਤ ਦਰਸਾਏ ਕਰਜ਼ੇ ਦੇ ਕਰਜ਼ਦਾਰ/ਾਂ/ਜ਼ਾਮਨ/ਾਂ ਅਤੇ ਗਿਰਵੀਕਾਰ/ਾਂ ਦੇ ਲਈ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6), ਨਿਯਮ 9 (1) ਦੇ ਅਧੀਨ 15 ਰੋਜ਼ਾ ਸੂਚਨਾ ਵਜੋਂ ਵੀ ਮੰਨਿਆ ਜਾਵੇ।**

ਸੰਪੱਤੀਆਂ ਦੇ ਵੇਰਵੇ ਲਈ ਇੱਛੁਕ ਬੋਲੀਕਾਰਾਂ ਨੂੰ ਕਿਊਆਰ ਕੋਡ ਸਕੈਨ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ।

ਮਿਤੀ : 27.06.2025, ਸਥਾਨ : ਲੁਧਿਆਣਾ — ਅਧਿਕਾਰਤ ਅਧਿਕਾਰੀ, ਯੂਨੀਅਨ ਬੈਂਕ ਆਫ ਇੰਡੀਆ

# ਹਲਕਾ ਪਾਇਲ ਦੇ ਬਲਾਕ ਦੋਰਾਹਾ ਅਧੀਨ ਪੈਂਦੇ ਪਿੰਡਾਂ ਦੀਆਂ 36 ਸੜਕਾਂ ਦੇ ਨਿਰਮਾਣ ਦੀ ਮਿਲੀ ਮਨਜ਼ੂਰੀ



ਲੁਧਿਆਣਾ, 27 ਜੂਨ (ਵਿਸ਼ਾਲ ਸ਼ਰਮਾ) : ਵਿਧਾਨ ਸਭਾ ਹਲਕਾ ਪਾਇਲ ਦੇ ਵਿਧਾਇਕ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਨੇ ਦੋਰਾਹਾ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਵਿਕਾਸ ਵੱਲ ਵਿਸ਼ੇਸ਼ ਧਿਆਨ ਦੇ ਰਹੀ ਹੈ। ਇਸੇ ਤਹਿਤ ਹਲਕਾ ਪਾਇਲ ਦੀਆਂ ਪ੍ਰਮੁੱਖ ਸੜਕਾਂ ਜਿਨ੍ਹਾਂ ਵੱਲ ਪਿਛਲੇ 10 ਸਾਲਾਂ ਤੋਂ ਕਿਸੇ ਸਰਕਾਰ ਨੇ ਧਿਆਨ ਨਹੀਂ ਦਿੱਤਾ, ਜਿਨ੍ਹਾਂ ਵਿਚ ਬੀਜਾ ਤੋਂ ਰਾੜਾ ਸਾਹਿਬ ਜਗੇੜਾ, ਮਲੌਦ ਤੋਂ ਰਾੜਾ ਸਾਹਿਬ ਅਤੇ ਮਲੌਦ-ਪਾਇਲ ਆਦਿ ਤੋਂ ਇਲਾਵਾ ਹਲਕੇ ਦੀਆਂ ਲਿੰਕ ਸੜ੍ਹਕਾਂ ਦਾ ਵੀ ਵੱਡੀ ਪੱਧਰ 'ਤੇ ਨਿਰਮਾਣ ਕੀਤਾ ਗਿਆ ਹੈ। ਵਿਧਾਇਕ ਗਿਆਸਪੁਰਾ ਨੇ ਕਿਹਾ ਕਿ ਹਲਕਾ ਪਾਇਲ ਦੇ ਬਲਾਕ ਦੋਰਾਹਾ ਅਧੀਨ ਪੈਂਦੇ ਪਿੰਡਾਂ ਦੀਆਂ 36 ਹੋਰ ਸੜਕਾਂ ਦੇ ਨਿਰਮਾਣ ਨੂੰ ਮਨਜ਼ੂਰੀ ਦਿੱਤੀ ਗਈ ਹੈ ਜਿਨ੍ਹਾਂ ਦਾ ਕੰਮ ਜਲਦੀ ਸ਼ੁਰੂ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਦੋਂ ਤੋਂ ਮੈਂ ਵਿਧਾਇਕ ਬਣਿਆ, ਹਲਕੇ ਦੀਆਂ ਸੜਕਾਂ ਦੀ ਹਾਲਤ ਬਹੁਤ ਖ਼ਰਾਬ ਸੀ। ਲੋਕ ਆਵਾਜਾਈ ਵਿੱਚ ਬੇਹੱਦ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਸਨ। ਪਰ ਸਾਡੀ ਸਰਕਾਰ ਦੇ ਆਉਣ ਤੋਂ ਬਾਅਦ ਜਿਵੇਂ ਹੀ ਵਿਕਾਸਕਾਰੀ ਯਾਤਰਾ ਦੀ ਸ਼ੁਰੂਆਤ ਹੋਈ, ਹਲਕੇ ਦੀਆਂ ਸੜਕਾਂ ਨੂੰ ਨਵੀਂ ਜ਼ਿੰਦਗੀ ਮਿਲਣੀ ਸ਼ੁਰੂ ਹੋਈ ਹੈ। ਉਹਨਾਂ ਕਿਹਾ ਕਿ ਇਹਨਾਂ ਸੜਕਾਂ ਨਾ ਸਿਰਫ਼ ਆਸ-ਪਾਸ ਦੇ ਪਿੰਡਾਂ ਨੂੰ ਭਾਰੀ ਰਾਹਤ ਮਿਲੇਗੀ ਸਗੋਂ ਆਰਥਿਕ, ਸਮਾਜਿਕ ਅਤੇ ਵਪਾਰਕ ਗਤੀਵਿਧੀਆਂ ਵਿਚ ਵੀ ਤੇਜੀ ਆਵੇਗੀ। ਉਹਨਾਂ ਕਿਹਾ ਕਿ ਸਾਡਾ ਹਲਕਾ ਪਾਇਲ ਦੇ ਲੋਕਾਂ ਦੇ ਨਾਲ ਵਾਅਦਾ ਕੀਤਾ ਸੀ ਸੜਕਾਂ ਬਣਨਗੀਆਂ ਵਿਕਾਸ ਆਵੇਗਾ ਅੱਜ ਉਹ ਵਾਅਦਾ ਹਕੀਕਤ ਬਣ ਰਿਹਾ ਹੈ। ਉਨ੍ਹਾ ਕਿਹਾ ਕਿ ਗੁਰਦੁਆਰਾ ਕਰਮਸਰ ਰਾੜਾ ਸਾਹਿਬ ਦੇ ਨਜ਼ਦੀਕ ਬਠਿੰਡਾ ਬ੍ਰਾਂਚ ਨਹਿਰ ਨਵੇਂ ਲੱਗ ਰਹੇ ਪੁਲ ਨੂੰ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੀ ਸਾਲਾਨਾ ਬਰਸੀ ਤੋਂ ਪਹਿਲਾਂ ਸੰਗਤਾਂ ਦੇ ਸਪੁਰਦ ਕੀਤਾ ਜਾਵੇਗਾ। ਇਸ ਮੌਕੇ 'ਤੇ ਨਗਰ ਕੌਂਸਲ ਦੋਰਾਹਾ ਦੇ ਪ੍ਰਧਾਨ ਸੁਦਰਸ਼ਨ ਕੁਮਾਰ ਪੱਪੂ, ਚੇਅਰਮੈਨ ਬੂਟਾ ਸਿੰਘ ਰਾਣੋਂ ਹਲਕਾ ਪਾਇਲ ਤੋਂ ਆਮ ਆਦਮੀ ਪਾਰਟੀ ਦੇ ਸੰਗਠਨ ਇੰਚਾਰਜ ਗੁਰਵਿੰਦਰ ਸਿੰਘ ਰਾਣਾ ਕੁੰਨਰ,ਪ੍ਰਧਾਨ ਬੌਵੀ ਤਿਵਾੜੀ, ਪੀਏ ਮਨਜੀਤ ਸਿੰਘ ਡੀਸੀ, ਕੌਂਸਲ ਕੁਲਵੰਤ ਸਿੰਘ ਕਾਲੂ, ਕੌਂਸਲ ਹਰਨੇਕ ਸਿੰਘ ਨੇਕੀ, ਕੌਂਸਲਰ ਕਮਲਜੀਤ ਸਿੰਘ ਬਿੱਟੂ, ਕੌਂਸਲਰ ਰਿਕੀ ਬੈਕਟਰ, ਆਗੂ ਜਰਨੈਲ ਸਿੰਘ, ਮਿੰਟੂ, ਨੰਬਰਦਾਰ ਰਣਜੀਤ ਸਿੰਘ ਕੌਂਸਲਰ, ਪ੍ਰਧਾਨ ਸੁਖਬੀਰ ਸਿੰਘ ਤਲਵਾੜਾ, ਪ੍ਰਧਾਨ ਮੰਗਾ ਜਰਮਨ, ਇੰਦਰਜੀਤ ਸਿੰਘ ਫ਼ੌਜੀ ਆਦਿ ਹਾਜ਼ਰ ਸਨ।

# ਚੇਅਰਮੈਨ ਹੇਮਰਾਜ ਨੇ ਆੜ੍ਹਤੀਆਂ ਨਾਲ ਸਬੰਧਤ ਸ਼ਿਕਾਇਤਾਂ ਸੁਣੀਆਂ



ਲੁਧਿਆਣਾ, 27 ਜੂਨ (ਵਿਸ਼ਾਲ ਸ਼ਰਮਾ) : ਮਾਰਕੀਟ ਕਮੇਟੀ ਸਾਹਨੇਵਾਲ ਦੇ ਚੇਅਰਮੈਨ ਸ੍ਰੀ ਹੇਮਰਾਜ ਰਾਜੀ ਵੱਲੋਂ ਸ਼ੁੱਕਰਵਾਰ ਨੂੰ ਦਫਤਰ ਮਾਰਕੀਟ ਕਮੇਟੀ ਸਾਹਨੇਵਾਲ ਵਿਖੇ ਆੜ੍ਹਤੀਆਂ ਨਾਲ ਮੀਟਿੰਗ ਕਰਕੇ ਆੜ੍ਹਤੀਆਂ ਨਾਲ ਸਬੰਧਤ ਸ਼ਿਕਾਇਤਾਂ ਸੁਣੀਆਂ ਗਈਆਂ ਅਤੇ ਕੁੱਝ ਸ਼ਿਕਾਇਤਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ ਅਤੇ ਰਹਿੰਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਜਲਦ ਕਰਨ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਮਾਰਕੀਟ ਕਮੇਟੀ ਸਾਹਨੇਵਾਲ ਦੇ ਅਧਿਕਾਰੀ ਵੀ ਮੌਜੂਦ ਸਨ। ਚੇਅਰਮੈਨ ਹੇਮਰਾਜ ਰਾਜੀ ਨੇ ਕਿਹਾ ਕਿ ਅੱਜ ਸਾਰੇ ਆੜ੍ਹਤੀਏ ਭਰਾਵਾਂ ਦੀਆਂ ਸਮੱਸਿਆਵਾਂ ਨੂੰ ਸੁਣਿਆ ਗਿਆ ਅਤੇ ਉਹਨਾਂ 'ਤੇ ਵਿਚਾਰ ਕੀਤਾ ਗਿਆ ਹੈ। ਆੜ੍ਹਤੀਏ ਭਰਾਵਾਂ ਅਨੁਸਾਰ ਉਹਨਾਂ ਦੀਆਂ ਦੁਕਾਨਾਂ ਮਾਰਕੀਟ ਕਮੇਟੀ ਸਾਹਨੇਵਾਲ ਦੇ ਅੰਡਰ ਆਉਂਦੀਆਂ ਹਨ ਜਿਨ੍ਹਾਂ ਦੀਆਂ ਰਜਿਸਟਰੀਆਂ ਉਹਨਾਂ ਦੇ ਨਾਮ 'ਤੇ ਕਰਵਾਈਆਂ ਜਾਣ। ਸੋ ਜਲਦੀ ਤੋਂ ਜਲਦੀ ਇਹ ਰਜਿਸਟਰੀਆਂ ਕਰਵਾਈਆਂ ਜਾਣਗੀਆਂ। ਚੇਅਰਮੈਨ ਨੇ ਆੜ੍ਹਤੀਆਂ ਨੂੰ ਐਨ.ਓ.ਸੀ ਦੀਆਂ ਸਮੱਸਿਆਵਾਂ ਦਾ ਜਲਦੀ ਹੀ ਹੱਲ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਆੜ੍ਹਤੀਆਂ ਨੂੰ ਕਿਹਾ ਕਿ ਐਨ.ਓ.ਸੀ ਲਈ ਪੁਰਾਣਾ ਰਿਕਾਰਡ ਅਤੇ ਸਬੰਧਤ ਦਸਤਾਵੇਜ਼ ਲਗਾ ਕੇ ਅੱਜ ਹੀ ਇਨ੍ਹੇ ਪੱਤਰ ਦਿੱਤਾ ਜਾਵੇ ਤਾਂ ਜ ਉਨ੍ਹਾਂ ਨੂੰ ਐਨ.ਓ.ਸੀ ਜਾਰੀ ਕੀਤਾ ਜਾ ਸਕੇ। ਸਾਹਨੇਵਾਲ ਮੰਡੀ ਵਿੱਚ ਬਿਜਲੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਆੜ੍ਹਤੀਆਂ ਵੱਲੋਂ ਚੇਅਰਮੈਨ ਅੱਗੇ ਇੱਕ ਹੋਰ ਟਰਾਂਸਫਾਰਮ ਲਗਾਉਣ ਦੀ ਮੰਗ ਰੱਖੀ ਗਈ ਅਤੇ ਚੇਅਰਮੈਨ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਜਲਦ ਹੀ ਟਰਾਂਸਫਾਰਮ ਲਗਵਾ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਇਸ ਇਲਾਵਾ ਮੰਡੀਆਂ ਵਿੱਚ ਜਲਦੀ ਹੀ ਲੋੜ ਅਨੁਸਾਰ ਲਾਈਟਾਂ ਵੀ ਲਗਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਆੜ੍ਹਤੀਆਂ ਵੱਲੋਂ ਫ਼ੜ ਵਧਾਉਣ ਘਟਾਉਣ ਅਤੇ ਰਿਪੇਅਰ ਕਰਨ ਦੀ ਵੀ ਮੰਗ ਰੱਖੀ ਗਈ ਜਿਸ 'ਤੇ ਵੀ ਵਿਚਾਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆੜ੍ਹਤੀਆਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਸਾਰੀਆਂ ਮੰਡੀਆਂ ਵਿੱਚ ਬੂਟੇ ਵੀ ਲਗਵਾਏ ਜਾਣਗੇ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਦੀ ਗਤੀਸ਼ੀਲ ਅਗਵਾਈ ਹੇਠ ਅਤੇ ਕੈਬਨਿਟ ਮੰਤਰੀ ਸ੍ਰੀ ਹਰਦੀਪ ਸਿੰਘ ਮੁੰਡੀਆਂ ਦੇ ਯਤਨਾਂ ਸਦਕਾ ਮੈਨੂੰ ਮਾਰਕੀਟ ਕਮੇਟੀ ਸਾਹਨੇਵਾਲ ਦਾ ਚੇਅਰਮੈਨ ਵਜੋਂ ਸੇਵਾ ਕਰਨ ਦਾ ਮੌਕਾ ਦਿੱਤਾ ਗਿਆ ਹੈ।

# ਮਨਜੀਤ ਸਿੰਘ ਹਰਮਨ ਬਣੇ 'ਆਪ' ਵਿਧਾਨ ਸਭਾ ਹਲਕਾ ਸੈਂਟਰਲ ਦੇ ਸੰਗਠਨ ਇੰਚਾਰਜ



ਲੁਧਿਆਣਾ, 27 ਜੂਨ (ਰਵਿੰਦਰ ਸਿੰਘ ਨਿੱਝਰ) : ਆਮ ਆਦਮੀ ਪਾਰਟੀ ਵੱਲੋਂ ਮਨਜੀਤ ਸਿੰਘ ਹਰਮਨ ਨੂੰ ਵਿਧਾਨ ਸਭਾ ਹਲਕਾ ਸੈਂਟਰਲ ਲੁਧਿਆਣਾ ਦਾ ਸੰਗਠਨ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਹਰਮਨ ਪਿਛਲੇ ਲੰਮੇ ਸਮੇਂ ਤੋਂ ਪਾਰਟੀ ਵਿਚ ਸਰਗਰਮ ਭੂਮਿਕਾ ਨਿਭਾ ਰਹੇ ਹਨ ਅਤੇ ਪਾਰਟੀ ਦੀਆਂ ਗਤੀਵਿਧੀਆਂ ਦੇ ਨਾਲ ਨਾਲ ਨਿੱਤ ਨਵੇਂ ਪ੍ਰੋਗਰਾਮਾਂ ਨੂੰ ਹਲਕੇ ਦੇ ਲੋਕਾਂ ਤੱਕ ਪਹੁੰਚਾਉਣ ਵਿੱਚ ਯੋਗਦਾਨ ਪਾ ਰਹੇ ਹਨ। ਨਿਯੁਕਤੀ ਤੋਂ ਬਾਅਦ ਹਰਮਨ ਨੇ ਪਾਰਟੀ ਦੇ ਸੀਨੀਅਰ ਆਗੂ ਮਨੀਸ਼ ਸਿਸੋਧੀਆ, ਅਮਨ ਅਰੋੜਾ, ਸੈਰੀ ਕਲਸੀ ਅਤੇ ਸਮੁੱਚੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਜ਼ਿੰਮੇਵਾਰੀ ਉਨ੍ਹਾਂ ਲਈ ਮਾਣ ਦੀ ਗੱਲ ਹੈ। ਉਨ੍ਹਾਂ ਹਲਕਾ ਵਿਧਾਇਕ ਅਸ਼ੋਕ ਪ੍ਰਾਸ਼ਰ ਪੱਪੀ ਦਾ ਵੀ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ, ਜਿਨ੍ਹਾਂ ਨੇ ਉਨ੍ਹਾਂ ਉੱਤੇ ਭਰੋਸਾ ਜਤਾਇਆ। ਮਨਜੀਤ ਸਿੰਘ ਹਰਮਨ ਨੇ ਕਿਹਾ ਕਿ ਉਹ ਆਪਣੀ ਨਵੀਂ ਜ਼ਿੰਮੇਵਾਰੀ ਨੂੰ ਨਿਭਾਉਣ ਵਿੱਚ ਪੂਰੀ ਨਿਸ਼ਠਾ ਅਤੇ ਮਿਹਨਤ ਨਾਲ ਜੁਟੇ ਰਹਿਣਗੇ ਅਤੇ ਪਾਰਟੀ ਨੂੰ ਹੋਰ ਵੀ ਮਜ਼ਬੂਤ ਬਣਾਉਣ ਵਾਸਤੇ ਹਲਕੇ ਦੇ ਹਰ ਵਰਗ ਨਾਲ ਰਿਸ਼ਤਾ ਬਣਾਉਣ ਦੀ ਕੋਸ਼ਿਸ਼ ਜਾਰੀ ਰੱਖਣਗੇ। ਇਸ ਨਿਯੁਕਤੀ ਨੂੰ ਲੁਧਿਆਣਾ ਸੈਂਟਰਲ ਹਲਕੇ ਵਿਚ ਆਮ ਆਦਮੀ ਪਾਰਟੀ ਦੇ ਵੱਧ ਰਹੇ ਆਧਾਰ ਅਤੇ ਜ਼ਮੀਨੀ ਸਤਰ 'ਤੇ ਪਾਰਟੀ ਦੀ ਸੰਗਠਨਾਤਮਕ ਮਜ਼ਬੂਤੀ ਵਜੋਂ ਵੇਖਿਆ ਜਾ ਰਿਹਾ ਹੈ। ਇਸ ਮੌਕੇ ਜਿਲ੍ਹਾ ਪ੍ਰਧਾਨ ਜਤਿੰਦਰ ਖੰਗੂੜਾ, ਰਾਜੂ ਵੋਹਰਾ, ਰਾਜੂ ਬਾਬਾ, ਹਰਵਿੰਦਰ ਜੌਲੀ, ਕੁਲਦੀਪ ਕੁੱਕੂ, ਗੁਰਮੁੱਖ ਸਿੰਘ ਬਾਂਸਲ ਬਲਾਕ ਪ੍ਰਧਾਨ ਨੇ ਮਨਜੀਤ ਸਿੰਘ ਹਰਮਨ ਦਾ ਸਨਮਾਨ ਕੀਤਾ।

# ਪੰਜਾਬ ਸਟੇਟ ਵੈਟਨਰੀ ਇੰਸਪੈਕਟਰ ਐਸੋਸੀਏਸ਼ਨ ਵੱਲੋਂ ਹੱਕੀ ਮੰਗਾਂ ਲਈ ਡਿਪਟੀ ਡਾਇਰੈਕਟਰ ਦ.ਫਤਰ ਅੱਗੇ ਧਰਨਾ




ਜਗਰਾਓਂ, 27 ਜੂਨ (ਦਵਿੰਦਰ ਜੈਨ) : ਪੰਜਾਬ ਸਟੇਟ ਵੈਟਨਰੀ ਇੰਸਪੈਕਟਰਜ ਐਸੋਸੀਏਸ਼ਨ ਵੱਲੋਂ ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਦਫਤਰ ਅੱਗੇ ਆਪਣੀਆਂ ਹੱਕੀ ਮੰਗਾਂ ਮਸਲਿਆਂ ਦੇ ਨਿਪਟਾਰੇ ਲਈ ਰੋਸ ਮੁਜਾਹਰਾ ਕੀਤਾ ਗਿਆ। ਇਸ ਰੋਸ ਮੁਜਾਹਰੇ ਦੀ ਅਗਵਾਈ ਕਰਦਿਆਂ ਜ਼ਿਲ੍ਹਾ ਪ੍ਰਧਾਨ ਮੁਖਤਿਆਰ ਸਿੰਘ ਕੈਲੇ ਨੇ ਕਿਹਾ ਕੇ ਪੰਜਾਬ ਸਰਕਾਰ ਅਤੇ ਪਸ਼ੂ ਪਾਲਣ ਵਿਭਾਗ ਦੀ ਅਫਸਰਸ਼ਾਹੀ ਵੈਟਨਰੀ ਇੰਸਪੈਕਟਰ ਕੇਡਰ ਦੀਆਂ ਮੰਗਾਂ ਅਤੇ ਮਸਲਿਆਂ ਨੂੰ ਅੱਖੋਂ ਪਰੋਖੇ ਕਰ ਰਹੀ ਹੈ। ਇਸ ਮੌਕੇ ਜੱਥੇਬੰਦੀ ਦੇ ਸੂਬਾ ਪ੍ਰਧਾਨ ਗੁਰਦੀਪ ਸਿੰਘ ਬਾਸੀ ਨੇ ਕਿਹਾ ਵੈਟਨਰੀ ਇੰਸਪੈਕਟਰ ਕੇਡਰ ਦੁਆਰਾ ਪਸ਼ੂ ਪਾਲਣ ਵਿਭਾਗ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਵਿਚ ਮੁੱਖ ਭੂਮਿਕਾ ਨਿਭਾਉਂਦਾ ਹੈ। ਪਰੰਤੂ ਪਸ਼ੂ ਪਾਲਣ ਵਿਭਾਗ ਦਾ ਮੋਹਾਲੀ ਸਥਿਤ ਡਾਇਰੈਕਟੋਰੇਟ ਵੈਟਨਰੀ ਇੰਸਪੈਕਟਰ ਕੇਡਰ ਨਾਲ ਲਗਾਤਾਰ ਮਤਰੇਆ ਵਿਹਾਰ ਕਰ ਰਿਹਾ ਹੈ। ਮੱਤੇਵਾੜਾ ਪਸ਼ੂ ਫਾਰਮ 'ਤੇ ਤਾਇਨਾਤ ਵੈਟਨਰੀ ਇੰਸਪੈਕਟਰ ਤਿੰਨ ਅਸਾਮੀਆਂ 'ਤੇ ਇਕੱਲਾ ਕੰਮ ਕਰ ਰਿਹਾ ਸੀ। ਤਿੰਨ ਪਸ਼ੂ ਫਾਰਮ ਦੀ ਮੈਨੇਜਮੈਂਟ ਵਿਚ ਲਗਾਤਾਰ ਕੰਮ ਕਰਨ ਦੇ ਬਾਵਜੂਦ ਡਿਪਟੀ ਡਾਇਰੈਕਟਰ ਮੱਤੇਵਾੜਾ ਨੇ ਇਸ ਕਰਮਚਾਰੀ ਦਾ ਮੈਡੀਕਲ ਹਾਲਾਤ ਸਮਝਣ ਦੀ ਬਜਾਏ ਉਸ ਸਬੰਧੀ ਉੱਚ ਅਫਸਰਸ਼ਾਹੀ ਨੂੰ ਗੁੰਮਰਾਹ ਕੀਤਾ।

ਵੈਟਨਰੀ ਅਫਸਰਾਂ ਦਾ ਬਚਅ ਕਰਕੇ ਜੂਨੀਅਨ ਮੁਲਾਜ਼ਮ ਨੂੰ ਟੰਗ ਦਿੱਤਾ ਗਿਆ। ਪਿਛਲੇ ਲੰਬੇ ਸਮੇਂ ਤੋਂ ਸੀਨੀਅਰ ਵੈਟਨਰੀ ਇੰਸਪੈਕਟਰ ਦੀ ਪਲੇਸਮੈਂਟ ਨੂੰ ਪਰਮੋਸ਼ਨ ਬਣਾਉਣ,18 ਮਹੀਨਿਆਂ ਦੀ ਸਰਵਿਸ ਕਾਊਂਟ ਕਰਨ, ਪੇਅ ਸਕੇਲ ਦੀਆਂ ਤਰੁੱਟੀਆਂ ਦੂਰ ਕਰਨ, ਵੈਟਨਰੀ ਇੰਸਪੈਕਟਰ ਕੌਂਸਲ ਬਣਾਉਣ, ਨਵੀਂ ਭਰਤੀ ਹੋਏ ਵੈਟਨਰੀ ਇੰਸਪੈਕਟਰਾਂ 'ਤੇ ਛੇਵਾਂ ਤਨਖਾਹ ਸਕੇਲ ਲਾਗੂ ਕਰਨ ਅਤੇ ਨਵੀਆਂ ਪੋਸਟਾਂ ਦਾ ਨਿਰਮਾਣ ਕਰਨ ਅਤੇ ਨਵੀਂ ਭਰਤੀ ਕਰਨ ਅਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਵਰਗੀਆਂ ਮੰਗਾਂ ਲਈ ਵੈਟਨਰੀ ਇੰਸਪੈਕਟਰ ਕੇਡਰ ਮੰਗ ਕਰ ਰਿਹਾ ਹੈ।

# ਵਿਧਾਇਕ ਸਿੱਧੂ ਵੱਲੋਂ ਨਵੇਂ ਟਿਊਬਵੈੱਲ ਕਾਰਜਾਂ ਦਾ ਉਦਘਾਟਨ



ਲੁਧਿਆਣਾ, 27 ਜੂਨ (ਵਿਸ਼ਾਲ ਸ਼ਰਮਾ) : ਹਲਕੇ ਦੇ ਵਸਨੀਕਾਂ ਨੂੰ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਵਿਧਾਨ ਸਭਾ ਹਲਕਾ ਆਤਮ ਨਗਰ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਵੱਲੋਂ ਵਾਰਡ ਨੰਬਰ 46 ਵਿਖੇ ਨਵੇਂ 25 ਹਾਰਸ ਪਾਵਰ ਟਿਊਬਵੈੱਲ ਲਗਾਉਣ ਦੇ ਕਾਰਜ਼ਾਂ ਦਾ ਉਦਘਾਟਨ ਕੀਤਾ। ਵਿਧਾਇਕ ਸਿੱਧੂ ਨੇ ਕਿਹਾ ਕਿ ਧੰਨ-ਧੰਨ ਬਾਬਾ ਦੀਪ ਸਿੰਘ ਜੀ ਦੀ ਅਪਾਰ ਕਿਰਪਾ ਨਾਲ ਅੱਜ ਵਾਰਡ ਨੰਬਰ 46 ਅਧੀਨ ਜਨਤਾ ਨਗਰ ਵਿਖੇ 25 ਹਾਰਸ ਪਾਵਰ ਵਾਲਾ ਪੀਣ ਵਾਲੇ ਪਾਣੀ ਦਾ ਟਿਊਬਵੈੱਲ ਲਗਾਉਣ ਦੇ ਕਾਰਜ਼ਾਂ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਇਲਾਕੇ ਵਿੱਚ ਬੀਤੇ ਸਮੇਂ ਦੌਰਾਨ ਪਾਣੀ ਦੀ ਕਾਫੀ ਕਿੱਲਤ ਸੀ ਅਤੇ ਉਨ੍ਹਾਂ ਦੀ ਚਿਰੋਕਣੀ ਮੰਗ ਨੂੰ ਪੂਰਾ ਕਰਦਿਆਂ ਵਾਰਡ ਵਿੱਚ ਨਵਾਂ ਟਿਊਬਵੈੱਲ ਲਗਾਇਆ ਗਿਆ ਤਾਂ ਜੋ ਵਸਨੀਕਾਂ ਨੂੰ ਕੋਈ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਇਸ ਪਹਿਲਕਦਮੀ ਇਲਾਕਾ ਨਿਵਾਸੀਆਂ ਲਈ ਇੱਕ ਨਿਰੰਤਰ ਅਤੇ ਭਰੋਸੇਮੰਦ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਏਗੀ। ਉਨ੍ਹਾਂ ਕਿਹਾ ਕਿ ਹੁਣ ਜਨਤਾ ਨਗਰ ਦੇ ਨਾਲ-ਨਾਲ ਨੇੜਲੇ ਇਲਾਕਿਆਂ ਨੂੰ ਵੀ ਇਸਦਾ ਲਾਭ ਮਿਲੇਗਾ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ ਅਤੇ ਸੂਬੇ ਦੇ ਵਸਨੀਕਾਂ ਨੂੰ ਆਉਣ ਵਾਲੀਆਂ ਦਰਪੇਸ਼ ਮੁਸ਼ਕਿਲਾਂ ਦੇ ਹੱਲ ਲਈ ਵਚਨਬੱਧ ਹੈ, ਜਿਸਦੇ ਤਹਿਤ ਚੋਣਾਂ ਦੌਰਾਨ ਵੋਟਰਾਂ ਨਾਲ ਕੀਤੇ ਵਾਅਦਿਆਂ ਨੂੰ ਇੱਕ-ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ।

# ਵੀਟੇਜ਼ ਵੱਲੋਂ ਐਕਸਕਲੂਸਿਵ ਆਊਟਲੈਟ ਕੁਰੀਆਲ ਬੈਗ ਹਾਊਸ ਦੀ ਸ਼ੁਰੂਆਤ



ਲੁਧਿਆਣਾ, 27 ਜੂਨ (ਕਰਨੈਲ ਸਿੰਘ ਐੱਮ. ਏ.) : ਟਰੈਵਲ ਐਕਸੈਸਰੀਜ਼ ਤੇ ਹਰ ਤਰ੍ਹਾਂ ਦੇ ਬੈਗ, ਸੂਟਕੇਸ ਤੇ ਹੋਰ ਸਮਾਨ ਲਈ ਵੀਟੇਜ਼ ਵੱਲੋਂ ਲੁਧਿਆਣਾ ਵਿੱਚ ਆਪਣੇ ਪਹਿਲੇ ਅਤੇ ਪੰਜਾਬ ਵਿੱਚ ਆਪਣੇ ਦੂਜੇ ਐਕਸਕਲੂਸਿਵ ਆਊਟਲੈਟ ਦੀ ਸ਼ੁਰੂਆਤ ਮਾਡਲ ਟਾਊਨ ਵਿਖੇ ਕੀਤੀ। ਇਸ ਮੌਕੇ ਕੰਪਨੀ ਦੇ ਅਧਿਕਾਰੀ ਰਤਨਾਕਰ ਜੇਨਾ ਅਤੇ ਮੁਨੀਸ਼ ਮਲਹੋਤਰਾ, ਹਰੀਸ਼ ਸ਼ਰਮਾ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਵੀਟੇਜ਼ ਸਟੋਰ ਦਾ ਉਦੇਸ਼ ਆਪਣੇ ਗਾਹਕਾਂ ਨੂੰ ਯਾਤਰਾ ਦੇ ਵਿਲੱਖਣ ਤਜਰਬੇ ਕਰਵਾਉਣੇ ਹਨ। ਉਨ੍ਹਾਂ ਕਿਹਾ ਕਿ ਵੀਟੇਜ਼ ਹਰੇਕ ਯਾਤਰੀ ਦੀ ਸਹੂਲਤ ਮੁਤਾਬਿਕ ਉਤਪਾਦ ਤੇ ਹੋਰ ਐਕਸੈਸਰੀ ਦੀ ਵਿਸ਼ਾਲ ਰੇਂਜ ਮੁਹੱਈਆ ਕਰਵਾਉਂਦਾ ਹੈ। ਉਨ੍ਹਾਂ ਕਿਹਾ ਕਿ ਵੀਟੇਜ਼ ਕੰਪਨੀ ਵੱਲੋਂ ਆਪਣੇ ਗਾਹਕਾਂ ਲਈ ਉਤਪਾਦਾਂ ਦੀ ਗੁਣਵੱਤਾ ਦਾ ਉਚੇਚੇ ਤੌਰ 'ਤੇ ਧਿਆਨ ਰੱਖਦੀ ਹੈ। ਇਸ ਮੌਕੇ ਫਰੈਂਚਾਈਜ਼ੀ ਮਾਲਕ ਨਵਨੀਤ ਕੁਰੀਆਲ ਅਤੇ ਅਜ ਕੁਰੀਆਲ ਨੇ ਦੱਸਿਆ ਕਿ ਕੁਰੀਆਲ ਬੈਗ ਹਾਊਸ ਵੀਟੇਜ਼ ਦਾ ਐਕਸਕਲੂਸਿਵ ਸਟੋਰ ਲੈ ਕੇ ਆਈ ਹੈ, ਜਿਸ ਵਿੱਚ ਕੰਪਨੀ ਵੱਲੋਂ ਯਾਤਰਾ ਨਾਲ ਸੰਬੰਧਿਤ ਉਤਪਾਦਾਂ ਦੀ ਵਿਸਥਾਰਤ ਰੇਂਜ ਉਪਲੱਬਧ ਹੈ, ਇਸ ਤੋਂ ਇਲਾਵਾ ਕੁਰੀਆਲ ਬੈਗ ਹਾਊਸ ਵਿੱਚ ਮਲਟੀਬਰੈਂਡਿਡ ਉਤਪਾਦ ਵੀ ਉਪਲੱਬਧ ਹਨ। ਕੁਰੀਆਲ ਬੈਗ ਹਾਊਸ ਦਾ ਇਹ ਪੰਜਾਬ ਵਿੱਚ 7ਵਾਂ ਸਟੋਰ ਹੈ, ਜਿੱਥੇ ਮਹਿਲਾਵਾਂ ਲਈ ਪਰਸ, ਸਟਾਈਲਿਸ਼ ਬੈਗ ਤੇ ਹੋਰ ਐਕਸੈਸਰੀ ਅਤਿ ਆਧੁਨਿਕ ਰੇਂਜ ਅਤੇ ਗੁਣਵੱਤਾ ਵਿੱਚ ਮੁਹਈਆ ਕਰਵਾਈ ਜਾਂਦੀ ਹੈ। ਉਨ੍ਹਾਂ ਵੱਲੋਂ ਆਊਟਲੈਟ ਦੀ ਸ਼ੁਰੂਆਤ ਮੌਕੇ ਟਰੈਵਲ ਬੈਗਾਂ, ਸੂਟਕੇਸ ਅਤੇ ਹੋਰ ਸਹਾਇਕ ਐਕਸੈਸਰੀ ਉੱਪਰ 70 ਫੀਸਦੀ ਦੀ ਛੋਟ ਦੇ ਰਿਹਾ ਹੈ। ਇਸ ਤੋਂ ਇਲਾਵਾ ਗਾਹਕਾਂ ਨੂੰ ਹੋਰ ਵੀ ਕਈ ਤਰ੍ਹਾਂ ਦੇ ਸਰਪਰਾਈਜਿਜ਼ ਗਿਫਟ ਦਿੱਤੇ ਜਾ ਰਹੇ ਹਨ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਕੀਰਤਨ ਸਮਾਗਮ



ਲੁਧਿਆਣਾ, 27 ਜੂਨ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਂਸ਼ਨ ਦੀ ਪ੍ਰਬੰਧਕ ਕਮੇਟੀ ਵੱਲੋਂ ਬੀਤੀ ਰਾਤ ਗੁਰਦੁਆਰਾ ਸਾਹਿਬ ਵਿਖੇ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੀ ਯਾਦ ਨੂੰ ਸਮਰਪਿਤ ਚੱਲ ਰਹੀ ਹਫਤਾਵਾਰੀ ਕੀਰਤਨ ਸਮਾਗਮ ਲੜੀ ਅੰਦਰ ਗੁਰੂ ਘਰ ਦੇ ਕੀਰਤਨੀਏ ਭਾਈ ਦਵਿੰਦਰ ਸਿੰਘ ਸੋਢੀ ਲੁਧਿਆਣੇ ਵਾਲਿਆਂ ਦੇ ਕੀਰਤਨੀ ਜੱਥੇ ਨੇ ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀ ਨਿਹਾਲ ਕੀਤਾ। ਇਸ ਤੋ ਪਹਿਲਾਂ ਆਯੋਜਿਤ ਕੀਤੇ ਗਏ ਕੀਰਤਨ ਸਮਾਗਮ ਅੰਦਰ ਪੰਥ ਦੇ ਪ੍ਰਸਿੱਧ ਕਥਾਵਾਚਕ ਗਿਆਨੀ ਬਚਿੱਤਰ ਸਿੰਘ ਨੇ ਇਕੱਤਰ ਹੋਈਆਂ ਸੰਗਤਾਂ ਦੇ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਕਰਦਿਆਂ ਹੋਇਆ ਕਿਹਾ ਕਿ ਸ਼ਬਦ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਗੁਰੂ ਸਾਹਿਬਾਨ ਤੇ ਭਗਤਾਂ ਦੀ ਬਾਨੀ ਸਾਨੂੰ ਜਿੱਥੇ ਸਾਨੂੰ ਅਧਿਆਤਮਕ ਤੇ ਰੂਹਾਨੀਅਤ ਦਾ ਸਕੂਨ ਪ੍ਰਦਾਨ ਕਰਦੀ ਹੈ, ਉੱਥੇ ਨਾਲ ਹੀ ਅਕਾਲ ਪੁਰਖ ਦੀ ਬੰਦਗੀ ਕਰਨ ਦਾ ਸੰਦੇਸ਼ ਵੀ ਦੇਂਦੀ ਹੈ॥ ਉਹਨਾਂ ਨੇ ਕਿਹਾ ਕਿ ਮੌਜੂਦਾ ਸਮੇਂ ਅੰਦਰ ਬਾਬਾ ਬੁੱਢਾ ਜੀ ਵੱਲੋਂ ਬਖ਼ਸ਼ੇ ਸੇਵ ਤੇ ਸਿਮਰਨ ਦੇ ਸੰਕਲਪ ਨੂੰ ਸੰਭਾਲਣ ਦੀ ਮੁੱਖ ਜ਼ਰੂਰਤ ਹੈ, ਤਾਂ ਹੀ ਹਰ ਬੱਚਾ ਆਪਣੇ ਅੰਦਰ ਗੁਰਸਿੱਖੀ ਵਾਲਾ ਜਜ਼ਬਾ ਪੈਦਾ ਕਰਕੇ ਗੁਰੂ ਵਾਲਾ ਬਣ ਸਕਦਾ ਹੈ। ਇਸ ਦੌਰਾਨ ਗਿਆਨੀ ਬਚਿੱਤਰ ਸਿੰਘ ਨੇ ਸੰਗਤਾਂ ਨੂੰ ਧਰਮ ਦੇ ਮਾਰਗ 'ਤੇ ਚੱਲਣ ਦੀ ਪ੍ਰੇਣਾ ਦਿੱਤੀ। ਸਮਾਗਮ ਦੀ ਸਮਾਪਤੀ ਮੌਕੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੈਬਰਾਂ ਨੇ ਕੀਰਤਨੀ ਜੱਥੇ ਦੇ ਮੈਬਰਾਂ ਨੂੰ ਸਿਰਪਾਉ ਭੇਟ ਕਰਕੇ ਸਨਮਾਨਿਤ ਵੀ ਕੀਤਾ। ਇਸ ਮੌਕੇ ਮਹਿੰਦਰ ਸਿੰਘ ਡੰਗ,ਅਤੱਰ ਸਿੰਘ ਮਕੱੜ, ਰਜਿੰਦਰ ਸਿੰਘ ਡੰਗ, ਹਰਪਾਲ ਸਿੰਘ ਖਾਲਸਾ, ਹਰਮੀਤ ਸਿੰਘ ਡੰਗ ਰਣਜੀਤ ਸਿੰਘ ਖਾਲਸਾ ਭੁਪਿੰਦਰ ਸਿੰਘ ਜੁਨੇਜਾ, ਗੁਰਦੀਪ ਸਿੰਘ ਡੀਮਾਰਟੇ, ਬਲਬੀਰ ਸਿੰਘ ਭਾਟੀਆ, ਸੁਰਿੰਦਰਪਾਲ ਸਿੰਘ ਭੁਟੀਆਣੀ, ਸੁਖਵਿੰਦਰ ਸਿੰਘ ਹੈਪੀ, ਨਰਿੰਦਰਪਾਲ ਸਿੰਘ ਕਥੂਰੀਆਂ, ਅਵਤਾਰ ਸਿੰਘ ਬੀ.ਕੇ, ਮਨਮੋਹਨ ਸਿੰਘ , ਅਵਤਾਰ ਸਿੰਘ ਮਿੱਡਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਵੱਲੋਂ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਬਾਰੇ ਵਿਧੀ-ਵਿਧਾਨ ਕਮੇਟੀ 'ਚੋਂ ਹਰਿਆਣਾ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਾਹਰ ਰੱਖਣਾ ਮੰਦਭਾਗਾ : ਜਥੇਦਾਰ ਦਾਦੂਵਾਲ



ਲੁਧਿਆਣਾ, 27 ਜੂਨ (ਕਰਨੈਲ ਸਿੰਘ ਐੱਮ.ਏ.) : ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਦੇ ਚੇਅਰਮੈਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੇ ਅੱਜ ਮੀਡੀਆ ਨੂੰ ਜਾਰੀ ਇੱਕ ਬਿਆਨ ਵਿੱਚ ਆਖਿਆ ਕਿ ਪਾਵਨ ਸਿੱਖ ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਦੀ ਨਿਯੁਕਤੀ, ਅਧਿਕਾਰ ਖੇਤਰ, ਉਪਜੀਵਕਾ ਅਤੇ ਸੇਵਾ ਮੁਕਤੀ ਸਬੰਧੀ ਵਿਧੀ ਵਿਧਾਨ ਬਣਾਉਣ ਲਈ ਸਮੁੱਚੇ ਪੰਥ ਵੱਲੋਂ ਲੰਬੇ ਸਮੇਂ ਤੋਂ ਮੰਗ ਚੱਲ ਰਹੀ ਹੈ।

ਜਿਸ ਤਰ੍ਹਾਂ ਪਿਛਲੇ ਸਮੇਂ ਵਿੱਚ ਬਾਦਲ ਪਰਿਵਾਰ ਦੇ ਇਸ਼ਾਰੇ 'ਤੇ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਨੂੰ ਬੇਇੱਜ਼ਤ ਕਰਕੇ ਸੇਵਾ ਮੁਕਤ ਕੀਤਾ ਗਿਆ, ਉਹ ਅਤਿਅੰਤ ਮੰਦਭਾਗਾ ਹੈ। ਜਥੇਦਾਰ ਦਾਦੂਵਾਲ ਜੀ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਥ ਦੀ ਮੰਗ ਉੱਤੇ ਵਿਧੀ ਵਿਧਾਨ ਬਣਾਉਣ ਦਾ ਪਿਛਲੇ ਦਿਨੀਂ ਪੰਥ ਦੇ ਦਬਾਅ ਨੂੰ ਵੇਖਦਿਆਂ ਐਲਾਨ ਕੀਤਾ ਸੀ। ਪਰ ਜਿਸ ਤਰੀਕੇ ਨਾਲ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਸਾਹਿਬ ਨੇ ਵਿਧੀ ਵਿਧਾਨ ਕਮੇਟੀ ਦਾ ਐਲਾਨ ਕੀਤਾ ਹੈ, ਉਸ ਨੂੰ ਦੇਖ ਕੇ ਲੱਗਦਾ ਹੈ ਕਿ ਸ਼੍ਰੋਮਣੀ ਕਮੇਟੀ ਜਥੇਦਾਰਾਂ ਨੂੰ ਇੱਕ ਵਾਰ ਫੇਰ ਬਾਦਲ ਪਰਿਵਾਰ ਦੀ ਗ੍ਰਿਫਤ ਵਿੱਚ ਹੀ ਰੱਖਣਾ ਚਾਹੁੰਦੀ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਪੰਥ ਦੀਆਂ ਦੋ ਵੱਡੀਆਂ ਸੰਸਥਾਵਾਂ ਦਿੱਲੀ ਕਮੇਟੀ ਅਤੇ ਹਰਿਆਣਾ ਕਮੇਟੀ ਨੂੰ ਪੱਖਪਾਤੀ ਨੀਅਤ ਨਾਲ ਬਾਹਰ ਰੱਖਿਆ ਗਿਆ ਹੈ। ਉਹਨਾਂ ਦਾ ਕੋਈ ਵੀ ਨੁਮਾਇੰਦਾ ਇਸ ਵਿਧੀ ਵਿਧਾਨ ਕਮੇਟੀ ਵਿੱਚ ਸ਼ਾਮਲ ਨਹੀਂ ਕੀਤਾ ਗਿਆ। ਇਸ ਗੱਲ ਤੋਂ ਸ਼੍ਰੋਮਣੀ ਕਮੇਟੀ ਦੀ ਪੱਖਪਾਤੀ ਨੀਅਤ ਸਾਫ ਅਤੇ ਸਪੱਸ਼ਟ ਨਜ਼ਰ ਆਉਂਦੀ ਹੈ, ਜਿਸ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਾ ਹਾਂ। ਜਥੇਦਾਰ ਦਾਦੂਵਾਲ ਜੀ ਨੇ ਕਮੇਟੀ ਵਿੱਚ ਸ਼ਾਮਿਲ ਕੀਤੀਆਂ ਗਈਆਂ ਸ਼ਖਸ਼ੀਅਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਵਿਧੀ ਵਿਧਾਨ ਕਮੇਟੀ ਨੂੰ ਬਾਦਲ ਦਲ ਦੇ ਪ੍ਰਭਾਵ ਤੋਂ ਮੁਕਤ ਕਰਕੇ ਇਸ ਵਿਧੀ ਵਿਧਾਨ ਨੂੰ ਨਿਰਪੱਖਤਾ ਨਾਲ ਬਣਾਉਣ ਦਾ ਯਤਨ ਕਰਨ ਤਾਂ ਕਿ ਪੰਥ ਦੀ ਚੜ੍ਹਦੀਕਲਾ ਹੋ ਸਕੇ ਅਤੇ ਇਤਿਹਾਸ ਉਨ੍ਹਾਂ ਦੀ ਨਿਰਪੱਖਤਾ ਨੂੰ ਯਾਦ ਰੱਖੇਗਾ।

# ਵਿਭਾਗ ਦੀ ਕੁੰਭਕਰਨੀ ਨੀਂਦ ਕਾਰਨ ਭਗਤ ਪੂਰਨ ਸਿੰਘ ਮਾਰਗ ਦੀ ਹਾਲਤ ਹੋਈ ਖ਼ਸਤਾ : ਬੈਨੀਪਾਲ



ਖੰਨਾ, 27 ਜੂਨ (ਅਰਵਿੰਦਰ ਸਿੰਘ ਸਵੈਚ) : ਪਿੰਗਲਵਾੜੇ ਦੇ ਬਾਨੀ ਅਨਾਥਾਂ ਦੀ ਨਿਰਸੁਆਰਥ ਸੇਵਾ ਕਰਨ ਵਾਲੇ ਭਗਤ ਪੂਰਨ ਸਿੰਘ ਜੀ ਦਾ ਨਾਮ ਪੰਜਾਬ ਦੇ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿੱਚ ਦਰਜ਼ ਹੈ। ਭਗਤ ਪੂਰਨ ਸਿੰਘ ਜੀ ਦੇ ਜੱਦੀ ਪਿੰਡ ਰਾਜੇਵਾਲ ਰੋਹਣੋ ਨੂੰ ਖੰਨਾ ਤੋਂ ਜਾਂਦੀ ਸੜਕ ਦਾ ਨਾਮ ਵੀ ਭਗਤ ਪੂਰਨ ਸਿੰਘ ਮਾਰਗ ਰੱਖਿਆ ਹੋਇਆ ਹੈ। ਇਸ ਮਾਰਗ ਦੀ ਹਾਲਤ ਦਿਨੋਂ ਦਿਨ ਖਸਤਾ ਹੋ ਰਹੀ ਹੈ। ਸੜਕ 'ਤੇ ਪਏ ਡੂੰਘੇ ਟੋਏ ਬਰਸਾਤੀ ਪਾਣੀ ਨਾਲ ਭਰਨ ਕਾਰਨ ਲੋਕ ਦੁਰਘਟਨਾਵਾਂ ਦਾ ਸ਼ਿਕਾਰ ਹੁੰਦੇ ਹਨ। ਬਰਸਾਤਾਂ ਦੇ ਮੌਸਮ ਦੌਰਾਨ ਸੜਕ ਦੇ ਬਰਮਾਂ 'ਚ ਪਾੜ ਪੈਣ ਨਾਲ ਸੜਕ ਦਿਨੋਂ ਦਿਨ ਟੁੱਟਦੀ ਜਾ ਰਹੀ ਹੈ। ਜਿਸ ਸਬੰਧੀ ਵਿਭਾਗ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ। ਪਿੰਡ ਰੋਹਣੋ ਖੁਰਦ ਦੇ ਨੰਬਰਦਾਰ ਸੰਤੋਖ ਸਿੰਘ ਬੈਨੀਪਾਲ ਨੇ ਕਿਹਾ ਕਿ ਸੜਕ ਬਣੀ ਨੂੰ ਤਕਰੀਬਨ 6ਸਾਲ ਹੋ ਚੁੱਕੇ ਹਨ। ਵਿਭਾਗ ਵੱਲੋਂ ਅੱਜ ਤੱਕ ਸੜਕ ਦੀ ਕਿਸੇ ਵੀ ਕਿਸਮ ਦੀ ਰਿਪੇਅਰ ਕਰਵਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਜਿਸ ਕਰਕੇ ਸੜਕ ਦੇ ਹਾਲਾਤ ਦਿਨੋਂ ਦਿਨ ਖਸਤਾ ਹੋ ਰਹੇ ਹਨ।

ਬੈਨੀਪਾਲ ਨੇ ਕਿਹਾ ਕਿ ਭਗਤ ਪੂਰਨ ਸਿੰਘ ਜੀ ਦੀ ਬਰਸੀ ਦੇ ਸਮਾਗਮ ਦੌਰਾਨ ਮੌਕੇ ਦੀਆਂ ਸਰਕਾਰਾਂ ਦੇ ਮੰਤਰੀ ਤੇ ਸੰਤਰੀ ਉਹਨਾਂ ਦੇ ਜੱਦੀ ਪਿੰਡ ਰਾਜੇਵਾਲ ਰੋਹਣੋ ਵਿਖੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਤਾਂ ਜ਼ਰੂਰ ਆਉਂਦੇ ਹਨ, ਪਰ ਆਪਣੀਆਂ ਸਿਆਸੀ ਰੋਟੀਆਂ ਸੇਕ ਕੇ ਚਲੇ ਜਾਂਦੇ ਹਨ। ਮੰਤਰੀਆਂ ਵੱਲੋਂ ਕੀਤੇ ਵਾਅਦੇ ਅੱਧ ਵਿਚਕਾਰ ਲਟਕਦੇ ਹਨ।



ਬੈਨੀਪਾਲ ਤੇ ਇਲਾਕਾ ਨਿਵਾਸੀਆਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਹੈ ਕਿ ਭਗਤ ਪੂਰਨ ਸਿੰਘ ਦੇ ਨਾਮ ਸੜਕ ਰਾਜੇਵਾਲ (ਰੋਹਣੋ) ਦੀ ਖ਼ਸਤਾ ਹਾਲਤ ਵੱਲ ਤੁਰੰਤ ਧਿਆਨ ਦੇ ਕੇ ਸੜਕ ਨੂੰ ਪਹਿਲ ਦੇ ਅਧਾਰ 'ਤੇ ਬਣਾਇਆ ਜਾਵੇ।

ਇਸ ਮੌਕੇ ਸਰਪੰਚ ਰਾਜਵਿੰਦਰ ਕੌਰ ਪਿੰਡ ਰੋਹਣੋ ਖੁਰਦ, ਸਰਪੰਚ ਰਣਜੀਤ ਸਿੰਘ ਪਿੰਡ ਰੋਹਣੋ ਕਲਾਂ, ਸਰਪੰਚ ਰਣਜੀਤ ਸਿੰਘ ਪਿੰਡ ਰਾਜੇਵਾਲ, ਕੁਲਦੀਪ ਸਿੰਘ ਬਿੱਲੂ ਰਾਜੇਵਾਲ, ਨੰਬਰਦਾਰ ਗੁਰਪ੍ਰੀਤ ਸਿੰਘ ਪਿੰਡ ਰਾਜੇਵਾਲ, ਨੰਬਰਦਾਰ ਅਮਰੀਕ ਸਿੰਘ ਰੋਹਣੋ ਖੁਰਦ, ਨੰਬਰਦਾਰ ਦਵਿੰਦਰ ਸਿੰਘ ਰੋਹਣੋ ਖੁਰਦ, ਹਰਮੇਸ਼ ਸਿੰਘ ਫ਼ੌਜੀ ਆਦਿ ਹਾਜ਼ਰ ਸਨ।

# ਖੇਤੀਬਾੜੀ ਮੰਤਰੀ ਨੇ 40 ਇਨਪੁਟ ਡੀਲਰਾਂ ਨੂੰ ਸਰਟੀ.ਫਿਕੇਟ ਪ੍ਰਦਾਨ ਕੀਤੇ



ਲੁਧਿਆਣਾ, 27 ਜੂਨ (ਵਿਸ਼ਾਲ ਸ਼ਰਮਾ) : ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਸ਼ੁੱਕਰਵਾਰ ਨੂੰ ਪੰਜਾਬ ਖੇਤੀਬਾੜੀ ਪ੍ਰਬੰਧਨ ਅਤੇ ਵਿਸਥਾਰ ਸਿਖਲਾਈ ਸੰਸਥਾ (ਪੀ.ਏ.ਐਮ.ਈ.ਟੀ.ਆਈ) ਵਿਖੇ ਖੇਤੀਬਾੜੀ ਵਿਸਥਾਰ ਸੇਵਾਵਾਂ ਵਿੱਚ ਇੱਕ ਸਾਲ ਦਾ ਡਿਪਲੋਮਾ ਸਫਲਤਾਪੂਰਵਕ ਪੂਰਾ ਕਰਨ 'ਤੇ 40 ਇੰਨਪੁੱਟ ਡੀਲਰਾਂ ਨੂੰ ਸਰਟੀਫਿਕੇਟ ਪ੍ਰਦਾਨ ਕੀਤੇ ਗਏ। ਇਸ ਮੌਕੇ ਬੋਲਦਿਆਂ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਇੰਨਪੁੱਟ ਡੀਲਰ ਸਹੀ ਅਤੇ ਢੁਕਵੀਂ ਜਾਣਕਾਰੀ ਦਾ ਇੱਕ ਮਹੱਤਵਪੂਰਨ ਸਰੋਤ ਹਨ, ਜੋ ਕਿਸਾਨਾਂ ਲਈ ਖੇਤੀ ਅਨੁਕੂਲ ਕੀਟਨਾਸ਼ਕਾਂ,ਖਾਦਾਂ ਅਤੇ ਹੋਰ ਖੇਤੀਬਾੜੀ ਇੰਨਪੁੱਟਸ ਦੀ ਚੋਣ ਕਰਨ ਲਈ ਹਮੇਸ਼ਾਂ ਲਾਭਦਾਇਕ ਹੁੰਦਾ ਹੈ। ਉਨ੍ਹਾਂ ਨੇ ਇੰਨਪੁੱਟ ਡੀਲਰਾਂ ਨੂੰ ਕਿਸਾਨਾਂ ਲਈ 'ਪਹਿਲਾ ਸੰਪਰਕ ਬਿੰਦੂ' ਦੱਸਿਆ, ਉਨ੍ਹਾਂ ਨੂੰ ਫਸਲਾਂ ਦੇ ਅਨੁਸਾਰ ਗੁਣਵੱਤਾ ਵਾਲੇ ਬੀਜ ਅਤੇ ਇਨਪੁਟਸ ਦੀ ਚੋਣ ਕਰਨ ਲਈ ਕਿਸਾਨਾਂ ਦੀ ਅਗਵਾਈ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨਵੇਂ ਪ੍ਰਮਾਣਿਤ ਡੀਲਰਾਂ ਨੂੰ ਸੱਦਾ ਦਿੱਤਾ ਕਿ ਉਹ ਆਪਣੀ ਸਿਖਲਾਈ ਨੂੰ ਸਹੀ ਨਵੀਨਤਮ ਜਾਣਕਾਰੀ ਸਾਂਝੀ ਕਰਨ ਲਈ ਲਾਗੂ ਕਰਨ, ਜਿਸ ਨਾਲ ਕਿਸਾਨ ਆਧੁਨਿਕ ਖੇਤੀਬਾੜੀ ਅਭਿਆਸਾਂ ਨੂੰ ਅਪਣਾ ਸਕਣ ਅਤੇ ਉਤਪਾਦਕਤਾ ਨੂੰ ਵਧਾ ਸਕਣ। ਉਨ੍ਹਾਂ ਕਿਹਾ ਕਿ ਖੇਤੀਬਾੜੀ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ, ਇਸ ਲਈ ਕਿਸਾਨਾਂ ਨੂੰ ਉੱਨਤ ਖੇਤੀ ਲਈ ਲੋੜੀਂਦੀ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ, ਜਿਸ ਲਈ ਇਹ ਇਨਪੁੱਟ ਡੀਲਰ ਇੱਕ ਸਰਗਰਮ ਭੂਮਿਕਾ ਨਿਭਾ ਸਕਦੇ ਹਨ, ਜਿਸ ਨਾਲ ਰਾਜ ਦੀ ਆਰਥਿਕਤਾ ਨੂੰ ਹੋਰ ਮਜ਼ਬੂਤੀ ਮਿਲ ਸਕਦੀ ਹੈ।

ਕੈਬਨਿਟ ਮੰਤਰੀ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਡੀਲਰਾਂ ਦੀ ਇਹ ਮੁੱਢਲੀ ਸੁੰਦਰਤਾ ਹੈ ਕਿ ਉਹ ਕਿਸਾਨਾਂ ਨੂੰ ਗੁਣਵੱਤਾ ਵਾਲੇ ਬੀਜ ਅਤੇ ਸਹੀ ਜਾਣਕਾਰੀ ਪ੍ਰਦਾਨ ਕਰਨ ਦੇ ਨਾਲ-ਨਾਲ ਪ੍ਰਮਾਣਿਕ, ਉੱਚ-ਗੁਣਵੱਤਾ ਵਾਲੀਆਂ ਖਾਦਾਂ, ਕੀਟਨਾਸ਼ਕਾਂ ਅਤੇ ਬੀਜਾਂ ਦੀ ਸਪਲਾਈ ਨੂੰ ਯਕੀਨੀ ਬਣਾ ਕੇ ਕਿਸਾਨਾਂ ਦੀ ਭਲਾਈ ਨੂੰ ਤਰਜ਼ੀਹ ਦੇਣ। ਉਨ੍ਹਾਂ ਇਹ ਵੀ ਚੇਤਾਵਨੀ ਦਿੱਤੀ ਕਿ ਘਟੀਆ ਜਾਂ ਨਕਲੀ ਉਤਪਾਦਾਂ ਦੀ ਵਿਕਰੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵਿਸ਼ਵਾਸ ਨੂੰ ਕਾਇਮ ਰੱਖਣ ਅਤੇ ਪੰਜਾਬ ਦੀ ਖੇਤੀਬਾੜੀ ਵਿਰਾਸਤ ਦਾ ਸਮਰਥਨ ਕਰਨ ਲਈ ਨੈਤਿਕ ਅਭਿਆਸ ਜ਼ਰੂਰੀ ਹਨ। ਉਨ੍ਹਾਂ ਡੀਲਰਾਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ) ਦੇ ਮਾਹਿਰਾਂ ਅਤੇ ਹੋਰ ਪ੍ਰਸਿੱਧ ਵਿਗਿਆਨੀਆਂ ਦੁਆਰਾ ਲਿਖੇ ਖੇਤੀਬਾੜੀ ਸਾਹਿਤ ਨੂੰ ਆਪਣੀਆਂ ਦੁਕਾਨਾਂ 'ਤੇ ਸਟਾਕ ਕਰਨ ਅਤੇ ਵੰਡਣ ਲਈ ਵੀ ਉਤਸ਼ਾਹਿਤ ਕੀਤਾ। ਕਿਸਾਨਾਂ ਨੂੰ ਇਨ੍ਹਾਂ ਕੀਮਤੀ ਸਰੋਤਾਂ ਤੱਕ ਪਹੁੰਚ ਪ੍ਰਦਾਨ ਕਰਕੇ, ਡੀਲਰ ਉਨ੍ਹਾਂ ਨੂੰ ਵਧੀਆ ਅਭਿਆਸਾਂ ਨੂੰ ਅਪਣਾਉਣ ਅਤੇ ਖੇਤੀ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਅਤਿ-ਆਧੁਨਿਕ ਗਿਆਨ ਨਾਲ ਸਮਰੱਥ ਬਣਾ ਸਕਦੇ ਹਨ।

# ਗੁਰੂ ਅਮਰਦਾਸ ਅਪਾਹਜ ਆਸ਼ਰਮ ਨੇ ਨਸ਼ਾ ਵਿਰੋਧੀ ਅੰਤਰਰਾਸ਼ਟਰੀ ਦਿਵਸ ਮਨਾਇਆ



ਲੁਧਿਆਣਾ, 27 ਜੂਨ (ਵਿਸ਼ਾਲ ਸ਼ਰਮਾ) : ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅੱਜ ਗੁਰੂ ਅਮਰਦਾਸ ਅਪਾਹਜ ਆਸ਼ਰਮ, ਪਿੰਡ ਸਰਾਭਾ ਵਿਖੇ ਨਸ਼ਾ ਵਿਰੋਧੀ ਅੰਤਰਰਾਸ਼ਟਰੀ ਦਿਵਸ ਮਨਾਇਆ ਗਿਆ। ਜਿੱਥੇ ਲੋਕਾਂ ਨੂੰ ਨਸ਼ਿਆਂ ਦੇ ਕੋਹੜ ਤੋਂ ਪਾਸਾ ਵੱਟਣ ਲਈ ਜਾਗਰੂਕ ਕੀਤਾ ਗਿਆ। ਇਸ ਮੌਕੇ ਵਿਧਾਨ ਸਭਾ ਹਲਕਾ ਲੁਧਿਆਣਾ ਦੱਖਣੀ ਤੋਂ ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਡਾ.ਪ੍ਰਗਤੀ ਆਈ.ਏ.ਐਸ.(ਯੂ.ਟੀ.) ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਇੰਦਰਪ੍ਰੀਤ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਮੂਲੀਅਤ ਕੀਤੀ। ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਵੱਲੋਂ ਨਸ਼ਾ ਵਿਰੋਧੀ ਮੁਹਿੰਮ ਵਿੱਚ ਸਰਗਰਮੀ ਨਾਲ ਸ਼ਾਮਲ ਹੋਣ ਅਤੇ ਪ੍ਰੋਗਰਾਮ ਨਾਲ ਜੁੜੀਆਂ ਗਤੀਵਿਧੀਆਂ ਵਿੱਚ ਨਿੱਜੀ ਤੌਰ 'ਤੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਪਣੇ ਦੌਰਿਆਂ ਦੌਰਾਨ ਭਾਈਚਾਰੇ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤ ਭਾਰਤ ਮੁਹਿੰਮ ਤਹਿਤ ਨਸ਼ਿਆਂ ਦੀ ਸਪਲਾਈ ਨੂੰ ਰੋਕਣ ਆਊਟਰੀਚ ਅਤੇ ਜਾਗਰੂਕਤਾ ਪਹਿਲਕਦਮੀਆਂ ਕਰਨ ਅਤੇ ਨਸ਼ਿਆਂ ਦੀ ਮੰਗ ਨੂੰ ਘਟਾਉਣ 'ਤੇ ਕੇਂਦਰਿਤ ਤਿੰਨ-ਪੱਖੀ ਰਣਨੀਤੀ ਨੂੰ ਲਾਗੂ ਕੀਤਾ ਜਾਵੇ।

ਉਨ੍ਹਾਂ ਸਪੱਸ਼ਟ ਕੀਤਾ ਕਿ ਹੁਣ ਸਮਾਂ ਆ ਗਿਆ ਹੈ ਕਿ ਨਸ਼ਿਆਂ ਵਿਰੁੱਧ ਲੜਾਈ ਨੂੰ ਲੋਕ ਲਹਿਰ ਵਜੋਂ ਵਿਕਸਤ ਕੀਤਾ ਜਾਵੇ, ਜਿਸ ਦਾ ਉਦੇਸ਼ ਪੰਜਾਬ ਖਾਸ ਕਰਕੇ ਲੁਧਿਆਣਾ ਨੂੰ ਨਸ਼ਾ ਮੁਕਤ ਬਣਾਉਣਾ ਹੈ। ਉਨ੍ਹਾਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਸਮਾਜ ਖਾਸ ਕਰਕੇ ਨੌਜਵਾਨਾਂ ਨੂੰ ਜਾਗਰੂਕ ਕਰਨ ਲਈ ਵਿਆਪਕ ਜਾਗਰੂਕਤਾ ਗਤੀਵਿਧੀਆਂ ਦੀ ਯੋਜਨਾ ਬਣਾਉਣ ਅਤੇ ਚਲਾਉਣ 'ਤੇ ਵੀ ਜ਼ੋਰ ਦਿੱਤਾ।

# ਪੁਲਿਸ ਅਧਿਕਾਰੀਆਂ ਦੇ ਪੱਖਪਾਤੀ ਵਤੀਰੇ ਦੀ ਨਿਖੇਧੀ

## ਮਾਮਲਾ ਕਥਿਤ ਐਸ.ਐਚ.ਓ., ਏ.ਐਸ.ਆਈ. ਤੇ ਸਰਪੰਚ ਖਿਲਾਫ਼ ਕਾਨੂੰਨੀ ਕਾਰਵਾਈ ਦਾ



ਜਗਰਾਓਂ, 27 ਜੂਨ (ਦਵਿੰਦਰ ਜੈਨ) : ਅਨੁਸੂਚਿਤ ਜਾਤੀ ਦੇ ਦੋ ਪਰਿਵਾਰਾਂ ਨੂੰ ਨਿਆਂ ਦਿਵਾਉਣ ਲਈ ਤਿੰਨ ਸਾਲਾਂ ਤੋਂ ਵਧੇਰੇ ਸਮੇਂ ਤੋਂ ਥਾਣੇ ਮੂਹਰੇ ਧਰਨੇ 'ਤੇ ਬੈਠੇ ਪੀੜਤਾਂ ਅਤੇ ਜਨਤਕ ਜੱਥੇਬੰਦੀਆਂ ਦੇ ਆਗੂਆਂ ਨੇ ਪੁਲਿਸ ਅਧਿਕਾਰੀਆਂ ਦੇ ਪੱਖਪਾਤੀ ਵਤੀਰੇ ਦੀ ਨਿੰਦਾ ਕਰਦਿਆਂ ਬੀਤੇ ਕੱਲ੍ਹ ਥਾਣੇ ਮੂਹਰੇ ਪੱਕੇ ਮੋਰਚੇ ਵਿੱਚ ਪਹੁੰਚ ਕੇ ਧਰਨਾ ਮਾਰਿਆ ਅਤੇ ਨਿਆਂ ਦੀ ਮੰਗ ਕੀਤੀ ਹੈ। ਪ੍ਰੈਸ ਨੂੰ ਜਾਰੀ ਬਿਆਨ ਵਿੱਚ ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਗੁਰਦਿਆਲ ਸਿੰਘ ਤਲਵੰਡੀ ਤੇ ਜਨਰਲ ਸਕੱਤਰ ਜਸਦੇਵ ਸਿੰਘ ਲਲਤੋਂ, ਮਜ਼ਦੂਰ ਸੰਘਰਸ਼ ਕਮੇਟੀ ਦੇ ਪ੍ਰਧਾਨ ਭਰਪੂਰ ਸਿੰਘ ਛੱਜਾਵਾਲ, ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਪ੍ਰਧਾਨ ਜਸਪ੍ਰੀਤ ਸਿੰਘ ਢੋਲਣ, ਦਿਹਾਤੀ ਮਜ਼ਦੂਰ ਸਭਾ ਦੇ ਪ੍ਰਧਾਨ ਨਿਰਮਲ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਆਦੇਸ਼ਾਂ ਨੂੰ ਵੀ ਪੁਲਿਸ ਅਧਿਕਾਰੀਆਂ ਵੱਲੋਂ ਜਾਣਬੁੱਝ ਕੇ ਅਣਦੇਖਿਆ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਮਿਸ਼ਨ ਨੇ ਆਪਣੇ ਲਿਖਤੀ ਹੁਕਮਾਂ ਵਿੱਚ ਸਪੱਸ਼ਟ ਕਿਹਾ ਸੀ ਕਿ ਕਾਨੂੰਨ ਦੇ ਮੁਤਾਬਕ ਕੌਗਨੀਜੇਬਲ ਔਫੈਂਸ ਦੇ ਮਾਮਲਿਆਂ ਵਿੱਚ ਤੁਰੰਤ ਐਫ਼ਆਈਆਰ ਦਰਜ ਕਰਨੀ ਹੁੰਦੀ ਹੈ ਪਰ ਦਿਹਾਤੀ ਪੁਲਿਸ ਦੇ ਅਧਿਕਾਰੀ ਜਾਣਬੁੱਝ ਕੇ ਐਫ਼ਆਈਆਰ ਦਰਜ ਕਰਨ ਤੋਂ ਨਾਂ ਸਿਰਫ਼ ਆਨਾਕਾਨੀ ਕਰ ਰਹੇ ਹਨ, ਸਗੋਂ ਮਾਣਯੋਗ ਕਮਿਸ਼ਨ ਅਤੇ ਉੱਚ ਅਧਿਕਾਰੀਆਂ ਨੂੰ ਗੁੰਮਰਾਹ ਵੀ ਕਰ ਰਹੇ ਹਨ। ਇਸ ਸਮੇਂ ਮੁਦਈ ਮੁਕੱਦਮਾ ਇਕਬਾਲ ਸਿੰਘ ਰਸੂਲਪੁਰ ਨੇ ਕਿਹਾ ਕਿ ਪੁਲਿਸ ਅਧਿਕਾਰੀ ਦੋ ਦਹਾਕਿਆਂ ਤੋਂ ਕਾਨੂੰਨ ਦੀਆਂ ਧੱਜੀਆਂ ਉਡਾ ਰਹੇ ਹਨ। ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਗੁਰਦਿਆਲ ਸਿੰਘ ਤਲਵੰਡੀ ਤੇ ਸਕੱਤਰ ਜਸਦੇਵ ਸਿੰਘ ਲਲਤੋਂ, ਸਤਿਕਾਰ ਕਮੇਟੀ ਦੇ ਪ੍ਰਧਾਨ ਜਸਪ੍ਰੀਤ ਸਿੰਘ ਢੋਲਣ, ਦਿਹਾਤੀ ਮਜ਼ਦੂਰ ਸਭਾ ਦੇ ਪ੍ਰਧਾਨ ਕਾਮਰੇਡ ਨਿਰਮਲ ਸਿੰਘ ਧਾਲੀਵਾਲ ਨੇ ਕਿਹਾ ਕਿ ਜਿਨ੍ਹਾਂ ਚਿਰ ਦੋਵੇਂ ਪੀੜ੍ਹਤ ਪਰਿਵਾਰਾਂ ਨੂੰ ਕਾਨੂੰਨ ਅਨੁਸਾਰ ਨਿਆਂ ਨਹੀਂ ਮਿਲ ਜਾਂਦਾ ਉਨ੍ਹਾਂ ਸਮਾਂ ਥਾਣੇ ਮੂਹਰੇ ਧਰਨਾ ਜਾਰੀ ਰਹੇਗਾ। ਇਸ ਸਮੇਂ ਪੀੜ੍ਹਤ ਇਕਬਾਲ ਸਿੰਘ ਰਸੂਲਪੁਰ, ਪੀੜਤਾ ਸੁਰਿੰਦਰ ਕੌਰ ਰਸੂਲਪੁਰ, ਕਮਲਜੀਤ ਕੌਰ, ਬਲਵਿੰਦਰ ਸਿੰਘ, ਕਮਿਕਰ ਸਿੰਘ, ਦਰਸ਼ਨ ਸਿੰਘ ਧਾਲੀਵਾਲ, ਦਲਜੀਤ ਸਿੰਘ ਜਗਰਾਓਂ, ਸਾਬਕਾ ਮੈਂਬਰ ਪੰਚਾਇਤ ਸੁਖਦੇਵ ਸਿੰਘ ਰਾਏਕੋਟ ਆਦਿ ਹਾਜ਼ਰ ਸਨ।

# ਸਿਆਸੀ ਆਗੂ ਦਾ ਜੀਵਨ ਸਮਾਜ ਲਈ ਮਿਸਾਲ ਹੋਣਾ ਚਾਹੀਦੈ : ਬਾਵਾ



ਲੁਧਿਆਣਾ, 27 ਜੂਨ (ਰਵਿੰਦਰ ਸਿੰਘ ਨਿੱਝਰ) : ਪਿਛਲੇ 47 ਸਾਲ ਤੋਂ ਕਾਂਗਰਸ ਪਾਰਟੀ ਵਿੱਚ ਵੱਖ-ਵੱਖ ਅਹੁਦਿਆਂ 'ਤੇ ਸੇਵਾ ਨਿਭਾ ਚੁੱਕੇ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਜੋ ਜਿਲ੍ਹਾ ਕਾਂਗਰਸ ਦੇ ਪ੍ਰਧਾਨ, ਤਿੰਨ ਵਾਰ ਸਟੇਟ ਚੇਅਰਮੈਨ ਅਤੇ ਅੱਜ ਓ.ਬੀ.ਸੀ ਵਿਭਾਗ ਕਾਂਗਰਸ ਦੇ ਏ.ਆਈ.ਸੀ.ਸੀ ਦੇ ਕੋਆਰਡੀਨੇਟਰ ਇੰਚਾਰਜ ਹਿਮਾਚਲ ਪ੍ਰਦੇਸ਼ ਹਨ। ਉਹਨਾਂ ਨੇ ਕਿਹਾ ਕਿ ਜਦੋਂ ਕਾਂਗਰਸ ਸ਼ਬਦ ਮੂੰਹ ਵਿੱਚੋਂ ਕੱਢਣਾ ਮੁਸ਼ਕਿਲ ਸੀ ਤਾਂ ਉਸ ਸਮੇਂ ਵੀ ਕਾਂਗਰਸ ਪਾਰਟੀ ਦਾ ਝੰਡਾ ਚੁੱਕ ਕੇ ਰੱਖਿਆ। ਅੱਤਵਾਦ ਸਮੇਂ ਸਰੀਰ 'ਤੇ ਗੋਲੀਆਂ ਖਾਧੀਆਂ। ਉਹਨਾਂ ਕਿਹਾ ਕਿ ਲੋੜ ਹੈ ਕਾਂਗਰਸੀ ਬਣਨ ਤੋਂ ਪਹਿਲਾਂ ਮਹਾਤਮਾ ਗਾਂਧੀ, ਲਾਲਾ ਲਾਜਪਤ ਰਾਏ, ਲਾਲ ਬਹਾਦਰ ਸ਼ਾਸਤਰੀ, ਪੰਡਿਤ ਜਵਾਹਰ ਲਾਲ ਨਹਿਰੂ ਦਾ ਜੀਵਨ ਪੜ੍ਹੀਏ।

ਉਹਨਾਂ ਕਿਹਾ ਕਿ ਸਿਆਸੀ ਨੇਤਾ ਦਾ ਜੀਵਨ ਸਮਾਜ ਲਈ ਮਿਸਾਲ ਹੋਣਾ ਚਾਹੀਦਾ ਹੈ। ਜਿਸ ਪਾਰਟੀ ਦਾ ਵਰਕਰ ਜਾਂ ਨੇਤਾ ਹੋਵੇ ਉਸਦੀ ਵਿਚਾਰਧਾਰਾ 'ਤੇ ਪਹਿਰਾ ਦੇਵੇ। ਉਹਨਾਂ ਕਿਹਾ ਕਿ ਦੇਸ਼ ਦੀ ਸਿਆਸਤ ਵਿੱਚ ਆਇਆ ਨਿਘਾਰ ਸਭ ਹੱਦਾਂ ਬੰਨੇ ਟੱਪ ਗਿਆ ਹੈ। ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਜਿਸ ਨੂੰ ਇੱਕ ਵਾਰ ਟਿਕਟ ਮਿਲ ਜਾਏ ਉਹ ਆਪਣੀ ਜਗੀਰ ਸਮਝਦਾ ਹੈ। ਵਰਕਰਾਂ ਨੂੰ ਤਾਂ ਕਵਰਿੰਗ ਕੈਂਡੀਡੇਟ ਵੀ ਨਹੀਂ ਬਣਾਇਆ ਜਾਂਦਾ। ਉਹ ਵੀ ਪਤਨੀ ਜਾਂ ਪੁੱਤਰ ਬਣਦਾ ਹੈ ਕਿਉਂਕਿ ਜੇ ਟਿਕਟ ਕਿਸੇ ਤਰ੍ਹਾਂ ਵਰਕਰ ਨੂੰ ਚੱਲੀ ਗਈ ਤਾਂ ਬਹੁਤ ਵੱਡਾ ਅਨਰਥ ਹੋ ਜਾਵੇਗਾ। ਬਾਵਾ ਨੇ ਕਿਹਾ ਕਿ ਲੋੜ ਹੈ ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀਆਂ ਸ਼ਹਾਦਤਾਂ ਨੂੰ ਯਾਦ ਕਰੀਏ। ਉਹਨਾਂ ਨੇ ਸ਼ਹਾਦਤ ਨਸ਼ੇ ਜਾਂ ਨੋਟਾਂ ਬਦਲੇ ਵੋਟਾਂ ਖਰੀਦਣ ਲਈ ਨਹੀਂ ਦਿੱਤੀ। ਉਹਨਾਂ ਨੇ ਭਾਰਤ ਦਾ ਸੁਨਹਿਰੀ ਭਵਿੱਖ ਬਣਾਉਣ ਲਈ ਫਾਂਸੀ ਦਾ ਰੱਸਾ ਚੁੰਮਿਆ। ਅਸੀਂ ਦਫਤਰ 'ਚ ਫੋਟੋ ਲਗਾ ਲੈਂਦੇ ਹਾਂ ਪਰ ਉਹਨਾਂ ਦੀ ਸੋਚ, ਸੱਚਾਈ, ਸ਼ਹਾਦਤ ਸਾਡੀ ਸੋਚ ਵਿੱਚ ਨਹੀਂ। ਲੋੜ ਹੈ ਵੋਟਰ ਜਾਗਰੂਕ ਹੋਣ। ਉਹਨਾਂ ਕਿਹਾ ਕਿ ਡਾ. ਮਨਮੋਹਨ ਸਿੰਘ ਅਤੇ ਸੰਤ ਸਿੰਘ ਸੇਖੋਂ ਨੂੰ ਹਰਾਉਣ ਵਾਲੇ, ਫੂਲਨ ਦੇਵੀ ਡਾਕੂ ਨੂੰ ਜਿਤਾਉਣ ਵਾਲੇ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ। ਉਹਨਾਂ ਕਿਹਾ ਕਿ ਚੋਣ ਕਮਿਸ਼ਨ ਕਿਸੇ ਨੂੰ ਵੀ ਤਿੰਨ ਵਾਰ ਤੋਂ ਵੱਧ ਚੋਣ ਲੜਨ ਦੀ ਇਜਾਜ਼ਤ ਨਾ ਦੇਵੇ।

# ਗੁਰਬਾਣੀ ਦੇ .ਫਲਸਫੇ ਨੂੰ ਸਮੁੱਚੀ ਲੋਕਾਈ ਤੱਕ ਪਹੁੰਚਾਉਣ ਦੀ ਲੋੜ : ਬੈਨੀਪਾਲ



ਲੁਧਿਆਣਾ, 27 ਜੂਨ (ਕਰਨੈਲ ਸਿੰਘ ਐੱਮ.ਏ.) : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਗੁਰੂ ਸਾਹਿਬਾਨ ਤੇ ਭਗਤਾਂ ਦੀ ਬਾਣੀ ਜਿੱਥੇ ਮਨੁੱਖ ਨੂੰ ਅਧਿਆਤਮਕ ਤੇ ਰੂਹਾਨੀਅਤ ਦਾ ਸਕੂਨ ਪ੍ਰਦਾਨ ਕਰਦੀ ਹੈ ਉੱਥੇ ਸਮੁੱਚੀ ਲੋਕਾਈ ਨੂੰ ਸਰਬ ਸਾਂਝੀਵਾਲਤਾ ਦਾ ਸੁਨੇਹਾ ਵੀ ਦੇਂਦੀ ਹੈ। ਅੱਜ ਲੋੜ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ, ਫਲਸਫੇ ਤੇ ਮਨੁੱਖੀ ਕਲਿਆਣਕਾਰੀ ਸਿੱਖਿਆਵਾਂ ਦੇ ਪ੍ਰਵਾਹ ਨੂੰ ਸਮੁੱਚੇ ਸੰਸਾਰ ਦੇ ਲੋਕਾਂ ਤੱਕ ਵੱਧ ਤੋਂ ਵੱਧ ਪਹੁੰਚਾਇਆ ਜਾਵੇ, ਤਾਂ ਹੀ ਸਿੱਖੀ ਦੀ ਫੁੱਲਵਾੜੀ ਹੋਰ ਮਹਿਕ ਸਕੇਗੀ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ, ਲੁਧਿਆਣਾ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਨੇ ਬੀਤੀ ਰਾਤ ਗੁਰਦੁਆਰਾ ਸਾਹਿਬ ਵਿਖੇ ਚੱਲ ਰਹੀ ਹਫਤਾਵਾਰੀ ਕੀਰਤਨ ਸਮਾਗਮ ਲੜੀ ਅੰਦਰ ਇਕੱਤਰ ਹੋਈਆਂ ਸੰਗਤਾਂ ਦੇ ਨਾਲ ਆਪਣੇ ਵਿਚਾਰਾਂ ਦੀ ਸਾਂਝ ਕਰਦਿਆਂ ਹੋਇਆਂ ਕੀਤਾ। ਇਸ ਦੌਰਾਨ ਕਰਵਾਏ ਗਏ ਹਫਤਾਵਾਰੀ ਕੀਰਤਨ ਸਮਾਗਮ ਅੰਦਰ ਪੰਥ ਪ੍ਰਸਿੱਧ ਕੀਰਤਨੀਏ ਭਾਈ ਗੁਰਮਿੰਦਰ ਸਿੰਘ ਲੁਧਿਆਣੇ ਵਾਲਿਆਂ ਦੇ ਕੀਰਤਨੀ ਜੱਥੇ ਨੇ ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ। ਕੀਰਤਨ ਸਮਾਗਮ ਅੰਦਰ ਇਕੱਤਰ ਹੋਈਆਂ ਸੰਗਤਾਂ ਦੇ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਕਰਦਿਆਂ ਹੋਇਆਂ ਭਾਈ ਗੁਰਮਿੰਦਰ ਸਿੰਘ ਨੇ ਕਿਹਾ ਕਿ ਮੌਜੂਦਾ ਸਮੇਂ ਅੰਦਰ ਗੁਰੂ ਸਾਹਿਬਾਨ ਵੱਲੋਂ ਬਖ਼ਸ਼ੇ ਸੇਵਾ ਤੇ ਸਿਮਰਨ ਦੇ ਸੰਕਲਪ ਨੂੰ ਸੰਭਾਲਣ ਦੀ ਮੁੱਖ ਜ਼ਰੂਰਤ ਹੈ, ਤਾਂ ਹੀ ਹਰ ਨੌਜਵਾਨ ਤੇ ਬੱਚਾ ਆਪਣੇ ਅੰਦਰ ਗੁਰਸਿੱਖੀ ਵਾਲਾ ਜਜ਼ਬਾ ਪੈਦਾ ਕਰਕੇ ਗੁਰੂ ਵਾਲਾ ਬਣ ਸਕਦਾ ਹੈ। ਇਸ ਦੌਰਾਨ ਉਨ੍ਹਾਂ ਨੇ ਸੰਗਤਾਂ ਨੂੰ ਧਰਮ ਦੇ ਮਾਰਗ ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਸਮਾਗਮ ਦੀ ਸਮਾਪਤੀ ਮੌਕੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਸ: ਕੁਲਵਿੰਦਰ ਸਿੰਘ ਬੈਨੀਪਾਲ, ਚੇਅਰਮੈਨ ਬਲਜੀਤ ਸਿੰਘ ਸੇਠੀ ਤੇ ਚਰਨਜੀਤ ਸਿੰਘ ਪਾਇਲ ਵੱਲੋਂ ਕੀਰਤਨੀ ਜੱਥੇ ਦੇ ਮੈਂਬਰਾਂ ਨੂੰ ਸਿਰੋਪਾਉ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਕੀਰਤਨ ਸਮਾਗਮ ਅੰਦਰ ਪਰਮਿੰਦਰ ਸਿੰਘ, ਤਰਲੋਕ ਸਿੰਘ ਸਚਦੇਵਾ, ਪਰਮਿੰਦਰ ਸਿੰਘ, ਕਰਤਾਰ ਸਿੰਘ ਬਰਾੜ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਅਮਰੀਕੀ ਵੀਜ਼ੇ ਲਈ ਦੇਣੀ ਪਵੇਗੀ ਪੰਜ ਸਾਲ ਦੇ ਇੰਟਰਨੈੱਟ ਮੀਡੀਆ ਯੂਜ਼ਰਨੇਮ ਦੀ ਜਾਣਕਾਰੀ, ਅਮਰੀਕੀ ਦੂਤਘਰ ਨੇ ਦਿਸ਼ਾ-ਨਿਰਦੇਸ਼ ਕੀਤੇ ਜਾਰੀ

ਨਵੀਂ ਦਿੱਲੀ, 27 ਜੂਨ (ਚ.ਨ.ਸ.): : ਅਮਰੀਕਾ ਜਾਣਾ ਹੈ ਤਾਂ ਇੰਟਰਨੈੱਟ ਮੀਡੀਆ ਪ੍ਰੋਫਾਈਲ ਦੀ ਜਾਣਕਾਰੀ ਦੇਣੀ ਹੀ ਪਵੇਗੀ। ਅਮਰੀਕੀ ਵੀਜ਼ਾ ਬਿਨੈਕਾਰਾਂ ਨੂੰ ਪਿਛਲੇ ਪੰਜ ਸਾਲਾਂ 'ਚ ਵਰਤੇ ਗਏ ਸਾਰੇ ਇੰਟਰਨੈੱਟ ਮੀਡੀਆ ਯੂਜ਼ਰਨੇਮ ਜਾਂ ਇੰਟਰਨੈੱਟ ਮੀਡੀਆ ਹੈਂਡਲ ਦੀ ਸੂਚੀ ਨੂੰ ਸਾਂਝਾ ਕਰਨਾ ਪਵੇਗਾ। ਭਾਰਤ ਸਥਿਤ ਅਮਰੀਕੀ ਦੂਤਘਰ ਨੇ ਅਮਰੀਕੀ ਵੀਜ਼ੇ ਲਈ ਬਿਨੈ ਕਰਨ ਵਾਲਿਆਂ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਅਮਰੀਕੀ ਦੂਤਘਰ ਨੇ ਵੀਰਵਾਰ ਨੂੰ ਐਕਸ 'ਤੇ ਪੋਸਟ ਕੀਤੇ ਬਿਆਨ 'ਚ ਸਾਵਧਾਨ ਕੀਤਾ ਕਿ ਇੰਟਰਨੈੱਟ ਮੀਡੀਆ ਬਾਰੇ ਜਾਣਕਾਰੀ ਨਾ ਦੇਣ ਜਾਂ ਗਲਤ ਜਾਣਕਾਰੀ ਦੇਣ ਵਾਲਿਆਂ ਦੀ ਵੀਜ਼ਾ ਅਰਜ਼ੀ ਰੱਦ ਹੋ ਸਕਦੀ ਹੈ। ਇਹੀ ਨਹੀਂ ਅਜਿਹੇ ਲੋਕਾਂ 'ਤੇ ਭਵਿੱਖ 'ਚ ਅਮਰੀਕੀ ਵੀਜ਼ਾ ਲਈ ਪਾਬੰਦੀ ਲਗਾਈ ਜਾ ਸਕਦੀ ਹੈ। ਇਹ ਚਿਤਾਵਨੀ ਅਜਿਹੇ ਸਮੇਂ 'ਚ ਜਾਰੀ ਕੀਤੀ ਗਈ ਹੈ ਜਦ ਹਾਲ ਹੀ 'ਚ ਕੈਲੀਫੋਰਨੀਆ ਦੇ ਲਾਸ ਏਂਜਲਸ 'ਚ ਟਰੰਪ ਪ੍ਰਸ਼ਾਸਨ ਨੇ ਇਮੀਗ੍ਰੇਸ਼ਨ ਵਿਰੋਧੀ ਕਾਰਵਾਈ ਕੀਤੀ ਸੀ। ਬਿਆਨ 'ਚ ਕਿਹਾ ਗਿਆ ਹੈ ਕਿ ਵੀਜ਼ਾ ਬਿਨੈਕਾਰਾਂ ਲਈ ਡੀਐੱਸ-160 ਵੀਜ਼ਾ ਅਰਜ਼ੀਆਂ 'ਤੇ ਪਿਛਲੇ ਪੰਜ ਸਾਲਾਂ ਤੋਂ ਉਨ੍ਹਾਂ ਵੱਲੋਂ ਵਰਤੇ ਜਾ ਰਹੇ ਹਰੇਕ ਇੰਟਰਨੈੱਟ ਮੀਡੀਆ ਯੂਜ਼ਰਨੇਮ ਜਾਂ ਇੰਟਰਨੈੱਟ ਮੀਡੀਆ ਹੈਂਡਲ ਦੀ ਜਾਣਕਾਰੀ ਦੇਣਾ ਜ਼ਰੂਰੀ ਹੈ। ਬਿਨੈਕਾਰਾਂ ਨੂੰ ਹਸਤਾਖਰ ਕਰਨ ਅਤੇ ਅਰਜ਼ੀਆਂ ਜਮਾਂ ਕਰਨ ਤੋਂ ਪਹਿਲਾਂ ਸਰਟੀਫਾਈ ਕਰਨਾ ਪਵੇਗਾ ਕਿ ਵੀਜ਼ਾ ਅਰਜ਼ੀਆਂ 'ਚ ਦਿੱਤੀ ਗਈ ਜਾਣਕਾਰੀ ਸਹੀ ਹੈ। ਦੂਤਘਰ ਨੇ ਵੀਜ਼ਾ ਸਬੰਧੀ ਦੋ ਸਬੰਧਤ ਡਿਜੀਟਲ ਪੋਸਟਰ ਵੀ ਨੱਥੀ ਕੀਤੇ। ਪੋਸਟਰ ਦੇ ਉੱਪਰ ਕੈਪਸ਼ਨ 'ਚ ਲਿਖਿਆ ਸੀ,'ਅਮਰੀਕੀ ਵੀਜ਼ਾ ਸਬੰਧੀ ਹਰੇਕ ਫੈਸਲਾ ਰਾਸ਼ਟਰੀ ਸੁਰੱਖਿਆ ਨਾਲ ਜੁੜਿਆ ਫੈਸਲਾ ਹੈ।' ਨੋਟ 'ਚ ਲਿਖਿਆ ਹੈ,'ਅਮਰੀਕੀ ਵੀਜ਼ਾ ਬਿਨੈਕਾਰਾਂ ਤੋਂ ਵੀਜ਼ਾ ਅਰਜ਼ੀਆਂ 'ਤੇ ਇੰਟਰਨੈੱਟ ਮੀਡੀਆ ਪਛਾਣ ਸਾਂਝੀ ਕਰਨ ਦੀ ਉਮੀਦ ਕਰਦਾ ਹੈ। ਅਸੀਂ ਆਪਣੀ ਵੀਜ਼ਾ ਜਾਂਚ 'ਚ ਸਾਰੀਆਂ ਮੁਹੱਈਆ ਜਾਣਕਾਰੀ ਦੀ ਵਰਤੋਂ ਕਰਦੇ ਹਾਂ। ਅਮਰੀਕੀ ਦੂਤਘਰ ਨੇ 23 ਜੂਨ ਨੂੰ ਐੱਫ, ਐੱਮ ਜਾਂ ਜੇ ਵੀਜ਼ਾ ਲਈ ਬਿਨੈ ਕਰਨ ਵਾਲਿਆਂ ਨੂੰ ਕਿਹਾ ਕਿ ਉਹ ਆਪਣੇ ਇੰਟਰਨੈੱਟ ਮੀਡੀਆ ਅਕਾਊਂਟ ਦੀ ਪ੍ਰਾਈਵੇਸੀ ਸੈਟਿੰਗ ਨੂੰ 'ਜਨਤਕ' ਕਰ ਦੇਣ ਤਾਂ ਜੋ ਜਾਂਚ 'ਚ ਆਸਾਨੀ ਹੋ ਸਕੇ। ਇਹ ਨਿਯਮ ਕਾਨੂੰਨ ਦੇ ਤਹਿਤ ਅਮਰੀਕਾ 'ਚ ਉਨ੍ਹਾਂ ਦੀ ਪਛਾਣ ਲਈ ਜ਼ਰੂਰੀ ਹੈ। ਐੱਫ ਜਾਂ ਐੱਮ ਸ਼੍ਰੇਣੀ ਵਿਦਿਆਰਥੀ ਵੀਜ਼ਾ ਲਈ ਹੈ, ਜਦਕਿ ਜੇ ਸ਼੍ਰੇਣੀ ਐਕਸਚੇਂਜ ਵਿਜ਼ੀਟਰ ਵੀਜ਼ਾ ਲਈ ਹੈ। ਭਾਰਤ ਸਥਿਤ ਅਮਰੀਕੀ ਦੂਤਘਰ ਨੇ ਇਸ ਮਹੀਨੇ ਵੀਜ਼ਾ 'ਤੇ ਕਈ ਬਿਆਨ ਜਾਰੀ ਕੀਤੇ ਹਨ।




**ਯੋਗਤਾ ਦੇ ਆਧਾਰ 'ਤੇ ਹੋਵੇ ਸਾਰੀਆਂ ਵੀਜ਼ਾ ਅਰਜ਼ੀਆਂ 'ਤੇ ਵਿਚਾਰ : ਭਾਰਤ** ਅਮਰੀਕੀ ਦੂਤਘਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਵਿਦੇਸ਼ ਮੰਤਰਾਲਾ ਨੇ ਕਿਹਾ ਹੈ ਕਿ ਭਾਰਤੀ ਨਾਗਰਿਕਾਂ ਦੀਆਂ ਵੀਜ਼ਾ ਅਰਜ਼ੀਆਂ ਦਾ ਮੁਲਾਂਕਣ ਯੋਗਤਾ ਦੇ ਆਧਾਰ 'ਤੇ ਕੀਤਾ ਜਾਣਾ ਚਾਹੀਦਾ। ਵਿਦੇਸ਼ ਮੰਤਰਾਲਾ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਕਿਹਾ ,'ਵੀਜ਼ਾ ਅਤੇ ਇਮੀਗ੍ਰੇਸ਼ਨ ਮਾਮਲੇ ਕਿਸੇ ਵੀ ਦੇਸ਼ ਦੇ ਖੁਦਮੁਖਤਿਆਰ ਕੰਮਾਂ ਨਾਲ ਸਬੰਧਤ ਹੁੰਦੇ ਹਨ। ਅਸੀਂ ਅਮਰੀਕੀ ਦੂਤਘਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ ਦੇਖੇ ਹਨ। ਸਾਡਾ ਮੰਨਣਾ ਹੈ ਕਿ ਭਾਰਤੀ ਨਾਗਰਿਕਾਂ ਦੀਆਂ ਸਾਰੀਆਂ ਵੀਜ਼ਾ ਅਰਜ਼ੀਆਂ 'ਤੇ ਯੋਗਤਾ ਦੇ ਆਧਾਰ 'ਤੇ ਵਿਚਾਰ ਕੀਤਾ ਜਾਣਾ ਚਾਹੀਦੈ। ਉਨ੍ਹਾਂ ਕਿਹਾ ਕਿ ਅਸੀਂ ਆਵਾਜਾਈ ਤੇ ਵਪਾਰਕ ਦੂਤਘਰ ਸਬੰਧੀ ਸਾਰੇ ਮੁੱਦਿਆਂ 'ਤੇ ਅਮਰੀਕੀ ਪੱਖ ਨਾਲ ਗੱਲਬਾਤ ਜਾਰੀ ਰੱਖਾਂਗੇ ਤਾਂ ਜੋ ਭਾਰਤੀ ਨਾਗਰਿਕਾਂ ਦੇ ਹਿਤਾਂ ਦੀ ਰੱਖਿਆ ਕੀਤੀ ਜਾਵੇ। ਜਾਇਸਵਾਲ ਨੇ ਕਿਹਾ ਕਿ ਭਾਰਤ ਲਈ ਅਮਰੀਕੀ ਐਡਵਾਇਜ਼ਰੀ ਲੈਵਲ 2 'ਤੇ ਹੈ ਜੋ ਪਹਿਲਾਂ ਵਾਂਗ ਹੀ ਹੈ। ਇਸ 'ਚ ਕੋਈ ਬਦਲਾਅ ਨਹੀਂ ਹੋਇਆ ਹੈ। ਪਾਕਿਸਤਾਨੀ ਫ਼ੌਜ ਮੁਖੀ ਅਸੀਮ ਮੁਨੀਰ ਦੀ ਵਹਾਈਟ ਹਾਊਸ ਯਾਤਰਾ 'ਤੇ ਜਾਇਸਵਾਲ ਨੇ ਕਿਹਾ ਕਿ ਭਾਰਤ ਨੇ ਇਸ ਯਾਤਰਾ 'ਤੇ ਗੌਰ ਕੀਤਾ ਹੈ। ਹਾਲਾਂਕਿ ਉਨ੍ਹਾਂ ਇਸ 'ਤੇ ਟਿੱਪਣੀ ਕਰਨ ਤੋਂ ਨਾਂਹ ਕਰ ਦਿੱਤੀ। ਉਨ੍ਹਾਂ ਨੇ ਭਾਰਤ-ਅਮਰੀਕੀ ਸਬੰਧਾਂ ਨੂੰ '21ਵੀਂ ਸਦੀ ਦੀ ਸਭ ਤੋਂ ਮਹੱਤਵਪੂਰਨ ਸਾਂਝੇਦਾਰੀ' ਦੱਸਿਆ।

# ਬਦਰੀਨਾਥ ਜਾ ਰਹੀ ਬੱਸ ਨਦੀ 'ਚ ਡਿੱਗੀ, 10 ਲੋਕਾਂ ਦੀ ਮੌਤ

ਰੁਦਰਪ੍ਰਯਾਗ, 27 ਜੂਨ (ਚ.ਨ.ਸ.):: ਰਾਜਸਥਾਨ ਤੋਂ ਬਦਰੀਨਾਥ ਧਾਮ ਜਾ ਰਹੇ ਯਾਤਰੀਆਂ ਨੂੰ ਲੈ ਕੇ ਜਾ ਰਹੀ ਇੱਕ ਬੱਸ ਕੰਟਰੋਲ ਤੋਂ ਬਾਹਰ ਹੋ ਗਈ ਅਤੇ ਅਲਕਨੰਦਾ ਨਦੀ ਵਿੱਚ ਡਿੱਗ ਗਈ। ਉਕਤ ਵਾਹਨ ਰੁਦਰਪ੍ਰਯਾਗ ਤੋਂ ਬਦਰੀਨਾਥ ਜਾ ਰਿਹਾ ਸੀ। ਬੱਸ ਵਿੱਚ ਡਰਾਈਵਰ ਸਮੇਤ 20 ਯਾਤਰੀ ਸਨ, ਜਿਨ੍ਹਾਂ ਵਿੱਚੋਂ 10 ਲਾਪਤਾ ਹਨ, ਜਦੋਂ ਕਿ ਦੋ ਦੀ ਮੌਕੇ 'ਤੇ ਹੀ ਮੌਤ ਹੋ ਗਈ। ਅੱਠ ਜ਼ਖਮੀ ਯਾਤਰੀਆਂ ਨੂੰ ਜ਼ਿਲ੍ਹਾ ਹਸਪਤਾਲ ਭੇਜਿਆ ਗਿਆ ਹੈ। ਗੰਭੀਰ ਜ਼ਖਮੀਆਂ ਨੂੰ ਹੈਲੀਕਾਪਟਰ ਐਂਬੂਲੈਂਸ ਰਾਹੀਂ ਏਮਜ਼ ਰਿਸ਼ੀਕੇਸ਼ ਲਿਜਾਇਆ ਗਿਆ ਹੈ। ਹਾਦਸੇ ਦਾ ਕਾਰਨ ਅਜੇ ਪਤਾ ਨਹੀਂ ਲੱਗਿਆ ਹੈ। ਹਾਲਾਂਕਿ, ਇਹ ਰਸਤਾ ਖ਼ਤਰੇ ਵਾਲੇ ਖੇਤਰ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਇਸ ਤੋਂ ਪਹਿਲਾਂ ਵੀ ਇਸ ਦੇ ਆਲੇ-ਦੁਆਲੇ ਕਈ ਹਾਦਸੇ ਵਾਪਰ ਚੁੱਕੇ ਹਨ। ਇਹ ਹਾਦਸਾ ਵੀਰਵਾਰ ਸਵੇਰੇ ਲਗਭਗ 7.40 ਵਜੇ ਰੁਦਰਪ੍ਰਯਾਗ ਤੋਂ 18 ਕਿਲੋਮੀਟਰ ਅੱਗੇ ਘੋਲਥਿਰ ਨੇੜੇ ਸਟੇਟ ਬੈਂਕ ਮੋੜ ਨੇੜੇ ਵਾਪਰਿਆ। ਯੂਕੇ 08 ਪੀਏ 7444 ਬੱਸ 31 ਸੀਟਰ ਬੱਸ ਹੈ। ਗੁਜਰਾਤ ਦਾ ਸੋਨੀ ਪਰਿਵਾਰ ਵੀ ਬੱਸ ਵਿੱਚ ਸਫ਼ਰ ਕਰ ਰਿਹਾ ਸੀ। ਐਨਡੀਆਰਐਫ ਅਤੇ ਐਸਡੀਆਰਐਫ ਦੀਆਂ ਟੀਮਾਂ ਲਾਪਤਾ ਯਾਤਰੀਆਂ ਦੀ ਭਾਲ ਵਿੱਚ ਜੁਟੀਆਂ ਹੋਈਆਂ ਹਨ। ਇਸ ਹਾਦਸੇ ਦੀ ਸੂਚਨਾ ਮਿਲਦੇ ਹੀ ਜ਼ਿਲ੍ਹਾ ਪੁਲਿਸ, ਫਾਇਰ ਬ੍ਰਿਗੇਡ, ਐਸਡੀਆਰਐਫ ਅਤੇ ਸਾਰੀਆਂ ਬਚਾਅ ਟੀਮਾਂ ਮੌਕੇ 'ਤੇ ਪਹੁੰਚ ਗਈਆਂ ਅਤੇ ਸਥਾਨਕ ਲੋਕਾਂ ਨੇ ਵੀ ਬਚਾਅ ਕਾਰਜ ਵਿੱਚ ਮਦਦ ਕੀਤੀ। ਵਾਹਨ ਦੇ ਹਾਦਸਾਗ੍ਰਸਤ ਹੋਣ ਅਤੇ ਨਦੀ ਵਿੱਚ ਡੁੱਬਣ ਤੋਂ ਪਹਿਲਾਂ ਵਾਹਨ ਵਿੱਚੋਂ ਬਾਹਰ ਕੱਢੇ ਗਏ ਕੁਝ ਲੋਕਾਂ ਨੂੰ ਬਚਾਅ ਟੀਮਾਂ ਨੇ ਸਥਾਨਕ ਲੋਕਾਂ ਦੀ ਮਦਦ ਨਾਲ ਉੱਪਰਲੀ ਸੜਕ 'ਤੇ ਲਿਆਂਦਾ।



# ਪਵਨ ਕੁਮਾਰ ਟੀਨੂ ਹਲਕਾ ਆਦਮਪੁਰ ਦੇ ਇੰਚਾਰਜ ਨਿਯੁਕਤ



ਭੋਗਪੁਰ, 27 ਜੂਨ (ਅਮਰਜੀਤ ਸਿੰਘ ਸੈਣੀ): ਆਮ ਆਦਮੀ ਪਾਰਟੀ ਹਾਈ ਕਮਾਂਡ ਵੱਲੋਂ ਪਵਨ ਕੁਮਾਰ ਟੀਨੂ ਨੂੰ ਹਲਕਾ ਆਦਮਪੁਰ ਦੇ ਹਲਕਾ ਇੰਚਾਰਜ ਚੁਣਿਆ ਗਿਆ ਹੈ, ਆਮ ਆਦਮੀ ਪਾਰਟੀ ਦੇ ਵੱਖ-ਵੱਖ ਆਗੂ ਵਰਕਰ ਉਹਨਾਂ ਨੂੰ ਵਧਾਈ ਦੇਣ ਲਈ ਪਹੁੰਚੇ। ਪਵਨ ਕੁਮਾਰ ਟੀਨੂ ਪਿਛਲੇ 10 ਸਾਲ ਤੋਂ ਹਲਕੇ ਦੀ ਸੇਵਾ ਕਰਦੇ ਆ ਰਹੇ ਹਨ। ਦੋ ਵਾਰ ਆਦਮਪੁਰ ਹਲਕੇ ਤੋਂ ਵਿਧਾਇਕ ਰਹਿ ਚੁੱਕੇ ਹਨ। ਹਲਕੇ ਦੇ ਲੋਕਾਂ ਨਾਲ ਉਹਨਾਂ ਦਾ ਕਾਫੀ ਪਿਆਰ ਹੈ। ਪਵਨ ਕੁਮਾਰ ਟੀਨੂ ਨੇ ਹਾਈ ਕਮਾਂਡ ਦਾ ਅਤੇ ਆਪ ਵਰਕਰਾਂ ਦਾ ਧੰਨਵਾਦ ਕੀਤਾ। ਕਿਹਾ ਕਿ ਉਹਨਾਂ ਨੂੰ ਜੋ ਜ਼ਿੰਮੇਵਾਰੀ ਸੌਂਪੀ ਗਈ ਆ ਉਹ ਇਮਾਨਦਾਰੀ ਅਤੇ ਮਿਹਨਤ ਦੇ ਨਾਲ ਨਿਭਾਉਣਗੇ। ਅੱਜ ਪਵਨ ਕੁਮਾਰ ਟੀਨੂ ਨੂੰ ਸਨਮਾਨਿਤ ਕਰਨ ਪਹੁੰਚੇ ਸਰਬਜੀਤ ਸਿੰਘ ਸਾਬੀ ਮਾਧੋਪੁਰ ਪ੍ਰਧਾਨ, ਅਮਰਜੀਤ ਸਿੰਘ ਸੈਣੀ ਸੈਕਟਰੀ, ਜਸਵੀਰ ਸਿੰਘ, ਅੰਮ੍ਰਿਤਪਾਲ, ਬਲਦੇਵ, ਗਗਨ, ਆਦਿ ਹਾਜ਼ਰ ਸਨ।

# ਪੰਜਾਬ ਰਾਜ ਮਹਿਲਾ ਕਮਿਸ਼ਨ ਔਰਤਾਂ ਦੇ ਅਧਿਕਾਰਾਂ ਦੀ ਰਾਖੀ ਲਈ ਵਚਨਬੱਧ: ਰਾਜ ਲਾਲੀ ਗਿੱਲ

ਫਾਜ਼ਿਲਕਾ, 27 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਚੇਅਰਪਰਸਨ ਮੈਂਬਰ ਰਾਜ ਲਾਲੀ ਗਿੱਲ ਨੇ ਅੱਜ ਇੱਥੇ ਡਿਪਟੀ ਕਮਿਸ਼ਨਰ ਦਫਤਰ ਵਿਖੇ ਖੁੱਲ੍ਹਾ ਦਰਬਾਰ ਲਗਾ ਕੇ ਮਹਿਲਾਵਾਂ ਦੀਆਂ ਮੁਸ਼ਕਲਾਂ ਸੁਣੀਆਂ। ਇਸ ਖੁੱਲ੍ਹੇ ਦਰਬਾਰ ਵਿੱਚ ਸ੍ਰੀ ਮੁਕਤਸਰ ਸਾਹਿਬ ਅਤੇ ਫਾਜ਼ਿਲਕਾ ਜ਼ਿਲ੍ਹੇ ਨਾਲ ਸਬੰਧਤ ਕਮਿਸ਼ਨ ਕੋਲ ਚੱਲ ਰਹੇ 35 ਕੇਸਾਂ ਦੀ ਸੁਣਵਾਈ ਹੋਈ, ਜਦਕਿ ਲਗਭਗ ਦੋ ਦਰਜਨ ਨਵੇਂ ਕੇਸ ਵੀ ਇਸ ਜਨ ਸੁਣਵਾਈ ਦੌਰਾਨ ਆਏ। ਕਮਿਸ਼ਨ ਦੇ ਚੇਅਰ ਪਰਸਨ ਮੈਡਮ ਰਾਜ ਲਾਲੀ ਗਿੱਲ ਨੇ ਇੱਥੇ ਇਹਨਾਂ ਕੇਸਾਂ ਦੀ ਸੁਣਵਾਈ ਕਰਦਿਆਂ ਜਾਂਚ ਅਧਿਕਾਰੀਆਂ ਨੂੰ ਕਾਨੂੰਨੀ ਦਾਇਰੇ ਵਿੱਚ ਰਹਿੰਦਿਆਂ ਜਲਦ ਤੋਂ ਜਲਦ ਜਾਂਚ ਕਾਰਜ ਮੁਕੰਮਲ ਕਰਨ ਅਤੇ ਪੀੜਤ ਧਿਰਾਂ ਨੂੰ ਇਨਸਾਫ ਦਿਵਾਇਆ ਜਾਣਾ ਯਕੀਨੀ ਬਣਾਉਣ ਦੀਆਂ ਸਖਤ ਹਦਾਇਤਾਂ ਕੀਤੀਆਂ। ਉਹਨਾਂ ਨੇ ਕਿਹਾ ਕਿ ਕਮਿਸ਼ਨ ਔਰਤਾਂ ਦੇ ਅਧਿਕਾਰਾਂ ਦੀ ਰਾਖੀ ਕਰਨ ਲਈ ਦ੍ਰਿੜਤਾ ਨਾਲ ਕੰਮ ਕਰ ਰਿਹਾ ਹੈ ਪਰ ਨਾਲ ਹੀ ਉਹਨਾਂ ਨੇ ਕਿਹਾ ਕਿ ਜਿੱਥੇ ਅਧਿਕਾਰ ਸਾਡਾ ਹੱਕ ਹਨ, ਉਥੇ ਹੀ ਸਮਾਜ ਦੀ ਬਿਹਤਰੀ ਲਈ ਸਭ ਧਿਰਾਂ ਨੂੰ ਆਪਣੇ ਫਰਜ਼ਾਂ ਪ੍ਰਤੀ ਵੀ ਉਨਾ ਹੀ ਸੁਚੇਤ ਰਹਿਣਾ ਚਾਹੀਦਾ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੈਡਮ ਰਾਜ ਲਾਲੀ ਗਿੱਲ ਨੇ ਆਖਿਆ ਕਿ ਮਹਿਲਾ ਕਮਿਸ਼ਨ ਵੱਲੋਂ ਵੱਖ-ਵੱਖ ਜ਼ਿਲ੍ਹਿਆਂ ਵਿੱਚ ਇਸ ਤਰ੍ਹਾਂ ਦੇ ਖੁੱਲੇ ਦਰਬਾਰ ਲਗਾਉਣ ਦਾ ਉਦੇਸ਼ ਇਹ ਹੈ ਕਿ ਔਰਤਾਂ ਨੂੰ ਸੁਣਵਾਈ ਲਈ ਕਮਿਸ਼ਨ ਦੇ ਮੁੱਖ ਦਫਤਰ ਤੱਕ ਚੱਲ ਕੇ ਆਉਣ ਦੀ ਦਿੱਕਤ ਨਾ ਹੋਵੇ ਅਤੇ ਉਹਨਾਂ ਦੇ ਘਰਾਂ ਦੇ ਨਜ਼ਦੀਕ ਹੀ ਇਸ ਤਰ੍ਹਾਂ ਦੀ ਸੁਣਵਾਈ ਹੋਣ ਨਾਲ ਉਹਨਾਂ ਨੂੰ ਵੱਡੀ ਸੌਖ ਹੁੰਦੀ ਹੈ। ਉਹਨਾਂ ਨੇ ਕਿਹਾ ਕਿ ਇਸ ਤਰ੍ਹਾਂ ਜਲਦੀ ਅਤੇ ਸੌਖਾ ਨਿਆਂ ਉਪਲਬਧ ਕਰਵਾਉਣਾ ਯਕੀਨੀ ਹੁੰਦਾ ਹੈ। ਮਹਿਲਾ ਕਮਿਸ਼ਨ ਦੇ ਚੇਅਰਪਰਸਨ ਨੇ ਅੱਗੇ ਕਿਹਾ ਕਿ ਸਮਾਜ ਵਿੱਚ ਔਰਤ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ ਤੇ ਪੁਰਸ਼ਾਂ ਨੂੰ ਵੀ ਇਸ ਸੱਚ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਇਸ ਮੌਕੇ ਡਿਪਟੀ ਡਾਇਰੈਕਟਰ ਨਿਖਿਲ ਅਰੋੜਾ, ਵਧੀਕ ਡਿਪਟੀ ਕਮਿਸ਼ਨਰ ਸੁਭਾਸ਼ ਚੰਦਰ, ਐਸਡੀਐਮ ਵੀਰਪਾਲ ਕੌਰ, ਡੀਐਸਪੀ ਨਵੀਨ ਕੁਮਾਰ ਤੇ ਅਵਿਨਾਸ਼ ਚੰਦਰ, ਜਿਲਾ ਪ੍ਰੋਗਰਾਮ ਅਫਸਰ ਖੁਸ਼ਬੀਰ ਕੌਰ, ਡੀ ਸੀ ਪੀ ਓ ਰੀਤੂ ਬਾਲਾ ਆਦਿ ਹਾਜ਼ਰ ਸਨ।



# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵੱਲੋਂ ਨਸ਼ਾਖੋਰੀ ਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ 'ਤੇ ਵਿਸ਼ੇਸ਼ ਭਾਸ਼ਣ

ਫ਼ਤਹਿਗੜ੍ਹ ਸਾਹਿਬ, 27 ਜੂਨ (ਹਰਪ੍ਰੀਤ ਕੌਰ ਟਿਵਾਣਾ): ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਿਹਗੜ੍ਹ ਸਾਹਿਬ ਦੇ ਸਮਾਜ ਸ਼ਾਸਤਰ ਵਿਭਾਗ ਨੇ ਵਿਦਿਆਰਥੀਆਂ ਵਿੱਚ ਨਸ਼ਿਆਂ ਦੀ ਦੁਰਵਰਤੋਂ ਦੇ ਖ਼ਤਰਿਆਂ ਅਤੇ ਸਰਗਰਮ ਰੋਕਥਾਮ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇੱਕ ਵਿਸ਼ੇਸ਼ ਭਾਸ਼ਣ ਦਾ ਆਯੋਜਨ ਕਰਕੇ ਨਸ਼ਾਖੋਰੀ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਮਨਾਇਆ। ਇਹ ਸਮਾਗਮ 2025 ਦੇ ਅਧਿਕਾਰਤ ਨਾਅਰੇ: 'ਜੰਜ਼ੀਰਾਂ ਨੂੰ ਤੋੜਨਾ, ਸਾਰਿਆਂ ਲਈ ਰੋਕਥਾਮ, ਇਲਾਜ ਅਤੇ ਰਿਕਵਰੀ' ਦੇ ਥੀਮ ਹੇਠ ਕਰਵਾਇਆ ਗਿਆ ਸੀ। ਮੁੱਖ ਭਾਸ਼ਣ ਡਾ. ਨਵਸ਼ਗਨ ਦੀਪ ਕੌਰ, ਮੁਖੀ ਸਮਾਜ ਸ਼ਾਸਤਰ ਵਿਭਾਗ ਦੁਆਰਾ ਦਿੱਤਾ ਗਿਆ। ਆਪਣੇ ਭਾਸ਼ਣ ਵਿੱਚ, ਡਾ. ਕੌਰ ਨੇ ਨਸ਼ੇ ਦੀ ਲਤ ਦੇ ਗੁੰਝਲਦਾਰ ਸਮਾਜਿਕ ਅਤੇ ਮਨੋਵਿਗਿਆਨਕ ਪਹਿਲੂਆਂ 'ਤੇ ਚਾਨਣਾ ਪਾਇਆ ਅਤੇ ਇਸ ਸਮੱਸਿਆ ਦਾ ਹੱਲ ਕਰਨ ਵਿੱਚ ਸਿੱਖਿਆ, ਪਰਿਵਾਰ ਅਤੇ ਭਾਈਚਾਰੇ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ। ਉਹਨਾਂ ਨੇ ਵਿਦਿਆਰਥੀਆਂ ਨੂੰ ਰੋਕਥਾਮ, ਇਲਾਜ ਅਤੇ ਰਿਕਵਰੀ ਲਈ ਯਤਨਾਂ ਦਾ ਸਮਰਥਨ ਕਰਨ ਦੀ ਅਪੀਲ ਕੀਤੀ। ਸੈਸ਼ਨ ਵਿੱਚ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਨਸ਼ਾ ਮੁਕਤ ਸਮਾਜ ਬਣਾਉਣ ਦੀਆਂ ਰਣਨੀਤੀਆਂ 'ਤੇ ਖੁੱਲ੍ਹੀ ਗੱਲਬਾਤ ਕੀਤੀ। ਇਹ ਪਹਿਲਕਦਮੀ ਵਿਭਾਗ ਦੀ ਸਮਾਜਿਕ ਤੌਰ 'ਤੇ ਜ਼ਿੰਮੇਵਾਰ ਨਾਗਰਿਕਤਾ ਨੂੰ ਉਤਸ਼ਾਹਿਤ ਕਰਨ ਅਤੇ ਨੌਜਵਾਨਾਂ ਵਿੱਚ ਸਿਹਤ-ਮੁਖੀ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨ ਦੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦੀ ਹੈ।

## ਕਪੂਰਥਲਾ ਦੇ ਨੌਜਵਾਨ ਦੀ ਅਮਰੀਕਾ 'ਚ ਸ਼ੱਕੀ ਹਾਲਤ 'ਚ ਮੌਤ, ਪਿੰਡ 'ਚ ਸੋਗ ਦੀ ਲਹਿਰ

ਕਪੂਰਥਲਾ, 27 ਜੂਨ (ਚ.ਨ.ਸ.): ਸਬ ਡਵੀਜ਼ਨ ਭੁਲੱਥ ਵਿਚ ਪੈਂਦੇ ਕਸਬਾ ਨਡਾਲਾ ਦੇ ਪਿੰਡ ਤਲਵੰਡੀ ਪੂਰਦਲ ਦੇ ਇਕ ਨੌਜਵਾਨ ਦੀ ਅਮਰੀਕਾ ਵਿਚ ਸ਼ੱਕੀ ਹਾਲਤ ਵਿਚ ਮੌਤ ਹੋ ਗਈ। ਜਾਣਕਾਰੀ ਅਨੁਸਾਰ ਮ੍ਰਿਤਕ ਨੌਜਵਾਨ ਰਣਜੀਤ ਸਿੰਘ ਪੁੱਤਰ ਸਤਨਾਮ ਸਿੰਘ 8 ਮਹੀਨੇ ਪਹਿਲਾਂ ਹੀ ਅਮਰੀਕਾ ਗਿਆ ਸੀ, ਜਿੱਥੇ ਉਸਨੂੰ ਇਕ ਗੰਭੀਰ ਬਿਮਾਰੀ ਨੇ ਘੇਰ ਲਿਆ ਅਤੇ ਹਸਪਤਾਲ ਵਿਚ ਇਲਾਜ ਦੌਰਾਨ ਉਸਦੀ ਮੌਤ ਹੋ ਗਈ, ਜਿਸਦੇ ਚੱਲਦੇ ਜਿੱਥੇ ਪਰਿਵਾਰ ਵੱਡੇ ਸਦਮੇ ਵਿਚ ਹੈ, ਉੱਥੇ ਹੀ ਪਿੰਡ ਵਿਚ ਵੀ ਗਮਗੀਨ ਮਾਹੌਲ ਹੈ। ਪਰਿਵਾਰ ਵੱਲੋਂ ਮ੍ਰਿਤਕ ਨੌਜਵਾਨ ਦੀ ਦੇਹ ਨੂੰ ਭਾਰਤ ਲਿਆਉਣ ਲਈ ਯਤਨ ਕੀਤਾ ਜਾ ਰਿਹਾ ਹੈ।

# ਡਿਪੂ ਹੋਲਡਰ ਯੂਨੀਅਨ ਨੇ ਹਾਈਕੋਰਟ ਜਾਣ ਦਾ ਕੀਤਾ ਰੁਖ਼



ਸ੍ਰੀ ਅਨੰਦਪੁਰ ਸਾਹਿਬ, 27 ਜੂਨ (ਤਰਲੋਚਨ ਸਿੰਘ): ਪੰਜਾਬ ਡਿਪੂ ਹੋਲਡਰ ਯੂਨੀਅਨ ਦੇ ਸਮੂਹ ਅਹੁਦੇਦਾਰਾਂ ਅਤੇ ਆਗੂਆਂ ਵੱਲੋਂ ਅੱਜ ਪੰਜਾਬ ਪ੍ਰਧਾਨ ਸੁਖਵਿੰਦਰ ਸਿੰਘ ਕਾਂਜਲਾ ਅਤੇ ਸੂਬਾ ਸਕੱਤਰ ਅੰਗਰੇਜ਼ ਸਿੰਘ ਦੀ ਪ੍ਰਧਾਨਗੀ ਹੇਠ ਸ੍ਰੀ ਅਨੰਦਪੁਰ ਸਾਹਿਬ ਵਿਖੇ ਮੀਟਿੰਗ ਕੀਤੀ ਗਈ ਅਤੇ ਡਿਪੂ ਹੋਲਡਰਾਂ ਨੂੰ ਆ ਰਹੀਆਂ ਮੁਸ਼ਕਲਾਂ ਲਈ ਵਿਚਾਰ ਵਟਾਂਦਰੇ ਕੀਤੇ ਗਏ। ਇਸ ਉਪਰੰਤ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਕਾਂਜਲਾ ਅਤੇ ਸਕੱਤਰ ਅੰਗਰੇਜ਼ ਸਿੰਘ ਨੇ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਦੇ ਡਿਪੂ ਹੋਲਡਰਾਂ ਨੂੰ ਭਾਰਤ ਦੇ ਦੂਜੇ ਰਾਜਾਂ ਜਿਵੇਂ ਦਿੱਲੀ, ਹਰਿਆਣਾ ਅਤੇ ਹਿਮਾਚਲ ਵਿਚ ਡਿਪੂ ਹੋਲਡਰਾਂ ਨੂੰ ਮਿਲ ਰਹੇ ਕਮਿਸ਼ਨ ਦੇ ਬਰਾਬਰ ਕਮਿਸ਼ਨ ਨਾ ਦੇ ਕੇ ਪੰਜਾਬ ਸਰਕਾਰ ਵੱਲੋਂ ਡਿਪੂ ਹੋਲਡਰਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ। ਜਿਸ ਦੇ ਰੋਸ ਵਜੋਂ ਹੁਣ ਪੰਜਾਬ ਦੇ ਡਿਪੂ ਹੋਲਡਰ ਆਪਣੇ ਹੱਕਾਂ ਦੇ ਲਈ ਜਲਦੀ ਹੀ ਹਾਈਕੋਰਟ ਦਾ ਦਰਵਾਜ਼ਾ ਖੜਕਾਉਣਗੇ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲਗਾਤਾਰ ਡਿਪੂ ਹੋਲਡਰਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ। ਜੋ ਹੁਣ ਬਰਦਾਸ਼ਤ ਤੋਂ ਬਾਹਰ ਹੈ। ਡਿਪੂ ਹੋਲਡਰਾਂ ਦੀਆਂ ਮੰਗਾਂ ਸਬੰਧੀ ਕਈ ਵਾਰ ਪੰਜਾਬ ਸਰਕਾਰ ਨਾਲ ਗੱਲਬਾਤ ਕੀਤੀ ਜਾ ਚੁੱਕੀ ਹੈ। ਪਰ ਸਰਕਾਰ ਵੱਲੋਂ ਉਨ੍ਹਾਂ ਦੀ ਮੰਗਾਂ ਨੂੰ ਮੰਨਿਆ ਨਹੀਂ ਜਾ ਰਿਹਾ, ਜਿਸ ਨੂੰ ਦੇਖਦੇ ਹੋਏ ਪੰਜਾਬ ਦੇ ਸਮੂਹ ਡਿਪੂ ਹੋਲਡਰ ਯੂਨੀਅਨ ਦੇ ਪ੍ਰਧਾਨਾਂ ਨਾਲ ਮਿਲਕੇ ਇਹ ਫੈਸਲਾ ਲਿਆ ਗਿਆ ਹੈ ਕਿ ਆਪਣੇ ਹੱਕਾਂ ਲਈ ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੋਂ ਇਲਾਵਾ ਯੂਨੀਅਨ ਕੋਲ ਕੋਈ ਦਰ ਨਹੀਂ। ਇਸ ਮੌਕੇ ਡਾ.ਅਸ਼ੋਕ ਕੁਮਾਰ, ਰਕੇਸ਼ ਕੁਮਾਰ ਪ੍ਰਧਾਨ, ਪਿਆਰ ਚੰਦ ਸੈਕਟਰੀ, ਯਾਦ ਮਿੱਤਲ, ਅੱਛਰੂ, ਮੋਹਣ ਲਾਲ, ਗਿਆਨ ਮਿੱਤਲ, ਸੰਜੇ ਸਿੰਗਲਾ ਅਤੇ ਬਿੰਨੀ ਗਰਗ, ਸੁਰਜੀਤ ਸਿੰਘ ਤੇਜਾ ਐਡਵੋਕੇਟ ਪੰਜਾਬ ਹਰਿਆਣਾ ਐਂਡ ਹਾਈਕੋਰਟ ਆਦਿਕ ਵੀ ਹਾਜ਼ਰ ਸਨ।

# ਆਦਰਸ਼ ਸਕੂਲ ਮੁਲਾਜ਼ਮ ਯੂਨੀਅਨ ਨੇ ਮਨੀਸ਼ ਸਿਸੋਦੀਆ ਨੂੰ ਸੌਂਪਿਆ ਮੰਗ ਪੱਤਰ

ਕੋਟ ਈਸੇ ਖਾਂ, 27 ਜੂਨ (ਗਾਂਧੀ/ਖੁਰਾਣਾ): ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਆਦਰਸ਼ ਸਕੂਲ ਟੀਚਿੰਗ ਨਾਨ ਟੀਚਿੰਗ ਮੁਲਾਜ਼ਮ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗਲੋਟੀ ਨੇ ਦੱਸਿਆ ਕਿ 26 ਜੂਨ ਨੂੰ ਆਮ ਆਦਮੀ ਪਾਰਟੀ ਦੇ ਇੰਚਾਰਜ ਮੁਨੀਸ਼ ਸਿਸੋਦੀਆ ਸੁਸੋਦੀਆ ਪਿੰਡ ਦਾਰਾਪੁਰ ਵਿਖੇ ਪਹੁੰਚੇ ਸਨ। ਜਿਸ ਦੇ ਚਲਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗਲੋਟੀ ਵੱਲੋਂ ਮੋਗਾ ਪ੍ਰਸ਼ਾਸਨ ਨਾਲ ਤਾਲਮੇਲ ਕੀਤਾ ਗਿਆ ਅਤੇ ਏਡੀਸੀ ਮੋਗਾ ਮੈਡਮ ਚਾਰੂਮਿਤਾ ਨਾਲ ਮੀਟਿੰਗ ਕੀਤੀ ਗਈ ਅਤੇ ਸਨੀ ਸਿੰਘ ਧਾਲੀਵਾਲ ਪੀ ਏ ਟੂ ਐਮ ਐਲ ਏ ਮੋਗਾ ਮੈਡਮ ਅਮਨਦੀਪ ਕੌਰ ਅਰੋੜਾ ਨਾਲ ਸੰਪਰਕ ਕਰਕੇ 'ਆਪ' ਪ੍ਰਭਾਰੀ ਪੰਜਾਬ ਮੁਨੀਸ਼ ਸਿਸੋਦੀਆ ਨੂੰ ਆਦਰਸ਼ ਸਕੂਲ ਟੀਚਿੰਗ ਨਾਨ ਟੀਚਿੰਗ ਮੁਲਾਜ਼ਮ ਯੂਨੀਅਨ ਪੰਜਾਬ ਦੀਆਂ ਹੱਕੀ ਤੇ ਜਾਇਜ਼ ਮੰਗਾਂ ਦਾ ਮੰਗ ਪੱਤਰ ਸੌਂਪਿਆ ਗਿਆ। ਗੱਲਬਾਤ ਦੌਰਾਨ ਸੂਬਾ ਪ੍ਰਧਾਨ ਗਲੋਟੀ ਨੇ ਦੱਸਿਆ ਕਿ ਇਹ ਆਦਰਸ਼ ਸਕੂਲ ਦਿੱਲੀ ਮਾਡਲ ਸਕੂਲ ਹਨ ਜੋ ਕਿ ਸੀਬੀਐਸਈ ਪੈਟਰਨ ਹਨ ਅਤੇ ਇਹਨਾਂ ਸਕੂਲਾਂ ਵਿੱਚ ਪੰਜਾਬ ਦੇ ਮਜ਼ਦੂਰਾਂ ਤੇ ਕਿਸਾਨਾਂ ਦੇ ਹਜ਼ਾਰਾਂ ਬੱਚੇ ਸਿੱਖਿਆ ਲੈ ਰਹੇ ਹਨ ਪਰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਇਹਨਾਂ ਸਕੂਲਾਂ ਵਿੱਚ ਅਧਿਆਪਕਾਂ ਦਾ ਬਹੁਤ ਸ਼ੋਸ਼ਣ ਕੀਤਾ ਜਾ ਰਿਹਾ ਹੈ। ਨਿਗੁਣੀਆਂ ਤਨਖਾਹਾਂ 'ਤੇ ਕੰਮ, ਕੋਈ ਨੌਕਰੀ ਸੁਰੱਖਿਆ ਨਹੀਂ, ਕੋਈ ਮੈਡੀਕਲ ਨਹੀਂ, ਕੋਈ ਡੀ. ਏ. ਟੀ ਏ ਨਹੀਂ। ਉਨ੍ਹਾਂ ਅੱਗੇ ਕਿਹਾ ਕਿ ਮਨੀਸ਼ ਸਿਸੋਦੀਆ ਵੱਲੋਂ ਜਥੇਬੰਦੀ ਨੂੰ ਭਰੋਸਾ ਦਿਵਾਇਆ ਕੀ ਮੁੱਖ ਮੰਤਰੀ ਪੰਜਾਬ ਨਾਲ ਗੱਲਬਾਤ ਕਰਕੇ ਜਲਦੀ ਆਦਰਸ਼ ਸਕੂਲਾਂ ਦੇ ਮਸਲੇ ਹੱਲ ਕੀਤੇ ਜਾਣਗੇ। ਇਸ ਮੌਕੇ ਜਥੇਬੰਦੀ ਦੇ ਸੂਬਾ ਕਮੇਟੀ ਮੈਂਬਰ ਗੁਰਚਰਨ ਸਿੰਘ ਕੰਗ ਅਤੇ ਹੋਰ ਆਗੂ ਵੀ ਹਾਜ਼ਰ ਸਨ।



# ਹਰਜਿੰਦਰ ਸਿੰਘ ਸੀਚੇਵਾਲ ਹਲਕਾ ਸ਼ਾਹਕੋਟ ਤੋਂ ਇੰਚਾਰਜ ਨਿਯੁਕਤ

ਭੋਗਪੁਰ, 27 ਜੂਨ (ਅਮਰਜੀਤ ਸਿੰਘ ਸੈਣੀ): ਆਮ ਆਦਮੀ ਪਾਰਟੀ ਹਾਈ ਕਮਾਂਡ ਵੱਲੋਂ ਸਰਦਾਰ ਹਰਜਿੰਦਰ ਸਿੰਘ ਸੀਚੇਵਾਲ ਨੂੰ ਹਲਕਾ ਸ਼ਾਹਕੋਟ ਤੋਂ ਸੰਗਠਨ ਇੰਚਾਰਜ ਨਿਯੁਕਤ ਕੀਤਾ ਗਿਆ ਹੈ, ਹਰਜਿੰਦਰ ਸਿੰਘ ਸੀਚੇਵਾਲ ਪਹਿਲੇ ਵੀ ਚੇਅਰਮੈਨ ਦੀ ਸੇਵਾ ਨਿਭਾ ਰਹੇ ਹਨ। ਜਾਣਕਾਰੀ ਦਿੰਦੇ ਹੋਏ ਕੁਲਵਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਹਰਜਿੰਦਰ ਸਿੰਘ ਸੀਚੇਵਾਲ ਨੂੰ ਵਧਾਈ ਦੇਣ ਲਈ ਵੱਖ-ਵੱਖ ਆਗੂ ਉਹਨਾਂ ਦੇ ਕੋਲ ਪਹੁੰਚੇ ਅਤੇ ਸੀਚੇਵਾਲ ਦਾ ਮੂੰਹ ਮਿੱਠਾ ਕਰਵਾਇਆ ਗਿਆ ਅਤੇ ਸਭ ਨੇ ਵਧਾਈ ਦਿੱਤੀ। ਸੀਚੇਵਾਲ ਨੇ ਕਿਹਾ ਕਿ ਉਹਨਾਂ ਨੂੰ ਹਾਈ ਕਮਾਂਡ ਵੱਲੋਂ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ, ਉਹ ਇਮਾਨਦਾਰੀ ਅਤੇ ਮਿਹਨਤ ਨਾਲ ਨਿਭਾਉਣਗੇ। ਇਸ ਮੌਕੇ 'ਤੇ ਕੁਲਵਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਦੇ ਨਾਲ ਹਰਜਿੰਦਰ ਸਿੰਘ ਸਾਬੀ, ਮਨਮੋਹਨ ਸਿੰਘ ਸੈਕਟਰੀ, ਅੰਮ੍ਰਿਤਪਾਲ ਜਸਵੀਰ ਆਦਿ ਹਾਜ਼ਰ ਸਨ।



# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ 'ਨਸ਼ੇ ਦੀ ਵਿਆਪਕਤਾ ਤੇ ਗੈਰ-ਕਾਨੂੰਨੀ ਕਾਰੋਬਾਰ' ਵਿਰੁੱਧ ਜਾਗਰੂਕਤਾ ਕੈਂਪ




ਫਿਰੋਜ਼ਪੁਰ, 27 ਜੂਨ (ਤਿਵਾੜੀ): ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ ਨਗਰ (ਮੋਹਾਲੀ) ਵੱਲੋਂ ਜਾਰੀ ਹਦਾਇਤਾਂ ਅਨੁਸਾਰ ਅਤੇ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਸ੍ਰੀ ਸੁਮੀਤ ਮਲਹੋਤਰਾ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਵੱਲੋਂ ਅੱਜ ਅੰਤਰਰਾਸ਼ਟਰੀ ਦਿਵਸ ਨਸ਼ੇ ਦੀ ਵਿਆਪਕਤਾ ਅਤੇ ਗੈਰ ਕਾਨੂੰਨੀ ਕਾਰੋਬਾਰ ਵਿਰੁੱਧ ਮੌਕੇ ਵੱਖ-ਵੱਖ ਥਾਵਾਂ 'ਤੇ ਜਾਗਰੂਕਤਾ ਕੈਂਪ ਲਗਾਏ ਗਏ। ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਵੱਲੋਂ ਨਸ਼ਿਆਂ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਨਾਲਸਾ ਵੱਲੋਂ ਚਲਾਈ ਗਈ ਸਕੀਮ ਡੀ. ਏ. ਡਬਲਯੂ.ਐਨ ਦੇ ਤਹਿਤ ਇੱਕ ਯੂਨਿਟ ਵੀ ਬਣਾਇਆ ਗਿਆ ਹੈ, ਜਿਸ ਦੀ ਪ੍ਰਧਾਨਗੀ ਆਪ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ, ਫਿਰੋਜ਼ਪੁਰ ਸ੍ਰੀ ਸੁਮੀਤ ਮਲਹੋਤਰਾ ਵੱਲੋਂ ਕੀਤੀ ਜਾ ਰਹੀ ਹੈ ਅਤੇ ਇਸ ਦੇ ਕੁੱਲ 17 ਮੈਂਬਰ ਹਨ ਜਿਹਨਾਂ ਵਿੱਚ ਵੱਖ-ਵੱਖ ਦਫਤਰਾਂ ਦੇ ਨੁਮਾਇੰਦੇ, ਪੈਨਲ ਐਡਵੋਕੇਟ ਅਤੇ ਪੈਰਾ ਲੀਗਲ ਵਲੰਟੀਅਰ ਸ਼ਾਮਲ ਕੀਤੇ ਗਏ ਹਨ।

# ਪੇਂਡੂ ਚੌਕੀਦਾਰਾਂ ਦੀ ਤਨਖ਼ਾਹ 15 ਹਜ਼ਾਰ ਰੁਪਏ ਪ੍ਰਤੀ ਮਹੀਨਾ ਕੀਤੀ ਜਾਵੇ: ਜਾਗਦੇ ਰਹੋ

ਫਹਿਤਗੜ੍ਹ ਸਾਹਿਬ, 27 ਜੂਨ (ਹਰਪ੍ਰੀਤ ਕੌਰ ਟਿਵਾਣਾ): ਜਨ ਜਨਵਾਦੀ ਪਾਰਟੀ ਦੇ ਪੰਜਾਬ ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ ਦੀ ਅਗਵਾਈ ਹੇਠ ਇਕ ਵਫਦ, ਜਿਸ ਵਿੱਚ ਅਮਰਜੀਤ ਸਿੰਘ ਗੰਢੂਆਂ ਕਲਾ ਫਹਿਤਗੜ੍ਹ ਸਾਹਿਬ , ਮੋਹਨ ਸਿਘ ਬਡਵਾਲਾ , ਬਲਵੀਰ ਸਿੰਘ ਉਪਲੀ, ਬਲਵੰਤ ਸਿੰਘ ਜੋਲਾ ਪਟਿਆਲਾ, ਨੇ ਜ਼ਿਲ੍ਹਾ ਮਾਲ ਅਫਸਰ ਕਰੁਣ ਗੁਪਤਾ ਫਤਹਿਗੜ ਸਾਹਿਬ ਨੂੰ ਇਕ ਮੰਗ ਪੱਤਰ ਦਿੱਤਾ ਗਿਆ। ਇਹ ਮੰਗ ਪੱਤਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਮ ਦਿੱਤਾ ਗਿਆ। ਇਸ ਮੰਗ ਪੱਤਰ ਵਿੱਚ ਪੰਜਾਬ ਦੇ ਪੇਂਡੂ ਚੌਕੀਦਾਰਾਂ ਦੀਆਂ ਮੰਗਾਂ ਸਨ, ਜਿਸ ਵਿੱਚ 15 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਕੀਤੀ ਜਾਵੇ, ਪੇਂਡੂ ਚੌਕੀਦਾਰਾਂ ਨੂੰ ਜਨਮ ਅਤੇ ਮੌਤ ਰਜਿਸਟਰੇਸ਼ਨ ਦੁਬਾਰਾ ਵਾਪਸ ਦਿੱਤਾ ਜਾਵੇ ਅਤੇ 5 ਹਜ਼ਾਰ ਨਵੇਂ ਪੇਂਡੂ ਚੌਕੀਦਾਰ ਭਰਤੀ ਕੀਤੇ ਜਾਣ ਦੀ ਮੰਗ ਕੀਤੀ ਗਈ ਹੈ। ਪੇਂਡੂ ਚੌਕੀਦਾਰਾਂ ਦੀ ਭਰਤੀ ਨਾਲ ਪੰਜਾਬ ਸਰਕਾਰ ਨੂੰ ਕਾਫੀ ਮਾਲੀ ਮੱਦਦ ਹੋ ਸਕਦੀ ਹੈ। ਪਿੰਡਾਂ ਵਿੱਚ ਨਸ਼ੇ ਨੂੰ ਖਤਮ ਕੀਤਾ ਜਾ ਸਕਦਾ ਹੈ, ਪਹਿਲਾਂ ਚੌਕੀਦਾਰਾਂ ਦਾ ਰਾਬਤਾ ਸਿੱਧਾ ਪੁਲਿਸ ਨਾਲ ਹੁੰਦਾ ਸੀ, ਹੁਣ ਇਹ ਰਾਬਤਾ ਸੰਨ 2003 ਤੋਂ ਟੁੱਟ ਚੁੱਕਾ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨਸ਼ਾ ਮੁਕਤ ਪੰਜਾਬ ਕਰਨਾ ਚਾਹੁੰਦੀ ਹੈ, ਤਾਂ ਪੇਂਡੂ ਚੌਕੀਦਾਰਾਂ ਨਾਲ ਮੁੜ ਤੋਂ ਰਾਬਤਾ ਕਾਇਮ ਕਰਨਾ ਪਵੇਗਾ। ਜਿਸ ਨਾਲ ਪੰਜਾਬ ਸਰਕਾਰ ਨੂੰ ਕਾਫੀ ਵੱਡੀ ਮੱਦਦ ਹੋ ਸਕਦੀ ਹੈ। ਮੌਜੂਦਾ ਸਮੇਂ ਵਿੱਚ ਚੌਕੀਦਾਰ ਦੀ 1500 ਰੁਪਏ ਮਹੀਨਾ ਤਨਖਾਹ ਮਿਲਦੀ ਹੈ, ਜੋ ਕਿ ਅੱਜ ਦੇ ਸਮੇਂ ਵਿੱਚ ਬਹੁਤ ਥੋੜੀ ਹੈ। ਉਨ੍ਹਾਂ ਕਿਹਾ ਕਿ ਅੱਜ ਕੱਲ ਮਹਿੰਗਾਈ ਦਾ ਜ਼ਮਾਨਾ ਹੈ, ਜਿਸ ਕਰਕੇ ਪੇਂਡੂ ਚੌਕੀਦਾਰਾਂ ਦੇ ਘਰ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਚੱਲਦਾ ਹੈ, ਜਿਸ ਕਰਕੇ ਉਹ ਆਪਣੇ ਪਰਿਵਾਰ ਨੂੰ ਨਹੀਂ ਪਾਲ ਸਕਦਾ ਹੈ। ਇਸ ਮੌਕੇ ਬਲਜੀਤ ਸਿੰਘ ਨੌਗਾਵਾਂ, ਨਛੱਤਰ ਸਿੰਘ ਕਲੋਦਿ, ਸੈਰ ਸਿੰਘ ਧੁੰਦਾ, ਬੂਟਾ ਸਿੰਘ ਲੁਹਾਰੀ ਕਲਾ, ਮੋਹਨ ਸਿਘ ਬਡਵਾਲਾ, ਪਰਮਜੀਤ ਸਿੰਘ ਗਡਹੇੜਾ, ਨੈਬ ਸਿੰਘ ਖਾਲਸਪੁਰ, ਜਸਪਾਲ ਸਿੰਘ ਬਡਵਾਲਾ, ਬਲਵੰਤ ਸਿੰਘ ਜੋਲਾ, ਬਲਵੀਰ ਸਿੰਘ ਉਪਲੀ, ਕਰਮ ਸਿੰਘ ਜਨਵਾਦੀ ਜਗਤਪੁਰਾ ਆਦਿ ਹਾਜ਼ਰ ਸਨ।



# 1158 ਸਹਾਇਕ ਪ੍ਰੋਫੈਸਰਾਂ ਦੀ ਭਰਤੀ 'ਚ ਬੇਨਿਯਮੀਆਂ ਦੇ ਦੋਸ਼ਾਂ ਨੂੰ ਲੈ ਕੇ ਮੰਤਰੀ ਨੂੰ ਦਿੱਤਾ ਮੰਗ ਪੱਤਰ

ਮੰਡੀ ਗੋਬਿੰਦਗੜ੍ਹ, 27 ਜੂਨ (ਸੂਦ): 1158 ਸਹਾਇਕ ਪ੍ਰੋਫੈਸਰਾਂ ਦੀ ਭਰਤੀ ਵਿੱਚ ਉਚੇਰੀ ਸਿੱਖਿਆ ਵਿਭਾਗ ਦੁਆਰਾ 2006 ਰਿਜਰਵੇਸ਼ਨ ਐਕਟ ਦੀ ਕਥਿਤ ਉਲੰਘਣਾ ਦੇ ਦੋਸ਼ਾਂ ਨੂੰ ਲੈ ਕੇ ਆਲ ਇੰਡੀਆ ਮਜ਼ਬੀ ਸਿੱਖ ਵੈਲਫੇਅਰ ਐਸੋਸੀਏਸ਼ਨ ਦੇ ਮਾਲਵਾ ਜ਼ੋਨ ਦੇ ਕੋਆਰਡੀਨੇਟਰ ਲਖਬੀਰ ਸਿੰਘ ਰੁਪਾਲਹੇੜੀ, ਗੁਰਸੇਵਕ ਸਿੰਘ, ਜੀਵਨ ਸਿੰਘ ਸਰਪੰਚ ਅਤੇ ਹਰਨੇਕ ਸਿੰਘ ਨਡਿਆਲੀ 'ਤੇ ਅਧਾਰਤ ਇਕ ਵਫਦ ਨੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੂੰ ਮੰਗ ਪੱਤਰ ਦਿੱਤਾ। ਉਨ੍ਹਾਂ ਦੱਸਿਆ ਕਿ ਡਾਇਰੈਕਟਰ ਉਚੇਰੀ ਸਿੱਖਿਆ ਵਿਭਾਗ ਵੱਲੋਂ 19.10.2021 ਨੂੰ ਸਹਾਇਕ ਪ੍ਰੋਫੈਸਰਾਂ ਦੀਆਂ 1158 ਅਸਾਮੀਆਂ ਦਾ ਇਸ਼ਤਿਹਾਰ ਜਾਰੀ ਕੀਤਾ ਸੀ, ਜਿਸ ਦੇ ਐਸਸੀ ਕੋਰੀਜੈਂਡਮ ਵਿਚ ਰਿਜਰਵੇਸ਼ਨ ਐਕਟ 2006 ਦੀ ਕਥਿਤ ਉਲੰਘਣਾ ਕੀਤੀ ਗਈ ਅਤੇ ਐਸਸੀ ਮਜ਼ਬੀ ਸਿੱਖ ਵਾਲਮੀਕ ਅਤੇ ਰਵਿਦਾਸੀਆ ਭਾਈਚਾਰੇ ਦੀਆਂ ਅਸਾਮੀਆਂ ਵਿੱਚ ਬਰਾਬਰ ਵੰਡ ਨਹੀਂ ਕੀਤੀ ਗਈ। ਵਫਦ ਨੇ ਦੋਸ਼ ਲਾਇਆ ਕਿ ਮਜ਼ਬੀ ਸਿੱਖ ਵਾਲਮੀਕ ਭਾਈਚਾਰੇ ਵਿੱਚ ਅਸਾਮੀਆਂ ਵਿੱਚ ਔਡ ਸ਼ਬਦ ਲਿਖਿਆ ਗਿਆ ਹੈ ਜੋ ਕਿ ਗੈਰ-ਸੰਵਿਧਾਨਿਕ ਹੈ, ਜਿਸ ਦਾ 1975 ਤੋਂ ਹੁਣ ਤੱਕ ਕੋਈ ਵੀ ਸਰਕਾਰ ਦੁਆਰਾ ਭਰਤੀਆਂ ਵਿੱਚ ਇਸ ਨੂੰ ਵਰਤਣ ਲਈ ਕੋਈ ਨੋਟੀਫਿਕੇਸ਼ਨ ਨਹੀਂ ਕੀਤਾ ਗਿਆ। ਇਹ ਸ਼ਬਦ ਲਿਖਣ ਨਾਲ ਮਜ਼ਬੀ ਸਿੱਖ ਅਤੇ ਵਾਲਮੀਕ ਭਾਈਚਾਰੇ ਦੀਆਂ 45 ਤੋਂ 50 ਅਸਾਮੀਆਂ ਮਾਰੀਆਂ ਗਈਆਂ, ਜਿਸ ਨਾਲ ਮਜ਼ਬੀ ਸਿੱਖ ਅਤੇ ਵਾਲਮੀਕ ਭਾਈਚਾਰੇ ਵਿੱਚ ਰੋਸ ਹੈ। ਉਨ੍ਹਾਂ ਬੇਨਤੀ ਕੀਤੀ ਕਿ ਅਸਾਮੀਆਂ ਵਿੱਚ ਰਿਜਰਵੇਸ਼ਨ ਐਕਟ 2006 ਨੂੰ ਇਨ ਬਿੰਨ ਲਾਗੂ ਕੀਤਾ ਜਾਵੇ। ਮਜ਼ਬੀ ਸਿੱਖ, ਵਾਲਮੀਕ ਭਾਈਚਾਰੇ ਅਤੇ ਰਵੀਦਾਸੀਆ ਭਾਈਚਾਰੇ ਦੀ ਬਰਾਬਰ ਵੰਡ ਕੀਤੀ ਜਾਵੇ। ਉਨ੍ਹਾਂ ਐਸਸੀ ਕੋਰੀਜੰਡਮ ਵਿਚੋਂ 'ਔਡ' ਸ਼ਬਦ ਨੂੰ ਹਟਾਉਣ ਦੀ ਵੀ ਮੰਗ ਕੀਤੀ।



# ਐਡਵੋਕੇਟ ਗੁਰਮੀਤ ਬਾਜਵਾ ਬਣੇ 'ਆਪ' ਦੇ ਹਲਕਾ ਫਤਹਿਗੜ੍ਹ ਸਾਹਿਬ ਦੇ ਸੰਗਠਨ ਇੰਚਾਰਜ



ਮੰਡੀ ਗੋਬਿੰਦਗੜ੍ਹ, 27 ਜੂਨ (ਸੂਦ): ਆਮ ਆਦਮੀ ਪਾਰਟੀ ਵੱਲੋਂ ਨਿਯੁਕਤੀਆਂ ਦਾ ਦੌਰ ਜਾਰੀ ਹੈ, ਇਸੇ ਲੜੀ ਤਹਿਤ ਸੂਬੇ ਦੇ 117 ਹਲਕਿਆਂ ਦੇ ਵਿੱਚ ਸੰਗਠਨ ਇੰਚਾਰਜ ਨਿਯੁਕਤ ਕੀਤੇ ਹਨ ਅਤੇ ਐਡਵੋਕੇਟ ਗੁਰਮੀਤ ਸਿੰਘ ਬਾਜਵਾ ਨੂੰ ਹਲਕਾ ਫਤਹਿਗੜ੍ਹ ਸਾਹਿਬ ਦਾ ਸੰਗਠਨ ਇੰਚਾਰਜ ਬਣਾਇਆ ਹੈ। ਵਿਧਾਇਕ ਲਖਬੀਰ ਸਿੰਘ ਰਾਏ ਨੇ ਸ੍ਰੀ ਬਾਜਵਾ ਦਾ ਸਿਰੋਪਾਓ ਨਾਲ ਸਨਮਾਨ ਕਰਦੇ ਹੋਏ ਹੋਰ ਦ੍ਰਿੜਤਾ ਨਾਲ ਕੰਮ ਕਰਨ ਦੀ ਗੱਲ ਆਖੀ। ਸ੍ਰੀ ਰਾਏ ਨੇ ਕਿਹਾ ਕਿ ਆਮ ਆਦਮੀ ਪਾਰਟੀ ਹਰ ਮਿਹਨਤੀ ਵਰਕਰ ਦੀ ਕਦਰ ਕਰਦੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਅੰਦਰੂਨੀ ਸਰਵੇ ਕਰਕੇ ਮਿਹਨਤੀ ਵਰਕਰਾਂ ਨੂੰ ਅਹੁਦਿਆਂ ਦੇ ਨਾਲ ਨਿਵਾਜਿਆ ਜਾਂਦਾ ਹੈ ਅਤੇ ਆਪ ਸਰਕਾਰ ਬਗੈਰ ਪੱਖਪਾਤ ਤੋਂ ਸੂਬੇ ਦੀ ਚੜ੍ਹਦੀਕਲਾ ਲਈ ਕੰਮ ਕਰ ਰਹੀ ਹੈ ਤਾਂ ਜੋ ਪੰਜਾਬ ਨੂੰ ਰੰਗਲਾ ਸੂਬਾ ਬਣਾਇਆ ਜਾ ਸਕੇ। ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਚਲਾ ਕੇ ਜਿੱਥੇ ਨਸ਼ਾ ਤਸਕਰਾਂ ਨੂੰ ਜੇਲ੍ਹਾਂ ਦੇ ਵਿੱਚ ਭੇਜਿਆ ਜਾ ਰਿਹੈ, ਉੱਥੇ ਨਸ਼ਿਆਂ ਦੇ ਨਾਲ ਬਣਾਈ ਜਾਇਦਾਦ ਨੂੰ ਵੀ ਬੁਲਡੋਜ਼ਰ ਚਲਾ ਕੇ ਢਾਹਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਮੁਹਿੰਮ ਹੁਣ ਲੋਕ ਲਹਿਰ ਬਣ ਚੁੱਕੀ ਹੈ ਜੋ ਨਸ਼ੇ ਦੇ ਖਾਤਮੇ ਨਾਲ ਹੀ ਥੰਮੇਗੀ। ਐਡਵੋਕੇਟ ਬਾਜਵਾ ਨੇ ਭਰੋਸਾ ਦਿੱਤਾ ਕਿ ਉਹ ਇਸ ਜ਼ਿੰਮੇਵਾਰੀ ਨੂੰ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ ਅਤੇ ਪਾਰਟੀ ਸੰਗਠਨ ਨੂੰ ਹੋਰ ਵਧੇਰੇ ਮਜ਼ਬੂਤ ਕਰਨ ਲਈ ਕੰਮ ਕਰਨਗੇ। ਇਸ ਮੌਕੇ ਆਪ ਦੇ ਬਲਾਕ ਪ੍ਰਧਾਨ ਰਮੇਸ਼ ਸੋਨੂੰ, ਨੰਬਰਦਾਰ ਬੰਟੀ ਸੈਣੀ, ਬਲਾਕ ਪ੍ਰਧਾਨ ਮਨਦੀਪ ਸਿੰਘ ਪੋਲਾ, ਐਡਵੋਕੇਟ ਰਾਜੇਸ਼ ਉਪਲ ਪ੍ਰਧਾਨ ਆੜਤੀ ਐਸੋਸੀਏਸ਼ਨ ਮੂਲੇਪੁਰ, ਪਵੇਲ ਹਾਂਡਾ, ਤਰਸੇਮ ਲਾਲ ਉਪਲ ਪ੍ਰਧਾਨ ਆੜਤੀ ਐਸੋਸੀਏਸ਼ਨ ਸਰਹਿੰਦ, ਸਰਪੰਚ ਸਿਕੰਦਰ ਸਿੰਘ ਬਹਿਲੋਲਪੁਰ, ਲਵਲੀ ਬਹਿਲੋਲਪੁਰ ਅਤੇ ਐਡਵੋਕੇਟ ਗੁਰਪ੍ਰੀਤ ਸਿੰਘ ਕੈੜੇ ਆਦਿ ਹਾਜ਼ਰ ਸਨ।

# ਕਾਂਗਰਸ ਸਰਕਾਰ ਸਮੇਂ ਐਮਰਜੈਂਸੀ 'ਚ ਕੈਦ ਕੱਟਣ ਵਾਲਿਆਂ ਦਾ ਸਮਾਜ ਸੇਵੀ ਡਾ. ਸ਼ੁਕਲਾ ਨੇ ਕੀਤਾ ਸਨਮਾਨ




ਅਮਲੋਹ, 27 ਜੂਨ (ਜਸਵੰਤ ਸਿੰਘ)-ਕਾਂਗਰਸ ਦੀ ਇੰਦਰਾ ਗਾਂਧੀ ਸਰਕਾਰ ਸਮੇਂ ਲਗਾਈ ਐਮਰਜੈਂਸੀ ਦੌਰਾਨ ਜੇਲ੍ਹ ਕੱਟਣ ਵਾਲੇ ਸੰਤ ਸਿੰਘ ਟਿੱਬੀ ਅਤੇ ਹੋਰ ਇਲਾਕੇ ਦੀਆਂ ਸ਼ਖਸੀਅਤਾਂ ਜਿਹੜੀਆਂ ਪਿਛਲੇ ਅਰਸੇ ਦੌਰਾਨ ਸਵਰਗ ਸੁਧਾਰ ਗਈਆਂ, ਉਨ੍ਹਾਂ ਦੇ ਪ੍ਰੀਵਾਰਕ ਮੈਂਬਰ ਗੁਰਨਾਮ ਸਿੰਘ, ਬਲਦੇਵ ਸਿੰਘ, ਬਲਜਿੰਦਰ ਸਿੰਘ ਮਾਲੋਵਾਲ, ਗੁਰਪ੍ਰੀਤ ਸਿੰਘ, ਬਲਦੇਵ ਸਿੰਘ ਅਰੋੜਾ ਬਰੀਹਮਾਂ, ਬਲਵਿੰਦਰ ਸਿੰਘ ਰੁੜਕੀ ਅਤੇ ਨਿਰੰਜਨ ਸਿੰਘ ਦਾ ਉਘੇ ਸਮਾਜ ਸੇਵੀ ਡਾ. ਰਘਬੀਰ ਸ਼ੁਕਲਾ ਵਲੋਂ ਸ਼ੁਕਲਾ ਹਸਪਤਾਲ ਅਮਲੋਹ ਵਿਖੇ ਸਨਮਾਨ ਕੀਤਾ ਗਿਆ। ਇਨ੍ਹਾਂ ਵਿਅਕਤੀਆਂ ਨੇ ਡਾ. ਸ਼ੁਕਲਾ ਦੀ ਅਗਵਾਈ ਹੇਠ ਐਮਰਜੈਂਸੀ ਖਿਲਾਫ਼ ਜੇਲ੍ਹ ਕੱਟੀ ਸੀ, ਜਦੋਂ ਕਿ ਡਾ. ਰਘਬੀਰ ਸ਼ੁਕਲਾ ਨੇ ਰੋਸ ਵਜੋਂ ਆਯੂਰਵੈਦ ਦੀ ਉਚੇਰੀ ਪੜ੍ਹਾਈ ਛੱਡ ਕੇ ਸੰਘਰਸ਼ਸ਼ੀਲਾਂ ਅਤੇ ਲੋੜਵੰਦਾਂ ਦੀ ਮਦਦ ਲਈ ਇਥੇ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਹਸਪਤਾਲ ਖੋਲ੍ਹਿਆ ਅਤੇ ਉਸ ਸਮੇਂ ਇਨ੍ਹਾਂ ਨੂੰ ਵਧੀਆ ਸੇਵਾਵਾਂ ਬਦਲੇ ਕੁਰੂਕਸ਼ੇਤਰਾ ਯੂਨੀਵਰਸਿਟੀ ਵਿਦਿਆਰਥੀ ਯੂਨੀਅਨ ਨੂੰ ਉਸ ਸਮੇਂ ਦੇ ਵਾਈਸ ਚਾਂਸਲਰ ਵਲੋਂ ਸਰਟੀਫਿਕੇਟ ਆਫ਼ ਮੈਰਿਟ ਦੇ ਕੇ ਸਨਮਾਨਿਤ ਵੀ ਕੀਤਾ ਗਿਆ ਸੀ। ਡਾ. ਸ਼ੁਕਲਾ ਨੇ ਇਨ੍ਹਾਂ ਵਿਅਕਤੀਆਂ ਦਾ ਸਿਰੋਪਾਓ ਦੇ ਕੇ ਸਨਮਾਨ ਕਰਦੇ ਹੋਏ ਇਨ੍ਹਾਂ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ। ਇਸ ਤੋਂ ਪਹਿਲਾ ਡਾ. ਸ਼ੁਕਲਾ ਇਸ ਕਾਫ਼ਲੇ ਸਮੇਤ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਦੀਦਾਰ ਸਿੰਘ ਭੱਟੀ ਵਲੋਂ ਰਾਣਾ ਹੈਰੀਟੇਜ਼ ਸਰਹਿੰਦ ਵਿਖੇ ਰਖੇ ਐਮਰਜੈਂਸੀ ਖਿਲਾਫ਼ ਜ਼ਿਲ੍ਹਾ ਪੱਧਰੀ ਸਮਾਗਮ ਵਿਚ ਵੀ ਸ਼ਾਮਲ ਹੋਏ।

# ਕਿਸਾਨ-ਮਜ਼ਦੂਰ ਜਥੇਬੰਦੀ ਦੀ ਮੀਟਿੰਗ, 14 ਜੁਲਾਈ ਨੂੰ ਫਿਰੋਜ਼ਪੁਰ ਬਿਜਲੀ ਬੋਰਡ ਦਫ਼ਤਰ ਅੱਗੇ ਦਿੱਤਾ ਜਾਵੇਗਾ ਧਰਨਾ

ਜ਼ੀਰਾ, 27 ਜੂਨ (ਦੀਪਕ ਭਾਰਗੋ): ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਫਿਰੋਜ਼ਪੁਰ ਦੇ ਸਾਰੇ ਜ਼ੋਨ ਦੇ ਆਗੂਆਂ ਦੀ ਮੀਟਿੰਗ ਗੁਰਦੁਆਰਾ ਆਰਿਫ਼ ਕੇ ਵਿਖੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ ਦੀ ਪ੍ਰਧਾਨਗੀ ਹੇਠ ਹੋਈ, ਮੀਟਿੰਗ ਵਿੱਚ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਤੇ ਜ਼ਿਲ੍ਹਾ ਸਕੱਤਰ ਗੁਰਮੇਲ ਸਿੰਘ ਫੱਤੇਵਾਲਾ ਵੀ ਹਾਜ਼ਰ ਸਨ। ਮੀਟਿੰਗ ਬਾਰੇ ਲਿਖਤੀ ਪ੍ਰੈਸ ਨੋਟ ਰਾਹੀਂ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੈਸ ਸਕੱਤਰ ਬਲਜਿੰਦਰ ਸਿੰਘ ਤਲਵੰਡੀ ਨਿਪਾਲਾਂ ਨੇ ਦੱਸਿਆ ਕਿ ਆਗੂਆਂ ਨੇ ਬਿਜਲੀ ਦੇ ਨਿਗਮੀਕਰਨ ਦੇ ਤਹਿਤ ਪਿੰਡਾਂ ਸ਼ਹਿਰਾਂ ਵਿੱਚ ਲਗਾਏ ਜਾ ਰਹੇ ਸਮਾਰਟ ਚਿਪ ਵਾਲੇ ਮੀਟਰਾਂ ਨੂੰ ਰੋਕਣ ਤੇ ਬਿਜਲੀ ਅਦਾਰਿਆਂ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੇ ਨਾਲ ਪੰਜਾਬ ਦੇ ਪਿੰਡਾਂ ਦੀ ਹਜ਼ਾਰਾਂ ਏਕੜ ਜ਼ਮੀਨ ਵੀ ਇਹਨਾਂ ਕਾਰਪੋਰੇਟ ਘਰਾਣਿਆਂ ਦੇ ਕਬਜ਼ੇ ਵਿੱਚ ਚੱਲੀ ਜਾਵੇਗੀ ਤੇ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਜਾਵੇਗੀ, ਜਿਸ ਦੇ ਵਿਰੋਧ ਵਿੱਚ 14 ਜੁਲਾਈ ਨੂੰ ਫਿਰੋਜ਼ਪੁਰ ਬਿਜਲੀ ਬੋਰਡ ਦੇ ਦਫ਼ਤਰ ਅੱਗੇ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ। ਕਿਸਾਨ ਆਗੂਆਂ ਨੇ ਅੱਗੇ ਦੱਸਿਆ ਕਿ ਹਰੇਕ ਸਰਕਾਰ ਦੇ ਪ੍ਰਤੀਨਿਧੀਆਂ ਵੱਲੋਂ ਸਰਕਾਰਾਂ ਬਣਾਉਣ ਵੇਲੇ ਅਬਾਦਕਾਰ ਕਿਸਾਨਾਂ ਨੂੰ ਪੱਕੇ ਮਾਲਕੀ ਹੱਕ ਦੇਣ ਦੀ ਗੱਲ ਆਪਣੇ ਚੋਣ ਮੈਨੀਫੈਸਟੋ ਵਿੱਚ ਕੀਤੀ ਜਾਂਦੀ ਹੈ, ਪਰ ਸੱਤਾ ਦੇ ਨਸ਼ੇ ਵਿੱਚ ਸਭ ਭੁੱਲ ਜਾਂਦੇ ਹਨ। ਇਸ ਮੌਕੇ ਧਰਮ ਸਿੰਘ ਸਿੱਧੂ, ਨਰਿੰਦਰਪਾਲ ਸਿੰਘ ਜਤਾਲਾ, ਅਮਨਦੀਪ ਸਿੰਘ ਕੱਚਰਭੰਨ, ਹਰਫੂਲ ਸਿੰਘ ਦੂਲੇਵਾਲਾ, ਸੁਰਜੀਤ ਸਿੰਘ ਫੌਜੀ, ਵੀਰ ਸਿੰਘ ਨਿਜ਼ਾਮਦੀਨ ਵਾਲਾ, ਮੰਗਲ ਸਿੰਘ ਸਵਾਈਕੇ, ਗੁਰਬਖ਼ਸ਼ ਸਿੰਘ ਪੰਜਗਰਾਈਂ, ਬੂਟਾ ਸਿੰਘ ਕਰੀਕਲਾਂ, ਮੱਖਣ ਸਿੰਘ ਵਾੜਾ, ਲਖਵਿੰਦਰ ਸਿੰਘ ਵਸਤੀ ਨਾਮਦੇਵ, ਅਵਤਾਰ ਸਿੰਘ ਫਿਰੋਜ਼ਪੁਰ, ਮੇਜਰ ਸਿੰਘ ਗਜਨੀਵਾਲਾ, ਗੁਰਦਿਆਲ ਸਿੰਘ ਟਿੱਬੀ, ਗੁਰਭੇਜ ਸਿੰਘ ਕਿੱਲੀ, ਮਹਿਤਾਬ ਸਿੰਘ ਕੱਚਰਭੰਨ,ਕੇਵਲ ਸਿੰਘ ਵਾਹਕਾ, ਸੁਖਦੇਵ ਸਿੰਘ ਮੱਲਾਂਵਾਲਾ, ਬਚਿੱਤਰ ਸਿੰਘ ਦੂਲੇ ਵਾਲਾ, ਜੋਗਾ ਸਿੰਘ ਬੇਰਕਾਂ, ਕੇਵਲ ਸਿੰਘ ਬੁਈਆ ਵਾਲਾ ਆਦਿ ਹਾਜ਼ਰ ਸਨ।



# ਸਿਰਫ਼ ਇੱਕ ਤਿਹਾਈ ਯਾਤਰੀਆਂ ਨੇ ਹੀ ਯਾਤਰਾ ਯੋਜਨਾ ਦੀ ਪੁਸ਼ਟੀ ਕੀਤੀ: ਐਲਜੀ

ਸ੍ਰੀਨਗਰ, 27 ਜੂਨ (ਚ.ਨ.ਸ): ਜੰਮੂ-ਕਸ਼ਮੀਰ ਦੇ ਉਪ-ਰਾਜਪਾਲ (ਐਲਜੀ) ਮਨੋਜ ਸਿਨਹਾ ਨੇ ਵੀਰਵਾਰ ਨੂੰ ਕਿਹਾ ਕਿ ਪਹਿਲਗਾਮ ਹਮਲੇ ਤੋਂ ਬਾਅਦ ਅਮਰਨਾਥ ਯਾਤਰਾ ਲਈ ਸ਼ਰਧਾਲੂਆਂ ਦੀ ਰਜਿਸਟ੍ਰੇਸ਼ਨ ਵਿੱਚ 10.19% ਦੀ ਗਿਰਾਵਟ ਆਈ ਹੈ ਤੇ ਹੁਣ ਤੱਕ ਸਿਰਫ਼ ਇੱਕ ਤਿਹਾਈ ਸ਼ਰਧਾਲੂਆਂ ਨੇ ਹੀ ਆਪਣੀ ਯਾਤਰਾ ਦੀ ਯੋਜਨਾ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਤੀਰਥ ਯਾਤਰਾ ਲਈ ਵਾਧੂ ਸੁਰੱਖਿਆ ਕਰਮਚਾਰੀਆਂ ਦੇ ਨਾਲ ਜ਼ਮੀਨ 'ਤੇ ਇੱਕ ਵਿਆਪਕ ਤੇ ਮਜ਼ਬੂਤ ਸੁਰੱਖਿਆ ਯੋਜਨਾ ਮੌਜੂਦ ਹੈ। ਸ੍ਰੀਨਗਰ ਵਿੱਚ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ 22 ਅਪ੍ਰੈਲ ਤੱਕ 2.36 ਲੱਖ ਰਜਿਸਟ੍ਰੇਸ਼ਨਾਂ ਹੋਈਆਂ ਸਨ ਇਨ੍ਹਾਂ ਵਿੱਚੋਂ 85,000 ਨੇ ਆਪਣੀ ਰਜਿਸਟ੍ਰੇਸ਼ਨ ਦੀ ਪੁਸ਼ਟੀ ਕਰ ਦਿੱਤੀ ਹੈ। ਇਹ ਗਿਣਤੀ ਵੱਧ ਰਹੀ ਹੈ। ਸਾਨੂੰ ਉਮੀਦ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਰਜਿਸਟ੍ਰੇਸ਼ਨਾਂ ਵਿੱਚ ਤੇਜ਼ੀ ਆਵੇਗੀ। ਪਿਛਲੇ ਸਾਲ, 2.12 ਲੱਖ ਸ਼ਰਧਾਲੂ ਆਏ ਸਨ, ਜੋ 12 ਸਾਲਾਂ ਵਿੱਚ ਸਭ ਤੋਂ ਵੱਧ ਗਿਣਤੀ ਸੀ। ਇਸ ਸਾਲ ਵੀ 22 ਅਪ੍ਰੈਲ ਤੋਂ ਪਹਿਲਾਂ ਵੱਡੀ ਗਿਣਤੀ ਵਿੱਚ ਰਜਿਸਟ੍ਰੇਸ਼ਨਾਂ ਹੋਈਆਂ, ਪਰ ਪਹਿਲਗਾਮ ਹਮਲੇ ਤੋਂ ਬਾਅਦ ਰਜਿਸਟ੍ਰੇਸ਼ਨਾਂ ਵਿੱਚ 10.19% ਦੀ ਗਿਰਾਵਟ ਆਈ। ਉਪ-ਰਾਜਪਾਲ ਨੇ ਕਿਹਾ ਕਿ ਪਹਿਲਗਾਮ ਹਮਲੇ ਦਾ ਜੰਮੂ-ਕਸ਼ਮੀਰ, ਖਾਸ ਕਰਕੇ ਕਸ਼ਮੀਰ 'ਤੇ ਅਸਰ ਪਿਆ ਹੈ। ਉਨ੍ਹਾਂ ਕਿਹਾ ਕਿ ਸੁਰੱਖਿਆ ਉਪਾਵਾਂ ਕਾਰਨ ਹੁਣ (ਲੋਕਾਂ ਵਿੱਚ) ਵਿਸ਼ਵਾਸ ਵੱਧ ਰਿਹਾ ਹੈ। ਇਸ ਯਾਤਰਾ ਦੀ ਸਫ਼ਲਤਾ ਨਾਲ ਵਿਸ਼ਵਾਸ ਨੂੰ ਹੋਰ ਹੁਲਾਰਾ ਮਿਲੇਗਾ ਤੇ ਸੈਰ-ਸਪਾਟਾ, ਵਪਾਰ ਤੇ ਆਰਥਿਕਤਾ ਵਿੱਚ ਸੁਧਾਰ ਹੋਵੇਗਾ।22 ਅਪ੍ਰੈਲ ਤੱਕ 2 ਲੱਖ ਸ਼ਰਧਾਲੂ ਰਜਿਸਟਰਡ ਹੋਏ ਸਨ। ਹੁਣ ਤੱਕ ਸਿਰਫ਼ 85,000 ਨੇ ਹੀ ਧਾਮ ਦੇ ਦਰਸ਼ਨ ਕਰਨ ਦੀ ਯੋਜਨਾ ਦੀ ਮੁੜ ਪੁਸ਼ਟੀ ਕੀਤੀ ਹੈ। ਸਿਨਹਾ ਨੇ ਕਿਹਾ ਕਿ ਪੁਲਿਸ, ਫੌਜ ਤੇ ਸੀਏਪੀਐੱਫ ਨੇ ਸਾਲਾਨਾ ਤੀਰਥ ਯਾਤਰਾ ਲਈ ਇੱਕ ਮਜ਼ਬੂਤ ਪ੍ਰਬੰਧ ਤਿਆਰ ਕੀਤਾ ਹੈ ਜੋ 3 ਜੁਲਾਈ ਨੂੰ ਸ਼ੁਰੂ ਹੋਵੇਗੀ ਤੇ 9 ਅਗਸਤ ਨੂੰ ਸਮਾਪਤ ਹੋਵੇਗੀ। ਉਨ੍ਹਾਂ ਕਿਹਾ ਕਿ ਹਵਾਈ ਨਿਗਰਾਨੀ, ਬੇਸ ਕੈਂਪਾਂ ਵਿੱਚ ਤਿੰਨ-ਪੱਧਰੀ ਸੁਰੱਖਿਆ ਤੇ ਤਾਇਨਾਤੀਆਂ ਨੂੰ ਯਕੀਨੀ ਬਣਾਇਆ ਗਿਆ ਹੈ। ਮੌਕ ਡਰਿੱਲ ਪੂਰੀਆਂ ਹੋ ਗਈਆਂ ਹਨ। ਸਿਨਹਾ ਨੇ ਕਿਹਾ ਕਿ ਸੈਰ-ਸਪਾਟਾ ਸਥਾਨਾਂ ਤੇ ਤੀਰਥ ਯਾਤਰਾ ਦੇ ਰੂਟਾਂ ਦੀ ਸੁਰੱਖਿਆ ਵੀ ਵਧਾ ਦਿੱਤੀ ਗਈ ਹੈ। ਇਸੇ ਲਈ ਅਸੀਂ ਕੁਝ ਸੈਰ-ਸਪਾਟਾ ਸਥਾਨਾਂ ਨੂੰ ਪੜਾਅਵਾਰ ਤਰੀਕੇ ਨਾਲ ਖੋਲ੍ਹਿਆ ਹੈ। ਹੋਰ ਥਾਵਾਂ ਨੂੰ ਵੀ ਪੜਾਅਵਾਰ ਖੋਲ੍ਹਿਆ ਜਾਵੇਗਾ। ਸਿਨਹਾ ਨੇ ਇਹ ਵੀ ਕਿਹਾ ਕਿ ਸ਼ਰਧਾਲੂ ਜੰਮੂ ਤੋਂ ਹੀ ਕਾਫਲਿਆਂ ਵਿੱਚ ਯਾਤਰਾ ਕਰਨਗੇ ਜਦੋਂ ਕਿ ਯਾਤਰਾ ਨਾਲ ਜੁੜੇ ਲੋਕਾਂ ਦੀ ਤਸਦੀਕ ਵੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿਕਾਫਲੇ ਦਾ ਦਸਤਾ ਲਖਨਪੁਰ ਤੋਂ ਹੀ ਸ਼ੁਰੂ ਹੋਵੇਗਾ। ਯਾਤਰਾ ਭਗਵਤੀ ਨਗਰ, ਜੰਮੂ ਤੋਂ ਸ਼ੁਰੂ ਹੋਵੇਗੀ। 22 ਅਪ੍ਰੈਲ ਦੇ ਹਮਲੇ ਵਿੱਚ ਬੈਸਰਨ, ਪਹਿਲਗਾਮ ਵਿੱਚ 25 ਸੈਲਾਨੀ ਤੇ ਇੱਕ ਸਥਾਨਕ ਵਿਅਕਤੀ ਦੀ ਮੌਤ ਹੋ ਗਈ ਸੀ, ਜਿਸ ਨੇ ਭਾਰਤ ਨੂੰ 7 ਮਈ ਨੂੰ 'ਆਪ੍ਰੇਸ਼ਨ ਸਿੰਦੂਰ' ਸ਼ੁਰੂ ਕਰਨ ਲਈ ਮਜਬੂਰ ਕੀਤਾ, ਜਿਸ ਦੇ ਨਤੀਜੇ ਵਜੋਂ ਭਾਰਤ ਨੇ ਪਾਕਿਸਤਾਨ ਦੇ ਅੱਤਵਾਦੀ ਕੈਂਪਾਂ ਨੂੰ ਨਿਸ਼ਾਨਾ ਬਣਾਇਆ ਤੇ ਬਾਅਦ ਵਿੱਚ ਦੋਵਾਂ ਦੇਸ਼ਾਂ ਦੁਆਰਾ ਡਰੋਨ ਤੇ ਮਿਜ਼ਾਈਲ ਹਮਲਿਆਂ ਦਾ ਆਦਾਨ-ਪ੍ਰਦਾਨ ਹੋਇਆ।

# ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਸਰਕਾਰ ਡੇਅਰੀ ਕਿਸਾਨਾਂ ਦੀ ਭਲਾਈ ਪ੍ਰਤੀ ਵਚਨਬੱਧ: ਵਿਧਾਇਕ ਕਲਸੀ



ਬਟਾਲਾ/ਅਲੀਵਾਲ, 27 ਜੂਨ (ਡਾ. ਨਰਿੰਦਰ ਸਿੰਘ ਘੁਮਾਣ/ਡਾ. ਸਤਨਾਮ ਸਿੰਘ ਸੰਧੂ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਦੱਸਿਆ ਕਿ ਡੇਅਰੀ ਵਿਕਾਸ ਵਿਭਾਗ ਨੇ ਡੇਅਰੀ ਫਾਰਮਿੰਗ ਖੇਤਰ ਨੂੰ ਹੁਲਾਰਾ ਦਿੰਦਿਆਂ ਡੇਅਰੀ ਕਿੱਤੇ ਨਾਲ ਜੁੜੇ ਕਿਸਾਨਾਂ ਨੂੰ ਅਹਿਮ ਵਿੱਤੀ ਸੁਰੱਖਿਆ ਪ੍ਰਦਾਨ ਕਰਨ ਤੇ ਉਨ੍ਹਾਂ ਦੀ ਰੋਜ਼ੀ-ਰੋਟੀ ਦੀ ਰਾਖੀ ਕਰਨ ਵਾਸਤੇ ਮਹਿਜ਼ ਇੱਕ ਸਾਲ ਦੌਰਾਨ ਸੂਬੇ ਭਰ ਵਿੱਚ 30,598 ਦੁਧਾਰੂ ਪਸ਼ੂਆਂ ਦਾ ਬੀਮਾ ਕਰਵਾ ਕੇ ਮੀਲ ਪੱਥਰ ਸਥਾਪਤ ਕੀਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਡੇਅਰੀ ਕਿਸਾਨਾਂ ਦੀ ਭਲਾਈ ਪ੍ਰਤੀ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਵਿਭਾਗ ਦੇ ਅਧਿਕਾਰੀਆਂ ਨੂੰ ਨੌਜਵਾਨਾਂ ਨੂੰ ਡੇਅਰੀ ਫਾਰਮਿੰਗ ਬਾਰੇ ਸਰਗਰਮੀ ਨਾਲ ਜਾਗਰੂਕ ਕਰਨ ਤੇ ਉਨ੍ਹਾਂ ਨੂੰ ਵਿਭਾਗੀ ਸਕੀਮਾਂ ਬਾਰੇ ਜਾਣੂ ਕਰਵਾਉਣ ਲਈ ਕਿਹਾ ਗਿਆ ਹੈ ਤਾਂ ਜੋ ਜ਼ਮੀਨੀ ਪੱਧਰ 'ਤੇ ਲੋਕ ਇਸ ਦਾ ਵੱਧ ਤੋਂ ਵੱਧ ਲਾਭ ਉਠਾ ਸਕਣ। ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਕੌਮੀ ਪਸ਼ੂਧਨ ਮਿਸ਼ਨ ਦੀ ਜ਼ੋਖਮ ਪ੍ਰਬੰਧਨ ਤੇ ਪਸ਼ੂਧਨ ਬੀਮਾ ਯੋਜਨਾ ਵੱਧ ਤੋਂ ਵੱਧ 70,000 ਰੁਪਏ ਪ੍ਰਤੀ ਪਸ਼ੂ ਕਲੇਮ ਸੀਮਾ ਦੇ ਨਾਲ ਜਨਰਲ ਵਰਗ ਦੇ ਕਿਸਾਨਾਂ ਲਈ 1120 ਰੁਪਏ ਤੇ ਅਨੁਸੂਚਿਤ ਜਾਤੀ/ਪੱਛੜੀ ਸ਼੍ਰੇਣੀ ਦੇ ਕਿਸਾਨਾਂ ਲਈ 672 ਰੁਪਏ ਦੀਆਂ ਸਾਲਾਨਾ ਪ੍ਰੀਮੀਅਮ ਦਰਾਂ ਦੀ ਪੇਸ਼ਕਸ਼ ਕਰਦੀ ਹੈ। ਉਨ੍ਹਾਂ ਦੱਸਿਆ ਕਿ ਪ੍ਰਭਾਵਿਤ ਡੇਅਰੀ ਕਿਸਾਨਾਂ ਨੂੰ ਮਹੱਤਵਪੂਰਨ ਵਿੱਤੀ ਸਹਾਇਤਾ ਪ੍ਰਦਾਨ ਕਰਦਿਆਂ ਹੁਣ ਤੱਕ 1056 ਕਿਸਾਨਾਂ ਨੂੰ 7.39 ਕਰੋੜ ਰੁਪਏ ਵੰਡੇ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਵਿੱਤੀ ਸਾਲ 2024-25 ਦੌਰਾਨ 2 ਤੋਂ 20 ਪਸ਼ੂਆਂ ਵਾਲੇ ਡੇਅਰੀ ਯੂਨਿਟ ਸਥਾਪਤ ਕਰਨ ਲਈ 204 ਕਿਸਾਨਾਂ ਨੂੰ 3 ਕਰੋੜ ਰੁਪਏ ਵੰਡੇ ਗਏ ਹਨ।

# ਡੇਰਾ ਬਾਬਾ ਨਾਨਕ ਤਹਿਸੀਲ 'ਚ ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ ਲਿਆ



ਡੇਰਾ ਬਾਬਾ ਨਾਨਕ/ਗੁਰਦਾਸਪੁਰ, 27 ਜੂਨ (ਹੈਪੀ ਕੋਟਲੀ): ਪੰਜਾਬ ਸਰਕਾਰ ਦੀਆਂ ਹਦਾਇਤਾਂ ਤੇ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਬਰਸਾਤੀ ਸੀਜ਼ਨ ਦੌਰਾਨ ਸੰਭਾਵੀ ਹੜ੍ਹਾਂ ਦੀ ਰੋਕਥਾਮ ਲਈ ਪੂਰੀ ਤਰ੍ਹਾਂ ਤਿਆਰ ਹੈ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਮਾਂ ਰਹਿੰਦੇ ਹੋਏ ਹੜ੍ਹ ਰੋਕੂ ਪ੍ਰਬੰਧ ਮੁਕੰਮਲ ਕੀਤੇ ਜਾ ਰਹੇ ਹਨ। ਇਨ੍ਹਾਂ ਯਤਨਾਂ ਤਹਿਤ ਹੀ ਡੇਰਾ ਬਾਬਾ ਨਾਨਕ ਤਹਿਸੀਲ ਵਿੱਚ ਰਾਵੀ ਦਰਿਆ ਦੇ ਨਾਲ ਲੱਗਦੇ ਇਲਾਕਿਆਂ ਵਿੱਚ ਕੀਤੇ ਜਾ ਰਹੇ ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ ਤਹਿਸੀਲਦਾਰ ਡੇਰਾ ਬਾਬਾ ਨਾਨਕ ਲਛਮਣ ਸਿੰਘ ਰੰਧਾਵਾ ਤੇ ਬੀ.ਐੱਸ.ਐੱਫ਼ ਦੇ ਅਧਿਕਾਰੀਆਂ ਵੱਲੋਂ ਲਿਆ ਗਿਆ। ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਤਹਿਸੀਲਦਾਰ ਲਛਮਣ ਸਿੰਘ ਨੇ ਦੱਸਿਆ ਕਿ ਮਾਨਸੂਨ ਸੀਜ਼ਨ ਦੌਰਾਨ ਕਿਸੇ ਵੀ ਸੰਭਾਵੀ ਹੜ੍ਹਾਂ ਦੇ ਟਾਕਰੇ ਲਈ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਕਿਹਾ ਕਿ ਸਿਵਲ ਪ੍ਰਸ਼ਾਸਨ ਵੱਲੋਂ ਬੀ.ਐੱਸ.ਐੱਫ. ਤੇ ਹੋਰ ਰਾਹਤ ਬਲਾਂ ਨਾਲ ਰਾਬਤਾ ਕਾਇਮ ਕੀਤਾ ਗਿਆ ਹੈ ਤੇ ਕਿਸੇ ਵੀ ਹੰਗਾਮੀ ਸਥਿਤੀ ਲਈ ਪੂਰਾ ਪਲਾਨ ਤਿਆਰ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਹੜ੍ਹਾਂ ਦੌਰਾਨ ਬਚਾਅ ਲਈ ਜੋ ਵੀ ਸਾਜ਼ੋ-ਸਮਾਨ ਲੋੜੀਂਦਾ ਹੈ, ਉਸ ਦੀ ਉਪਲਬਧਤਾ ਯਕੀਨੀ ਬਣਾ ਲਈ ਗਈ ਹੈ। ਉਨ੍ਹਾਂ ਕਿਹਾ ਕਿ ਡੇਰਾ ਬਾਬਾ ਨਾਨਕ ਤਹਿਸੀਲ ਵਿੱਚ ਬਰਸਾਤੀ ਨਾਲਿਆਂ ਦੀ ਸਫ਼ਾਈ ਵੀ ਕੀਤੀ ਜਾ ਰਹੀ ਹੈ ਤਾਂ ਜੋ ਪਾਣੀ ਦੀ ਨਿਕਾਸੀ ਵਿੱਚ ਕੋਈ ਮੁਸ਼ਕਿਲ ਨਾ ਆਵੇ। ਇਸ ਦੌਰਾਨ ਤਹਿਸੀਲਦਾਰ ਲਛਮਣ ਸਿੰਘ ਵੱਲੋਂ ਬੀ.ਐੱਸ.ਐੱਫ਼. ਦੇ ਅਧਿਕਾਰੀਆਂ ਦੇ ਨਾਲ ਰਾਵੀ ਦਰਿਆ ਦੇ ਧੁੱਸੀ ਬੰਨ੍ਹ ਤੇ ਘਣੀਏ-ਕੇ-ਬੇਟ ਇਲਾਕੇ ਦਾ ਦੌਰਾ ਕੀਤਾ ਗਿਆ।

# ਐੱਸ.ਐੱਚ.ਓ. ਸੁਰਿੰਦਰਪਾਲ ਸਿੰਘ ਨੇ ਕਲਾਨੌਰ ਥਾਣੇ ਦਾ ਚਾਰਜ ਸੰਭਾਲਿਆ



ਕਲਾਨੌਰ, 27 ਜੂਨ (ਇਕਬਾਲ ਵਾਲੀਆ/ਕਮਲਜੀਤ ਸਿੰਘ): ਕਲਾਨੌਰ ਥਾਣੇ ਦੇ ਐੱਸ.ਐੱਚ.ਓ. ਸੁਰਿੰਦਰਪਾਲ ਸਿੰਘ ਵੱਲੋਂ ਚਾਰਜ ਸੰਭਾਲਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਉਨ੍ਹਾਂ ਕਿਹਾ ਕਿ ਹਰ ਵਰਗ ਦੇ ਲੋਕ ਸਮਾਜ ਵਿੱਚ ਅਮਨ ਸ਼ਾਂਤੀ ਨੂੰ ਬਹਾਲ ਰੱਖਣ ਲਈ ਜੁਰਮ ਨੂੰ ਜੜ੍ਹੋਂ ਖ਼ਤਮ ਕਰਨ ਲਈ ਪੁਲਿਸ ਦਾ ਸਹਿਯੋਗ ਦੇਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਸ਼ੁਰੂ ਕੀਤੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਸਰਹੱਦੀ ਖੇਤਰ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਸਰਹੱਦੀ ਖੇਤਰ ਵਿੱਚ ਸ਼ੱਕੀ ਵਿਅਕਤੀ ਜਾਂ ਡਰੋਨ ਦਿਖਾਈ ਦੇਣ ਤਾਂ ਇਸ ਸਬੰਧੀ ਪੁਲਿਸ ਨੂੰ ਸੂਚਿਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੋ ਨੌਜਵਾਨ ਨਸ਼ੇ ਦੀ ਲਪੇਟ ਵਿੱਚ ਆਏ ਹਨ, ਉਨ੍ਹਾਂ ਦਾ ਨਸ਼ਾ ਛੁਡਾਊ ਕੇਂਦਰਾਂ ਵਿੱਚ ਨਸ਼ਾ ਛੁਡਵਾਇਆ ਜਾ ਰਿਹਾ ਹੈ। ਉਨ੍ਹਾਂ ਨੇ ਸ਼ਰਾਰਤੀ ਅਨਸਰਾਂ ਨੂੰ ਤੇ ਨਸ਼ਾ ਵੇਚਣ ਵਾਲੇ ਲੋਕਾਂ ਨੂੰ ਸਖਤ ਤਾੜਨਾ ਕਰਦਿਆਂ ਹੋਇਆਂ ਕਿਹਾ ਕਿ ਜੇ ਕੋਈ ਨਸ਼ਾ ਵੇਚਦਾ ਹੋਇਆ ਜਾਂ ਬੁਲਟ ਮੋਟਰਸਾਈਕਲ ਦੇ ਪਟਾਕੇ ਮਾਰਦਿਆਂ ਹੋਇਆ ਫੜਿਆ ਗਿਆ ਤਾਂ ਉਸ ਉਪਰ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ।

# ਜਥੇਦਾਰ ਦੇ ਸੇਵਾ ਨਿਯਮਾਂ ਲਈ ਐੱਸ.ਜੀ.ਪੀ.ਸੀ. ਵੱਲੋਂ ਗਠਿਤ ਕਮੇਟੀ 'ਚੋਂ ਪ੍ਰਮੁੱਖ ਸਿੱਖ ਸੰਸਥਾਵਾਂ ਬਾਹਰ: ਦਿੱਲੀ ਕਮੇਟੀ

ਅੰਮ੍ਰਿਤਸਰ, 27 ਜੂਨ (ਚ.ਨ.ਸ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੀਆਂ ਸੇਵਾ ਨਿਯਮਾਂ ਦਾ ਖਰੜਾ ਤਿਆਰ ਕਰਨ ਲਈ 34 ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ। ਇਸ ਕਮੇਟੀ ਵਿੱਚ ਵੱਖ-ਵੱਖ ਧਾਰਮਿਕ ਸੰਸਥਾਵਾਂ ਦੇ ਮੁਖੀ, ਸਿੱਖ ਵਿਦਵਾਨ ਤੇ ਬੁੱਧੀਜੀਵੀ ਸ਼ਾਮਲ ਹਨ। ਹਾਲਾਂਕਿ, ਸ੍ਰੀ ਗੁਰੂ ਸਿੰਘ ਸਭਾ, ਜੋ ਕਿ ਸਭ ਤੋਂ ਪੁਰਾਣੀਆਂ ਸਿੱਖ ਸੰਸਥਾਵਾਂ (1873 ਵਿੱਚ ਸਥਾਪਤ) ਵਿੱਚੋਂ ਇੱਕ ਹੈ, ਨੇ ਇਸ ਕਮੇਟੀ ਵਿੱਚੋਂ ਆਪਣੇ ਬਾਹਰ ਕੀਤੇ ਜਾਣ 'ਤੇ ਇਤਰਾਜ਼ ਪ੍ਰਗਟਾਇਆ ਹੈ। ਇਸ ਦੇ ਜਨਰਲ ਸਕੱਤਰ, ਹਰਮਨਜੀਤ ਸਿੰਘ ਨੇ ਸਵਾਲ ਕੀਤਾ ਕਿ ਕੀ ਇਹ ਐੱਸ.ਜੀ.ਪੀ.ਸੀ. ਵੱਲੋਂ ਮਹੱਤਵਪੂਰਨ ਸਿੱਖ ਸੰਸਥਾਵਾਂ ਨੂੰ ਆਪਣੇ ਤੇ ਸ੍ਰੀ ਅਕਾਲ ਤਖ਼ਤ ਤੋਂ ਦੂਰ ਕਰਨ ਦੀ ਜਾਣਬੁੱਝ ਕੇ ਕੋਸ਼ਿਸ਼ ਹੈ ਤੇ ਐੱਸ.ਜੀ.ਪੀ.ਸੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ। ਇਸੇ ਤਰ੍ਹਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਆਪਣੇ ਬਾਹਰ ਕੀਤੇ ਜਾਣ ਦੀ ਨਿੰਦਾ ਕੀਤੀ ਹੈ। ਡੀਐੱਸਜੀਐੱਮਸੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਐੱਸ.ਜੀ.ਪੀ.ਸੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ 'ਤੇ ਬਾਦਲ ਪਰਿਵਾਰ ਪ੍ਰਤੀ ਪੱਖਪਾਤ ਕਰਨ ਤੇ ਡੀਐੱਸਜੀਐੱਮਸੀ (ਜਿਸ ਨੂੰ ਉਹ ਐੱਸ.ਜੀ.ਪੀ.ਸੀ. ਤੋਂ ਬਾਅਦ ਦੂਜੀ ਸਭ ਤੋਂ ਵੱਡੀ ਪੰਥਕ ਸੰਸਥਾ ਮੰਨਦੇ ਹਨ) ਤੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਨੁਮਾਇੰਦਿਆਂ ਨੂੰ ਸ਼ਾਮਲ ਨਾ ਕਰਨ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਕਿ ਇਹ ਬਾਹਰ ਕੱਢਣਾ ਧਾਮੀ ਦੇ ਪੱਖਪਾਤ ਨੂੰ ਜ਼ਾਹਿਰ ਕਰਦਾ ਹੈ।

# ਪੰਜਾਬ ਸਰਕਾਰ ਵੱਲੋਂ ਵਪਾਰੀਆਂ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾ ਰਿਹਾ: ਅਨਿਲ ਠਾਕੁਰ



ਗੁਰਦਾਸਪੁਰ, 27 ਜੂਨ (ਜਸਵਿੰਦਰ ਸਿੰਘ): ਪੰਜਾਬ ਵਪਾਰ ਕਮਿਸ਼ਨ, ਆਬਕਾਰੀ ਤੇ ਕਰ ਵਿਭਾਗ ਦੇ ਚੇਅਰਮੈਨ ਅਨਿਲ ਠਾਕੁਰ ਵੱਲੋਂ ਅੱਜ ਸਥਾਨਕ ਪੰਚਾਇਤ ਭਵਨ ਵਿਖੇ ਜ਼ਿਲ੍ਹੇ ਦੇ ਵੱਖ-ਵੱਖ ਵਪਾਰਕ ਸੰਗਠਨਾਂ ਤੇ ਵਪਾਰਕ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨਾਲ ਇੱਕ ਮਹੱਤਵਪੂਰਨ ਮੀਟਿੰਗ ਕੀਤੀ ਗਈ। ਇਸ ਮੌਕੇ ਸਹਾਇਕ ਟੈਕਸ ਕਮਿਸ਼ਨਰ ਸੁਮਨ ਨੰਦਾ, ਈ.ਸੀ.ਐੱਸ.ਟੀ. ਸਵਪਨਦੀਪ ਕੌਰ, ਉਪ-ਕਮਿਸ਼ਨਰ ਰਾਜ ਕਰ, ਅੰਮ੍ਰਿਤਸਰ ਮੰਡਲ ਰਾਜਵਿੰਦਰ ਕੌਰ, ਮਾਰਕਿਟ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਭਾਰਤ ਭੂਸ਼ਨ ਸ਼ਰਮਾ, ਡਿਸਟ੍ਰਿਕ ਵਾਈਸ ਪ੍ਰਧਾਨ ਟਰੇਡ ਵਿੰਗ ਗੁਰਦਾਸਪੁਰ ਸਿਮਰਜੀਤ ਸਿੰਘ, ਸੁਗਰੀਵ ਸਿੰਘ ਜੁਆਇੰਟ ਸਕੱਤਰ, ਡੀ.ਸੀ.ਐੱਸ.ਟੀ., ਈ.ਟੀ.ਓ., ਇੰਸਪੈਕਟਰ ਤੇ ਐੱਸ.ਸੀ.ਓ. ਵੀ ਹਾਜ਼ਰ ਸਨ। ਮੀਟਿੰਗ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਅਨਿਲ ਠਾਕੁਰ ਨੇ ਕਿਹਾ ਕਿ ਵਪਾਰੀਆਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਅਨੁਸਾਰ ਉਨ੍ਹਾਂ ਨੇ ਸਾਲ 2017-18 ਦੀ ਪਹਿਲੀ ਤਿਮਾਹੀ ਦੇ ਬਕਾਇਆ ਟੈਕਸ ਬਕਾਏ ਦੇ ਮਾਮਲਿਆਂ ਦੇ ਹੱਲ ਲਈ ਓ.ਟੀ.ਐੱਸ. (ਵਨ ਟਾਈਮ ਸੈਟਲਮੈਂਟ) ਸਕੀਮ ਲਾਗੂ ਕਰਨ ਲਈ ਵਿੱਤ ਮੰਤਰੀ ਪੰਜਾਬ ਨੂੰ ਸਿਫ਼ਾਰਸ਼ ਭੇਜੀ ਹੈ ਤੇ ਇਹ ਸਕੀਮ ਜਲਦੀ ਹੀ ਲਾਗੂ ਕਰ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਰਾਜ ਦੇ ਜੀ.ਐੱਸ.ਟੀ. ਕਰ ਮਾਲੀਏ ਵਿੱਚ 62 ਫ਼ੀਸਦੀ ਵਾਧਾ ਕੀਤਾ ਗਿਆ ਹੈ, ਇਸੇ ਤਰ੍ਹਾਂ ਆਬਕਾਰੀ ਮਾਲੀਏ ਵਿਚ 63 ਫੀਸਦੀ ਵਾਧਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਰਵਾਇਤੀ ਵੈਟ ਪ੍ਰਣਾਲੀ ਤਹਿਤ ਬਕਾਇਆ ਦੇ ਇਕਮੁਸ਼ਤ ਹੱਲ ਲਈ ਲਾਗੂ ਕੀਤੀ ਓ.ਟੀ.ਐੱਸ. ਸਕੀਮ ਦਾ 70311 ਡੀਲਰਾਂ ਨੂੰ ਲਾਭ ਹੋਇਆ ਹੈ, ਜਿਸ ਤਹਿਤ ਉਨ੍ਹਾਂ ਨੂੰ 867 ਕਰੋੜ ਦਾ ਬਕਾਇਆ ਦੇਣਦਾਰੀਆਂ 'ਚ ਲਾਭ ਮਿਲਿਆ ਹੈ। ਚੇਅਰਮੈਨ ਨੇ ਕਿਹਾ ਕਿ ਪੰਜਾਬ ਦੇ ਉਦਯੋਗਿਕ ਇਕਾਈਆਂ ਦੇ ਨੁਮਾਇੰਦਿਆਂ ਦੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ ਗਿਆ, ਜਿਨ੍ਹਾਂ ਵਿੱਚੋਂ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਵਿਭਾਗੀ ਅਧਿਕਾਰੀਆਂ ਦੀ ਮਦਦ ਨਾਲ ਮੌਕੇ 'ਤੇ ਹੀ ਹੱਲ ਕਰ ਦਿੱਤਾ ਗਿਆ। ਬਾਕੀ ਰਹਿੰਦੇ ਗੁੰਝਲਦਾਰ ਮੁੱਦਿਆਂ ਨੂੰ ਜੀ.ਐੱਸ.ਟੀ. ਕੌਂਸਲ ਰਾਹੀਂ ਹੱਲ ਕਰਨ ਦਾ ਭਰੋਸਾ ਵੀ ਦਿੱਤਾ ਗਿਆ। ਸ੍ਰੀ ਠਾਕੁਰ ਨੇ ਸਾਰੇ ਵਪਾਰੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ-ਆਪਣੇ ਖੇਤਰਾਂ ਵਿਚ ਟੈਕਸ ਅਦਾ ਕਰਨ ਵਿੱਚ ਸਹਿਯੋਗ ਕਰਨ ਤਾਂ ਜੋ ਸੂਬੇ ਦੇ ਮਾਲੀਏ ਵਿੱਚ ਵਾਧਾ ਕੀਤਾ ਜਾ ਸਕੇ। ਉਨ੍ਹਾਂ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਵਪਾਰੀਆਂ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਵਚਨਬੱਧ ਹੈ।

# ਮਜੀਠੀਆ ਦੀ ਗ੍ਰਿਫ਼ਤਾਰੀ ਨਿੰਦਣਯੋਗ: ਰਾਜਨਬੀਰ ਘੁਮਾਣ



ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 27 ਜੂਨ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਸ਼੍ਰੋਮਣੀ ਅਕਾਲੀ ਦਲ ਦੇ ਨਿਧੜਕ ਜਰਨੈਲ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਬਿਕਰਮ ਸਿੰਘ ਮਜੀਠੀਆ ਦੀ ਵਿਜੀਲੈਂਸ ਬਿਊਰੋ ਵੱਲੋਂ ਕੀਤੀ ਗਈ ਗ੍ਰਿਫ਼ਤਾਰੀ ਦੀ ਪੁਰਜ਼ੋਰ ਨਿੰਦਿਆਂ ਕਰਦਿਆਂ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਤੋਂ ਇੰਚਾਰਜ ਰਾਜਨਬੀਰ ਸਿੰਘ ਘੁਮਾਣ ਨੇ ਕਿਹਾ ਕਿ ਸਰਕਾਰ ਨੇ ਐਮਰਜੈਂਸੀ ਦੀ ਯਾਦ ਨੂੰ ਤਾਜ਼ਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਤੰਤਰਿਕ ਅਧਿਕਾਰਾਂ ਦੀ ਉਲੰਘਣਾ ਕਰਦਿਆਂ ਵਿਰੋਧੀ ਧਿਰ ਦੇ ਆਗੂਆਂ ਦੀ ਆਵਾਜ਼ ਨੂੰ ਬੰਦ ਕਰਵਾਉਣਾ ਚਾਹੁੰਦੀ ਹੈ। ਕਿਉਂਕਿ ਮਜੀਠੀਆ ਪੰਜਾਬ ਸਰਕਾਰ ਦੀਆਂ ਨੀਤੀਆਂ ਖਿਲਾਫ਼ ਤੇ ਪੰਜਾਬ ਦੇ ਲੋਕਾਂ ਦੇ ਮੁੱਦਿਆਂ ਦੀ ਆਵਾਜ਼ ਬੁਲੰਦ ਕਰਦੇ ਸਨ। ਜਿਸ ਦੀ ਬੁਖਲਾਹਟ ਵਿੱਚ ਆ ਕੇ ਸਰਕਾਰ ਨੇ ਵਿਜੀਲੈਂਸ ਵਿਭਾਗ ਨੂੰ ਸ਼ਹਿ ਦੇ ਕੇ ਮਜੀਠੀਆ ਉਪਰ ਝੂਠ ਮੁਕੱਦਮਾ ਦਰਜ ਕਰਵਾ ਕੇ ਮਜੀਠੀਆ ਨੂੰ ਗੈਰ-ਕਾਨੂੰਨੀ ਢੰਗ ਨਾਲ ਹਿਰਾਸਤ ਵਿੱਚ ਲਿਆ ਹੈ। ਉਨ੍ਹਾਂ ਨੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਲੋਕਤੰਤਰ ਵਿੱਚ ਅਜਿਹੇ ਬਦਲੇ ਦੀ ਕਾਰਵਾਈ ਤੋਂ ਗੁਰੇਜ਼ ਕੀਤਾ ਜਾਵੇ ਕਿਉਂਕਿ ਇਹ ਸਿਆਸੀ ਪਾਰਟੀਆਂ ਵਿਚਕਾਰ ਟਕਰਾਅ ਨੂੰ ਵਧਾਉਂਦਾ ਹੈ ਤੇ ਰਾਜ ਵਿੱਚ ਕਾਨੂੰਨ-ਵਿਵਸਥਾ ਦੀ ਸਥਿਤੀ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਚਾਹੇ ਸਿਆਸੀ ਵਿਚਾਰਾਂ ਵਿੱਚ ਕਿੰਨੀ ਵੀ ਵਿਭਿੰਨਤਾ ਹੋਵੇ, ਪਰ ਵਿਰੋਧੀ ਆਗੂਆਂ ਨੂੰ ਚੁੱਪ ਕਰਵਾਉਣ ਲਈ ਸਰਕਾਰ ਦੀ ਸ਼ਕਤੀ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਮਜੀਠੀਆ ਨਾਲ ਚੱਟਾਨ ਵਾਂਗ ਖੜ੍ਹਾ ਹੈ।

# ਸੀਨੀਅਰ ਕੌਂਸਲਰ ਚੇਤ ਰਾਮ ਰਤਨ ਪੰਜਾਬ ਕੋਆਰਡੀਨੇਟਰ ਨਿਯੁਕਤ: ਵੈਦ ਕੁਲਦੀਪ ਸਿੰਘ



ਨਵਾਂਸ਼ਹਿਰ, 27 ਜੂਨ (ਸੁਖਦੇਵ ਸਿੰਘ ਉੜਾਪੜ): ਪ੍ਰਦੇਸ਼ ਕਾਂਗਰਸ ਪੰਜਾਬ ਦੇ ਐੱਸ.ਸੀ. ਡਿਪਾਰਟਮੈਂਟ ਦੇ ਪੰਜਾਬ ਚੇਅਰਮੈਨ ਵੈਦ ਕੁਲਦੀਪ ਸਿੰਘ ਸਾਬਕਾ ਐੱਮ.ਐੱਲ.ਏ. ਤੇ ਸੇਵਾਮੁਕਤ ਆਈ.ਏ.ਐੱਸ. ਅਧਿਕਾਰੀ ਵੱਲੋਂ ਕਾਂਗਰਸ ਪਾਰਟੀ ਦੇ ਸਰਗਰਮ ਆਗੂ ਚਾਰ ਵਾਰ ਚੁਣੇ ਗਏ ਕੌਂਸਲਰ ਤੇ ਜੁਝਾਰੂ ਆਗੂ ਚੇਤ ਰਾਮ ਰਤਨ ਸੀਨੀਅਰ ਕੌਂਸਲਰ ਨਵਾਂਸ਼ਹਿਰ ਦੀਆਂ ਕਾਂਗਰਸ ਪਾਰਟੀ ਦੇ ਸਰਗਮ ਆਗੂ ਗਰੀਬ ਵਰਗਾਂ ਦੇ ਹਮਦਰਦ ਉਨ੍ਹਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਦੀਆਂ ਸੇਵਾਵਾਂ ਨੂੰ ਦੇਖਦਿਆਂ ਹੋਇਆਂ ਪੰਜਾਬ ਕਾਗਰੰਸ ਦੇ ਐੱਸ.ਸੀ. ਡਿਪਾਰਟਮੈਂਟ ਦਾ ਪੰਜਾਬ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ। ਨਵ-ਨਿਯੁਕਤ ਪੰਜਾਬ ਕੋਆਰਡੀਨੇਟਰ ਚੇਤ ਰਾਮ ਰਤਨ ਆਪਣੀ ਨਿਯੁਕਤੀ ਲਈ ਮੇਰੀਆਂ ਸਮਾਜ ਤੇ ਪਾਰਟੀ ਪ੍ਰਤੀ ਸੇਵਾਵਾਂ ਨੂੰ ਮੁੱਖ ਰੱਖਦਿਆਂ ਹੋਇਆਂ ਵੈਦ ਕੁਲਦੀਪ ਸਿੰਘ ਪੰਜਾਬ ਚੇਅਰਮੈਨ ਐੱਸ.ਸੀ. ਡਿਪਾਰਟਮੈਂਟ ਦਾ ਮਾਣ ਦੇਣ ਲਈ ਤਹਿ ਦਿਲੋਂ ਧੰਨਵਾਦ ਕਰਦੇ ਹਾਂ। ਉਨ੍ਹਾਂ ਕਿਹਾ ਕਿ ਮੈਂ ਪੰਜਾਬ ਕਾਂਗਰਸ ਪਾਰਟੀ ਤੇ ਐੱਸ.ਸੀ. ਡਿਪਾਰਟਮੈਂਟ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਮੈਂ ਆਪਣੀ ਟੀਮ ਨਾਲ ਪਾਰਟੀ ਤੇ ਡਿਪਾਰਟਮੈਂਟ ਦੀ ਚੜ੍ਹਦੀਕਲਾ ਲਈ ਪੰਜਾਬ ਵਿੱਚ ਕਾਂਗਰਸ ਸਰਕਾਰ ਬਣਾਉਣ ਲਈ ਪੰਜਾਬ ਵਿੱਚ ਸਰਗਰਮੀ ਨਾਲ ਕੰਮ ਕਰਾਂਗਾ। ਕਾਂਗਰਸ ਪਾਰਟੀ ਦੇ ਨੈਸ਼ਨਲ ਪ੍ਰਧਾਨ ਮਲਿਕ ਅਰਜਨ ਖੜਗੇ, ਰਾਹੁਲ ਗਾਂਧੀ ਕਾਂਗਰਸ ਪਾਰਟੀ ਵਿਰੋਧੀ ਧਿਰ ਨੇਤਾ ਪਾਰਲੀਮੈਂਟ, ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ ਪੰਜਾਬ ਤੇ ਮੌਜੂਦਾ ਮੈਂਬਰ ਪਾਰਲੀਮੈਂਟ, ਰਾਜਾ ਅਮਰਿੰਦਰ ਸਿੰਘ ਪ੍ਰਧਾਨ ਪ੍ਰਦੇਸ਼ ਕਾਂਗਰਸ, ਪ੍ਰਤਾਪ ਸਿੰਘ ਬਾਜਵਾ ਵਿਰੋਧੀ ਧਿਰ ਵਿਧਾਨ ਸਭਾ ਪੰਜਾਬ, ਵੈਦ ਕੁਲਦੀਪ ਸਿੰਘ ਪੰਜਾਬ ਚੇਅਰਮੈਨ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਸੈਕਟਰੀ ਕੇ.ਐੱਸ. ਸੰਧੂ, ਐੱਸ.ਸੀ. ਵਿਭਾਗ ਪੰਜਾਬ ਰੁਪਿੰਦਰ ਕੌਰ ਰੂਬੀ ਸਾਬਕਾ ਵਿਧਾਇਕਾ, ਟੀਨਾ ਚੌਧਰੀ ਸਪੋਕਸਮੈਨ ਪੰਜਾਬ, ਮੋਹਣ ਸਿੰਘ ਭਸੀਨ, ਅਜੇਪਾਲ ਸਿੰਘ ਰੰਧਾਵਾ, ਡਾ. ਲਖਵੀਰ ਸਿੰਘ ਆਰਗੇਨਾਈਜ਼ਰ ਸੈਕਟਰੀ ਪੰਜਾਬ, ਪ੍ਰਧਾਨ ਆਸਾ ਸਿੰਘ ਆਜ਼ਾਦ ਤੇ ਸ਼ਿੰਗਾਰਾ ਸਿੰਘ ਨੌਰਾ ਆਦਿ ਹਾਜ਼ਰ ਸਨ।

# ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਜੋਬਨ ਰੰਧਾਵਾ ਨੂੰ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਸਨਮਾਨਤ ਕੀਤਾ



ਗੁਰਦਾਸਪੁਰ, 27 ਜੂਨ (ਜਸਵਿੰਦਰ ਸਿੰਘ): ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦੀ ਅਗਵਾਈ ਵਿੱਚ ਇੱਕ ਮਹੱਤਵਪੂਰਨ ਮੀਟਿੰਗ ਹੋਈ, ਜੋ ਕਿ ਗੁਰਦਾਸਪੁਰ ਦੇ ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਤੇ ਸਾਰੇ ਬਲਾਕ ਪ੍ਰਧਾਨਾਂ ਦੀ ਹਾਜ਼ਰੀ ਵਿੱਚ ਹੋਈ। ਇਸ ਮੌਕੇ 'ਤੇ ਸੇਖਵਾਂ ਸਾਹਿਬ ਨੇ ਜੋਬਨ ਰੰਧਾਵਾ ਨੂੰ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਨੂੰ ਸਨਮਾਨਤ ਕੀਤਾ, ਆਸ ਜਤਾਈ ਕਿ ਉਹ ਜ਼ਮੀਨੀ ਪੱਧਰ 'ਤੇ ਕੰਮ ਕਰਕੇ ਪਾਰਟੀ ਨੂੰ ਹੋਰ ਮਜ਼ਬੂਤ ਕਰਨਗੇ। ਇਸ ਮੌਕੇ 'ਤੇ ਉਨ੍ਹਾਂ ਨੇ ਸਾਰੇ ਪਾਰਟੀ ਦੇ ਅਹੁਦੇਦਾਰਾਂ ਨੂੰ ਪਾਰਟੀ ਵਾਸਤੇ ਵੱਧ ਤੋਂ ਵੱਧ ਕੰਮ ਕਰਨ ਵਾਸਤੇ ਅਪੀਲ ਕੀਤੀ ਤੇ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਬਾਰੇ ਆਮ ਲੋਕਾਂ ਨੂੰ ਜਾਣਕਾਰੀ ਦੇਣ ਵਾਸਤੇ ਕਿਹਾ। ਇਸ ਮੌਕੇ 'ਤੇ ਉਨ੍ਹਾਂ ਨੇ ਕਿਹਾ ਕਿ ਸਾਰੇ ਪਾਰਟੀ ਵਰਕਰਾਂ ਨੂੰ ਹਰ ਅਧਿਕਾਰੀ ਵੱਲੋਂ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ ਤੇ ਵਰਕਰਾਂ ਤੇ ਅਹੁਦੇਦਾਰਾਂ ਦੇ ਸਾਰੇ ਕੰਮ ਪਾਰਟੀ ਵੱਲੋਂ ਪਹਿਲ ਦੇ ਆਧਾਰ 'ਤੇ ਕੀਤੇ ਜਾਣਗੇ ਤੇ ਹਰ ਨਿੱਕੇ ਤੋਂ ਵੱਡੇ ਵਰਕਰ ਨੂੰ ਪਾਰਟੀ ਵੱਲੋਂ ਬਣਦਾ ਮਾਣ-ਸਤਿਕਾਰ ਵੀ ਦਿੱਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਜਿਸ ਤਰ੍ਹਾਂ ਹਰ ਮਿਹਨਤੀ ਵਰਕਰ ਦਾ ਸਮਾਂ ਆਉਣ 'ਤੇ ਪਾਰਟੀ ਵੱਲੋਂ ਪੂਰਾ ਖਿਆਲ ਰੱਖਿਆ ਜਾਵੇਗਾ। ਇਸ ਮੌਕੇ 'ਤੇ ਉਨ੍ਹਾਂ ਨੇ ਕਿਹਾ ਕਿ ਪਾਰਟੀ ਵੱਲੋਂ ਪੰਜਾਬ ਵਿੱਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਨੂੰ ਵੇਖਦੇ ਹੋਏ ਲੋਕ ਫ਼ਿਰ ਤੋਂ ਆਉਣ ਵਾਲੀਆਂ ਚੋਣਾਂ ਵਿੱਚ ਸਾਡੀ ਸਰਕਾਰ ਬਣਾਉਣਗੇ।

# ਭੇਤਭਰੇ ਹਾਲਾਤ 'ਚ ਇੱਕ ਔਰਤ ਦੀ ਮੌਤ, ਮਾਮਲਾ ਦਰਜ

ਉਧਨਵਾਲ/ਸ੍ਰੀ ਹਰਗੋਬਿੰਦਪੁਰ ਸਾਹਿਬ, 27 ਜੂਨ (ਸੁੱਖ ਅੰਮ੍ਰਿਤ ਸਿੰਘ ਸੋਨੂੰ ਘੁਮਾਣ/ਡਾ. ਸਰਬਜੀਤ ਸਿੰਘ ਭਿੰਡਰ): ਥਾਣਾ ਸ੍ਰੀ ਹਰਗੋਬਿੰਦਪੁਰ ਸਾਹਿਬ ਅਧੀਨ ਆਉਂਦੇ ਪਿੰਡ ਸੋਹੀਆਂ ਵਿੱਚ ਇੱਕ ਔਰਤ ਦੀ ਭੇਤਭਰੇ ਹਾਲਾਤ ਵਿੱਚ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰੈੱਸ ਨਾਲ ਗੱਲਬਾਤ ਕਰਦਿਆਂ ਮ੍ਰਿਤਕ ਦੇ ਪਿਤਾ ਅਮਰੀਕ ਸਿੰਘ ਪਿੰਡ ਢੋਟੀਆਂ ਥਾਣਾ ਸਰਹਾਲੀ ਜ਼ਿਲ੍ਹਾ ਤਰਨਤਾਰਨ ਨੇ ਦੱਸਿਆ ਕਿ ਮੇਰੀ ਲੜਕੀ ਕਮਲਜੀਤ ਕੌਰ ਪਿੰਡ ਸੋਹੀਆਂ 18-19 ਸਾਲ ਪਹਿਲਾਂ ਤ੍ਰਿਪਤ ਸਿੰਘ ਨਾਲ ਵਿਆਹੀ ਸੀ, ਜਿਸ ਦੇ ਦੋ ਬੱਚੇ ਇੱਕ ਲੜਕੀ ਇੱਕ ਲੜਕਾ ਹੈ। ਕੁੱਝ ਸਮਾਂ ਪਹਿਲਾਂ ਤ੍ਰਿਪਤ ਸਿੰਘ ਦੇ ਕਿਸੇ ਔਰਤ ਨਾਲ ਨਾਜਾਇਜ਼ ਸਬੰਧਾਂ ਦੇ ਚੱਲਦਿਆਂ ਸਾਡੀ ਲੜਕੀ ਕਮਲਜੀਤ ਕੌਰ ਦੀ ਅਕਸਰ ਹੀ ਤ੍ਰਿਪਤ ਸਿੰਘ ਮਾਰ ਕੁਟਾਈ ਤੇ ਝਗੜਾ ਕਰਦਾ ਰਹਿੰਦਾ ਸੀ ਤੇ ਬੀਤੀ ਸ਼ਾਮ ਵੀ ਤ੍ਰਿਪਤ ਸਿੰਘ ਨੇ ਉਕਤ ਔਰਤ ਨਾਲ ਮਿਲ ਕੇ ਮੇਰੀ ਲੜਕੀ ਦੀ ਮਾਰ ਕੁਟਾਈ ਕੀਤੀ, ਜਿਸ ਦੀ ਜਾਣਕਾਰੀ ਲੜਕੀ ਨੇ ਫੋਨ ਕਰਕੇ ਦਿੱਤੀ ਸੀ ਤੇ ਰਾਤ ਨੂੰ ਮੇਰੀ ਦੋਹਤਰੀ ਦਾ ਫੋਨ ਆਇਆ ਕਿ ਮੰਮੀ ਦੀ ਮੌਤ ਹੋ ਗਈ ਹੈ। ਸਾਨੂੰ ਸ਼ੰਕਾ ਹੈ ਕਿ ਤ੍ਰਿਪਤ ਸਿੰਘ ਨੇ ਉਕਤ ਔਰਤ ਨਾਲ ਮਿਲ ਕੇ ਕਤਲ ਕੀਤਾ ਹੈ। ਇਸ ਸਬੰਧੀ ਜਦੋਂ ਐੱਸ.ਐੱਚ.ਓ. ਹਰਜਿੰਦਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਕਿਹਾ ਕਿ ਲੜਕੀ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ 'ਤੇ ਮਾਮਲਾ ਦਰਜ ਕੀਤਾ ਗਿਆ ਹੈ ਤੇ ਪੋਸਟਮਾਰਟਮ ਦੀ ਰਿਪੋਰਟ ਆਉਣ 'ਤੇ ਜੋ ਸੱਚ ਸਾਹਮਣੇ ਆਵੇਗਾ, ਉਸ ਮੁਤਾਬਿਕ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਗੁਰਪ੍ਰੀਤ ਸਿੰਘ ਸੋਢੀ ਨੂੰ ਸੰਗਠਨ ਇੰਚਾਰਜ ਨਿਯੁਕਤ ਹੋਣ 'ਤੇ ਨੀਲਮ ਘੁਮਾਣ ਨੇ ਕੀਤਾ ਸਨਮਾਨਤ



ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 27 ਜੂਨ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਹਲਕਾ ਵਿਧਾਇਕ ਸ੍ਰੀ ਹਰਗੋਬਿੰਦਪੁਰ ਸਾਹਿਬ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਦੇ ਨਜ਼ਦੀਕ ਸਾਥੀ ਗੁਰਪ੍ਰੀਤ ਸਿੰਘ ਸੋਢੀ ਨੂੰ ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਦੀ ਸਿਫਾਰਸ਼ 'ਤੇ ਪਾਰਟੀ ਹਾਈਕਮਾਂਡ ਵੱਲੋਂ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਤੋਂ ਪਾਰਟੀ ਸੰਗਠਨ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਗੁਰਪ੍ਰੀਤ ਸਿੰਘ ਸੋਢੀ ਦੇ ਹਲਕਾ ਸੰਗਠਨ ਇੰਚਾਰਜ ਨਿਯੁਕਤ ਹੋਣ 'ਤੇ ਪਾਰਟੀ ਦੇ ਸੀਨੀਅਰ ਆਗੂ ਤੇ ਸੂਬਾ ਸੰਯੁਕਤ ਸਕੱਤਰ ਨੀਲਮ ਘੁਮਾਣ, ਕਾਮਰੇਡ ਗੁਰਦਿਆਲ ਸਿੰਘ ਘੁਮਾਣ ਤੇ ਪਾਰਟੀ ਵਰਕਰਾਂ ਵੱਲੋਂ ਸੰਗਠਨ ਇੰਚਾਰਜ ਗੁਰਪ੍ਰੀਤ ਸਿੰਘ ਸੋਢੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਨੀਲਮ ਘੁਮਾਣ ਨੇ ਆਖਿਆ ਕਿ ਆਮ ਆਦਮੀ ਪਾਰਟੀ ਵੱਲੋਂ ਹਮੇਸ਼ਾ ਪਾਰਟੀ ਕੰਮ ਕਰ ਰਹੇ ਮਿਹਨਤੀ ਵਰਕਰਾਂ ਨੂੰ ਅਹੁਦੇ ਦੇ ਕੇ ਨਿਵਾਜਿਆ ਜਾਂਦਾ ਹੈ। ਉਨ੍ਹਾਂ ਆਖਿਆ ਕਿ ਗੁਰਪ੍ਰੀਤ ਸਿੰਘ ਸੋਢੀ ਬਹੁਤ ਇਮਾਨਦਾਰ ਤੇ ਪਾਰਟੀ ਦੇ ਵਫਾਦਾਰ ਸਿਪਾਹੀ ਹਨ। ਮੈਡਮ ਘੁਮਾਣ ਨੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ, ਸੂਬਾ ਪ੍ਰਧਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ, ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਤੇ ਪਾਰਟੀ ਹਾਈਕਮਾਂਡ ਨੂੰ ਵਧਾਈ ਦਿੰਦਿਆਂ ਤੇ ਧੰਨਵਾਦ ਕਰਦਿਆਂ ਕਿਹਾ ਕਿ ਗੁਰਪ੍ਰੀਤ ਸਿੰਘ ਹਲਕਾ ਸ੍ਰੀ ਹਰਗੋਬਿੰਦਪੁਰ ਦਾ ਸੰਗਠਨ ਇੰਚਾਰਜ ਕਰਨਾ ਪਾਰਟੀ ਦਾ ਸ਼ਲਾਘਾਯੋਗ ਕਦਮ ਹੈ।

# 'ਸਫ਼ਾਈ ਅਪਨਾਓ ਬਿਮਾਰੀ ਭਜਾਓ' ਮੁਹਿੰਮ 1 ਜੁਲਾਈ ਤੋਂ: ਕਮਿਸ਼ਨਰ ਨਗਰ ਨਿਗਮ

ਬਟਾਲਾ, 27 ਜੂਨ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): ਵਿਕਰਮਜੀਤ ਸਿੰਘ ਪਾਂਥੇ, ਐੱਸ.ਡੀ.ਐੱਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 'ਸਵੱਛ ਭਾਰਤ ਅਭਿਆਨ' ਨੂੰ ਮੁੱਖ ਰੱਖਦੇ ਹੋਏ ਸਥਾਨਕ ਸਰਕਾਰ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਸ਼ਹਿਰ ਵਿੱਚ 'ਸਫ਼ਾਈ ਅਪਨਾਓ ਬਿਮਾਰੀ ਭਜਾਓ' ਮੁਹਿੰਮ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਕਮਿਸ਼ਨਰ ਨਗਰ ਨਿਗਮ ਬਟਾਲਾ ਵੱਲੋਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਇਸ ਮੁਹਿੰਮ ਵਿੱਚ ਨਗਰ ਨਿਗਮ ਦੇ ਨਾਲ ਸ਼ਹਿਰਵਾਸੀਆਂ ਨਾਲ ਸਹਿਯੋਗ ਕਰਨ ਤੇ ਐੱਨ.ਜੀ.ਓਜ਼ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਆਪਣਾ ਸਾਥ ਦੇਣ ਤਾਂ ਜੋ ਸ਼ਹਿਰ ਨੂੰ ਹੋਰ ਸੁੰਦਰ ਬਣਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ ਇਹ ਮੁਹਿੰਮ 1 ਜੁਲਾਈ ਤੋਂ 31 ਜੁਲਾਈ ਤੱਕ ਜਾਰੀ ਰਹੇਗੀ। ਇਸ ਮੁਹਿੰਮ ਵਿੱਚ ਸ਼ਹਿਰ ਦੇ ਵੱਖ-ਵੱਖ ਸਥਾਨਾਂ 'ਤੇ ਸਫ਼ਾਈ ਤੇ ਇਸ ਨਾਲ ਸਬੰਧਤ ਜਾਗਰੂਕਤਾ ਗਤੀਵਿਧੀਆਂ ਕੀਤੀਆਂ ਜਾਣਗੀਆਂ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਸੁਹਿਰਦ ਨਾਗਰਿਕ ਦਾ ਸਬੂਤ ਦਿੰਦੇ ਹੋਏ ਨਗਰ ਨਿਗਮ ਦਾ ਸਾਥ ਦਿੱਤਾ ਜਾਵੇ ਤੇ ਸ਼ਹਿਰ ਵਾਸੀ ਸ਼ਹਿਰ ਨੂੰ ਸੁੰਦਰ ਬਣਾਉਣ ਵਿੱਚ ਆਪਣਾ ਬਣਦਾ ਯੋਗਦਾਨ ਜ਼ਰੂਰ ਪਾਉਣ।

# ਸੀ.ਐੱਚ.ਸੀ. ਵਿਖੇ ਵਰਲਡ ਨਸ਼ਾ ਵਿਰੋਧੀ ਦਿਵਸ ਮਨਾਇਆ




ਫਤਹਿਗੜ੍ਹ ਚੂੜੀਆਂ, 27 ਜੂਨ (ਰਾਜਨ ਸ਼ਰਮਾ): ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤੇ ਡਾ. ਲਖਵਿੰਦਰ ਸਿੰਘ ਐੱਸ.ਐੱਮ.ਓ. ਫਤਹਿਗੜ੍ਹ ਚੂੜੀਆਂ ਦੀ ਅਗਵਾਈ ਹੇਠ ਸੀ.ਐੱਚ.ਸੀ. ਵਿਖੇ ਵਰਲਡ ਨਸ਼ਾ ਵਿਰੋਧੀ ਦਿਵਸ ਮਨਾਇਆ ਗਿਆ। ਇਸ ਮੌਕੇ 'ਤੇ ਜੋਗਾ ਸਿੰਘ ਬੀ.ਈ.ਈ. ਵੱਲੋਂ ਮਰੀਜ਼ਾਂ ਨੂੰ ਨਸ਼ੇ ਦੇ ਬੁਰੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ ਤੇ ਉਨ੍ਹਾਂ ਨੂੰ ਨਸ਼ੇ ਵਿਰੁੱਧ ਸੌਂਹ ਵੀ ਚੁਕਾਈ ਗਈ। ਇਸ ਮੌਕੇ 'ਤੇ ਦਵਿੰਦਰ ਸਿੰਘ, ਹਰਵਿੰਦਰ ਸਿੰਘ ਹੈਲਥ ਇੰਸਪੈਕਟਰ, ਅਰੁਣ ਕੁਮਾਰ, ਸੰਜੀਵ ਕੁਮਾਰ, ਰਾਜੀਵ ਕੁਮਾਰ, ਰਜਿੰਦਰ ਸਿੰਘ, ਰਸ਼ਪਾਲ ਸਿੰਘ, ਕਮਲਦੀਪ, ਪ੍ਰਗਟ ਸਿੰਘ ਹੈਲਥ ਵਰਕਰ, ਰਾਮ ਨਾਥ ਫਾਰਮੇਸੀ ਅਫ਼ਸਰ, ਰਾਜਵਿੰਦਰ ਕੌਰ ਸੀ.ਐੱਚ.ਓ. ਤੇ ਬਹੁਤ ਸਾਰੇ ਲੋਕ ਹਾਜ਼ਰ ਸਨ। ਗੱਲਬਾਤ ਦੌਰਾਨ ਉਨ੍ਹਾਂ ਨੇ ਇਹ ਵੀ ਕਿਹਾ ਕਿ ਸਾਨੂੰ ਸਭ ਨੂੰ ਰਲ-ਮਿਲ ਕੇ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਸਾਥ ਦੇਣਾ ਚਾਹੀਦਾ ਹੈ ਤਾਂ ਜੋ ਅਸੀਂ ਪੰਜਾਬ ਨੂੰ ਨਸ਼ਾ ਮੁਕਤ ਕਰ ਸਕੀਏ।

# ਸਰਕਾਰੀ ਕਾਲਜ ਵਿਖੇ ਦੋ ਦਿਨਾਂ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਕਰਵਾਇਆ




ਗੁਰਦਾਸਪੁਰ/ਨੁਸ਼ਹਿਰਾ ਮੱਝਾ ਸਿੰਘ, 27 ਜੂਨ (ਜਗੀਰ ਸਿੰਘ ਮੰਡ/ਡਾ.ਸਰਵਣ ਸਿੰਘ): ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਕਰਵਾਇਆ ਗਿਆ। ਇਸ ਦੋ ਦਿਨਾਂ ਸੈਮੀਨਾਰ ਵਿੱਚ ਦੂਜੇ ਦਿਨ ਪਹਿਲੇ ਸੈਸ਼ਨ ਵਿੱਚ ਵਿਸ਼ਾ ਮਾਹਿਰ ਵਜੋਂ ਡਾ. ਦੀਪਿਕਾ ਕੋਹਲੀ, ਸਹਾਇਕ ਪ੍ਰੋਫੈਸਰ, ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਅੰਮ੍ਰਿਤਸਰ ਤੇ ਦੂਜੇ ਸੈਸ਼ਨ ਵਿੱਚ ਡਾ. ਪ੍ਰਗਟ ਵਿੱਚ ਗਰਚਾ, ਪ੍ਰਿੰਸੀਪਲ ਜੀ.ਐੱਚ.ਜੀ. ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸੁਧਾਰ ਨੇ ਸ਼ਿਰਕਤ ਕੀਤੀ। ਦੂਜੇ ਦਿਨ ਦੇ ਪਹਿਲੇ ਸੈਸ਼ਨ ਵਿੱਚ ਡਾ. ਦੀਪਿਕਾ ਕੋਹਲੀ ਨੇ ਸਿੱਖਿਆਰਥੀਆਂ ਵਿੱਚ ਰਚਨਾਤਮਿਕਤਾ ਨੂੰ ਉਤਸ਼ਾਹਿਤ ਕਰਨ ਲਈ ਵੱਖ ਵੱਖ ਅਧਿਆਪਨ ਵਿਧੀਆਂ 'ਤੇ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਅੰਦਰ ਰਚਨਾਤਮਿਕਤਾ, ਤਾਰਕਿਕਤਾ ਜਿਹੀਆਂ ਯੋਗਤਾਵਾਂ ਪੈਦਾ ਕਰਨਾ ਅਧਿਆਪਨ ਦਾ ਮੁੱਖ ਮੰਤਵ ਹੋਣਾ ਚਾਹੀਦਾ ਹੈ। ਭਾਵੇਂ ਅਜੋਕੇ ਦੌਰ ਵਿੱਚ ਅਧਿਆਪਨ ਨੂੰ ਤਕਨਾਲੋਜੀ ਤੋਂ ਵਾਂਝਾ ਕਰਕੇ ਨਹੀਂ ਵੇਖਿਆ ਜਾ ਸਕਦਾ। ਵਿਦਿਆਰਥੀਆਂ ਤੇ ਅਧਿਆਪਕਾਂ ਵਿੱਚ ਵਿਚਕਾਰ ਭਾਵਨਾਤਮਕ ਸਾਂਝ ਵੀ ਲਾਜ਼ਮੀ ਹੈ। ਰਾਸ਼ਟਰੀ ਸਿੱਖਿਆ ਨੀਤੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਅਧਿਆਪਕ ਵਿਦਿਆਰਥੀ ਨੂੰ ਹਰ ਉਹ ਸਹੂਲਤ ਪ੍ਰਦਾਨ ਕਰੇ ਜੋ ਉਸ ਦੇ ਸਿੱਖਣ ਪ੍ਰੀਕਿਰਿਆ ਵਿੱਚ ਸਹਾਈ ਹੋਵੇ। ਦੂਜੇ ਸੈਸ਼ਨ ਵਿੱਚ ਡਾ. ਪ੍ਰਗਟ ਸਿੰਘ ਨੇ ਮਿਸ਼ਰਤ ਸਿੱਖਿਆ 'ਤੇ ਚਰਚਾ ਕਰਦਿਆਂ 21ਵੀਂ ਸਦੀ ਵਿੱਚ ਕਲਾਸ ਰੂਮ ਦੇ ਰਿਵਾਇਤੀ ਤਕਨੀਕਾਂ ਨੂੰ ਆਨਲਾਈਨ ਸਿਖਲਾਈ ਦੇ ਨਾਲ ਜੋੜ ਕੇ ਆਏ ਬਦਲਾਅ ਤੋਂ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਇਹ ਪਹੁੰਚ ਅਧਿਆਪਨ ਨੂੰ ਬਿਹਤਰ ਤੇ ਗੁਣਵੱਤਾ ਭਰਪੂਰ ਬਣਾਉਣ ਵਿੱਚ ਸਹਾਈ ਹੁੰਦੀ ਹੈ। ਡਿਜੀਟਲ ਯੁੱਗ ਵਿੱਚ ਵਿਦਿਆਰਥੀਆਂ ਦੀਆਂ ਵਿਭਿੰਨ ਸਿੱਖਣ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਰਿਵਾਇਤੀ ਸਾਧਨਾਂ ਤੋਂ ਇਲਾਵਾ ਡਿਜੀਟਲ ਸਾਧਨਾਂ ਨਾਲ ਜੁੜਨ ਦੀ ਸਮੇਂ ਦੀ ਮੰਗ ਹੈ ਜਿਸ ਵਿੱਚ ਵੱਖ-ਵੱਖ ਮੋਬਾਈਲ ਐਪਸ, ਵੈੱਬਸਾਈਟ ਆਦਿ ਪਲੇਟਫ਼ਾਰਮ ਸ਼ਾਮਲ ਹਨ। ਇਸ ਪਹੁੰਚ ਨੂੰ ਅਪਣਾ ਕੇ ਅਧਿਆਪਨ ਨੂੰ ਗਤੀਸ਼ੀਲਤਾ ਤੇ ਇੰਟਰੈਕਟਿਵ ਸਿੱਖਣ ਵਾਤਾਵਰਨ ਬਣਾਇਆ ਜਾ ਸਕਦਾ ਹੈ।

# ਬ੍ਰਹਮਲੀਨ ਸ੍ਰੀ ਬਾਲ ਯੋਗੀ ਸੁੰਦਰ ਮੁਨੀ ਜੀ ਦੀ ਤੀਸਰੀ ਬਰਸੀ 10 ਜੁਲਾਈ ਨੂੰ



ਗੜ੍ਹਸ਼ੰਕਰ, 27 ਜੂਨ (ਅਜਮੇਰ ਸਿੰਘ ਭਨੋਟ): ਪਿੰਡ ਕੁਨੈਲ ਦੇ ਡੇਰਾ ਟੇਢਾ ਪੀਰ ਵਿਖੇ ਬ੍ਰਹਮਲੀਨ ਸ੍ਰੀ ਬਾਲ ਯੋਗੀ ਸੁੰਦਰ ਮੁਨੀ ਜੀ ਬੋਰੀ ਵਾਲੇ ਮਹਾਰਾਜ ਜੀ ਦੀ ਤੀਸਰੀ ਬਰਸੀ 10 ਜੁਲਾਈ ਦਿਨ ਵੀਰਵਾਰ ਨੂੰ ਮਨਾਈ ਜਾ ਰਹੀ ਹੈ। ਪ੍ਰੋਗਰਾਮ ਵਾਰੇ ਜਾਣਕਾਰੀ ਦਿੰਦੇ ਹੋਏ ਮਹਾਂ ਮੰਡਲੇਸ਼ਵਰ ਸ੍ਰੀ ਮਹਾਦੇਵ ਮੁੰਨੀ ਜੀ (ਪ੍ਰੀਤਿ ਮਹੰਤ) ਗੱਦੀ ਨਸ਼ੀਨ ਡੇਰਾ ਟੇਢਾ ਪੀਰ ਨੇ ਦੱਸਿਆ ਕਿ ਸ੍ਰੀ ਬਾਲ ਯੋਗੀ ਸੁਆਮੀ ਸੁੰਦਰ ਮੁਨੀ ਜੀ ਬਰਸੀ ਮੌਕੇ ਸੰਤ ਸਮਾਗਮ ਤੇ ਵਿਸ਼ਾਲ ਭੰਡਾਰੇ ਦਾ ਆਯੋਜਨ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ 8 ਤਰੀਕ ਨੂੰ ਸ੍ਰੀ ਰਾਮਾਇਣ ਜੀ ਦਾ ਪਾਠ ਰੱਖਿਆ ਜਾਵੇਗਾ ਤੇ 9 ਤਾਰੀਕ ਨੂੰ ਸ੍ਰੀ ਰਾਮਾਇਣ ਜੀ ਦੇ ਪਾਠ ਦੇ ਭੋਗ ਉਪਰੰਤ 10 ਤਰੀਕ ਨੂੰ ਪੰਜਾਬ ਦੇ ਮਸ਼ਹੂਰ ਕੱਵਾਲ ਤੇ ਕਲਾਕਾਰ ਗੁਰੂ ਜੀ ਦੀ ਮਹਿਮਾ ਦਾ ਗੁਣਗਾਨ ਕਰਨਗੇ। ਉਨ੍ਹਾਂ ਕਿਹਾ ਕਿ ਇਸ ਮੌਕੇ ਵੱਡੀ ਗਿਣਤੀ ਦੇ ਵਿੱਚ ਸੰਤ ਮਹਾਂਪੁਰਸ਼ ਪਹੁੰਚ ਰਹੇ ਹਨ। ਇਸ ਮੌਕੇ ਉਨ੍ਹਾਂ ਇਲਾਕੇ ਦੀ ਸਾਧ-ਸੰਗਤ ਨੂੰ ਡੇਰਾ ਟੇਢਾ ਪੀਰ ਪਿੰਡ ਕੁਨੈਲ ਵਿੱਖੇ ਪਹੁੰਚ ਦੀ ਅਪੀਲ ਕੀਤੀ ਹੈ।

# ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ 'ਤੇ ਲੋਕਾਂ ਨੂੰ ਕੀਤਾ ਜਾਗਰੂਕ




ਕਾਦੀਆਂ, 27 ਜੂਨ (ਸਲਾਮ ਤਾਰੀ/ਸਿਕੰਦਰ ਸੰਧੂ): ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਸੀਨੀਅਰ ਮੈਡੀਕਲ ਅਫਸਰ ਡਾ. ਮੋਹਪ੍ਰੀਤ ਸਿੰਘ ਦੀ ਯੋਗ ਅਗਵਾਈ ਹੇਠ ਸੀ.ਐੱਚ.ਸੀ. ਭਾਮ ਵਿਖੇ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਮਨਾਇਆ ਗਿਆ। ਇਸ ਮੌਕੇ 'ਤੇ ਬੋਲਦੇ ਡਾ. ਮੋਹਪ੍ਰੀਤ ਸਿੰਘ ਨੇ ਕਿਹਾ ਕਿ ਨਸ਼ਾ ਵਿਅਕਤੀ ਦੀ ਜ਼ਿੰਦਗੀ ਦਾ ਨਾਸ਼ ਕਰਦਾ ਹੈ, ਇਹ ਇੱਕ ਮਾਨਸਿਕ ਰੋਗ ਹੈ ਜਿਸ ਤੋਂ ਸਹਿਜੇ ਹੀ ਬਚਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਤੋਂ ਬਚਣ ਤੇ ਨਸ਼ਿਆਂ ਨੂੰ ਛੱਡਣ ਲਈ ਵਿਅਕਤੀ ਦਾ ਮਨੋਬਲ ਉੱਚਾ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਨਸ਼ਾ ਛੁਡਾਉਣ ਲਈ ਜ਼ਿਲ੍ਹੇ ਪੱਧਰ 'ਤੇ ਇੱਕ ਨਸ਼ਾ ਛੁਡਾਊ ਕੇਂਦਰ, ਇਕ ਮੁੜ ਵਸੇਵਾ ਕੇਂਦਰ ਤੇ ਓਟ ਕਲੀਨਿਕਾਂ ਵਿੱਚ ਨਸ਼ੇ ਤੋਂ ਪੀੜਤ ਵਿਅਕਤੀਆਂ ਦਾ ਮੁਫਤ ਇਲਾਜ ਕੀਤਾ ਜਾਂਦਾ ਹੈ, ਇਸ ਲਈ ਨਸ਼ੇ ਤੋਂ ਪੀੜਤ ਵਿਅਕਤੀ ਨੂੰ ਇਨ੍ਹਾਂ ਕੇਂਦਰਾਂ ਵਿੱਚ ਇਲਾਜ ਕਰਵਾਉਣ ਲਈ ਭੇਜਿਆ ਜਾਵੇ। ਉਨ੍ਹਾਂ ਆਮ ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ ਚਲਾਈ 'ਯੁੱਧ ਨਸ਼ਿਆਂ ਵਿਰੁੱਧ ਮੁਹਿੰਮ' ਵਿੱਚ ਸਹਿਯੋਗ ਕਰਨ ਲਈ ਵੀ ਪ੍ਰੇਰਿਤ ਕੀਤਾ। ਬੀ.ਈ.ਈ. ਸੁਰਿੰਦਰ ਕੌਰ ਨੇ ਕਿਹਾ ਕਿ ਨਸ਼ਾ ਕਰਨ ਵਾਲੇ ਵਿਅਕਤੀਆਂ ਨਾਲ ਨਫਰਤ ਨਹੀਂ ਕਰਨੀ ਚਾਹੀਦੀ, ਸਗੋਂ ਉਨ੍ਹਾਂ ਦੀ ਨਸ਼ਾ ਛੱਡਣ ਵਿੱਚ ਮਦਦ ਕਰਨੀ ਚਾਹੀਦੀ ਹੈ। ਨਸ਼ੇ ਦੀ ਆਦਤ ਨਾ ਸਿਰਫ ਵਿਅਕਤੀ ਦੇ ਸਰੀਰ ਤੇ ਦਿਮਾਗ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ, ਸਗੋਂ ਉਨ੍ਹਾਂ ਦੇ ਉਜਵੱਲ ਭਵਿੱਖ ਨੂੰ ਵੀ ਖਤਮ ਕਰ ਦਿੰਦੀ ਹੈ। ਇਸ ਮੌਕੇ 'ਤੇ ਡਾ. ਮੋਹਪ੍ਰੀਤ ਸਿੰਘ, ਬੀ.ਈ.ਈ. ਸੁਰਿੰਦਰ ਕੌਰ, ਪ੍ਰਭਜੋਤ ਕੌਰ ਸਟਾਫ ਨਰਸ, ਸਰਬਜੀਤ ਸਿੰਘ ਮਪਹਵ, ਅੰਜਲੀ ਆਦਿ ਲੋਕ ਹਾਜ਼ਰ ਰਹੇ।

# ਐ.ਫ.ਸੀ.ਆਈ. ਦੇ ਚੇਅਰਮੈਨ ਬਣਨ 'ਤੇ ਸ਼ੇਰ ਸਿੰਘ ਘੁਬਾਇਆ ਦਾ ਲੱਡੂਆਂ ਨਾਲ ਕਰਵਾਇਆ ਮੂੰਹ ਮਿੱਠਾ

ਫ਼ਾਜ਼ਿਲਕਾ, 27 ਜੂਨ (ਬਖਸ਼ੀਸ਼ ਫਿਰੋਜ਼ਪੁਰ ਤੋਂ ਸਾਂਸਦ ਸ਼ੇਰ ਸਿੰਘ ਸਿੰਘ/ਜਸਪ੍ਰੀਤ ਸਿੰਘ): ਭਾਰਤ ਘੁਬਾਇਆ ਨੂੰ ਫੂਡ ਕਾਰਪੋਰੇਸ਼ਨ ਆਫ ਸਰਕਾਰ ਵੱਲੋਂ ਲੋਕ ਸਭਾ ਹਲਕਾ ਇੰਡੀਆ (ਐਫ.ਸੀ.ਆਈ.) ਪੰਜਾਬ ਦੀ ਸਲਾਹਕਾਰ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਇਸ ਨਵੀਂ ਜ਼ਿੰਮੇਵਾਰੀ ਦੀ ਪ੍ਰਾਪਤੀ ਤੋਂ ਬਾਅਦ ਸ਼ੇਰ ਸਿੰਘ ਘੁਬਾਇਆ ਨੇ ਫ਼ਾਜ਼ਿਲਕਾ ਸਥਿਤ ਅਦਾਰਾ ਚੜ੍ਹਦੀਕਲਾ ਦੇ ਉਪ-ਦਫ਼ਤਰ ਦਾ ਦੌਰਾ ਕੀਤਾ। ਦਫ਼ਤਰ ਪਹੁੰਚਣ ਤੇ ਅਦਾਰਾ ਚੜ੍ਹਦੀਕਲਾ ਦੇ ਉਪ-ਦਫ਼ਤਰ ਇੰਚਾਰਜ ਬਖ਼ਸ਼ੀਸ਼ ਸਿੰਘ (ਹੈਪੀ), ਦਿਲ ਦੇ ਰੋਗਾਂ ਦੇ ਮਾਹਿਰ ਡਾ. ਯਸ਼ਪਾਲ ਜੱਸੀ, ਲੈਂਡ-ਲਾਰਡ ਮਿਲਣ ਸਚਦੇਵਾ, ਸੁਰਿੰਦਰਪਾਲ ਸਿੰਘ (ਬਿੱਲੂ), ਜਸਪ੍ਰੀਤ ਦੁਰੇਜਾ ਅਤੇ ਪਾਰਸ ਛੋੜਾ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਨਵ-ਨਿਯੁਕਤ ਚੇਅਰਮੈਨ ਸ਼ੇਰ ਸਿੰਘ ਘੁਬਾਇਆ ਦਾ ਸਵਾਗਤ ਕੀਤਾ ਅਤੇ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ। ਇਸ ਮੌਕੇ ਉਨ੍ਹਾਂ ਨਾਲ ਵਿਕਟਰ ਛਾਬੜਾ ਅਤੇ ਗੋਲਡੀ ਛੋੜਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਵ-ਨਿਯੁਕਤ ਚੇਅਰਮੈਨ ਸ਼ੇਰ ਸਿੰਘ ਘੁਬਾਇਆ ਨੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ ਅਤੇ ਕਿਹਾ, ਮੈਨੂੰ ਜੋ ਨਵੀਂ ਜ਼ਿੰਮੇਵਾਰੀ ਸੌਂਪੀ ਗਈ ਹੈ, ਮੈਂ ਇਸ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਵਾਂਗਾ। ਉਨ੍ਹਾਂ ਨੇ ਕਿਹਾ, 'ਮੈਂ ਇਸ ਅਹੁਦੇ 'ਤੇ ਰਹਿ ਕੇ ਪੰਜਾਬ ਦੇ ਲੋਕਾਂ ਦੀ ਸੇਵਾ ਕਰਨ ਲਈ ਵਚਨਬੱਧ ਹਾਂ। ਮੇਰੀ ਕੋਸ਼ਿਸ਼ ਹੋਵੇਗੀ ਕਿ ਐਫ.ਸੀ.ਆਈ. ਦੀਆਂ ਸੇਵਾਵਾਂ ਨੂੰ ਹਰ ਵਰਗ ਤੱਕ ਪਹੁੰਚਾਇਆ ਜਾਵੇ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇ।' ਉਨ੍ਹਾਂ ਨੇ ਅੱਗੇ ਕਿਹਾ ਕਿ ਐਫ.ਸੀ.ਆਈ. ਪੰਜਾਬ ਦੇ ਚੇਅਰਮੈਨ ਵਜੋਂ ਉਹ ਖੁਰਾਕ ਸੁਰੱਖਿਆ ਅਤੇ ਵੰਡ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰਨ ਲਈ ਕੰਮ ਕਰਨਗੇ। ਸ਼ੇਰ ਸਿੰਘ ਘੁਬਾਇਆ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਪੰਜਾਬ ਦੇ ਕਿਸਾਨਾਂ ਦੀਆਂ ਮੁਸ਼ਕਿਲਾਂ ਨੂੰ ਸਮਝਦੇ ਹਨ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਨਗੇ।

ਅਦਾਰਾ ਚੜ੍ਹਦੀਕਲਾ ਦੇ ਉਪ-ਦਫ਼ਤਰ ਇੰਚਾਰਜ ਬਖ਼ਸ਼ੀਸ਼ ਸਿੰਘ (ਹੈਪੀ) ਨੇ ਇਸ ਮੌਕੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ, ਸ਼ੇਰ ਸਿੰਘ ਘੁਬਾਇਆ ਦੀ ਇਹ ਨਿਯੁਕਤੀ ਪੰਜਾਬ ਅਤੇ ਖ਼ਾਸ ਕਰਕੇ ਫਿਰੋਜ਼ਪੁਰ ਹਲਕੇ ਦੇ ਲੋਕਾਂ ਲਈ ਮਾਣ ਵਾਲੀ ਗੱਲ ਹੈ। ਉਹ ਇੱਕ ਸਮਰਪਿਤ ਅਤੇ ਜਨਤਕ ਸੇਵਾ ਪ੍ਰਤੀ ਵਚਨਬੱਧ ਨੇਤਾ ਹਨ। ਉਨ੍ਹਾਂ ਦੀ ਅਗਵਾਈ ਵਿੱਚ ਐਫ.ਸੀ.ਆਈ. ਪੰਜਾਬ ਨੂੰ ਨਵੀਂ ਦਿਸ਼ਾ ਮਿਲੇਗੀ। ਬਖ਼ਸ਼ੀਸ਼ ਸਿੰਘ ਨੇ ਅੱਗੇ ਕਿਹਾ ਕਿ ਘੁਬਾਇਆ ਦੀ ਸਰਗਰਮੀ ਅਤੇ ਲੋਕ-ਪੱਖੀ ਸੋਚ ਪੰਜਾਬ ਦੇ ਕਿਸਾਨਾਂ ਅਤੇ ਖਪਤਕਾਰਾਂ ਨੂੰ ਵਧੇਰੇ ਸੁਵਿਧਾਵਾਂ ਪ੍ਰਦਾਨ ਕਰੇਗੀ।

ਇਸੇ ਤਰ੍ਹਾਂ, ਮਿਲਣ ਸਚਦੇਵਾ ਨੇ ਵੀ ਸ਼ੇਰ ਸਿੰਘ ਘੁਬਾਇਆ ਨੂੰ ਵਧਾਈ ਦਿੰਦਿਆਂ ਕਿਹਾ, ਸਾਡੇ ਲਈ ਇਹ ਗੌਰਵ ਦੀ ਗੱਲ ਹੈ ਕਿ ਸ਼ੇਰ ਸਿੰਘ ਘੁਬਾਇਆ ਵਰਗੇ ਤਜਰਬੇਕਾਰ ਅਤੇ ਜ਼ਮੀਨੀ ਹਕੀਕਤਾਂ ਨਾਲ ਜੁੜੇ ਨੇਤਾ ਨੂੰ ਐਫ.ਸੀ. ਆਈ ਪੰਜਾਬ ਦੀ ਚੇਅਰਮੈਨਸ਼ਿਪ ਮਿਲੀ ਹੈ। ਉਨ੍ਹਾਂ ਦੀ ਅਗਵਾਈ ਵਿੱਚ ਐਫ.ਸੀ.ਆਈ. ਦੀ ਕਾਰਗੁਜ਼ਾਰੀ ਵਿੱਚ ਸੁਧਾਰ ਅਤੇ ਪਾਰਦਰਸ਼ਤਾ ਵਧੇਗੀ। ਮਿਲਣ ਸਚਦੇਵਾ ਨੇ ਕਿਹਾ, ਘੁਬਾਇਆ ਜੀ ਨੇ ਹਮੇਸ਼ਾ ਲੋਕ ਹਿੱਤਾਂ ਦੀ ਆਵਾਜ਼ ਉਠਾਈ ਹੈ।

ਦਿਲ ਦੇ ਰੋਗਾਂ ਦੇ ਮਾਹਿਰ ਡਾ. ਯਸ਼ਪਾਲ ਜੱਸੀ ਨੇ ਵੀ ਇਸ ਮੌਕੇ ਆਪਣੀ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ, ਸ਼ੇਰ ਸਿੰਘ ਘੁਬਾਇਆ ਜੀ ਦੀ ਨਿਯੁਕਤੀ ਸਾਡੇ ਲਈ ਮਾਣ ਦੀ ਗੱਲ ਹੈ।

ਉਹ ਇੱਕ ਅਜਿਹੇ ਨੇਤਾ ਹਨ ਜੋ ਹਮੇਸ਼ਾ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣਦੇ ਅਤੇ ਹੱਲ ਕਰਦੇ ਹਨ। ਐਫ.ਸੀ.ਆਈ. ਦੇ ਚੇਅਰਮੈਨ ਵਜੋਂ ਉਹ ਪੰਜਾਬ ਦੇ ਅੰਨਦਾਤਾ ਕਿਸਾਨਾਂ ਦੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਡਾ. ਜੱਸੀ ਨੇ ਅੱਗੇ ਕਿਹਾ ਕਿ ਘੁਬਾਇਆ ਜੀ ਦੀ ਸਰਗਰਮ ਅਗਵਾਈ ਨਾਲ ਐਫ.ਸੀ.ਆਈ. ਦੀਆਂ ਸੇਵਾਵਾਂ ਦਾ ਹੋਰ ਪ੍ਰਭਾਵਸ਼ਾਲੀ ਅਤੇ ਪਹੁੰਚਯੋਗ ਬਣਾਇਆ ਜਾ ਸਕੇਗਾ।

ਇਸ ਮੌਕੇ ਵਿਕਟਰ ਛਾਬੜਾ ਅਤੇ ਗੋਲਡੀ ਛੋੜਾ ਨੇ ਸਾਂਸਦ ਸ਼ੇਰ ਸਿੰਘ ਘੁਬਾਇਆ ਦੇ ਸਮਾਜਿਕ ਅਤੇ ਸਿਆਸੀ ਸੇਵਾਵਾਂ ਦੀ ਸ਼ਲਾਘਾ ਕੀਤੀ।

# ਭਗਤ ਸਿੰਘ ਫੁੱਟਬਾਲ ਕਲੱਬ ਵੱਲੋਂ ਕੋਚਿੰਗ ਕੈਂਪ ਲਗਾ ਕੇ ਬੱਚਿਆਂ ਨੂੰ ਦਿੱਤੀ ਜਾ ਰਹੀ ਹੈ ਸਿਖਲਾਈ

ਗੜ੍ਹਸ਼ੰਕਰ, 27 ਜੂਨ: ( ਅਜਮੇਰ ਸਿੰਘ ਭਨੋਟ) ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦੇ ਮਕਸਦ ਨਾਲ ਪਿਛਲੇ ਸਾਲਾ ਦੀ ਤਰ੍ਹਾਂ ਇਸ ਸਾਲ ਵੀ ਸ਼ਹੀਦ-ਏ-ਆਜ਼ਮ ਸ.ਭਗਤ ਸਿੰਘ ਫੁੱਟਬਾਲ ਕਲੱਬ ਵੱਲੋਂ ਗੜ੍ਹਸ਼ੰਕਰ ਵਿਖੇ ਤੀਸਰਾਂ ਸਮਰ ਫੁੱਟਬਾਲ ਕੋਚਿੰਗ ਕੈਂਪ ਲਗਾਕੇ ਬੱਚਿਆਂ ਨੂੰ ਫੁੱਟਬਾਲ ਦੀ ਟਰੇਨਿੰਗ ਦਿੱਤੀ ਜਾ ਰਹੀ ਹੈ। ਇਸ ਕੋਚਿੰਗ ਕੈਂਪ ਵਿੱਚ 5 ਤੋਂ ਲੈਕੇ 17 ਸਾਲ ਤੱਕ ਦੇ ਬੱਚਿਆਂ ਨੂੰ ਸ਼ਾਮ ਸਾਡੇ 5 ਤੋਂ ਸਾਡੇ 7 ਤੱਕ ਮੁਫਤ ਦੇ ਵਿੱਚ ਫੁੱਟਬਾਲ ਦੀ ਟ ?ਰੇਨਿੰਗ ਦਿੱਤੀ ਜਾ ਰਹੀ ਹੈ, ਜਿਸਦੇ ਲਈ ਪ੍ਰਬੰਧਕ ਕਮੇਟੀ ਵਲੋਂ ਇੱਕ ਕੋਚ ਵੀ ਨਿਯੁਕਤ ਕੀਤਾ ਗਿਆ ਹੈ। ਕੈਂਪ ਵਾਰੇ ਜਾਣਕਾਰੀ ਦਿੰਦੇ ਹੋਏ ਪਰਮਜੀਤ ਸਿੰਘ ਪੰਮਾ ਕਮੇਟੀ ਮੈਂਬਰ ਨੇ ਦੱਸਿਆ ਕਿ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਫੁੱਟਬਾਲ ਕਲੱਬ ਦੇ ਪ੍ਰਧਾਨ ਐਡਵੋਕੇਟ ਜਸਵੀਰ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਕੂਲ ਵਿੱਚ ਪੜ੍ਹਨ ਵਾਲੇ ਬੱਚਿਆਂ ਨੂੰ ਗਰਮੀ ਦੀਆਂ ਛੁੱਟੀਆਂ ਦੁਰਾਨ ਫੁੱਟਬਾਲ ਦੀ ਟ ?ਰੇਨਿੰਗ ਦੇਣ ਲਈ ਇਹ ਕੈਂਪ ਲਗਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਵਾਰ ਇਸ ਕੈਂਪ ਦੇ ਵਿੱਚ ਇਲਾਕੇ ਤੋਂ 80 ਦੇ ਕਰੀਬ ਬੱਚੇ ਫੁੱਟਬਾਲ ਦੀ ਟ ?ਰੇਨਿੰਗ ਲੈ ਰਹੇ ਹਨ ਅਤੇ ਇਸ ਸਮਰ ਕੈਂਪ ਦੇ ਵਿੱਚ ਹਿਸਾ ਲੈਣ ਵਾਲੇ ਬੱਚਿਆਂ ਲਈ ਰਿਫਰੇਸ਼ਮੈਂਟ ਦਾ ਖ਼ਾਸ ਪ੍ਰਬੰਧ ਕੀਤਾ ਹੈ। ਉਨ੍ਹਾਂ ਅੱਗੇ ਦੱਸਿਆ ਕਿ 30 ਜੂਨ ਨੂੰ ਇਸ ਸਮਰ ਕੈਂਪ ਦੇ ਅਖੀਰਲੇ ਦਿਨ ਸਮਰ ਕੈਂਪ ਦੇ ਸਰਟੀਫਿਕੇਟ ਅਤੇ ਮੈਡਲ ਵੀ ਦਿੱਤੇ ਜਾਣਗੇ। ਉਨ੍ਹਾਂ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਲਈ ਸੀਨੀਅਰ ਸੈਕੰਡਰੀ ਸਕੂਲ ਗੜ੍ਹਸ਼ੰਕਰ ਦੀ ਗਰਾਊਂਟ ਵਿੱਚ ਭੇਜਕੇ ਸਮਰ ਕੈਂਪ ਦਾ ਲਾਹਾ ਲੈਣ।

## ਸਿਰਲੇਖਵਾਰ ਇਸ਼ਤਿਹਾਰ/Classified Advertisement


(U/o 5 Rule 20 CPC)
**In the Court of Ms. Renu Goyal Civil Judge (Junior Division)-2, Phagwara**
CNR No.PBFG02-000451-2023
Next Date:22.08.2025
State Bank of India
Versus
M/s Deep Laises Store
Notice to: 1.M/S DEEP LAISES STORE Near post office Road, Sirhind Mandi, Tehsil and distt. Fatehgarh Sahib through its prop. Manpreet Singh son of sh. Inderjit Singh(Borrower) 2. Manpreet Singh son of sh. Inderjit Singh r/o H.No.244 W. No. 11 Professor Colony Sirhind Mandi Tehsil and Distt. Fatehgarh Sahib. IInd Address:- Village Ragho Majra Patiala 3. Bhavneet Kaur w/o Manpreet Singh s/o inderjit Singh H.No.244 W. No. 11 Professor Colony Sirhind Mandi Tehsil and Distt. Fatehgarh Sahib. IInd Address:- Village Ragho Majra Patiala
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on 22.08.2025 at 10:00 A.M.
For details logon to https://highcourtchd.gov.in/?trs=district_notice&district=Fatehgarh Sahib
Dated, this day of 15-01-2025
**Sd/- Civil Judge (Junior Division)-2, Phagwara**

(U/o 5 Rule 20 CPC)
**In the Court of Sh. Ajay Pal Singh Additional Civil Judge (Senior Division), Hoshiarpur**
CNR No. PBHO02-001714-2024
Next Date:-18-08-2025
CS/1124/2024
Yudhvir Thakur Son of Umesh Thakur, Resident of Kakkon, Hoshiarpur, Tehsil and District Hoshiarpur.
Versus
Sohan Lal Son of Ram Nath, Resident of Mohalla Kamalpur, Hoshiarpur and others.
Notice to: 2. Dinesh Kumar Son Of Tribohan, Resident Of Village Okara, Post Office Yamunapur, Ambedkar Nagar, U.P At Present Resident Of Mohalla Ramgarh, Hoshiarpur.7. Anju Bala Chauhanm Wife Of Vinod Kumar Chauhan 9. Amandeep Singh Son Of Harbans Singh 10. Ashwinder Singh Son Of Tarlochan Singh 12 Vishal Verma Son Of Charanjit Verma 13. Sandeep Kaur Wife Of Baljit Singh 14.Naresh Gupta Son Of Ramesh Chander 15. Lalita Rani Wife Of Ashok Kumar 16. Pardeep Nanda Son Of Desh Raj All Residents Of Mohalla Hoshiarpur Enclave (Arora Colony) Kakkon, Hoshiarpur.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 18.08.2025 at 10:00 A.M.
For details logon to https://highcourtchd.gov.in/?trs=district_notice&district=Hoshiarpur
Dated this day of 03-06-2025
**Sd/- Additional Civil Judge (Senior Division), Hoshiarpur**

**DISTRICT CONSUMER DISPUTES REDRESSAL COMMISSION, LUDHIANA New Court Complex, Room no.7, Old Wing, Ferozepur Road, Ludhiana,**
No. DCDRC/Ldh/2025/ 1539
Dated: 09-06-2025
CC no. 24/1206 Dt.19/07/2024
Fixed for 14/08/2025
Gurmeet Singh
Versus
Dashmesh Pipe Industries
To: M/s Dashmesh Pipe Industries, Ferozepur Road, Bhanohar, Tehsil Mullanpur District Ludhiana
Opp.no.1
Wheeas a complaint has been filed by the Complainant against you ie M/s Dashmesh Pipe Industries, Ferozepur Road, Bhanohar, Tehsil Mullanpur District Ludhiana is directed to release the amount of Employees Provident Fund & Grant EPF Pension.
Whereby the notice to the opposite party can not be served in an ordinary manner and they have been ordered to be served through publication in the Daily Chardikalan, Patiala. They are being informed through this notice to appear in the Commission on 14/08/2025. Failing which exparte proceedings shall be taken against you.
The case will come up on 14/08/2025 at 10.00 a.m.
**Sd/- President District Consumer Disputes Redressal Commission, Ludhiana**

(U/o 5 Rule 20 CPC)
**In the Court of Sh. Mahesh Kumar Additional Civil Judge (Senior Division), SBS Nagar**
CNR No.PBSB02-001381-2022
Next Date:19.08.2025
CIS NO. CS/795/2022
Punjab National Bank
Versus
Kuldeep Singh
Suit for Recovery
Notice to: Kuldeep Singh Son of Sohan Singh now deceased through his Lr:- 1(b) Sarabjit Kaur D/o Kuldeep Singh Son of Sohan Singh R/o Vill. Hansro, Teh Nawanshahr, Distt. SBS Nagar
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on 19.08.2025 at 10:00 A.M.
For details logon to https://highcourtchd.gov.in/?trs=district_notice&district=sbsnagar
Dated this day of 05-06-2025
**Sd/- Additional Civil Judge (Senior Division), SBS Nagar**

(U/o 5 Rule 20 CPC)
**In the Court of Sh. Suresh Kumar Civil Judge (Junior Division), Bholath**
CNR No.PBKPC0-000175-2024
Next Date:21.08.2025
Case NO. 130/2024
Rattan Singh
Versus
Baljinder Kaur
Notice to: Baljinder Kaur Spouse:-Sukhjinder Singh Village Chan Chak, Tehsil Bholath, District Kapurthala
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on 21.08.2025 at 10:00 A.M.
For details logon to https://highcourtchd.gov.in/?trs=district_notice&district=Kapurthala
Dated, this day of 09-06-2025
**Sd/- Civil Judge (Junior Division), Bholath**

**In the Court of Sh. Jaswinder Singh Judicial Magistrate First Class-2, Phagwara**
CNR No.PBKPA1-003982-2021
Next Date:22.07.2025
Rahil Aggarwal
Versus
Rahul Luther
Detail of offence:- U/s 138 of Negotiable Instruments Act
Notice to: 1. Rahul Luther Prop.M/s Aarya Forgings, near electricity office, Basti Sheikh, Jalandhar 2. M/s Arya Forgings, Near Electricity office, Basti Sheikh, Jalandhar Through Prop. Rahul Luther
In above titled Petition the accused could not be served. It is ordered that accused should appear in person or through counsel on 22.07.2025 at 10:00 A.M.
For details logon to https://highcourtchd.gov.in/?mod=district_notice&district=Kapurthala
Dated, this day of 31-05-2025
**Sd/- Judicial Magistrate First Class-2, Phagwara**

(U/o 5 Rule 20 CPC)
**In the Court of Ms. Dipti Goyal Prinicpal Judge Family Court, Budhlada**
CNR No. PBMNF2-000111-2023
Next Date:-11-07-2025
Gurdev Singh Son of Dharmu Singh, R/o Kulrian, Tehsil Budhlada, Mansa.
Versus
Rimpi Kaur widow Jasmail Singh Son of Gurdev Singh, Kulrian, Tehsil Budhlada, Now D/o Bhola Singh R/o Khahangarh, Tehsil Budhlada, Mansa
Notice to: Gurdev Singh Son:- Dharmu Singh Kulrian, Tehsil Budhlada, Distt. Mansa
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 11.07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 03-05-2025
**Sd/- Prinicpal Judge Family Court, Budhlada**

(U/o 5 Rule 20 CPC)
**In the Court of Ms. Ramandeep Neetu Additional Civil Judge (Senior Division), Mukerian**
CNR No.PBHOC0-000424-2025
Next Date:-25-08-2025
CS-304-2025
Pooja age 46 years W/o Vijay Kamal S/o Bhram Singh r/o Village Marula PO Hajipur Tehsil Mukerian District Hoshiarpur
Versus
General Public
Suit for declaration
Notice to: General Public:- General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 25.08.2025 at 10:00 A.M.
For details logon to https://highcourtchd.gov.in/?mod=district_notice&district=Hoshiarpur
Dated this day of 11-06-2025
**Sd/- Additional Civil Judge (Senior Division), Mukerian**

(U/o 5 Rule 20 CPC)
**In the Court of Sh. Avtar Singh Barda Additional District and Sessions Judge-4, Patiala**
CNR No. PBPT01-004022-2025
Next Date:-25-08-2025
MHA-02-2025
ILa Jain
Versus
General Public
Notice to: General Public Patiala Punjab India
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 25.08.2025 at 10:00 A.M.
For details logon to https://highcourtchd.gov.in/?mod=district_notice&district=patiala
Dated this day of 04-06-2025
**Sd/- Additional District and Sessions Judge-4, Patiala**

### ਆਮ ਸੂਚਨਾ
ਮੈਂ, ਰਮਨਦੀਪ ਕੌਰ ਪਤਨੀ ਹਰਦੀਪ ਸਿੰਘ ਪੁੱਤਰ ਰਾਮ ਸਿੰਘ ਦੁਰ ਪਤਨੀ ਗੁਰਵਿੰਦਰ ਸਿੰਘ ਪੁੱਤਰ ਸਰਵਨ ਸਿੰਘ ਵਾਸੀ ਪਿੰਡ ਨੰਦਪੁਰ ਕੇਸ਼ੋ ਜ਼ਿਲ੍ਹਾ ਪਟਿਆਲਾ ਸੂਚਿਤ ਕਰਦੀ ਹਾਂ ਕਿ ਮੇਰੇ ਬੇਟੇ ਗਗਨਦੀਪ ਸਿੰਘ ਦੇ ਪਿਤਾ ਦਾ ਨਾਮ ਗੁਰਵਿੰਦਰ ਸਿੰਘ ਪੁੱਤਰ ਸਰਵਨ ਸਿੰਘ ਪੜ੍ਹਿਆ ਤੇ ਜਾਣਿਆ ਜਾਵੇ।

### ਬੇਦਖਲੀ ਸੂਚਨਾ
ਮੈਂ, ਮਨਜੀਤ ਕੌਰ ਪਤਨੀ ਲੇਟ ਅਜੀਤ ਸਿੰਘ ਵਾਸੀ ਮਕਾਨ ਨੰਬਰ 3452, ਮੁੱਲਾਂ ਹਲਵਾਈਆਂ ਸਰਹਿੰਦ ਮੰਡੀ, ਤਹਿਸੀਲ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਰਾਜਿੰਦਰ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ, ਭੈੜੀ ਸੰਗਤ ਵਿੱਚ ਪੈ ਗਿਆ ਹੈ, ਮੇਰੀ ਬਿਲਕੁਲ ਵੀ ਇੱਜ਼ਤ ਨਹੀਂ ਕਰਦਾ ਤੇ ਤੰਗ ਪ੍ਰੇਸ਼ਾਨ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ/ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਇਸ ਨਾਲ ਕੋਈ ਵੀ ਸਬੰਧ ਨਹੀਂ ਰਿਹਾ।

**ਦਫ਼ਤਰ ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ, ਸੰਗਰੂਰ**
**ਚੋਣ ਸਬੰਧੀ ਸੂਚਨਾ**
ਦੀ ਕਵਾਨੀਗੜ੍ਹ ਬਲਾਕ ਸਰਵ ਸਹਿਕਾਰੀ ਮਕਾਨ ਉਸਾਰੀ ਸਭਾ ਲਿਮ: ਭਵਾਨੀਗੜ੍ਹ ਦੀ ਪ੍ਰਬੰਧਕ ਕਮੇਟੀ ਦੀ ਚੋਣ ਮਿਤੀ 03.07.2025 ਤੋਂ 04.07.2025 ਨੂੰ ਦਫ਼ਤਰ ਹਾਊਸਿੰਗ, ਗਲੀ ਨੰ. 1, ਪ੍ਰੇਮ ਬਸਤੀ ਸੰਗਰੂਰ ਵਿਖੇ ਸਵੇਰੇ 7 ਵਜੇ ਤੋਂ ਸ਼ਾਮ 5 ਵਜੇ ਤਕ ਹੋਣੀ ਹੈ। ਚੋਣ ਬਾਰੇ ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਮਾਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨ।
ਸਹੀ/- ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ, ਸੰਗਰੂਰ

### ਨਾਮ ਦੀ ਬਦਲੀ
ਮੈਂ, ਦਵਿੰਦਰ ਸਿੰਘ ਢਿਲੋਂ ਪੁੱਤਰ ਸ਼੍ਰੀ ਸੁਚਾ ਸਿੰਘ ਵਾਸੀ 38 ਪਿੰਡ ਧਾਦਰਾ ਪਟਿਆਲਾ ਨੇ ਆਪਣਾ ਨਾਮ ਬਦਲ ਕੇ ਦਵਿੰਦਰ ਸਿੰਘ ਰੱਖ ਲਿਆ ਹੈ।

ਮੈਂ, ਬਲਦੀਪ ਕੌਰ ਪਤਨੀ ਜਸਪਾਲ ਸਿੰਘ ਵਾਸੀ ਮਕਾਨ ਨੰਬਰ ਨੰ.112 ਪਿੰਡ ਰਸਤਪੁਰ ਪਰੋਹਤਾਂ ਪਟਿਆਲਾ ਨੇ ਆਪਣਾ ਨਾਮ ਬਦਲ ਕੇ ਬਲਦੀਪ ਕੌਰ ਰੱਖ ਲਿਆ ਹੈ।

**ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।**

**ਜ਼ਰੂਰੀ ਸੂਚਨਾ**
ਰੋਜ਼ਾਨਾ ਚੜ੍ਹਦੀਕਲਾ ਵਿੱਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਦੀ ਜਿੰਮੇਵਾਰੀ ਨਹੀਂ ਲੈਂਦਾ। ਸ੍ਰਬ ਅਖ਼ਬਾਰ ਇਨ੍ਹਾਂ ਦੇ ਤੱਥਾਂ ਦਾ ਸਮਰਥਨ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਕਿਸੇ ਵੀ ਇਸ਼ਤਿਹਾਰ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

**PUBLIC NOTICE**
This is to inform and seek objections, if any, from general public that our client is intending to purchase total land measuring 66 acres approx., from Smt. Juvija Chadha, Sh. Gurpreet Saini, Sh. Sadhu Singh Ranjit Singh Amrik Singh, Kuldeep Singh, Daulat Singh, Sh. Amandeep Singh, Sh. Angrez Singh and their family members, ('Owners') to the extent of total holding held by owners in the land as follows
1. Land forming party of khasra nos. 8//14(3-11), 8//24(7-11),12//4/2(1-2),8//17min(3-12),8//17min(0-8),11//9/2(2-9), 11//10/2 (2-13), 11//11(5/7), 6//8/2(2-18), 6//13/2(5-8), 6//14/1(2-0),6//17/2(2-0),6//23(7-4),6//18(7-12),12//6min(1/18), 12//15min(1-16), 12//6min(2-4),12//7/2(2-7), 9//22(7-3), 9//23/1(0-13),9//30(0-11),11//2/1(0-8),11//9/1(5-11),11//10/1(5-7), 8//4/2(2-17),8//4/1(2-13),8//3/1(3-2),8//3/2(4-18),8//25/3(1-2), 9//21/2/2(3-10),9//21/3/2(0-4),1//1/1(0-19),11//1/3(0-2), 8//12(3-13),8//13(8-13),8//18(7-16),8//19(0-16),8//23(4-16),9//23/ 2/2(2-10),11//3/2(0-9),11//3/3(2-17),11//8(4-1),5//8(4-12), 5//9/1(5-0), 6//14/2(6-0), 6//17/1/2(4-8), 6//24/2(1-15), 6//24/1(5-9situated at village Ratwara, Sub Tehsil Majri, Tehsil Kharar, District SAS Nagar, Mohali.
2. Land forming part of Khasra nos. 1409/1(0-13), 1388(1-16),1406(3-3),1407(6-7),1408(6-7),1362(3-11),1405(4-5), 1402(4-14),1404(1-17),1366(1-8),1399(0-17),1392(6-8),1393(6-15), 1394(3-14),1395(0-9),1400(0-11),1410(0-12),1412(0-2), 1413(0-6),1415(0-8),1398min(0-7),1398min(0-3),1397(0-17), 1389(0-18), 1390(0-18), 1377/1(3-3), 1409/2(0-9),2418-19/1375(3-3), 2422-23/1378/1(2-9),1396(0-9),1414(0-8),1361(3-05),1363 & 1364 (3-0)situated in Village Mullanpur Garibdas, Sub Tehsil Majri, Tehsil Kharar, District SAS Nagar, Mohali.
3. Land forming part of khasra nos. 2//15/1(4-12), 2//17(7-7), 2//25(8-0),6//5(6-11),56(1-16),2//16/1(6-13),2//16/2(0-13), 2//22/1(0-18), 6//3/1(1-4), 6//9/1(4-18), 3//19/2(4-3), 3//20/1(6-12), 3//20/2(1-8), 3//21/1(1-7), 2//23/1/1(1-12), 2//23/2/2(2-0), 2//23/3/2(1-7),2//24/2(3-7),6//3/2(6-0),6//7(8-0), 6//26(11-11), 2//9(0-1), 2//12(6-1), 2//13/2(6-12), 2//18/2(1-15), 2//19/1/1(1-12),2//19/3/1(1-13),6//8(7-4),6//9/2(3-2),6//12/2(4-0), 6//13/1(1-0),6//12/1/1(1-6), 6//13/2/1(1-0), 6//19/1/2(7-3), 6//22(8-0), 13//6/1(4-0),13//7/2(3-14),13//8(8-0), 13//13(8-0), 13//14/1(7-8),6//15/1(0-12),6//17(2-4),6//18(7-1),6//23(0-8),6//13/2 /2/2(2-1),6//14/2(6-1),6//16(8-0),6//17/1(7-12),6//18/1(0-17), 6//23/1 (3-10), 6//24/2(4-2), 6//25(8-0), 13//3/1(7-5), 13//4/1(0-16),13//5/2(7-10), 2//18/3/1(4-7), 2//18/3/2(0-5), 2//19/2(1-11),2//22/1/2(2-2),2//22/2/2(5-0), 2//23/1/2(1-12), 2//23/2/1(0-8), 2//23/3/1(0-5), 5//9/1,8 (3-0), 5//1,2,3(6-12) situated at Village Chahar Majra, Sub Tehsil Majri, Tehsil Kharar, District SAS Nagar, Mohali.
Any person(s) or entity(ies) including any Govt./ Public Department, Bank or Financial Institution, etc., is having or claiming to have any share, right, title, claim and/ or interest in respect of the said Property or any part thereof, of any nature whatsoever and/ or any claim by way of, under, or in the nature of any agreement, sale, transfer, assignment, lis-pendens, family arrangement, settlement, lease, sub-lease, exchange, tenancy, sub-tenancy, license, mortgage, inheritance, bequest, gift, lien, charge, outgoings, maintenance, easement, trust, possession, development rights, right of way, reservation, covenant or condition, encumbrance, occupation, pre-emption, decree or order of any court of law, partnership, acquisition by the government or any entity, prohibition or any impediment in respect of Property, or otherwise of whatsoever nature over the said Property, or part thereof and/ or having any objection(s) of any manner whatsoever is hereby required to make the same known in writing along with the supporting documents to the undersigned within 07 (Seven) days from the date of publication of this notice, failing which it will be presumed that no one has any right, title or interest in the said Property. Any claim not made in writing as hereby required shall be deemed as waived or abandoned and not binding to undersigned or their successors/ nominee/assignees in any manner whatsoever to purchase the said Property and any sort of claim from any person thereafter will not be entertained and/ or taken into consideration.
**Dated this 26th day of June 2025,**
**Mr. Jatin Kumar, Advocate For Rajesh Goel and Co, SCO 833, Level 1, Sector 13, NAC Manimajra, Madhya Marg U.T. Chandigarh.**

**ਜਨਤਕ ਸੂਚਨਾ**
**ਵੱਲੋਂ ਸ਼੍ਰੀ ਰਾਜੀਵ ਤਿਵਾੜੀ, ਸਹਾਇਕ ਜਾਇਦਾਦ ਅਫ਼ਸਰ, ਯੂ.ਟੀ., ਚੰਡੀਗੜ੍ਹ**

**ਵਿਸ਼ਾ: ਲੀਜ਼ ਹੋਲਡ ਦਾ ਤਬਾਦਲਾ ਸਵਰਗਵਾਸੀ ਸੁਰੇਸ਼ ਕੁਮਾਰ ਅਰੋੜਾ ਦੀ ਰਜਿਸਟਰਡ ਵਸੀਅਤ ਦੇ ਆਧਾਰ 'ਤੇ ਵਪਾਰਕ ਐਸ.ਸੀ.ਓ. ਨੰਬਰ 497-498, ਸੈਕਟਰ 35-ਸੀ, ਚੰਡੀਗੜ੍ਹ (ਸੀ.ਪੀ.ਐਲ. 4739) ਦੇ 5.00% ਹਿੱਸੇਦਾਰੀ ਦੇ ਅਧਿਕਾਰ।**
ਆਮ ਜਨਤਾ ਅਤੇ ਸਾਰੇ ਸੰਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀ ਸੁਰੇਸ਼ ਕੁਮਾਰ ਅਰੋੜਾ ਵਪਾਰਕ ਐਸ.ਸੀ.ਓ. ਨੰਬਰ 497-498, ਸੈਕਟਰ 35-ਸੀ, ਚੰਡੀਗੜ੍ਹ ਦੇ 5.00% ਹਿੱਸੇਦਾਰੀ ਦੇ ਮਾਲਕ/ਪੱਟੇਦਾਰ ਹਨ। ਨੀਲਮ ਅਰੋੜਾ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀ. ਸੁਰੇਸ਼ ਕੁਮਾਰ ਅਰੋੜਾ ਦੀ ਮੌਤ 15/09/2023 ਨੂੰ ਹੋ ਗਈ ਸੀ ਅਤੇ ਉਨ੍ਹਾਂ ਨੇ/ਉਨ੍ਹਾਂ ਨੇ ਮ੍ਰਿਤਕ ਮਾਲਕ/ਪੱਟੇਦਾਰ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:-
1. ਨਿਪਨ ਅਰੋੜਾ : ਪੁੱਤਰ
2. ਨਿਧੀ ਚਾਵਲਾ : ਧੀ
3. ਨੀਲਮ ਅਰੋੜਾ : ਪਤਨੀ
ਹੁਣ, ਨੀਲਮ ਅਰੋੜਾ ਨੇ 22/06/2023 ਦੀ ਰਜਿਸਟਰਡ ਵਸੀਅਤ ਦੇ ਆਧਾਰ 'ਤੇ, ਮਰਹੂਮ ਸੁਰੇਸ਼ ਕੁਮਾਰ ਅਰੋੜਾ ਦੁਆਰਾ ਆਪਣੇ ਹੱਕ ਵਿੱਚ ਰੱਖੇ ਗਏ 5.00% ਸ਼ੇਅਰ ਦੀ ਹੱਦ ਤੱਕ ਵਪਾਰਕ ਐਸਸੀਓ ਨੰਬਰ 497-498, ਸੈਕਟਰ 35-ਸੀ, ਚੰਡੀਗੜ੍ਹ ਦੇ ਸੰਬੰਧ ਵਿੱਚ ਲੀਜ਼ ਅਧਿਕਾਰਾਂ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਕੋਲ ਉੱਪਰ ਦੱਸੇ ਗਏ ਤੋਂ ਇਲਾਵਾ ਮ੍ਰਿਤਕ ਦੇ ਕਿਸੇ ਹੋਰ ਕਾਨੂੰਨੀ ਵਾਰਸ (ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ ਤਾਂ ਉਹ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਸੂਚਿਤ ਕਰ ਸਕਦੇ ਹਨ। ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਹੇਠ ਹਸਤਾਖਰ ਕੀਤੇ ਵਿਅਕਤੀ ਦੇ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ (ਮੈਜਿਸਟ ?ਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਨਾਲ ਸਮਰਥਤ) ਇਸਨੂੰ ਜਮ ?ਹਾਂ ਕਰਵਾ ਸਕਦੇ ਹਨ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਨੂੰ ਉਪਰੋਕਤ ਲਾਭਪਾਤਰੀਆਂ/ਵਿਅਕਤੀਆਂ ਦੇ ਨਾਮ 'ਤੇ ਇੰਤਕਾਲ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।
**ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ, ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

**ਪੰਜਾਬ ਮੰਡੀ ਬੋਰਡ**
EMail ID:- pmb.xencbar@punjab.gov.in
ਆਨਲਾਈਨ ਬੋਲੀਦਾਰ ਪੱਤਰ
ਟੈਂਡਰ ਨੋਟਿਸ ਨੰ. 05 (2025) ਮਿਤੀ 27.06.2025
ਕਾਰਜਕਾਰੀ ਇੰਜੀਨੀਅਰ (ਸਿਵਲ) ਪੰਜਾਬ ਮੰਡੀ ਬੋਰਡ, ਵਿਕਾਸ ਭਵਨ, ਨਵੀਂ ਦਾਣਾ ਮੰਡੀ, ਬਰਨਾਲਾ ਵੱਲੋਂ ਜ਼ਿਲ੍ਹਾ ਬਰਨਾਲਾ ਅਧੀਨ ਆਉਂਦੀਆਂ ਮਾਰਕਿਟ ਕਮੇਟੀ ਮਹਿਲ ਕਲਾਂ ਅਤੇ ਤਪਾ ਵਿਖੇ Moder naizaton of Link Roads, ਕਰਨ ਲਈ ਸਾਲ 2025-26, ਪੰਜਾਬ ਮੰਡੀ ਬੋਰਡ ਨਾਲ ਸੂਚੀਬੱਧ ਠੇਕੇਦਾਰ ਤੋਂ ਬੋਲੀਕਾਰਾਂ ਤੋਂ ਬੋਲੀਆਂ ਮੰਗੀਆਂ ਜਾਂਦੀਆਂ ਹਨ। ਵੇਰਵਿਆਂ, ਸ਼ਰਤਾਂ ਤੇ ਪ੍ਰਤੀਬੇਨ ਜੇਕਰ ਕੋਈ ਸੋਧ ਹੋਵੇਗੀ ਤਾਂ ਸਿਰਫ ਵੈੱਬਸਾਈਟ ਉੱਤੇ ਹੀ ਜਾਰੀ ਕੀਤੀ ਜਾਵੇਗੀ।
Closing Date & Time: 24-07-2025 11:AM
ਸਹੀ/- ਕਾਰਜਕਾਰੀ ਇੰਜੀਨੀਅਰ (ਸ), ਪੰਜਾਬ ਮੰਡੀ ਬੋਰਡ, ਬਰਨਾਲਾ
**Ro No PR ADVT NO: 1338/12/2025-26/619/Dated CHD: 27/06/2025**

**ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ.**
ਰਜਿ. ਦਫ਼ਤਰ:-ਪੀ.ਐਸ.ਈ.ਬੀ. ਹੈਡਆਫਿਸ, ਦੀ ਮਾਲ ਪਟਿਆਲਾ-147001
Corporate Identification Number (CIN)-U40109PB2010SGC033813 :GSTIN03 AAFCP5120Q1ZC
Mob.96461-13034 e-mail Xenbatala2@yahoo.com
ਟੈਂਡਰ ਇਨਕੁਆਰੀ ਨੰਬਰ 03/2025-26/PSPCL dtd 25-06-2025
ਬਾਹਰਲੇ ਸੋਮਿਆਂ ਤੋਂ ਇਕ ਨੰਬਰ Diesel Vehicle Mohindra Genus/ Bolero Camper/TATA 207/408 ਜਾਂ ਇਸ ਦੇ ਬਰਾਬਰ ਦੀ ਕੀਮਤ ਵਾਲੀ ਗੱਡੀ ਈਈ ਸ/ਡ ਕੋਟਲੀ ਸੂਰਤ ਮੱਲੀ ਅਧੀਨ ਵਧੀਕ ਨਿਗਰਾਨ ਇੰਜੀ:/ਸੰਚਾ:, ਦਿਹਾਤੀ ਮੰਡਲ ਬਟਾਲਾ ਦੇ ਦਫਤਰ ਲਈ ਇੱਕ ਸਾਲ ਵਾਸਤੇ ਕਿਰਾਏ 'ਤੇ ਲੈਣ ਸੰਬੰਧੀ।

| | |
|---|---|
| ਟੈਂਡਰ ਦਸਤਾਵੇਜ਼ ਵੇਚਣ ਦੀ ਆਖਰੀ ਮਿਤੀ | : 17.07.2025 |
| ਟੈਂਡਰ ਪ੍ਰਾਪਤ ਕਰਨ ਦੀ ਆਖਰੀ ਮਿਤੀ ਅਤੇ ਸਮਾਂ | : 17.07.2025 11:00Hrs |
| ਟੈਂਡਰ ਖੋਲ੍ਹਣ ਦੀ ਮਿਤੀ ਅਤੇ ਸਮਾਂ | : 27.06.2025, 13:00 Hrs |
| ਟੈਂਡਰ ਦਸਤਾਵੇਜ਼ ਦੀ ਕੀਮਤ | : Rs.1180/-(ਸਮੇਤ ਜੀ.ਐਸ.ਟੀ.) |

ਇਸ ਨੋਟਿਸ ਸੰਬੰਧੀ ਡਿਟੇਲ PSPCL website(www.pspcl.in)ਡਾਊਨਲੋਡ ਕੀਤੀ ਜਾ ਸਕਦੀ ਹੈ। ਕਿਸੇ ਸੋਧ ਲਈ ਅਖ਼ਬਾਰ ਵਿਚ ਵੱਖਰਾ ਇਸ਼ਤਿਹਾਰ ਨਹੀਂ ਦਿੱਤਾ ਜਾਵੇਗਾ। ਇਸ ਲਈ ਚਾਹਵਾਨ ਕਿਸੇ ਵੀ ਅਪਡੇਟ ਲਈ ਵੈਬਸਾਈਟ ਰੈਗੂਲਰ ਚੈਕ ਕਰਦੇ ਰਹਿਣ।
Detailed NIT/Specifications/Terms abd Conditions may be downloaded from PSPCL website(www.pspcl.in) Corrigendum if any, will not be published in news paper as such the website may be Visited Regularly for any update. C447/25
**Ro No PR ADVT NO: 1079/12/2025-26/640/ Dated CHD: 27/06/2025**

**kotak** Kotak Mahindra Bank
**ਕੋਟਕ ਮਹਿੰਦਰਾ ਬੈਂਕ ਲਿਮ.** ਅਸਾਸੇ ਦੀ ਆਨਲਾਈਨ ਈ-ਨਿਲਾਮੀ ਵਿਕਰੀ
ਪੰਜੀਕ੍ਰਿਤ ਦਫ਼ਤਰ : 27, ਬੀਕੇਸੀ ਸੀ-27, ਜੀ-ਬਲਾਕ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਈ), ਮੁੰਬਈ- 400051, ਸ਼ਾਖਾ ਦਫਤਰ : ਕੋਟਕ ਮਹਿੰਦਰਾ ਬੈਂਕ ਲਿਮ.- ਐਸਸੀਓ 120, 6ਵੀਂ ਮੰਜ਼ਿਲ, ਫਿਰੋਜ਼ ਗਾਂਧੀ ਮਾਰਕੀਟ, ਫਿਰੋਜ਼ਪੁਰ ਰੋਡ, ਭਾਈਵਾਲਾ ਚੌਕ, ਲੁਧਿਆਣਾ, 141001
**ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ**
ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੇ ਨਿਯਮ 8(5) ਅਤੇ 8(6) ਦੇ ਤਹਿਤ ਵਿੱਤੀ ਸੰਪਤੀਆਂ ਦੇ ਪ੍ਰਤੀਭੂਤੀਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਹਿੱਤ ਐਕਟ, 2002 ਦੇ ਲਾਗੂਕਰਨ ਦੇ ਤਹਿਤ ਅਚੱਲ ਸੰਪਤੀਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ। "ਮੈਪ ਫਿਨਸਰਵ ਪ੍ਰਾਈਵੇਟ ਲਿਮਟਿਡ (MFPL) ਦੁਆਰਾ ਕੋਟਕ ਮਹਿੰਦਰਾ ਬੈਂਕ ਲਿਮਟਿਡ ਦੇ ਹੱਕ ਵਿੱਚ ਕਰਜ਼ੇ ਦੀ ਨਿਯੁਕਤੀ ਤੋਂ ਬਾਅਦ, ਜਿਸਨੂੰ ਬਾਅਦ ਵਿੱਚ ਸਮਾਲ ਬਿਜ਼ਨਸ ਫਿਨਕ੍ਰੇਡਿਟ ਇੰਡੀਆ ਪ੍ਰਾਈਵੇਟ ਲਿਮਟਿਡ (SBFC) ਵਜੋਂ ਜਾਣਿਆ ਜਾਂਦਾ ਹੈ, ਕੋਟਕ ਮਹਿੰਦਰਾ ਬੈਂਕ ਲਿਮਟਿਡ (ਇਸ ਤੋਂ ਬਾਅਦ "ਬੈਂਕ/ਕੇਐਮਬੀਐਲ/ਸੁਰੱਖਿਅਤ ਲੈਣਦਾਰ" ਵਜੋਂ ਜਾਣਿਆ ਜਾਂਦਾ ਹੈ) ਦੇ ਅਧਿਕਾਰਤ ਅਧਿਕਾਰੀ ਨੇ 31.01.2025 ਨੂੰ ਹੇਠਾਂ ਦੱਸੀ ਗਈ ਅਚੱਲ ਸੰਪਤੀ (ਇਸ ਤੋਂ ਬਾਅਦ ਸੁਰੱਖਿਅਤ ਸੰਪਤੀ ਕਿਹਾ ਜਾਂਦਾ ਹੈ) ਦਾ ਭੌਤਿਕ ਕਬਜ਼ਾ ਲੈ ਲਿਆ ਹੈ ਜੋ ਗਿਰਵੀ ਰੱਖੀ ਗਈ/ਚਾਰਜ ਕੀਤੀ ਗਈ ਹੈ/ਚਾਰਜ ਕੀਤੀ ਗਈ ਹੈ। ਇਸ ਦੁਆਰਾ ਖਾਸ ਤੌਰ 'ਤੇ ਕਰਜ਼ਦਾਰ(ਾਂ) ਅਤੇ ਸਹਿ-ਕਰਜ਼ਦਾਰ(ਾਂ) ਨੂੰ ਅਤੇ ਆਮ ਤੌਰ 'ਤੇ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਬੈਂਕ ਨੇ **ਨਿਮਨ ਵੇਰਵਿਆਂ ਅਨੁਸਾਰ ਸ਼੍ਰੀ ਹਰਚਰਨ ਸਿੰਘ ਅਤੇ ਸ਼੍ਰੀਮਤੀ ਰਾਜਵੰਤ ਕੌਰ ਦੁਆਰਾ ਪ੍ਰਾਪਤ ਕਰਜ਼ਾ ਖਾਤਾ ਨੰ. ਪੀਆਰ00461496 ਅਤੇ ਪੀਆਰ00435714** ਅਧੀਨ ਪ੍ਰਾਪਤ ਕਰਜ਼ੇ ਦੀ ਪੂਰਤੀ ਤੱਕ ਭਾਵੀ ਲਾਗੂ ਵਿਆਜ ਸਮੇਤ 20.06.2025 ਦੇ ਅਨੁਸਾਰ ਬਕਾਇਆ **ਰੁ.41,75,172.94/- (ਰੁਪਏ ਇਕਤਾਲੀ ਲੱਖ ਪਚੱਤਰ ਹਜ਼ਾਰ ਇਕ ਸੌ ਬਹੱਤਰ ਅਤੇ ਚੁਰਾਨਵੇਂ ਪੈਸੇ ਕੇਵਲ)** ਦੀ ਵਸੂਲੀ ਲਈ "ਜਿਵੇਂ ਹੈ ਜਿਥੇ ਹੈ", 'ਜਿਵੇਂ ਹੈ ਜੋ ਹੈ", ਅਤੇ "ਜੋ ਵੀ ਉਥੇ ਹੈ" ਆਧਾਰ 'ਤੇ ਸਰਫਾਇਸੀ ਐਕਟ, 2002 ਦੀਆਂ ਵਿਵਸਥਾਵਾਂ ਅਧੀਨ ਈ-ਨਿਲਾਮੀ ਰਾਹੀਂ ਸੁਰੱਖਿਅਤ ਅਸਾਸੇ ਦੀ ਵਿਕਰੀ ਦਾ ਫੈਸਲਾ ਲਿਆ ਹੈ।

| ਬਿਓਰਾ | ਵੇਰਵੇ |
|---|---|
| ਨਿਲਾਮੀ ਦੀ ਮਿਤੀ | 06.08.2025 |
| ਨਿਲਾਮੀ ਦਾ ਸਮਾਂ | ਦੁਪਹਿਰ 12.00 ਵਜੇ ਤੋਂ ਬਾ.ਦੁ. 01.00 ਵਜੇ ਦੇ ਵਿਚਾਲੇ, 5 ਮਿੰਟਾਂ ਦੇ ਅਸੀਮਤ ਵਾਧੇ ਸਮੇਤ |
| ਰਾਖਵੀਂ ਕੀਮਤ | Rs.9,00,000/- |
| ਬਿਆਨਾ ਰਕਮ ਜਮ੍ਹਾਂ (ਈਐਮਡੀ):- | Rs,90,000/- |
| ਕੇਵਾਈਸੀ ਨਾਲ ਬਿਆਨਾ ਰਕਮ ਜਮ੍ਹਾਂ ਕਰਨ ਲਈ ਆਖਰੀ ਮਿਤੀ:- | 05.08.2025 ਨੂੰ ਸ਼ਾਮ 06.00 ਵਜੇ ਤੱਕ (ਭਾਰਤੀ ਸਮੇਂ ਅਨੁਸਾਰ) |
| | ਅਬਾਦੀ ਡੋਗਰਾਵਾਲ, ਕਪੂਰਥਲਾ, ਪੰਜਾਬ-144601 ਵਿਖੇ 74 ਕਨਾਲ 06 ਮਰਲੇ ਮਾਪ ਵਾਲੀ ਕੁੱਲ ਜ਼ਮੀਨ ਦੇ 10/1486 ਹਿੱਸੇ ਵਜੋਂ 0-10 ਮਰਲੇ ਮਾਪ ਵਾਲੇ ਸਾਲ 2005-06 ਦੇ ਲਈ ਜਮ੍ਹਾਂਬੰਦੀ ਅਨੁਸਾਰ ਖੇਵਟ ਨੰ. 73/75, ਖਸਰਾ ਨੰ. 6018/556/2/24-18, 5794/560/18-5, 561/14-9, 562/16-4 ਅਧੀਨ ਪਲਾਟ ਨੰ. 20 ਵਾਲੀ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। |
| ਜਾਣੂੰ ਦੇਣਦਾਰੀਆਂ | Nil ਨਹੀਂ |

ਕਰਜ਼ਦਾਰਾਂ ਦਾ ਧਿਆਨ ਸੁਰੱਖਿਅਤ ਸੰਪਤੀ ਨੂੰ ਰੀਡੀਮ ਕਰਨ ਲਈ, ਉਪਲਬਧ ਸਮੇਂ ਦੇ ਸੰਬੰਧ ਵਿੱਚ, ਐਕਟ ਦੇ ਸੈਕਸ਼ਨ 13 ਦੀ ਉਪ ਧਾਰਾ 8 ਦੇ ਉਪਬੰਧਾਂ ਵੱਲ ਖਿੱਚਿਆ ਜਾਂਦਾ ਹੈ। ਕਰਜ਼ਦਾਰ ਖਾਸ ਤੌਰ 'ਤੇ ਅਤੇ ਆਮ ਤੌਰ 'ਤੇ ਲੋਕ ਕਿਰਪਾ ਕਰਕੇ ਧਿਆਨ ਦੇਣ ਕਿ ਜੇਕਰ ਨਿਲਾਮੀ ਦੇ ਮਾਮਲੇ ਵਿੱਚ ਇੱਥੇ ਅਨੁਸੂਚਿਤ ਕਿਸੇ ਵੀ ਕਾਰਨ ਕਰਕੇ ਅਸਫਲ ਹੋ ਜਾਂਦਾ ਹੈ ਤਾਂ ਸੁਰੱਖਿਅਤ ਲੈਣਦਾਰ ਪ੍ਰਾਈਵੇਟ ਸੰਧੀ ਦੁਆਰਾ ਵਿਕਰੀ ਦੇ ਜ਼ਰੀਏ ਸੁਰੱਖਿਆ ਹਿੱਤ ਲਾਗੂ ਕਰ ਸਕਦਾ ਹੈ।
ਵਿਕਰੀ ਅਧੀਨ ਸੰਪਤੀਆਂ ਬਾਰੇ ਕਿਸੇ ਸਪੱਸ਼ਟੀਕਰਨ/ਲੋੜ ਦੇ ਮਾਮਲੇ ਵਿੱਚ, ਬੋਲੀਕਾਰ **ਸ਼੍ਰੀ ਨੀਰਜ ਜੇਕੇ** (ਮੋਬ. ਨੰ. +919716686150), **ਸ਼੍ਰੀਮਤੀ ਕੰਚਨ ਨਾਰਾ** (ਮੋਬ. ਨੰਬਰ +919463227690) ਅਤੇ **ਸ਼੍ਰੀ ਅਕਸ਼ਿਤ ਸੋਲੰਕੀ** (ਮੋਬ ਨੰਬਰ +917302111608) ਨੂੰ ਸੰਪਰਕ ਕਰ ਸਕਦੇ ਹਨ। ਬੋਲੀਕਾਰ ਸਪੱਸ਼ਟੀਕਰਨ ਲਈ ਬੈਂਕ ਦੇ ਹੈਲਪਲਾਈਨ ਨੰ. (+91-9152219751) 'ਤੇ ਵੀ ਸੰਪਰਕ ਕਰ ਸਕਦਾ ਹੈ।
ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ ਲਿੰਕ ਨੂੰ ਵੇਖੋ:-
**https://www.kotak.com/en/bank-auctions.html** ਬੈਂਕ ਦੀ ਵੈੱਬਸਾਈਟ ਜਿਵੇਂ ਕਿ **www.kotak.com** ਅਤੇ/ਜਾਂ **http://bankauctions.in/** 'ਤੇ ਮੁਹੱਈਆ ਕਰਵਾਇਆ ਗਿਆ ਹੈ।
ਵਾਸਤੇ ਕੋਟਕ ਮਹਿੰਦਰਾ ਬੈਂਕ ਲਿਮ., ਅਧਿਕਾਰਤ ਅਧਿਕਾਰੀ
ਸਥਾਨ : ਪੰਜਾਬ, ਮਿਤੀ : 28.06.2025

ਫਾਰਮ ਨੰ.3
[ਦੇਖੋ ਨਿਯਮ-13 (I)(a)]
**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1)**
ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ
**ਮਾਮਲਾ ਨੰ. : ਓਏ/2163/2019** **ਈਐਕਸਐਚ. ਨੰ. 27663**
**ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ**
**ਐਚਡੀਐਫਸੀ ਬੈਂਕ**
**ਬਨਾਮ**
**ਮੈਸ. ਸਤਨਾਮ ਸਿੰਘ ਸੁਰਜੀਤ ਸਿੰਘ**
**ਵੱਲ,**
(1) **ਮੈਸ. ਸਤਨਾਮ ਸਿੰਘ ਸੁਰਜੀਤ ਸਿੰਘ**, ਇੱਕ ਮਾਲਕੀ ਸੰਬੰਧ, ਦਾਣਾ ਮੰਡੀ, ਚਭਾਲ, ਅੰਮ੍ਰਿਤਸਰ ਵਿਖੇ ਸਥਿਤ, ਇਸਦੇ ਇਕਲੌਤੇ ਮਾਲਕ ਸ੍ਰੀ ਸਤਨਾਮ ਸਿੰਘ ਪੁੱਤਰ ਸ੍ਰੀ ਤਰਲੋਕ ਸਿੰਘ ਅੰਮ੍ਰਿਤਸਰ, ਪੰਜਾਬ ਦੁਆਰਾ।
(2) ਸ਼੍ਰੀ ਸਤਨਾਮ ਸਿੰਘ ਪੁੱਤਰ ਸ਼੍ਰੀ ਤਰਲੋਕ ਸਿੰਘ, ਵਾਸੀ ਮਕਾਨ ਨੰਬਰ 111, ਪਿੰਡ ਅਤੇ ਡਾਕਖਾਨਾ ਬਗੇਹੜੀ, ਪਿੰਡ ਛਾਪਾ, ਜ਼ਿਲ੍ਹਾ ਤਰਨ ਤਾਰਨ ।
(3) ਸ਼੍ਰੀ ਸੁਰਜੀਤ ਸਿੰਘ ਪੁੱਤਰ ਸ਼੍ਰੀ ਤਰਲੋਕ ਸਿੰਘ, ਵਾਸੀ ਮਕਾਨ ਨੰਬਰ 111, ਪਿੰਡ ਅਤੇ ਡਾਕਖਾਨਾ ਬਗੇਹੜੀ, ਪਿੰਡ ਛਾਪਾ, ਜ਼ਿਲ੍ਹਾ ਤਰਨ ਤਾਰਨ।
(4) ਸ਼੍ਰੀ ਸਵਿੰਦਰ ਸਿੰਘ ਪੁੱਤਰ ਸ਼੍ਰੀ ਤਰਲੋਕ ਸਿੰਘ, ਵਾਸੀ ਮਕਾਨ ਨੰ. 2, ਪਿੰਡ ਅਤੇ ਡਾਕਖਾਨਾ ਬਗੇਹੜੀ, ਪਿੰਡ ਛਾਪਾ, ਜ਼ਿਲ੍ਹਾ ਤਰਨ ਤਾਰਨ,
(5) ਸ਼੍ਰੀਮਤੀ ਸੁਖਵਿੰਦਰ ਕੌਰ ਪਤਨੀ ਸਵ. ਸਤਨਾਮ ਸਿੰਘ, ਵਾਸੀ ਮਕਾਨ ਨੰ. 111, ਪਿੰਡ ਅਤੇ ਡਾਕਖਾਨਾ ਬਗੇਹੜੀ, ਪਿੰਡ ਛਾਪਾ, ਜ਼ਿਲ੍ਹਾ ਤਰਨ ਤਾਰਨ।
(6) ਸ਼੍ਰੀਮਤੀ ਜਸਬੀਰ ਕੌਰ ਪਤਨੀ ਸਵ. ਸੁਰਜੀਤ ਸਿੰਘ, ਵਾਸੀ ਮਕਾਨ ਨੰ. 111, ਪਿੰਡ ਅਤੇ ਡਾਕਖਾਨਾ ਬਗੇਹੜੀ, ਪਿੰਡ ਛਾਪਾ, ਜ਼ਿਲ੍ਹਾ ਤਰਨ ਤਾਰਨ।
**ਸੰਮਨ**
**ਜਿਥੇ ਕਿ, ਓ. ਏ./2163/2019, 02.04.2025 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।**
ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ **ਰੁ. 64,98,840.55/-** ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (**ਓ. ਏ.**) **ਕਾਨੂੰਨ ਦੀ ਧਾਰਾ 19** (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ। (**ਦਸਤਾਵੇਜ਼ਾਂ ਆਦਿ ਦੇ ਉਤਾਰੇ ਸਮੇਤ ਅਰਜ਼ੀ ਨੱਥੀ**)।
ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-
(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;
(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;
(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।
ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ **16.07.2025 ਨੂੰ ਸਵੇਰੇ 10.30 ਵਜੇ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।
**ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ 07.04.2025 ਨੂੰ ਜਾਰੀ।**
**ਸੰਮਨ ਜਾਰੀ ਕਰਨ ਲਈ ਅਧਿਕਾਰਤ ਅਧਿਕਾਰੀ ਦੇ ਹਸਤਾਖਰ**

**ਸੈਂਟਰਲ ਬੈਂਕ ਆਫ ਇੰਡੀਆ** Central Bank of India "CENTRAL TO YOU SINCE 1911"
ਰਿਜਨਲ ਦਫਤਰ, ਕੇ.ਪੀ., ਕੰਪਲੈਕਸ, ਨੇੜੇ ਹੋਟਲ ਪਾਰਕ ਪਲਾਜ਼ਾ ਫਿਰੋਜ਼ਪੁਰ ਰੋਡ, ਲੁਧਿਆਣਾ-141001
**ਮੰਗ ਸੂਚਨਾ**
**ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 (2) ਅਧੀਨ ਸੂਚਨਾ**
ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰ (ਾਂ)/ਜ਼ਾਮਨਾਂ ਨੇ ਬੈਂਕ ਤੋਂ ਉਨ੍ਹਾਂ ਨੂੰ ਪ੍ਰਾਪਤ ਕਰਜ਼ ਸਹੂਲਤਾਂ ਦੇ ਮੂਲ ਅਤੇ ਵਿਆਜ ਦੇ ਪੁਨਰ ਭੁਗਤਾਨ ਵਿਚ ਕੁਤਾਹੀ ਕੀਤੀ ਹੈ ਅਤੇ ਦਰਸਾਈਆਂ ਸਹੂਲਤਾਂ ਗੈਰ ਕਾਰਗੁਜ਼ਾਰੀ ਵਾਲੀਆਂ ਸੰਪੱਤੀਆਂ ਬਣ ਚੁੱਕੀਆਂ ਹਨ। ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਉਨ੍ਹਾਂ ਦੇ ਆਖਰੀ ਜਾਣੂੰ ਪਤਿਆਂ 'ਤੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13(2) ਅਧੀਨ ਸੂਚਨਾ ਭੇਜੀ ਗਈ ਸੀ। ਹਾਲਾਂਕਿ ਕੁਝ ਮਾਮਲਿਆਂ ਵਿਚ ਸੂਚਨਾਵਾਂ ਅਣਸੌਂਪੀਆਂ ਹੀ ਪਰਤ ਆਈਆਂ ਅਤੇ ਹੋਰ ਮਾਮਲਿਆਂ ਵਿਚ ਪਹੁੰਚ ਰਸੀਦ ਪ੍ਰਾਪਤ ਨਹੀਂ ਕੀਤੀ ਗਈ, ਇਸ ਲਈ ਉਨ੍ਹਾਂ ਨੂੰ ਇਥੇ ਇਸ ਸੰਬੰਧੀ ਜਨਤਕ ਸੂਚਨਾ ਦੇ ਮਾਧਿਅਮ ਦੁਆਰਾ ਸੂਚਿਤ ਕੀਤਾ ਜਾਂਦਾ ਹੈ।

| ਸ਼ਾਖਾ, ਕਰਜ਼ਦਾਰ (ਾਂ)/ ਜ਼ਾਮਨ ਦਾ ਨਾਮ | ਅਚੱਲ ਸੰਪੱਤੀ ਦੇ ਵੇਰਵੇ | ਐਨਪੀਏ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਮੰਗ ਸੂਚਨਾ ਦੀ ਰਕਮ |
|---|---|---|---|---|
| **ਜਮਾਲਪੁਰ ਅਵਾਨਾ** ਮੈਸ. ਯੁਵਸਥਾ ਇੰਟਰਪ੍ਰਾਈਜਿਜ਼ ਪ੍ਰੋਪ. ਸ਼੍ਰੀਮਤੀ ਮਮਤਾ ਰੱਤੜਾ, ਪਲਾਟ ਨੰ. 1032, ਆਲਮਗੀਰ ਐਨਕਲੇਵ, ਆਲਮਗੀਰ ਗੁਰੂਦੁਆਰਾ ਨੇੜੇ, ਲੁਧਿਆਣਾ 141116, ਸ਼੍ਰੀਮਤੀ ਮਮਤਾ ਰੱਤੜਾ ਪਤਨੀ ਸ਼੍ਰੀ ਤ੍ਰਿਲੋਕ ਚੰਦ ਰਾਤਰਾ, ਪਤਾ 1: ਪਲਾਟ ਨੰਬਰ 1032, ਆਲਮਗੀਰ ਇਨਕਲੇਵ ਗੁਰੂਦੁਆਰਾ, ਆਲਮਗੀਰ ਏ. - 141116, ਪਤਾ 2: ਮਕਾਨ-ਐਚ44, ਪਹਿਲੀ ਮੰਜ਼ਿਲ, ਬਲਾਕ-ਐਚ ਵਿਕਾਸਪੁਰੀ ਨਵੀਂ ਦਿੱਲੀ - 110018, **ਪਤਾ 3:** ਮਕਾਨ ਨੰ. 15/35-ਬੀ, S/F, ਤਿਲਕ ਨਗਰ ਪੱਛਮੀ ਦਿੱਲੀ-110018 | 939.39 ਵਰਗ ਗਜ਼ ਦਾ ਉਦਯੋਗਿਕ ਪਲਾਟ ਜਿਸ ਵਿੱਚ ਖਸਰਾ ਨੰਬਰ 14//9/2,14//10/1,15//6/2,14//9/1,1 4/10/2,15//6/1 ਖੇਵਟ ਨੰਬਰ 74/67,76/69 ਖਟੌਨੀ ਨੰਬਰ 82,76/69,84 ਸਾਲ 2014-2015 ਦੀ ਜਮ ?ਹਾਂਬੰਦੀ ਅਨੁਸਾਰ ਸ਼ਾਮਲ ਹੈ, ਜੋ ਕਿ ਪਿੰਡ ਬਰ੍ਹੇਵਾਲ ਡੋਗਰਾ, ਹਦਬਸਤ ਨੰਬਰ 107 ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ। ਵਿਕਰੀ ਡੀਡ ਵਸੀਕਾ ਨੰਬਰ 2023-24/101/1/17537 ਮਿਤੀ 22/02/2024 ਨੂੰ ਦਰਸਾਉਂਦੀ ਦੇ ਅਧੀਨ ਅਤੇ ਪੂਰਬ: ਗਲੀ 63'-1", ਪੱਛਮ: ਗੁਆਂਢ 52-5", ਉੱਤਰ: ਗੁਆਂਢ 168-5", ਦੱਖਣ: ਸੜਕ 140-9" ਹੈ। | 18.06.2025 | 21.06.2025 | Rs 19,91,231.03 (**ਰੁ. ਉੱਨੀ ਲੱਖ ਇਕਾਨਵੇਂ ਹਜ਼ਾਰ ਦੋ ਸੌ ਇਕੱਤੀ ਅਤੇ ਤਿੰਨ ਪੈਸੇ ਕੇਵਲ**) **9.85% ਸਲਾਨਾ**, **20.06.2025** ਤੋਂ ਗਿਣੇ ਜਾਣ ਵਾਲੇ ਮਹੀਨਾਵਾਰ ਵਿਰਾਮਾਂ 'ਤੇ ਸਾਡੇ ਵੱਲ ਬਕਾਇਆ ਹੈ ਅਤੇ ਤੁਸੀਂ **ਰੁ. 19,91,231.03** ਦੀ ਰਕਮ ਅਤੇ ਵਿਆਜ ਦੇ ਪੁਨਰ ਭੁਗਤਾਨ ਵਿਚ ਕੁਤਾਹੀ ਕੀਤੀ ਹੈ। |

ਹੁਣ ਇਸ ਪ੍ਰਕਾਸ਼ਨ ਦੇ ਮਾਧਿਅਮ ਦੁਆਰਾ ਸੁਰੱਖਿਅਣ ਕਾਨੂੰਨ 2002 ਦੀ ਵਿਵਸਥਾ ਅਨੁਸਾਰ ਸੁਰੱਖਿਅਤ ਕਰਜ਼ਦਾਤਾ (ਬੈਂਕ) ਦੇ ਅਧਿਕਾਰਤ ਅਧਿਕਾਰੀ ਵਜੋਂ ਆਪਣੀ ਸਮਰਥਾ ਵਿਚ ਨਿਮਨ ਹਸਤਾਖ਼ਰੀ ਦੁਆਰਾ ਇਸ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੀ ਮਿਆਦ ਦੇ ਅੰਦਰ ਲਾਗੂ ਅਨੁਸਾਰ ਭਾਵੀ ਵਿਆਜ ਅਤੇ ਖਰਚਿਆਂ/ਫੀਸਾਂ ਸਮੇਤ ਬਕਾਇਆ ਦੇਣਦਾਰੀ ਦੀ ਰਕਮ ਨੂੰ ਅਦਾ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ, ਜਿਸ ਤੋਂ ਅਸਫਲ ਰਹਿਣ 'ਤੇ ਸੁਰੱਖਿਅਤ ਕਰਜ਼ਦਾਤਾ ਦਰਸਾਏ ਅਧਿਆਦੇਸ਼ ਦੀ ਧਾਰਾ 13 ਦੀ ਉਪ ਧਾਰਾ (2) ਅਤੇ ਹੋਰ ਲਾਗੂ ਵਿਵਸਥਾਵਾਂ ਦੇ ਅਧੀਨ ਵਿਸਥਾਰਤ ਅਨੁਸਾਰ ਕਿਸੇ ਵੀ ਜਾਂ ਸਾਰੇ ਅਧਿਕਾਰਾਂ ਦੀ ਵਰਤੋਂ ਕਰਨਗੇ।
ਤੁਹਾਨੂੰ ਇਹ ਵੀ ਸੂਚਨਾ ਦਿੱਤੀ ਜਾਂਦੀ ਹੈ ਕਿ ਦਰਸਾਏ ਕਾਨੂੰਨ ਦੀ ਧਾਰਾ 13 ਦੇ ਸੰਬੰਧ ਵਿਚ ਤੁਸੀਂ ਬੈਂਕ ਦੀ ਲਿਖਤੀ ਪ੍ਰਵਾਨਗੀ ਪ੍ਰਾਪਤ ਕੀਤੇ ਬਿਨਾਂ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
ਇਹ ਸੂਚਨਾ ਕਾਨੂੰਨ ਦੀਆਂ ਕਿਸੇ ਵੀ ਹੋਰ ਲਾਗੂ ਵਿਵਸਥਾਵਾਂ ਦੇ ਅਧੀਨ ਜ਼ਰੂਰੀ ਸਮਝੀ ਜਾਂਦੀ ਅਜਿਹੀ ਹੋਰ ਕਾਰਵਾਈ ਜਾਂ ਕਾਨੂੰਨੀ ਪ੍ਰਕਿਰਿਆ ਨੂੰ ਸ਼ੁਰੂ ਕਰਨ ਲਈ ਬੈਂਕ ਦੇ ਅਧਿਕਾਰ ਦੀ ਉਲੰਘਣਾ ਤੋਂ ਬਿਨਾਂ ਹੈ।
**ਤੁਹਾਡਾ ਦਾ ਧਿਆਨ ਸੁਰੱਖਿਅਤ ਸੰਪੱਤੀ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**
**ਮਿਤੀ** : 27.06.2025 **ਸਥਾਨ** : ਲੁਧਿਆਣਾ **ਅਧਿਕਾਰਤ ਅਧਿਕਾਰੀ**

**ਪੰਜਾਬ ਐਂਡ ਸਿੰਧ ਬੈਂਕ** (ਭਾਰਤ ਸਰਕਾਰ ਦਾ ਅਦਾਰਾ) **ਸ਼ਾਖਾ : ਸੈਕਟਰ 16, ਪੰਚਕੂਲਾ**
**ਮੰਗ ਸੂਚਨਾ**
**ਵਿੱਤੀ ਸੰਪੱਤੀਆਂ ਦਾ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (ਸਰਫਾਇਸੀ ਐਕਟ 2002) ਦੀ ਧਾਰਾ 13 (2) ਦੇ ਅਧੀਨ ਸੂਚਨਾ**
ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰਾਂ ਨੇ ਬੈਂਕ ਤੋਂ ਉਨ੍ਹਾਂ ਨੂੰ ਪ੍ਰਾਪਤ ਕਰਜ਼ ਸਹੂਲਤਾਂ ਦੇ ਪੁਨਰ ਭੁਗਤਾਨ ਵਿਚ ਕੁਤਾਹੀ ਕੀਤੀ ਹੈ ਅਤੇ ਦਰਸਾਈਆਂ ਸਹੂਲਤਾਂ ਐਨਪੀਏ ਵਿਚ ਤਬਦੀਲ ਹੋ ਗਈਆਂ ਹਨ। ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ 2002 ਦੀ ਧਾਰਾ 13 (2) ਅਧੀਨ ਸੂਚਨਾ ਕਰਜ਼ਦਾਰ/ਜ਼ਾਮਨਾਂ ਨੂੰ ਪੰਜੀਕ੍ਰਿਤ ਡਾਕ ਰਾਹੀਂ ਉਨ੍ਹਾਂ ਦੇ ਆਖ਼ਰੀ ਜਾਣੂੰ ਪਤੇ 'ਤੇ ਭੇਜੀ ਗਈ ਸੀ। ਹਾਲਾਂਕਿ ਸੂਚਨਾ ਅਣ-ਤਾਮੀਲੀਆਂ ਪਰਤ ਆਈਆਂ ਅਤੇ ਅਧਿਕਾਰਤ ਅਧਿਕਾਰੀ ਕੋਲ ਇਹ ਮੰਨ ਲੈਣ ਦੇ ਕਾਰਨ ਹਨ ਕਿ ਕਰਜ਼ਦਾਰ/ਜ਼ਾਮਨ ਸੂਚਨਾ ਦੀ ਤਾਮੀਲ ਤੋਂ ਟਲ ਰਹੇ ਹਨ, ਇਸ ਲਈ ਜਨਤਕ ਸੂਚਨਾ ਦੇ ਮਾਧਿਅਮ ਦੁਆਰਾ ਇਸ ਸੰਬੰਧੀ ਉਨ੍ਹਾਂ ਨੂੰ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ।

| ਸ਼ਾਖਾ ਅਤੇ ਕਰਜ਼ਦਾਰਾਂ/ ਜ਼ਾਮਨ ਦਾ ਨਾਮ | ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ ਐਨਪੀਏ ਦੀ ਮਿਤੀ | ਵਸੂਲੀਯੋਗ ਰਕਮ |
|---|---|---|---|
| **ਕਰਜ਼ਦਾਰ: (1) ਸ੍ਰੀ ਗੰਗਾ ਸਿੰਘ ਮਹਿਤਾ ਪੁੱਤਰ ਉਦੈ ਸਿੰਘ**, 40-ਏ, ਸ਼ਿਵਾ ਐਨਕਲੇਵ, ਭਾਵਤ, ਮੋਹਾਲੀ, ਪੰਜਾਬ-140507 ਦੂਸਰਾ ਪਤਾ: ਮਕਾਨ ਨੰ. 43-ਏ, ਹਰਮਿਲਾਪ ਨਗਰ, ਫੇਜ਼-2, ਬਲਟਾਣਾ, ਜ਼ੀਰਕਪੁਰ, ਪੰਜਾਬ-140604, (2) **ਬੇਬੀ ਬਿਸ਼ਟ ਪਤਨੀ ਗੰਗਾ ਸਿੰਘ ਮਹਿਤਾ**, 40-ਏ, ਸ਼ਿਵਾ ਐਨਕਲੇਵ, ਭਾਵਤ, ਮੋਹਾਲੀ, ਪੰਜਾਬ-140507, ਦੂਜਾ ਪਤਾ: ਮਕਾਨ ਨੰ. 43-ਏ, ਹਰਮਿਲਾਪ ਨਗਰ, ਫੇਜ਼-2, ਬਲਟਾਣਾ, ਜ਼ੀਰਕਪੁਰ, ਪੰਜਾਬ-140604, (3) **ਸ੍ਰੀ ਵਿਕਰਮ ਸਿੰਘ ਪੁੱਤਰ ਅੰਗਦ ਸਿੰਘ**, ਮਕਾਨ ਨੰ. 12-ਏ, ਸੈਕਟਰ 14, ਪੰਚਕੂਲਾ, ਪੰਚਕੂਲਾ-134109 | ਮਕਾਨ ਨੰਬਰ 40-ਏ, ਸ਼ਿਵਾ ਐਨਕਲੇਵ, ਭਾਵਤ, ਨਗਰ ਕੌਂਸਲ, ਜ਼ੀਰਕਪੁਰ ਦਾ ਬਰਾਬਰ ਗਿਰਵੀਨਾਮਾ, ਜਿਸਦੀ ਹੱਦ ਹੇਠ ਲਿਖੇ ਅਨੁਸਾਰ ਹੈ: ਉੱਤਰ: ਮਕਾਨ ਨੰ. 41-ਏ, ਦੱਖਣ: ਮਕਾਨ ਨੰ. 39-ਏ, ਪੂਰਬ: ਪੀ.ਸੀ.ਸੀ. ਗਲੀ (22' ਚੌੜੀ), ਪੱਛਮ: ਮਕਾਨ ਨੰ. 40 (ਸ਼੍ਰੀਮਤੀ ਸੁਮਨ) | 19.06.2025<br>29.10.2021 | **ਮੌਜੂਦਾ ਬਕਾਇਆ ਰਕਮ ਰੁ.6,49,825.57/-(ਰੁ. ਛੇ ਲੱਖ ਉਣੰਜਾ ਹਜ਼ਾਰ ਅੱਠ ਸੌ ਪੱਚੀ ਅਤੇ ਸਤਵੰਜਾ ਪੈਸੇ ਕੇਵਲ)** 31.05.2025 ਤੱਕ ਪੂਰਨ ਭੁਗਤਾਨ ਦੀ ਮਿਤੀ ਤੱਕ ਵਿਆਜ, ਲਾਗਤਾਂ ਅਤੇ ਹੋਰ ਫੀਸਾਂ ਸਮੇਤ |

ਇਸ ਕਾਨੂੰਨੀ ਨੋਟਿਸ ਦੇ ਆਧਾਰ 'ਤੇ, ਕਰਜ਼ਦਾਰ/ਜ਼ਾਮਨਾਂ ਦੇ ਉਪਰੋਕਤ ਕਾਨੂੰਨੀ ਵਾਰਸਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸ ਵਿੱਚ ਦੱਸੀ ਗਈ ਰਕਮ ਨੂੰ ਸਾਂਝੇ ਤੌਰ 'ਤੇ ਅਤੇ ਵੱਖਰੇ ਤੌਰ 'ਤੇ ਅਦਾ ਕਰਨ, ਨਹੀਂ ਤਾਂ ਵਿੱਤੀ ਸੰਪਤੀਆਂ ਦੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੇ ਅਧਿਆਇ 3 ਦੇ ਉਪਬੰਧਾਂ ਅਨੁਸਾਰ 60 ਦਿਨਾਂ ਦੀ ਮਿਆਦ ਪੁੱਗਣ ਤੋਂ ਬਾਅਦ ਅਗਲੇ ਕਦਮ ਚੁੱਕੇ ਜਾਣਗੇ। ਇਸ ਤੋਂ ਇਲਾਵਾ, ਕਰਜ਼ਦਾਰ/ਜ਼ਾਮਨਾਂ ਨੂੰ ਸਾਡੀ ਪੂਰਵ ਸਹਿਮਤੀ ਤੋਂ ਬਿਨਾਂ ਉਪਰੋਕਤ ਦੱਸੇ ਗਏ ਕਿਸੇ ਵੀ ਸੁਰੱਖਿਅਤ ਸੰਪਤੀਆਂ ਨਾਲ ਕਿਸੇ ਵੀ ਤਰੀਕੇ ਨਾਲ ਨਜਿੱਠਣ ਤੋਂ ਰੋਕਿਆ ਜਾਂਦਾ ਹੈ। ਇਹ ਵਿਸ਼ਾ ਐਕਟ ਅਤੇ/ਜਾਂ ਲਾਗੂ ਕਿਸੇ ਹੋਰ ਕਾਨੂੰਨ ਦੇ ਅਧੀਨ ਸਾਡੇ ਲਈ ਉਪਲਬਧ ਕਿਸੇ ਵੀ ਹੋਰ ਅਧਿਕਾਰਾਂ ਪ੍ਰਤੀ ਪੱਖਪਾਤ ਤੋਂ ਬਿਨਾਂ ਹੈ।
ਮਿਤੀ : 28.06.2025 ਸਥਾਨ : ਪੰਚਕੂਲਾ ਅਧਿਕਾਰਤ ਅਧਿਕਾਰੀ

**ਇੰਡੀਅਨ ਬੈਂਕ** **Indian Bank**
ਇਲਾਹਾਬਾਦ ALLAHABAD
ਸ਼ਾਖਾ : ਐਸਏਐਮ ਲੁਧਿਆਣਾ 165ਏ
ਇੰਡਸਟ੍ਰੀਅਲ ਏਰੀਆ-ਏ, ਚੀਮਾ ਚੌਕ, ਲੁਧਿਆਣਾ, ਫੋਨ: 0161-2935587
Email: samludhiana@indianbank.co.in
**ਈ-ਨਿਲਾਮੀ ਮਿਤੀ, ਸਮਾਂ 15.07.2025 ਨੂੰ 10:00:00 ਵਜੇ ਤੋਂ 17:00:00 ਵਜੇ ਤੱਕ**
**(ਵਿਕਰੀ ਦੇ ਮੁਕੰਮਲ ਹੋਣ ਤੱਕ ਹਰੇਕ 10 ਮਿੰਟਾਂ ਦੇ ਸਵੈ ਵਾਧੇ ਸਮੇਤ ਈ-ਨਿਲਾਮੀ ਵਿਧੀ)**
**ਈ-ਨਿਲਾਮੀ ਮਿਤੀ, ਸਮਾਂ 10.07.2025 ਨੂੰ ਬਾ.ਦੁ. 02:00 ਵਜੇ ਤੋਂ ਸ਼ਾਮ 04:00 ਵਜੇ ਤੱਕ**
**ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ 2002 ਦੇ ਅਧੀਨ ਸੁਰੱਖਿਆ ਵਿਆਜ (ਲਾਗੂਕਰਨ ਨਿਯਮਾਂਵਲੀ), 2002 ਦੇ ਨਿਯਮ 6 (2) ਅਤੇ 8 (6) ਦੇ ਅਧੀਨ**
ਆਮ ਕਰਕੇ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀ (ਆਂ), ਜਿਸ ਦਾ ਕਬਜ਼ਾ ਇੰਡੀਅਨ ਬੈਂਕ (ਤਤਕਾਲੀ ਇਲਾਹਾਬਾਦ ਬੈਂਕ), ਐਸਏਐਮ ਸ਼ਾਖਾ, ਲੁਧਿਆਣਾ, ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ **ਈ-ਨਿਲਾਮੀ ਵਿਧੀ ਦੁਆਰਾ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ"** ਅਤੇ **"ਜੋ ਵੀ ਉਥੇ ਹੈ"** 'ਤੇ ਕੀਤੀ ਜਾਵੇਗੀ। ਸਫਲ ਬੋਲੀਕਾਰ ਨੂੰ ਅਗਲੇ ਕੰਮ ਵਾਲੇ ਦਿਨ ਤੱਕ ਬਿਆਨਾ ਰਕਮ (10%) ਜਮ੍ਹਾਂ ਸਮੇਤ ਬੋਲੀ ਰਕਮ ਦਾ 25% (ਪੱਚੀ ਫੀਸਦੀ) ਜਮ੍ਹਾਂ ਕਰਨਾ ਹੋਵੇਗਾ ਅਤੇ ਬਕਾਇਆ ਰਕਮ ਬੈਂਕਰਜ਼ ਚੈੱਕ/ਡਿਮਾਂਡ ਡਰਾਫਟ/ਅਕਾਊਂਟ ਟਰਾਂਸਫਰ ਅਤੇ/ਜਾਂ ਰਕਮ ਤਬਾਦਲੇ ਦੇ ਕਿਸੇ ਵੀ ਹੋਰ ਪ੍ਰਵਾਨਯੋਗ ਢੰਗ ਦੇ ਰੂਪ ਵਿਚ ਨਿਲਾਮੀ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅਦਾ ਕਰਨੀ ਹੋਵੇਗੀ। ਆਨਲਾਈਨ ਰਕਮ ਤਬਾਦਲੇ ਦੇ ਲਈ ਨੋਡਲ ਬੈਂਕ ਖਾਤਾ ਨੰਬਰ/ਆਈਐਫਐਸਸੀ ਕੋਡ ਆਦਿ ਨਿਮਨ ਅਨੁਸਾਰ ਹੈ। **ਨੋਡਲ ਬੈਂਕ ਖਾਤਾ ਨੰਬਰ ਅਤੇ ਖਾਤੇ ਦਾ ਨਾਮ : 50477835593, ਅਧਿਕਾਰਤ ਅਧਿਕਾਰੀ ਦੇ ਨਾਮ 'ਤੇ ਐਸਏਐਮ ਸ਼ਾਖਾ, ਲੁਧਿਆਣਾ, ਆਈਐਫਐਸਸੀ : ਆਈਡੀਆਈਬੀ000ਐਸ818**

| ਲ. ਨੰ. | ਕਰਜ਼ਦਾਰ ਦਾ ਨਾਮ | ਚੱਲ ਸੰਪੱਤੀ (ਆਂ) ਦੇ ਵਿਸਥਾਰਤ ਵੇਰਵੇ | ਕਬਜ਼ੇ ਦੀ ਕਿਸਮ | ਸੰਪੱਤੀ 'ਤੇ ਦੇਣਦਾਰੀਆਂ | ਸੰਪੱਤੀ ਆਈਡੀ ਨੰਬਰ | ਬਕਾਇਆ ਰਕਮ | ਰਾਖਵੀਂ ਕੀਮਤ / ਬਿਆਨਾ ਰਕਮ ਰਾਸ਼ੀ / ਬੋਲੀ ਵਾਧਾ ਰਕਮ |
|---|---|---|---|---|---|---|---|
| 1. | 1. ਮੈਸ. ਸ੍ਰਿਸ਼ਟੀ ਏਜੰਸੀਜ਼ ਪ੍ਰਾਈਵੇਟ ਲਿਮਟਿਡ, ਪਤਾ: ਚੌਕ ਲੋਹਾ ਮੰਡੀ, ਫਗਵਾੜਾ, 144401, 2. ਸ਼੍ਰੀ ਵਿਸ਼ਾਲ ਗੁਪਤਾ ਪੁੱਤਰ ਸ਼੍ਰੀ ਪਵਨ ਗੁਪਤਾ (ਡਾਇਰੈਕਟਰ) ਪਤਾ 1: ਮਕਾਨ ਨੰਬਰ ਬੀ-56/169, ਨਿਊ ਮਾਡਲ ਟਾਊਨ, ਫਗਵਾੜਾ, ਕਪੂਰਥਲਾ, 144401, ਪਤਾ 2: ਫਲੈਟ ਨੰਬਰ ਯੂ 1001, ਜਲੰਧਰ ਹਾਈਟਸ 66 ਫੁੱਟ ਰੋਡ, ਜਲੰਧਰ, 144004, ਈਮੇਲ:- vishalgupta0074@gmail.com 3. ਸ਼੍ਰੀਮਤੀ ਦਿਵਿਆ ਗੁਪਤਾ ਪਤਨੀ ਸ਼੍ਰੀ ਵਿਸ਼ਾਲ (ਡਾਇਰੈਕਟਰ) ਪਤਾ 1: ਮਕਾਨ ਨੰਬਰ ਬੀ-56/169, ਨਿਊ ਮਾਡਲ ਟਾਊਨ, ਫਗਵਾੜਾ, ਕਪੂਰਥਲਾ, 144401, ਪਤਾ 2: ਫਲੈਟ ਨੰਬਰ ਯੂ 1001, ਜਲੰਧਰ ਹਾਈਟਸ 66 ਫੁੱਟ ਰੋਡ, ਜਲੰਧਰ, 144004, ਈਮੇਲ:- shrishtiagencies.pvtltd2@gmail.com 4. ਸ਼੍ਰੀਮਤੀ ਨੀਤੀ ਗੁਪਤਾ ਪਤਨੀ ਸ਼੍ਰੀ ਮੁਨੀਸ਼ ਗੁਪਤਾ (ਕਰਜ਼ਦਾਰ/ਗਿਰਵੀਕਾਰ) ਪਤਾ 1: ਮਕਾਨ ਨੰਬਰ ਬੀ-56/169, ਨਿਊ ਮਾਡਲ ਟਾਊਨ, ਫਗਵਾੜਾ, ਕਪੂਰਥਲਾ, 144401 ਈਮੇਲ:-shrishtiagencies.pvtltd2@gmail.com 5. ਸ਼੍ਰੀ ਮੁਨੀਸ਼ ਗੁਪਤਾ ਪੁੱਤਰ ਸ਼੍ਰੀ. ਪਵਨ ਗੁਪਤਾ (ਕਰਜ਼ਦਾਰ/ਜ਼ਾਮਨ) ਪਤਾ 1: ਮਕਾਨ ਨੰ. ਬੀ-56/169, ਨਿਊ ਮਾਡਲ ਟਾਊਨ, ਫਗਵਾੜਾ, ਕਪੂਰਥਲਾ, 144401 ਈਮੇਲ:- shrishtiagencies.pvtltd2@gmail.com | ਦੁਕਾਨ ਨੰਬਰ XXXII/102 1, 930 ਵਰਗ ਫੁੱਟ ਦਾ, ਲੋਹਾ ਮੰਡੀ ਚੌਕ, ਫਗਵਾੜਾ, ਜ਼ਿਲ੍ਹਾ ਕਪੂਰਥਲਾ ਵਿਖੇ ਸਥਿਤ। ਵਿਕਰੀ ਡੀਡ ਦੇ ਅਧੀਨ ਨੰਬਰ 1015 ਮਿਤੀ 27/6/2000 ਸ਼੍ਰੀ ਵਿਸ਼ਾਲ ਗੁਪਤਾ ਪੁੱਤਰ ਸ਼੍ਰੀ ਪਵਨ ਗੁਪਤਾ ਦੇ ਹੱਕ ਵਿੱਚ। | ਭੌਤਿਕ ਕਬਜ਼ਾ | ਜਾਣੂੰ ਨਹੀਂ | IDIB750800000037 | Rs. 7,06,14,778.06 (ਰੁ. ਸੱਤ ਕਰੋੜ ਛੇ ਲੱਖ ਚੌਦਾਂ ਹਜ਼ਾਰ ਸੱਤ ਸੌ ਅਠੱਤਰ ਅਤੇ ਛੇ ਪੈਸੇ ਕੇਵਲ) (02.06.2025 ਤੱਕ ਵਿਆਜ ਸਮੇਤ) ਹੈ, ਗੈਰ ਲਾਗੂ ਅਤੇ ਅਗਲੇਰੇ ਵਿਆਜ, ਲਾਗਤਾਂ, ਹੋਰ ਫੀਸਾਂ ਅਤੇ ਖਰਚਿਆਂ ਸਮੇਤ। | 70,00,000/-<br>7,00,000/-<br>25,000/- |

| ਈ-ਨਿਲਾਮੀ ਵੈਬਸਾਈਟ | ਸੰਪੱਤੀ ਦੀਆਂ ਤਸਵੀਰਾਂ | ਸੰਪੱਤੀ ਦੀ ਵੀਡੀਓ | ਸੰਪੱਤੀ ਦਾ ਸਥਾਨ |
|---|---|---|---|
| | | | |

ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਔਨਲਾਈਨ ਬੋਲੀ ਵਿੱਚ ਹਿੱਸਾ ਲੈਣ ਲਈ ਸਾਡੇ ਈ-ਨਿਲਾਮੀ ਸੇਵਾ ਪ੍ਰਦਾਤਾ PSB ਅਲਾਇੰਸ ਪ੍ਰਾਈਵੇਟ ਲਿਮਟਿਡ ਦੀ ਵੈੱਬਸਾਈਟ (**https://baanknet.com)** 'ਤੇ ਜਾਣ। ਤਕਨੀਕੀ ਸਹਾਇਤਾ ਲਈ ਕਿਰਪਾ ਕਰਕੇ 8291220220 'ਤੇ ਕਾਲ ਕਰੋ। PSB ਅਲਾਇੰਸ ਪ੍ਰਾਈਵੇਟ ਲਿਮਟਿਡ ਨਾਲ ਰਜਿਸਟ੍ਰੇਸ਼ਨ ਸਥਿਤੀ ਅਤੇ ਬੋਲੀ ਵਾਧਾ ਰਕਮ ਸਥਿਤੀ ਲਈ, ਕਿਰਪਾ ਕਰਕੇ **support.baanknet@psballiance.com** 'ਤੇ ਸੰਪਰਕ ਕਰੋ। ਜਾਇਦਾਦ ਦੇ ਵੇਰਵਿਆਂ ਅਤੇ ਜਾਇਦਾਦ ਦੀ ਫੋਟੋ ਅਤੇ ਨਿਲਾਮੀ ਦੇ ਨਿਯਮਾਂ ਅਤੇ ਸ਼ਰਤਾਂ ਲਈ ਕਿਰਪਾ ਕਰਕੇ ਇੱਥੇ ਜਾਓ: **https://baanknet.com** ਅਤੇ ਇਸ ਪੋਰਟਲ ਨਾਲ ਸੰਬੰਧਤ ਸਪਸ਼ਟੀਕਰਨ ਲਈ, ਕਿਰਪਾ ਕਰਕੇ ਹੈਲਪ ਲਾਈਨ ਨੰਬਰ +918291220220 'ਤੇ ਸੰਪਰਕ ਕਰੋ।
ਬੋਲੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ **https://baanknet.com** ਨਾਲ ਵੈੱਬਸਾਈਟ ਵਿੱਚ ਜਾਇਦਾਦ ਦੀ ਖੋਜ ਕਰਦੇ ਸਮੇਂ ਉੱਪਰ ਦੱਸੇ ਗਏ ਵੇਰਵਿਆਂ ਦੀ ਵਰਤੋਂ ਕਰਨ।
ਮਿਤੀ : 27.06.2025 ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ (ਇੰਡੀਅਨ ਬੈਂਕ)।

# ਜੈ ਵਾਟਿਕਾ ਪਬਲਿਕ ਸਕੂਲ, ਬਰਨਾਲਾ ਨੇ 'ਟੀਮ ਵਰਕ' ਵਿਸ਼ੇ 'ਤੇ ਵਰਕਸ਼ਾਪ ਲਗਾਈ




ਬਰਨਾਲਾ, 27 ਜੂਨ (ਅਮਨਦੀਪ ਸਿੰਘ): ਜੈ ਵਾਟਿਕਾ ਪਬਲਿਕ ਸਕੂਲ, ਬਰਨਾਲਾ ਨੇ ਸਕੂਲ ਦੇ ਅਧਿਆਪਕਾਂ ਮਿਸ ਨੰਦਿਨੀ ਅਤੇ ਮਿਸ ਰਮਨਦੀਪ ਕੌਰ ਦੁਆਰਾ ਟੀਮ ਵਰਕ ਵਿਸ਼ੇ 'ਤੇ ਇੱਕ ਪ੍ਰੇਰਨਾਦਾਇਕ ਵਰਕਸ਼ਾਪ ਦਾ ਆਯੋਜਨ ਕੀਤਾ। ਵਰਕਸ਼ਾਪ ਦਾ ਉਦੇਸ਼ ਅਧਿਆਪਕਾਂ ਅਤੇ ਵਿਦਿਆਰਥੀਆਂ ਵਿੱਚ ਸਹਿਯੋਗ, ਸਮਰਪਣ ਅਤੇ ਏਕਤਾ ਦੀ ਭਾਵਨਾ ਨੂੰ ਉਤਸ਼ਾਹਿਤ ਕਰਨਾ ਸੀ।ਵਰਕਸ਼ਾਪ ਵਿੱਚ ਵੱਖ-ਵੱਖ ਗਤੀਵਿਧੀਆਂ ਅਤੇ ਸਮੂਹ ਅਧਾਰਤ ਕਾਰਜਾਂ ਰਾਹੀਂ ਟੀਮ ਵਰਕ ਦੀ ਮਹੱਤਤਾ ਬਾਰੇ ਦੱਸਿਆ ਗਿਆ। ਅਧਿਆਪਕਾਂ ਨੇ ਉਦਾਹਰਣਾਂ ਅਤੇ ਵਿਹਾਰਕ ਸੈਸ਼ਨਾਂ ਰਾਹੀਂ ਸਮਝਾਇਆ ਕਿ ਕਿਵੇਂ ਇੱਕ ਟੀਮ ਵਿੱਚ ਕੰਮ ਕਰਨ ਨਾਲ ਨਾ ਸਿਰਫ਼ ਟੀਚਿਆਂ ਨੂੰ ਪ੍ਰਾਪਤ ਕਰਨਾ ਆਸਾਨ ਹੁੰਦਾ ਹੈ ਬਲਕਿ ਆਤਮਵਿਸ਼ਵਾਸ ਅਤੇ ਲੀਡਰਸ਼ਿਪ ਹੁਨਰ ਵੀ ਵਿਕਸਤ ਹੁੰਦੇ ਹਨ। ਸਕੂਲ ਪ੍ਰਿੰਸੀਪਲ ਡਾ. ਪਰਵਿੰਦਰ ਕੌਰ ਨੇ ਆਪਣੇ ਪ੍ਰੇਰਨਾਦਾਇਕ ਸ਼ਬਦਾਂ ਨਾਲ ਦਰਸ਼ਕਾਂ ਨੂੰ ਸੰਬੋਧਨ ਕੀਤਾ, "ਏਕਤਾ ਤਾਕਤ ਹੈ। ਜਦੋਂ ਅਸੀਂ ਇੱਕਠੇ ਕੰਮ ਕਰਦੇ ਹਾਂ, ਤਾਂ ਅਸੰਭਵ ਨੂੰ ਵੀ ਸੰਭਵ ਬਣਾਇਆ ਜਾ ਸਕਦਾ ਹੈ। ਅਧਿਆਪਕਾਂ ਦੇ ਯਤਨਾਂ ਦੀ ਸ਼ਲਾਘਾ ਕਰਦੇ ਹੋਏ, ਉਨ੍ਹਾਂ ਵਿਦਿਆਰਥੀਆਂ ਨੂੰ ਟੀਮ ਭਾਵਨਾ ਅਪਣਾਉਣ ਦਾ ਸੰਦੇਸ਼ ਦਿੱਤਾ। ਇਹ ਵਰਕਸ਼ਾਪ ਸਾਰੇ ਭਾਗੀਦਾਰਾਂ ਲਈ ਬਹੁਤ ਲਾਭਦਾਇਕ ਅਤੇ ਪ੍ਰੇਰਨਾਦਾਇਕ ਸਾਬਤ ਹੋਈ।

# ਜ਼ਿਲ੍ਹਾ ਬਰਨਾਲਾ ਵਿੱਚ ਪਿਛਲੇ 6 ਮਹੀਨਿਆਂ ਦੌਰਾਨ 152 ਐਨਡੀਪੀਐਸ ਕੇਸ ਦਰਜ

## ਅਪ੍ਰੈਲ ਤੋਂ ਮਈ ਦੌਰਾਨ ਮੈਡੀਕਲ ਸਟੋਰਾਂ ਦੀ ਚੈਕਿੰਗ ਦੌਰਾਨ 24 ਫਰਮਾਂ ਦੇ ਲਾਇਸੰਸ ਮੁਅੱਤਲ

ਬ ਬਰਨਾਲਾ, 27 ਜੂਨ (ਹਿਮਾਂਸ਼ੂ ਗਰਗ) : ਜ਼ਿਲ੍ਹਾ ਬਰਨਾਲਾ ਵਿੱਚ ਪੰਜਾਬ ਸਰਕਾਰ ਦੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਜ਼ਿਲ੍ਹਾ ਪ੍ਰਸ਼ਾਸਨ, ਪੁਲੀਸ ਵਿਭਾਗ ਤੇ ਸਿਹਤ ਵਿਭਾਗ ਵਲੋਂ ਜਿੱਥੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ, ਉਥੇ ਨਸ਼ਾ ਤਸਕਰਾਂ 'ਤੇ ਵੀ ਸ਼ਿਕੰਜਾ ਕਸਿਆ ਜਾ ਰਿਹਾ ਹੈ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਵਲੋਂ ਇਥੇ ਐਨਕਾਰਡ (ਨੈਸ਼ਨਲ ਨਾਰਕੋਟਿਕਸ ਕੋਆਰਡੀਨੇਸ਼ਨ ਪੋਰਟਲ) ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਪੁਲਿਸ ਮੁਖੀ ਮੁਹੰਮਦ ਸਰਫ਼ਰਾਜ਼ ਆਲਮ ਨੇ ਦੱਸਿਆ ਕਿ ਬਰਨਾਲਾ ਪੁਲੀਸ ਵੱਲੋਂ ਪਹਿਲੀ ਜਨਵਰੀ 2025 ਤੋਂ ਲੈ ਕੇ 24 ਜੂਨ 2025 ਤੱਕ 51738 ਨਸ਼ੀਲੀਆਂ ਗੋਲੀਆਂ, 25031 ਨਸ਼ੀਲੇ ਕੈਪਸੂਲ, 571 ਗ੍ਰਾਮ ਹੈਰੋਇਨ, 39700 ਰੁਪਏ ਡਰੱਗ ਮਨੀ ਤੇ ਹੋਰ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਅਤੇ 12 ਵਾਹਨ ਜ਼ਬਤ ਕੀਤੇ ਗਏ। ਉਨ੍ਹਾਂ ਦੱਸਿਆ ਕਿ ਪਿਛਲੇ 6 ਮਹੀਨਿਆਂ ਦੌਰਾਨ ਐਨਡੀਪੀਐਸ ਅਧੀਨ 152 ਕੇਸ ਦਰਜ




ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ 1069 ਜਾਗਰੂਕਤਾ ਸੈਮੀਨਾਰ ਲਾਏ ਗਏ ਹਨ ਅਤੇ 254 ਕਾਸੋ ਅਪ੍ਰੇਸ਼ਨ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ 113 ਪੰਚਾਇਤਾਂ ਵਲੋਂ ਨਸ਼ਿਆਂ ਵਿਰੁੱਧ ਮਤੇ ਪਾਏ ਗਏ ਹਨ। ਇਸ ਮੌਕੇ ਡਰੱਗ ਕੰਟਰੋਲ ਅਫ਼ਸਰ ਪਰਨੀਤ ਕੌਰ ਨੇ ਦੱਸਿਆ ਕਿ ਅਪ੍ਰੈਲ ਮਹੀਨੇ ਦੌਰਾਨ 35 ਇੰਸਪੈਕਸ਼ਨਾਂ ਕੀਤੀਆਂ ਗਈਆਂ ਅਤੇ 11 ਫਰਮਾਂ ਦੇ ਲਾਇਸੈਂਸ ਵੱਖ ਵੱਖ ਸਮੇਂ ਲਈ ਮੁਅੱਤਲ ਕੀਤੇ ਗਏ। ਮਈ ਵਿੱਚ 37 ਇੰਸਪੈਕਸ਼ਨਾਂ ਕੀਤੀਆਂ ਗਈਆਂ ਤੇ 5 ਕਾਸਮੈਟਿਕ ਦੇ ਸੈਂਪਲ ਲਏ ਗਏ ਤੇ 13 ਫਰਮਾਂ ਦੇ ਲਾਇਸੈਂਸ ਵੱਖ ਵੱਖ ਸਮੇਂ ਲਈ ਮੁਅੱਤਲ ਕੀਤੇ ਗਏ। ਇਸ ਮਹੀਨੇ ਦੌਰਾਨ ਹੁਣ ਤਕ 25 ਇੰਸਪੈਕਸ਼ਨਾਂ ਕੀਤੀਆਂ ਗਈਆਂ। ਪੁਲਿਸ ਦੇ ਸਹਿਯੋਗ ਨਾਲ ਚੈਕਿੰਗ ਦੌਰਾਨ 15 ਤਰ੍ਹਾਂ ਦੀਆਂ ਦਵਾਈਆਂ ਜ਼ਬਤ ਕੀਤੀਆਂ ਗਈਆਂ ਤੇ 3 ਤਰ੍ਹਾਂ ਦੇ ਸੈਂਪਲ ਲਏ ਗਏ। ਉਨ੍ਹਾਂ ਦੱਸਿਆ ਕਿ 12 ਜੂਨ ਨੂੰ ਪੁਲਿਸ ਨਾਲ ਸਾਂਝੇ ਤੌਰ 'ਤੇ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਮੀਰਾ ਫਾਰਮੇਸੀ ਨਵਾਂ ਬੱਸ ਸਟੈਂਡ ਰੋਡ ਬਰਨਾਲਾ ਤੋਂ ਬਿਨਾਂ ਲਾਇਸੈਂਸ ਦੇ 15 ਤਰ੍ਹਾਂ ਦੀਆਂ ਦਵਾਈਆਂ ਸੀਜ਼ ਕੀਤੀਆਂ ਗਈਆਂ ਤੇ 03 ਤਰ੍ਹਾਂ ਦੇ ਸੈਂਪਲ ਲਏ ਗਏ। ਇਸ ਤੋਂ ਇਲਾਵਾ ਤਪਾ ਵਿੱਚ ਆਸ਼ੂ ਜਨਰਲ ਸਟੋਰ ਤੋਂ ਮੱਝਾਂ ਦੇ ਲਾਉਣ ਵਾਲੇ ਟੀਕਿਆਂ ਦਾ ਸੈਂਪਲ ਲਿਆ ਗਿਆ। 23 ਜੂਨ ਨੂੰ ਪਿੰਡ ਢਿੱਲਵਾਂ ਤਹਿਸੀਲ ਤਪਾ ਵਿੱਚ ਇੰਸਪੈਕਸ਼ਨ ਕੀਤੀ ਗਈ। ਇੰਸਪੈਕਸ਼ਨ ਦੇ ਦੌਰਾਨ 25 ਪ੍ਰਕਾਰ ਦੀਆਂ ਦਵਾਈਆਂ ਸੀਜ਼ ਕੀਤੀਆਂ ਗਈਆਂ ਅਤੇ 2 ਤਰ੍ਹਾਂ ਦੀਆਂ ਦਵਾਈਆਂ ਦੇ ਸੈਂਪਲ ਲਏ ਗਏ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਸਿਹਤ ਵਿਭਾਗ ਤੋਂ ਨਸ਼ਾ ਛੁਡਾਊ ਇਲਾਜ ਅਤੇ ਹੋਰ ਗਤੀਵਿਧੀਆਂ ਦਾ ਜਾਇਜ਼ਾ ਲਿਆ। ਉਨ੍ਹਾਂ ਸਿੱਖਿਆ ਵਿਭਾਗ ਨੂੰ ਹਦਾਇਤ ਕੀਤੀ ਕਿ ਸਕੂਲਾਂ ਵਿਚ ਜਿੱਥੇ ਨਸ਼ਿਆਂ ਵਿਰੁੱਧ ਸਲੋਗਨ ਲਗਾਏ ਜਾਣ, ਉਥੇ ਮਾਪੇ ਅਧਿਆਪਕ ਮਿਲਣੀ ਵਿਚ ਵੀ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਮਾਪਿਆਂ ਅਤੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਜਾਵੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਅਨੁਪ੍ਰਿਤਾ ਜੌਹਲ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸਤਵੰਤ ਸਿੰਘ, ਐੱਸ ਪੀ ਰਾਜੇਸ਼ ਛਿੱਬਰ, ਐਸਡੀਐਮ ਬਰਨਾਲਾ ਹਰਪ੍ਰੀਤ ਸਿੰਘ ਅਟਵਾਲ, ਐੱਸਡੀਐਮ ਤਪਾ ਸਿਮਰਪ੍ਰੀਤ ਕੌਰ, ਸਿਵਲ ਸਰਜਨ ਬਲਜੀਤ ਸਿੰਘ ਤੇ ਹੋਰ ਅਧਿਕਾਰੀ ਹਾਜ਼ਰ ਸਨ।

# ਬਾਲਟਾਲ ਵਿਖੇ ਲਗਾਏ ਜਾਣ ਵਾਲੇ 31ਵੇਂ ਵਿਸ਼ਾਲ ਭੰਡਾਰੇ ਲਈ ਭੋਜਨ ਸਮੱਗਰੀ ਦੇ 5 ਟਰੱਕ ਰਵਾਨਾ



ਬਰਨਾਲਾ, 27 ਜੂਨ (ਸੁਖਵਿੰਦਰ ਸਿੰਘ ਭੰਡਾਰੀ): ਸ਼ਿਵ ਸੇਵਾ ਸੰਘ ਗੀਤਾ ਭਵਨ ਬਰਨਾਲਾ ਵੱਲੋਂ ਬਾਲਟਾਲ (ਪੁਲ ਦੇ ਪਾਰ) ਵਿਖੇ ਲਗਾਏ ਜਾਣ ਵਾਲੇ 31ਵੇਂ ਵਿਸ਼ਾਲ ਭੰਡਾਰੇ ਲਈ ਭੋਜਨ ਸਮੱਗਰੀ ਦੇ ਪੰਜ ਟਰੱਕ ਰਵਾਨਾ ਕੀਤੇ ਗਏ। ਇਸ ਮੌਕੇ ਪੰਡਿਤ ਰਾਕੇਸ਼ ਕੁਮਾਰ ਗੌੜ ਦੁਆਰਾ ਪੂਜਾ ਕਰਨ ਤੋਂ ਬਾਅਦ ਟਰਾਈਡੈਂਟ ਗਰੁੱਪ ਦੇ ਐਡਮਿਨ ਹੈੱਡ ਰੁਪਿੰਦਰ ਗੁਪਤਾ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ।ਜਾਣਕਾਰੀ ਦਿੰਦੇ ਹੋਏ ਜੁਆਇੰਟ ਸਕੱਤਰ ਨਵੀਨ ਸਿੰਗਲਾ ਨੇ ਕਿਹਾ ਕਿ ਟਰਾਈਡੈਂਟ ਗਰੁੱਪ, ਸ਼ਹਿਰ ਵਾਸੀਆਂ ਅਤੇ ਧਾਰਮਿਕ ਪ੍ਰੇਮੀਆਂ ਦੇ ਸਹਿਯੋਗ ਨਾਲ ਇਹ ਭੰਡਾਰਾ 3 ਜੁਲਾਈ ਤੋਂ ਸ਼੍ਰੀ ਅਮਰਨਾਥ ਯਾਤਰਾ-2025 ਦੌਰਾਨ ਬਾਲਟਾਲ (ਪੁਲ ਦੇ ਪਾਰ) ਵਿਖੇ ਭੋਲੇ ਬਾਬਾ ਦੀ ਇੱਛਾ ਤੱਕ ਚਲਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਭੰਡਾਰੇ ਦਾ ਉਦੇਸ਼ ਸ਼ਰਧਾਲੂਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ, 24 ਘੰਟੇ ਭੋਜਨ, ਦਵਾਈਆਂ, ਐਂਬੂਲੈਂਸ, ਗਰਮ ਕੱਪੜੇ ਅਤੇ ਸੈਂਕੜੇ ਲੋਕਾਂ ਲਈ ਰਿਹਾਇਸ਼ ਪ੍ਰਦਾਨ ਕਰਨਾ ਹੈ। ਇਸ ਮੌਕੇ ਪ੍ਰਧਾਨ ਪਵਨ ਸਿੰਗਲਾ, ਮੈਨੇਜਰ ਸੁਰਜੀਤ ਸਿੰਘ ਠੀਕਰੀਵਾਲਾ, ਰਮੇਸ਼ ਚੌਧਰੀ, ਜਨਰਲ ਸਕੱਤਰ ਡਾ. ਤੇਜਿੰਦਰ ਗਰਗ ਈ.ਟੀ.ਓ., ਖ਼ਜ਼ਾਨਚੀ ਸੰਜੇ ਬਾਂਸਲ, ਸੰਯੁਕਤਖ਼ਜ਼ਾਨਚੀ ਵਿਵੇਕ ਗੋਇਲ ਵਿੱਕੀ, ਸਤੀਸ਼ ਚੀਮਾ, ਯਾਦਵਿੰਦਰ ਸਿੰਘ ਬਿੱਟੂ ਦੀਵਾਨਾ, ਲੱਕੀ ਦੁਆ, ਸੰਜੀਵ ਸ਼ੋਰੀ, ਕਮਲ ਕੁਮਾਰ ਆਦਿ ਮੌਜੂਦ ਸਨ।

# ਕੈਨੇਡਾ 'ਚ ਪੜ੍ਹਾਈ ਕਰਨ ਗਏ ਨੌਜਵਾਨ ਦੀ ਸ਼ੱਕੀ ਹਾਲਤਾਂ ਵਿੱਚ ਮੌਤ



ਧਨੌਲਾ, 27 ਜੂਨ (ਚਮਕੌਰ ਸਿੰਘ ਗੱਗੀ): ਥਾਣਾ ਧਨੌਲਾ ਅਧਿਨ ਪੈਂਦੇ ਪਿੰਡ ਭੈਣੀ ਜੱਸਾ ਦੇ ਕੇਨੇਡਾ ਵਿੱਚ ਪੜਾਈ ਕਰਨ ਗਏ ਇਕ ਨੌਂਜਵਾਨ ਦੀ ਅਚਾਨਕ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ, ਇਕੱਤਰ ਕੀਤੀ ਜਾਣਕਾਰੀ ਅਨੁਸਾਰ ਮ੍ਰਿਤਕ ਨੌਜਵਾਨ ਦੇ ਪਿਤਾ ਅਮਨਪ੍ਰੀਤ ਸਿੰਘ ਪੁੱਤਰ ਗੁਲਜਾਰ ਸਿੰਘ ਨੇ ਦੱਸਿਆ ਕਿ ਮੇਰਾ ਲੜਕਾ ਜਸ਼ਨਪ੍ਰੀਤ ਸਿੰਘ ਜੋ ਕਿ ਡੇਢ ਸਾਲ ਪਹਿਲਾਂ ਕੈਨੇਡਾ ਵਿਖੇ ਪੜ੍ਹਾਈ ਕਰਨ ਲਈ ਗਿਆ ਹੋਇਆ ਸੀ । ਉਹਨਾਂ ਦੱਸਿਆ ਕਿ ਉਹ ਪੜ੍ਹਾਈ ਕਰਨ ਦੇ ਨਾਲ ਨਾਲ ਕੰਮ ਵੀ ਕਰਦਾ ਸੀ। ਜਿਸ ਦੇ ਨਾਲ ਉਹ ਆਪਣਾ ਖਰਚਾ ਕੱਢੀ ਜਾ ਰਿਹਾ ਸੀ ,ਉਹਨਾਂ ਦੱਸਿਆ ਕਿ 22 ਜੂਨ ਨੂੰ ਜਸਨਪ੍ਰੀਤ ਸਿੰਘ ਨੇ ਰੋਜ਼ਾਨਾ ਦੀ ਤਰਾਂ ਸਾਡੇ ਨਾਲ ਗੱਲਬਾਤ ਕੀਤੀ,ਪਰ ਅਗਲੇ ਦਿਨ ਅਚਾਨਕ ਫੋਨ ਆਇਆ ਕਿ ਜਸ਼ਨਪ੍ਰੀਤ ਸਿੰਘ ਦੀ ਅਚਾਨਕ ਮੌਤ ਹੋ ਗਈ ਜਿਸ ਦੀ ਖਬਰ ਸੁਣਦਿਆ ਸਾਡੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ਉਸਦੇ ਪਿਤਾ ਨੇ ਦੱਸਿਆ ਕਿ ਜਸ਼ਨਪ੍ਰੀਤ ਸਿੰਘ ਆਪਣੀ ਜ਼ਿੰਦਗੀ ਨੂੰ ਖੁਸ਼ਹਾਲ ਬਣਾਉਣ ਲਈ ਸੁਪਨੇ ਪੂਰੇ ਕਰਨ ਲਈ ਕੈਨੇਡਾ ਚਲਾ ਗਿਆ ਸੀ ਪਰ ਅੱਜ ਉਹਦੇ ਸੁਪਨੇ ਅਧੂਰੇ ਰਹਿ ਗਏ । ਸਾਬਕਾ ਸਰਪੰਚ ਗੁਰਮੁਖ ਸਿੰਘ ਸਮੇਤ ਰਿਸ਼ਤੇਦਾਰ ਨੇ ਦੱਸਿਆ ਕਿ ਜਸ਼ਨਪ੍ਰੀਤ ਸਿੰਘ ਦੀ ਮਿਰਤਕ ਦੇਹ ਕਨੇਡਾ ਵਿੱਚ ਹੀ ਪਈ ਹੈ। ਉਸ ਨੂੰ ਪੰਜਾਬ ਲਿਆਉਣ ਲਈ ਸਾਡੇ ਰਿਸ਼ਤੇਦਾਰਾਂ ਅਤੇ ਜਸ਼ਨਪ੍ਰੀਤ ਸਿੰਘ ਦੇ ਦੋਸਤਾਂ ਵਲੋਂ ਫੰਡ ਇਕੱਠਾ ਕੀਤਾ ਜਾ ਰਿਹਾ, ਓਹਨਾ ਸਰਕਾਰ ਦੇ ਸੰਸਦ ਮੈਂਬਰ ਮੀਤ ਹੇਅਰ , ਅਤੇ ਵਿਦੇਸ਼ੀ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹਨਾਂ ਦੇ ਲੜਕੇ ਦੀ ਮਿਰਤਕ ਦੇਹ ਨੂੰ ਪੰਜਾਬ ਲਿਆਉਣ ਲਈ ਮੱਦਦ ਕਰਨ ਤਾਂ ਜੋ ਉਸ ਦੀਆਂ ਅੰਤਿਮ ਰਸਮਾਂ ਪਰਿਵਾਰ ਕਰ ਸਕੇ। ਇਸ ਦੁੱਖ ਵਿੱਚ ਮਾਤਾ ਪਰਵਿੰਦਰ ਕੌਰ ਦਾਦਾ ਗੁਲਜਾਰ ਸਿੰਘ ਦਾਦੀ ਚਰਨਜੀਤ ਕੌਰ ਨਾਨਾ ਪ੍ਰੀਤ ਸਿੰਘ ਨਾਨੀ ਸੁਰਿੰਦਰਜੀਤ ਕੌਰ ਫੁੱਫੜ ਸੁਖਦੇਵ ਸਿੰਘ ਮਾਮਾ ਹਰਜੀਤ ਸਿੰਘ ਅਤੇ ਛੋਟੀ ਭੈਣ ਹਰਮਨ ਪ੍ਰੀਤ ਕੌਰ ਨੂੰ ਰੋਂਦਿਆਂ ਝਲਿਆ ਨਹੀਂ ਗਿਆ। ਪਿੰਡ ਦੇ ਸਾਬਕਾ ਸਰਪੰਚ ਗੁਰਮੁਖ ਸਿੰਘ ਅਤੇ ਜਸ਼ਨਪ੍ਰੀਤ ਦੇ ਸਮੂਹ ਪਰਿਵਾਰ ਵੱਲੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਹੋਰ ਸਮਾਜ ਸੇਵੀ ਸੰਸਥਾ ਸੋ ਮੰਗ ਕਰਦੇ ਕਿਹਾ ਕਿ ਸਾਡੇ ਪੁੱਤਰ ਦੀ ਡੈਡ ਬਾਡੀ ਲਿਆਉਣ ਲਈ ਸਾਡੀ ਮਦਦ ਕੀਤੀ ਜਾਵੇ ਜੋ ਕਿ ਉਸਦਾ ਬਣਦਾ ਸੰਸਕਾਰ ਦਾ ਮਾਨ ਸਨਮਾਨ ਅਸੀਂ ਆਪਦੇ ਹੱਥੀ ਕਰ ਸਕੀਏ।

# ਪਾਰਕਿੰਗ ਵਿਵਸਥਾ ਦਾ ਆਗੂਆਂ ਨੇ ਕੀਤਾ ਸਵਾਗਤ




ਬਰਨਾਲਾ, 27 ਜੂਨ (ਸੁਖਵਿੰਦਰ ਸਿੰਘ ਭੰਡਾਰੀ): ਨਗਰ ਕੌਂਸਲ ਬਰਨਾਲਾ ਵੱਲੋਂ ਪੁਰਾਣਾ ਗੱਡਾ ਖਾਨਾ ਵਿਖੇ ਪਾਰਕਿੰਗ ਵਿਵਸਥਾ ਕੀਤੇ ਜਾਣ ਦਾ ਪੰਜਾਬ ਪ੍ਰਦੇਸ਼ ਵਪਾਰ ਮੰਡਲ ਵੱਲੋਂ ਸਵਾਗਤ ਕੀਤਾ ਗਿਆ ਹੈ। ਪੰਜਾਬ ਪ੍ਰਦੇਸ਼ ਵਪਾਰ ਮੰਡਲ ਅਤੇ ਆਮ ਲੋਕਾਂ ਵੱਲੋਂ ਕਾਫ਼ੀ ਸਮੇਂ ਤੋਂ ਲਗਾਤਾਰ ਮੰਗ ਕੀਤੀ ਜਾ ਰਹੀ ਸੀ ਕਿ ਪੁਰਾਣਾ ਗੱਡਾਖਾਨਾ ਨੇੜੇ ਸਿਵਲ ਹਸਪਤਾਲ ਬਰਨਾਲਾ ਵਿਖੇ ਪਾਰਕਿੰਗ ਵਿਵਸਥਾ ਬਣਾਈ ਜਾਵੇ। ਇਸ ਪਾਰਕਿੰਗ ਵਿਵਸਥਾ ਦੇ ਬਣਾਉਣ ਨਾਲ ਪੰਜਾਬ ਪ੍ਰਦੇਸ਼ ਵਪਾਰ ਮੰਡਲ ਅਤੇ ਲੋਕਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਪੂਰੀ ਹੋ ਗਈ ਹੈ। ਇਸ ਮੌਕੇ ਬੋਲਦਿਆਂ ਪੰਜਾਬ ਪ੍ਰਦੇਸ਼ ਵਪਾਰ ਮੰਡਲ ਦੇ ਸੂਬਾ ਮੀਤ ਪ੍ਰਧਾਨ ਅਨਿਲ ਬਾਂਸਲ ਨਾਣਾ, ਜ਼ਿਲ੍ਹਾ ਮੀਤ ਪ੍ਰਧਾਨ ਮੋਨੂੰ ਗੋਇਲ ਅਤੇ ਵਪਾਰੀ ਆਗੂ ਗੋਬਿੰਦ ਰਾਮ ਬਾਂਸਲ ਨੇ ਕਿਹਾ ਕਿ ਨਵੀਂ ਪਾਰਕਿੰਗ ਬਣਨ ਨਾਲ ਬਾਜ਼ਾਰਾਂ ਚ ਲੱਗ ਰਹੇ ਜਾਮ ਤੋਂ ਲੋਕਾਂ, ਵਪਾਰੀਆਂ, ਵਿਦਿਆਰਥੀਆਂ ਅਤੇ ਬਾਹਰੋਂ ਆਉਣ ਵਾਲੇ ਲੋਕਾਂ ਆਦਿ ਨੂੰ ਰਾਹਤ ਮਿਲੇਗੀ ਅਤੇ ਟਰੈਫ਼ਿਕ ਵਿਵਸਥਾ ਵੀ ਸੁਚਾਰੂ ਢੰਗ ਨਾਲ ਚੱਲੇਗੀ। ਇਸ ਮੌਕੇ ਗੱਲਬਾਤ ਕਰਨ ਤੇ ਅਨੇਕਾਂ ਹੋਰ ਸੰਸਥਾਵਾਂ ਨੇ ਵੀ ਗੱਡਾ ਖਾਨਾ ਬਰਨਾਲਾ ਵਿਖੇ ਪਾਰਕਿੰਗ ਵਿਵਸਥਾ ਬਣਾਉਣ ਲਈ ਪ੍ਰਸ਼ਾਸਨ ਵੱਲੋਂ ਲਏ ਗਏ ਫ਼ੈਸਲੇ ਦਾ ਸਮਰਥਨ ਅਤੇ ਸਵਾਗਤ ਕੀਤਾ ਹੈ। ਆਮ ਲੋਕਾਂ ਦਾ ਵੀ ਕਹਿਣਾ ਹੈ ਕਿ ਟMਰੈਫਿਕ ਵਿਵਸਥਾ ਬਹੁਤ ਹੀ ਵਧੀਆ ਸੁਚਾਰੂ ਢੰਗ ਨਾਲ ਚੱਲੇਗੀ। ਪੰਜਾਬ ਪ੍ਰਦੇਸ਼ ਵਪਾਰ ਮੰਡਲ ਨੇ ਨੇ ਸਮੂਹ ਦੁਕਾਨਦਾਰਾਂ ਅਤੇ ਬਾਹਰੋਂ ਆਉਣ ਵਾਲੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਚਾਰ ਪਹੀਆ ਵਾਹਨ ਇੱਕ ਜੁਲਾਈ ਤੋਂ ਚਾਲੂ ਹੋ ਰਹੀ ਨਵੀਂ ਪਾਰਕਿੰਗ ਵਿਖੇ ਹੀ ਖੜ੍ਹੇ ਕਰਨ। ਉਨ੍ਹਾਂ ਦੁਕਾਨਦਾਰਾਂ ਨੂੰ ਵੀ ਕਿਹਾ ਕਿ ਉਹ ਲੋਕਾਂ ਨੂੰ ਸਮਝਾਉਣ ਕਿ ਉਹ ਆਪਣੀਆਂ ਗੱਡੀਆਂ ਪਾਰਕਿੰਗ ਵਿਖੇ ਹੀ ਖੜ੍ਹਾਉਣ। ਪੰਜਾਬ ਪ੍ਰਦੇਸ਼ ਵਪਾਰ ਮੰਡਲ ਨੇ ਡਿਪਟੀ ਕਮਿਸ਼ਨਰ ਬਰਨਾਲਾ ਟੀ ਬੈਨਿਥ ਅਤੇ ਐਸ ਐਸ ਪੀ ਮੁਹੰਮਦ ਸਰਫ਼ਰਾਜ਼ ਆਲਮ ਬਰਨਾਲਾ, ਡੀ ਐਸ ਪੀ ਟਰੈਫ਼ਿਕ ਪੁਲਿਸ ਕੁਲਵੰਤ ਸਿੰਘ, ਨਗਰ ਕੌਂਸਲ ਬਰਨਾਲਾ ਦੇ ਕਾਰਜ ਸਾਧਕ ਅਫ਼ਸਰ ਵਿਸ਼ਾਲਦੀਪ ਬਾਂਸਲ ਅਤੇ ਇੰਸਪੈਕਟਰ ਪਵਨ ਕੁਮਾਰ ਟਰੈਫ਼ਿਕ ਪੁਲਿਸ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ।

# ਮੋਬਾਇਲ ਤੇ ਪੈਸੇ ਵਾਪਿਸ ਕਰਕੇ ਦਿਖਾਈ ਇਮਾਨਦਾਰੀ



ਤਪਾ ਮੰਡੀ, 27 ਜੂਨ (ਭੂਸ਼ਨ ਘੜੈਲਾ): ਤਪਾ ਦੇ ਬਾਲਮੀਕ ਚੌਂਕ ਤੇ ਫਰੂਟ ਅਤੇ ਜੂਸ ਦੀ ਦੁਕਾਨ ਕਰਦੇ ਸੋਨੂੰ ਨੇ ਡਿੱਗੇ ਹੋਏ ਮੋਬਾਈਲ ਨੂੰ ਚੁੱਕ ਕੇ ਉਸਦੇ ਮਾਲਕ ਨੂੰ ਵਾਪਸ ਕਰਦਿਆ ਇਮਾਨਦਾਰੀ ਦੀ ਮਿਸਾਲ ਪੇਸ਼ ਕੀਤੀ ਹੈ। ਜਾਣਕਾਰੀ ਦਿੰਦਿਆ ਸੋਨੂੰ ਨੇ ਦੱਸਿਆ ਕਿ ਵੀਰਵਾਰ ਰਾਤ ਨੂੰ ਬਾਲਮੀਕ ਚੌਂਕ ਤੋਂ ਆਪਣੀ ਦੁਕਾਨ ਤੋਂ ਵਾਪਸ ਆਪਣੇ ਘਰ ਜਾ ਰਿਹਾ ਸੀ ਤਾਂ ਰਾਸਤੇ ਵਿੱਚ ਉਸਨੂੰ ਇਕ ਮੋਬਾਈਲ ਲੱਭਿਆ ਜਿਸ ਨੂੰ ਉਸਨੇ ਚੁੱਕ ਲਿਆ ਅਤੇ ਜਿਸਦੇ ਕਵਰ ਵਿੱਚ ਕੁੱਝ ਰੁਪਏ ਵੀ ਸਨ ਅਤੇ ਇਹ ਮੋਬਾਈਲ ਬੈਟਰੀ ਥੋੜੀ ਹੋਣ ਕਾਰਨ ਬੰਦ ਹੋ ਗਿਆ ਅੱਜ ਸਵੇਰੇ ਮੋਬਾਈਲ ਆਨ ਕਰਨ ਤੇ ਮੋਬਾਈਲ ਦੇ ਮਾਲਕ ਸੂਰਜ ਨਿਵਾਸੀ ਤਪਾ ਦਾ ਫੋਨ ਆਉਣ 'ਤੇ ਉਸ ਨੂੰ ਮੋਬਾਈਲ ਅਤੇ ਪੈਸੇ ਵਾਪਸ ਕਰ ਦਿਤੇ ਇਸ ਇਮਾਨਦਾਰੀ ਲਈ ਸੂਰਜ ਨੇ ਸੋਨੂੰ ਦਾ ਧੰਨਵਾਦ ਕੀਤਾ।

# ਬਲਵਿੰਦਰ ਸਿੰਘ ਭੂੰਦੜ ਦੇ ਸਕੱਤਰ ਜਨਰਲ ਨਿਯੁਕਤ ਹੋਣ 'ਤੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ

## ਆਪਣੀ ਕਾਰਜ ਸ਼ੈਲੀ ਤਜਰਬੇ ਨਾਲ ਹਮੇਸ਼ਾ ਪਾਰਟੀ ਦੇ ਸੰਕਟ ਮੋਚਕ ਬਣੇ : ਸੋਢੀ

ਸਰਦੂਲਗੜ੍ਹ, 27 ਜੂਨ ( ਲਛਮਣ ਸਿੱਧੂ ):ਆਪਣੀ ਸਾਰੀ ਜ਼ਿੰਦਗੀ ਇੱਕ ਪਾਰਟੀ , ਇੱਕ ਨੇਤਾ , ਇੱਕ ਹਲਕੇ ਵਿੱਚ ਰਾਜਨੀਤੀ ਕਰਦੇ ਹੋਏ ਸ੍ਰ ਬਲਵਿੰਦਰ ਸਿੰਘ ਭੂੰਦੜ ਵਰਗੇ ਬੇਦਾਗ , ਇਮਾਨਦਾਰ , ਸਖ਼ਤ ਮੇਹਨਤੀ , ਪਾਰਟੀ ਦੀ ਵਿਚਾਧਾਰਾ ਦੇ ਪੱਕੇ , ਪਾਰਟੀ ਲਈ ਹਮੇਸ਼ਾ ਹਰ ਤਿਆਗ ਕਰਨ ਦੇ ਲਈ ਤਿਆਰ ਰਹਿਣ ਵਾਲੇ , ਅਨੁਸ਼ਾਸ਼ਣ ਦੀ ਪਾਲਣਾ ਕਰਨ ਵਾਲੇ , ਵਕਤ ਆਉਣ ਤੇ ਆਪਣੀਆਂ ਵਜ਼ਨਦਾਰ ਦਲੀਲਾਂ ਨਾਲ ਵਿਰੋਧੀਆਂ ਨੂੰ ਠੋਸ ਜਵਾਬ ਦੇਣ ਵਾਲੇ ਘਾਗ ਸਿਆਸਤਦਾਨ ਦਾ ਸ਼੍ਰੋਮਣੀ ਅਕਾਲੀ ਦਲ ਵੱਲੋ ਸਕੱਤਰ ਜਨਰਲ ਲਗਾਉਣ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਟਕਸਾਲੀ ਅਕਾਲੀ ਆਗੂਆਂ ਤੇ ਵਰਕਰਾਂ ਵਿੱਚ ਇਸ ਨਿਯੁਕਤੀ ਦਾ ਉਤਸ਼ਾਹ ਤੇ ਜੋਸ਼ ਦੇਖਣ ਨੂੰ ਮਿਲ ਰਿਹਾ ਹੈ । ਇਹਨਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਜਤਿੰਦਰ ਸਿੰਘ ਸੋਢੀ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਸ਼ਹਿਰੀ ਨੇ ਕਿਹਾ ਕਿ ਇਸ ਗੱਲ ਦਾ ਵੀ ਸਾਰਿਆਂ ਨੂੰ ਯਕੀਨ ਹੈ ਸ੍ਰ. ਭੂੰਦੜ ਜੋ ਸਲਾਹ ਮਸ਼ਵਰਾ ਜਾ ਫੈਸਲਾ ਪਾਰਟੀ ਪ੍ਰਤੀ ਲੈਂਦੇ ਹਨ । ਉਹ ਪਾਰਟੀ ਵਿੱਚ ਪ੍ਰਪੱਕਤਾ ਨਾਲ ਲਾਗੂ ਕਰਨ ਦਾ ਮਾਸਟਰ ਪਲਾਨ ਵੀ ਲੈ ਕੇ ਆਉਂਦੇ ਹਨ । ਉਹ ਝੂਠੇ ਤੇ ਹਾਸੋਹੀਣੇ ਝਾਂਸਿਆਂ ਵਿੱਚ ਫਸਾਉਣ ਦੀ ਜਗਾ ਪੰਜਾਬ ਦੇ ਸੰਵੇਦਨਸ਼ੀਲ ਮੁੱਦਿਆਂ ਦੇ ਹੱਲ ਦੇ ਨਾਲ ਨਾਲ ਸਮਾਜਿਕ , ਆਰਥਿਕ ,



ਅਪਰਾਧਿਕ ਮਾਮਲਿਆਂ ਵਿੱਚ ਦਿਸ਼ਾਹੀਣ ਹੋਏ ਪੰਜਾਬ ਨੂੰ ਸਹੀ ਰਸਤੇ ਤੇ ਲਿਆਉਣ ਦਾ ਯਤਨ ਤੇ ਪਾਰਟੀ ਦੀ ਚੜਦੀ ਕਲਾ ਲਈ ਉਪਰਾਲਾ ਹਮੇਸ਼ਾ ਦੀ ਤਰਾਂ ਕਰਦੇ ਰਹਿਣਗੇ । ਉਹਨਾਂ ਦੀ ਸ਼ਖਸੀਅਤ ਅੱਗੇ ਕੋਈ ਅਹੁਦਾ ਵੱਡਾ ਨਹੀਂ ਉਹਨਾਂ ਨੂੰ ਮਿਲੇ ਅਹੁਦਿਆਂ ਨੂੰ ਉਹਨਾਂ ਹਮੇਸ਼ਾ ਆਪਣੀ ਕਾਰਜਸ਼ੈਲੀ ਨਾਲ ਵੱਡਾ ਕੀਤਾ ਹੈ । ਇਸ ਮੌਕੇ ਸੁਖਦੇਵ ਸਿੰਘ ਚੈਨੇਵਾਲਾ ਸਾਬਕਾ ਚੇਅਰਮੈਨ ਜ਼ਿ;ਲ੍ਹਾ ਪ੍ਰੀਸ਼ਦ, ਸੁਰਜੀਤ ਸਿੰਘ ਰਾਏਪੁਰ ਮੈਂਬਰ ਸ਼੍ਰੋਮਣੀ ਕਮੇਟੀ, ਬਲਦੇਵ ਸਿੰਘ ਮੀਰਪੁਰ, ਤਰਸੇਮ ਚੰਦ ਭੋਲੀ, ਸੁਰਜੀਤ ਸਿੰਘ ਬਾਜੇਵਾਲਾ , ਮੇਵਾ ਸਿੰਘ ਸਰਪੰਚ, ਨਿਰਮਲ ਸਿੰਘ ਨਾਹਰਾ, ਸ਼ੇਰ ਸਿੰਘ ਟਿੱਬੀ, ਜਗਦੀਪ ਸਿੰਘ ਢਿੱਲੋਂ, ਸੰਦੀਪ ਸਿੰਘ ਗਾਗੋਵਾਲ , ਬੋਘਾ ਸਿੰਘ ਗੇਹਲੇ , ਪ੍ਰੇਮ ਚੋਹਾਨ ,ਕੈਪਟਨ ਗੁਲਜ਼ਾਰ ਸਿੰਘ, ਕਸ਼ਮੀਰ ਸਿੰਘ ਚਹਿਲ , ਰਘੁਬੀਰ ਸਿੰਘ ਚਹਿਲ , ਲਾਭ ਕੌਰ ਮੂਸਾ ,ਕੈਪਟਨ ਤੇਜਾ ਸਿੰਘ , ਜਗਜੀਤ ਸਿੰਘ ਸੰਧੂ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਸ੍ਰ ਭੂੰਦੜ ਦੀ ਰਹਿਨੁਮਾਈ ਵਿੱਚ ਪਾਰਟੀ ਦੀ ਚੜ੍ਹਦੀ ਕਲਾ ਲਈ ਵਚਨਬੱਧਤਾ ਦੁਹਰਾਈ ।

# ਕੈਂਪ ਵਿੱਚ ਮੱਖੀ ਪਾਲਣ ਤੋਂ ਆਮਦਨ ਦੇ ਸਰੋਤਾ ਬਾਰੇ ਦਿੱਤੀ ਜਾਣਕਾਰੀ




ਭੁੱਚੋ ਮੰਡੀ ਨਥਾਣਾ, 27 ਜੂਨ (ਹਰਬੰਸ ਸਿੰਘ ਭੋਲਾ) ਪਿੰਡ ਤੁੰਗਵਾਲੀ ਵਿਖੇ, ਨੈਸ਼ਨਲ ਇੰਸਟੀਚਿਊਟ ਫ਼ੋਰ ਮਾਈਕਰੋ ਸਮਾਲ ਐਂਡ ਮੀਡੀਅਮ ਐਂਟਰਪ੍ਰਾਈਜ਼ਸ ਹੈਦਰਾਬਾਦ ਐਂਡ ਨੈਸ਼ਨਲ ਬੀ ਬੋਰਡ ਆਫ਼ ਐਗਰੀਕਲਚਰ ਵੱਲੋਂ ਕੋਆਪ੍ਰਟਿਵ ਸੋਸਾਇਟੀ ਤੁੰਗਵਾਲੀ ਵੀਪੀ ਓ ਤੁੰਗਵਾਲੀ ਜ਼ਿਲ੍ਹਾ ਬਠਿੰਡਾ ਦੇ ਸਹਿਯੋਗ ਨਾਲ 16ਜੂਨ ਤੋ 22 ਜੂਨ ਤੱਕ ਚੱਲਣ ਵਾਲਾਂ ਮੱਧੂ ਮੱਖੀ ਫਿਰੀ ਸਿਖਲਾਈ ਕੈਂਪ ਵਿੱਚ ਵੱਖ- ਵੱਖ - ਵਿਭਾਗਾ ਦੇ ਅਧਿਕਾਰੀਆਂ ਨੇ ਆਪਣੇ ਤੁਜਰਬਿਆ ਤੇ ਪਹਿਲੂਆਂ ਦੇ ਅਧਾਰ ਤੇ ਸਿਖਿਆਰਥੀਆਂ ਨੂੰ ਜਾਣਕਾਰੀ ਦਿੱਤੀ। ਪਹਿਲੇ ਦਿਨ ਕੈਂਪ ਦੇ ਉਦਘਾਟਨ ਮੌਕੇ ਮੁੱਖ ਮਹਿਮਾਨ ਪ੍ਰੋਫੈਸਰ ਜਸਵੀਰ ਸਿੰਘ ਟਿਵਾਣਾ ਮੁੱਖ ਖੇਤੀਬਾੜੀ ਵਿਗਿਆਨ ਅਤੇ ਇੰਜੀਨੀਅਰਿੰਗ ਸਕੂਲ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਨੇ ਉਦਮਤਾ ਤੇ ਭਾਸ਼ਣ ਦਿੱਤਾ।ਜਸਵੀਰ। ਸਿੰਘ ਟਿਵਾਣਾ ਦਾ ਸਿਖਿਆਰਥੀਆਂ ,ਗੁਰਚਰਨ ਸਿੰਘ ਮਾਨ ਤੁੰਗਵਾਲੀ,ਤੇ ਨਛੱਤਰ ਸਿੰਘ ਮਾਨ ਤੁੰਗਵਾਲੀ ਨੇ ਜੀ ਆਇਆਂ ਕਿਹਾ । ਮੱਧੂ ਮੱਖੀ ਤੋਂ ਆਮਦਨ ਦੇ ਸਰੋਤਾਂ ਵਾਰੇ ਜਾਣਕਾਰੀ ਦਿੰਦਿਆਂ ਹੋਇਆਂ ਦਰਸ਼ਨ ਸਿੰਘ ਸਰਾਂ ਨੇ ਸਫ਼ਲ ਮਧੂ- ਮੱਖੀ ਵਜੋਂ ਆਪਣੀ ਜਾਣਕਾਰੀ ਸਾਂਝੀ ਕੀਤੀ। ਸੁਖਦੇਵ ਸਿੰਘ ਐਚਡੀਓ ਬਾਗਵਾਨੀ ਨੇ ਤੇ ਬੀਜਾਂ ਵਾਰੇ ਬਾਗ਼ਬਾਨੀ ਤੇ ਭਾਸ਼ਣ ਦਿੱਤਾ, ਮਾਸਟਰ ਜਸਵਿੰਦਰ ਸਿੰਘ ਨੇ ਟ$ਰੇਨਰ ਨੇ ਮਧੂ ਮੱਖੀ ਦੀ ਦੇਖ ਰੇਖ 'ਤੇ ਆਪਣਾ ਤੁਜਰਬਾ ਸਾਂਝਾ ਕੀਤਾ ਤੇ ਜਾਣਕਾਰੀ ਦਿੱਤੀ। ਇਸ ਮੌਕੇ ਮੈਡਮ ਧਰਮਵੀਰ ਕੋਰ ਮੈਨੇਜਰ ਪੰਜਾਬ ਐਗਰੋ (ਇਕ ਜ਼ਿਲ੍ਹਾ ਇਕ ਉਤਪਾਦ)ਦੇ ਪ੍ਰੋਜੈਕਟ ਤੇ ਭਾਸ਼ਣ ਦਿੱਤਾ ਮੈਡਮ ਰਿੱਤੂ ਲੈਕਚਰਾਰ ਆਈਂ ਐੱਚ ਐੱਮ ਐਂਡ ਸੀਟੀ ਬਠਿੰਡਾ ਨੇ ਭੋਜਨ ਉਦਯੋਗ ਵਿੱਚ ਸ਼ਹਿਦ ਦੇ ਭੋਜਨ,ਮੂਲ ਅਤੇ ਵਰਤੋਂ ਵਾਰੇ ਜਾਣਕਾਰੀ ਦਿੱਤੀ ਮੈਡਮ ਗੀਨਾ ਬਾਗ਼ਬਾਨੀ ਵਿਕਾਸ ਅਧਿਕਾਰੀ ਪੰਜਾਬ ਬਾਗਵਾਨੀ ਨੇ ਮਿਸ਼ਨ ਹਨੀ ਅਤੇ ਹੋਰ ਸਰਕਾਰੀ ਯੋਜਨਾਵਾਂ ਵਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਗੁਰਚਰਨ ਸਿੰਘ ਮਾਨ ਤੁੰਗਵਾਲੀ ਨੇ ਮਧੂ ਮੱਖੀਆਂ ਦੀ ਕਿਸਮ, ਮੱਧੂ ਮੱਖੀਆਂ ਦਾ ਜੀਵਨ ਚੱਕਰ, ਮੱਧੂ ਮੱਖੀਆਂ ਦੀ ਉਮਰ, ਮੱਧੂ ਦੇ ਪਾਲਣ ਲਈ ਜ਼ਰੂਰੀ ਉਪਕਰਣ ਰਿਕਾਰਡ ਵਰਗੇ ਵਿਸੇ ਤੇ ਜਾਣਕਾਰੀ ਦਿੱਤੀ ਇਨ੍ਹਾਂ ਦੇ ਨਾਲ ਹੀ ਨਛੱਤਰ ਸਿੰਘ ਮਾਨ ਤੁੰਗਵਾਲੀ ਨੇ ਵੀ ਸਫਲ ਮੁਧੂ ਮੱਖੀ ਪਾਲਣ ਵਾਰੇ ਤੁਜਰਬਾ ਸਾਂਝਾ ਕੀਤਾ ਅਖੀਰਲੇ ਦਿਨ ਗੁਰਚਰਨ ਸਿੰਘ ਅਤੇ ਜਸਵਿੰਦਰ ਸਿੰਘ ਮਾਸਟਰ ਟ$ਰੇਨਰ ਨੇ ਸਿਖਿਆਰਥੀਆਂ ਦਾ ਸ਼ੱਕ ਦੂਰ ਕਰਨ ਲਈ ਸੈਸ਼ਨ ਲਿਆ ਤੇ ਫੀਡ ਬੈਂਕ ਦਿੱਤਾ ਤੇ ਆਪਣਾ ਅਨੁਭਵ ਸਾਂਝਾ ਕੀਤਾ ।ਕੈਂਪ ਦੀ ਸਮਾਪਤੀ ਸਮਾਰੋਹ ਦੇ ਮੁੱਖ ਮਹਿਮਾਨ ਦਿਆਲ ਦਾਸ ਸੋਢੀ ਭਾਜਪਾ ਪੰਜਾਬ ਸੂਬਾ ਦੇ ਜਨਰਲ ਸਕੱਤਰ ਨੇ ਸੰਬੋਧਨ ਹੋਏ ਤੁੰਗਵਾਲੀ ਸ਼ਹਿਦ ਮੱਖੀ ਉਤਪਾਦਕ ਕੰਪਨੀ ਓਪੀ ਇੰਡੀਆ ਸੁਸਾਇਟੀ ਲਿਮਟਿਡ ਤੁੰਗਵਾਲੀ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਸਾਨੂੰ ਇਹੋ ਜਿਹੇ ਰੋਜ਼ਗਾਰ ਮੁਹਈਆ ਕਰਵਾਉਣ ਲਈ ਕੈਂਪ ਜਿਨ੍ਹਾਂ ਨਾਲ ਸਾਡੇ ਪਿੰਡਾ ਵਿੱਚ ਰਹਿਣ ਵਾਲੇ ਲੜਕੇ ਲੜਕੀਆਂ ਨੂੰ ਟ$ਰੇਨਿੰਗ ਲੈ ਰੋਜ਼ਗਾਰ ਜਾ ਆਪਣਾਂ ਕਿਤਾ ਕਰਕੇ ਆਪਣੇ ਪੈਰਾਂ ਤੇ ਖੜਾ ਹੋਣ ਦਾ ਮੌਕਾ ਮਿਲਦਾ ਸਕਦਾ ਹੋਵੇ ਇਹੋ ਕੈਂਪ ਤੋਂ ਸਿਖਿਆ ਲੈ ਕੇ ਬੈਂਕਾਂ ਤੋਂ ਲੋਨ ਜਾ ਬਾਗ਼ਬਾਨੀ ਵਿਭਾਗ ਤੋਂ ਸਹਾਇਤਾ ਲੈ ਕੇ ਆਪਣਾ ਕਿੱਤਾ ਸ਼ੁਰੂ ਕਰਕੇ ਆਪਣੇ ਪੈਰਾਂ ਤੇ ਖੜਾ ਹੋਣ ਵਿੱਚ ਇਹੋ ਜਿਹੇ ਕੈਂਪ ਬੜੇ ਸਹਾਈ ਹੁੰਦੇ ਹਨ।ਇਸ ਮੌਕੇ ਚੀਫ ਗੈਸਟ ਤੇ ਬਾਹਰੋ ਆਏ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਤੇ ਇਸ ਕੈਂਪ ਨੂੰ ਸਫਲ ਬਣਾਉਣ ਵਾਲਿਆਂ ਦਾ ਤੁੰਗਵਾਲੀ ਸੁਸਾਇਟੀ ਨੇ ਜੀ ਆਇਆਂ ਕਿਹਾ ਤੇ ਧੰਨਵਾਦ ਕੀਤਾ।

# ਮਾਪੇ ਆਪਣੇ ਬੱਚਿਆਂ ਨੂੰ ਸ਼ੇਰਨੀ ਦਾ ਦੁੱਧ ਜ਼ਰੂਰ ਪਿਆਉਣ: ਪ੍ਰੋਫ਼ੈਸਰ (ਡਾ.) ਗਿੱਲ



ਮਲੋਟ, 27 ਜੂਨ ( ਅਮਨਦੀਪ ਸਿੰਘ ਮਹਿਰਾ ):ਸਮਾਜ ਦੇ ਵੱਖ ਵੱਖ ਮੁੱਦਿਆਂ 'ਤੇ ਆਪਣੀ ਬੇਬਾਕੀ ਨਾਲ ਰਾਏ ਦੇਣ ਵਾਲੇ ਬੁੱਧੀਜੀਵੀ ਤੇ ਕਲਮ ਨਵੀਸ ਪ੍ਰੋਫੈਸਰ ਗਿੱਲ ਨੇ ਮਾਪਿਆਂ ਨੂੰ ਬੇਨਤੀ ਕੀਤੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਸਿੱਖਿਆ (ਸ਼ੇਰਨੀ ਦਾ ਦੁੱਧ ਪਿਆਉਣ) ਜ਼ਰੂਰ ਦੇਣ, ਕਿਉਂਕਿ ਉਹ ਇਨਸਾਨ ਹਮੇਸ਼ਾ ਦਲੇਰ ਹੋ ਜਾਂਦਾ ਹੈ ਦੇ ਹਕੂਮਤਾਂ ਦੀ ਪਰਵਾਹ ਨਹੀਂ ਕਰਦਾ। ਸਿੱਖਿਆ( ਪੜਾਈ) ਇੱਕ ਮਾਤਰ ਅਜਿਹਾ ਹਥਿਆਰ ਹੈ ਜਿਹੜਾ ਕਿ ਹਰ ਹਥਿਆਰ ਤੇ ਭਾਰੂ ਪੈ ਜਾਂਦਾ ਹੈ ਬੇਸ਼ੱਕ ਭਾਵੇਂ ਪਰਮਾਣੂ ਬੰਬ ਹੋਵੇ । ਮਾਪੇ ਹੋਰ ਤਰਾਂ ਦੀਆਂ ਘਰੇਲੂ ਜ਼ਰੂਰਤਾਂ ਬੇਸ਼ਕ ਘੱਟ ਕਰ ਲੈਣ ਪਰ ਸਿੱਖਿਆ ਤੇ ਪੈਸਾ ਖੁੱਲਾ ਖਰਚਣ ਤਾਂ ਕਿ ਬੱਚੇ ਅੰਦਰ ਸੋਝੀ ਤੇ ਜਾਗਰਤੀ ਆਵੇ। ਜਦੋਂ ਕਿਸੇ ਵੀ ਬੱਚੇ ਜਾਂ ਨੌਜਵਾਨ ਅੰਦਰ ਸਿੱਖਿਆ ਹੋਵੇਗੀ ਤਾਂ ਕੋਈ ਗਲਤ ਬੰਦਾ ਉਸਨੂੰ ਮੂਰਖ ਨਹੀਂ ਬਣਾ ਸਕੇਗਾ। ਸਿੱਖਿਆ ਨਾਲ ਸਮਾਜ ਤਾਕਤਵਰ ਬਣੇਗਾ। ਭਾਰਤ ਦੇਸ਼ ਦੀ ਆਜ਼ਾਦੀ ਲਈ ਲੜਨ ਤੇ ਮਰਨ ਵਾਲੇ ਸਪੂਤਾਂ ਨੇ ਵੀ ਸ਼ੇਰਨੀ ਦਾ ਦੁੱਧ ਪੀਤਾ ਸੀ ਇਸ ਕਰਕੇ ਉਹ ਭਾਰਤ ਦੇਸ਼ ਦੀ ਆਜ਼ਾਦੀ ਲਈ ਅੰਗਰੇਜ਼ਾਂ ਖਿਲਾਫ ਲੜੇ। ਸ਼ਹੀਦ ਭਗਤ ਸਿੰਘ ,ਲਾਲਾ ਹਰਦਿਆਲ ਜੀ, ਸ਼੍ਰੀ ਜਵਾਹਰ ਲਾਲ ਨਹਿਰੂ ,ਸ੍ਰੀ ਮਹਾਤਮਾ ਗਾਂਧੀ ਤੇ ਹੋਰ ਹਜ਼ਾਰਾਂ ਸਤਿਕਾਰਯੋਗ ਯੋਧੇ। ਮੁਗਲਾਂ ਦੇ ਰਾਜ ਵਿੱਚ ਸਾਡੇ ਗੁਰੂ ਸਾਹਿਬਾਨ ਸਿੱਖਿਆ ਸ਼ਾਸਤਰ ਨਾਲ ਭਰਪੂਰ ਸਨ। ਉਹਨਾਂ ਨੇ ਉਸ ਵਕਤ ਮੁਗਲਾਂ ਨੂੰ ਵੰਗਾਰ ਕੇ ਕਿਹਾ ਕਿ ਤੁਸੀਂ ਬਾਬਰ ਨਹੀਂ, ਤੁਸੀਂ ਜਾਬਰ ਹੋ। ਸਿੱਖਿਆ ਤੇ ਲਾਇਆ ਪੈਸਾ ਅਜਾਈ ਨਹੀਂ ਜਾਂਦਾ, ਇਹ ਇੱਕ ਤਰ੍ਹਾਂ ਨਾਲ ਬੈਂਕ ਵਿੱਚ ਐਫਡੀ ਹੁੰਦੀ ਹੈ, ਜਦੋਂ ਸਾਰੀ ਦੁਨੀਆ ਤੁਹਾਡਾ ਸਾਥ ਨਾ ਦੇਵੇ ਤੇ ਤੁਸੀਂ ਬੇਵੱਸ ਹੋ ਜਾਓ ਤਾਂ ਉਸ ਵਕਤ ਕਿਤਾਬਾਂ ਦੇ ਕਾਲੇ ਅੱਖਰ ਤੁਹਾਡਾ ਸਾਥ ਕਦੀ ਵੀ ਨਹੀਂ ਛੱਡਦੇ। ਭਾਰਤ ਦੇਸ਼ ਦੀ ਬਦਕਿਸਮਤੀ ਇਹ ਹੈ ਇਥੇ 80% ਜਨਤਾ ਅਨਪੜ੍ਹ ਜਾਂ ਘੱਟ ਪੜੇ ਲਿਖੇ ਹਨ ਤੇ ਉਹ ਲੀਡਰ ਵੀ ਆਪਣੇ ਵਰਗਾ ਚੁਣ ਲੈਂਦੇ ਹਨ ਇਸ ਕਰਕੇ ਲੋਕ ਹੁਣ ਤੱਕ ਦੁੱਖ ਭੋਗ ਰਹੇ ਹਨ।

# ਭਾਰਤੀ ਸਟੇਟ ਬੈਂਕ ਦੀ 70ਵੀਂ ਵਰੇਗੰਢ ਮੌਕੇ ਖੂਨਦਾਨ ਕੈਂਪ




ਬਠਿੰਡਾ, 27 ਜੂਨ (ਇੰਦਰਪਾਲ ਬਾਂਸਲ) : ਭਾਰਤੀ ਸਟੇਟ ਬੈਂਕ ਵੱਲੋਂ ਬੈਂਕ ਦੀ 70ਵੀਂ ਵਰੇਗੰਢ ਮੌਕੇ ਬੈਂਕ ਮੈਨੇਜਰ ਸ੍ਰੀ ਰਵਿੰਦਰਪਾਲ ਅਤੇ ਸ੍ਰੀ ਸੰਜੀਵ ਗਰੋਵਰ ਦੀ ਅਗਵਾਈ ਹੇਠ ਬਲੱਡ ਡੋਨਰ ਕੌਂਸਲ ਰਾਮਪੁਰਾ ਦੇ ਸਹਿਯੋਗ ਨਾਲ ਪੈਂਥਰ ਕਲੱਬ ਰਾਮਪੁਰਾ ਵਿਖੇ ਇੱਕ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਗਿਆ,ਜਿਸ ਵਿੱਚ ਬੈਂਕ ਸਟਾਫ ਦੇ ਮੈਂਬਰਾਂ ਤੋਂ ਇਲਾਵਾ ਹੋਰ ਪ੍ਰਮੁੱਖ ਵਿਅਕਤੀਆਂ ਵੱਲੋਂ 71 ਯੂਨਿਟ ਖ਼ੂਨਦਾਨ ਕੀਤਾ ਗਿਆ,ਜਿਸ ਨੂੰ ਸਿਵਲ ਹਸਪਤਾਲ ਰਾਮਪੁਰਾ ਅਤੇ ਸਿਵਲ ਹਸਪਤਾਲ ਬਠਿੰਡਾ ਦੀਆਂ ਟੀਮਾਂ ਵੱਲੋਂ ਬਲੱਡ ਇਕੱਤਰ ਕੀਤਾ ਗਿਆ।ਇਸ ਮੌਕੇ ਬੋਲਦਿਆਂ ਬਲੱਡ ਡੋਨਰ ਕੌਂਸਲ ਦੇ ਪ੍ਰਧਾਨ ਧਰਮ ਸਿੰਘ ਭੁੱਲਰ ਨੇ ਦੱਸਿਆ ਕਿ ਰਾਮਪੁਰਾ ਸ਼ਹਿਰ ਇੱਕ ਖ਼ੂਨਦਾਨੀਆਂ ਦੀ ਨਗਰੀ ਵਜੋਂ ਜਾਣਿਆ ਜਾਂਦਾ ਹੈ,ਜਿਸ ਨੂੰ ਖ਼ੂਨਦਾਨ ਲਹਿਰ ਦੇ ਬਾਨੀ ਸ੍ਰੀ ਹਜ਼ਾਰੀ ਲਾਲ ਜੀ ਬਾਂਸਲ ਵੱਲੋਂ 1978 ਵਿੱਚ ਸ਼ੁਰੂ ਕੀਤਾ ਗਿਆ ਸੀ ਜਿਸ ਸਮੇਂ ਲੋਕ ਖ਼ੂਨਦਾਨ ਕਰਨ ਤੋਂ ਡਰਦੇ ਸਨ। ਪਰ ਇਹ ਖ਼ੂਨਦਾਨ ਦੀ ਲਹਿਰ ਉਸ ਸਮੇਂ ਤੋਂ ਲੈਕੇ ਅੱਜ ਤੱਕ ਲਗਾਤਾਰ ਨਿਰੰਤਰ ਜਾਰੀਹੈ। ਉਨ੍ਹਾਂ ਦੱਸਿਆ ਕਿ 12% ਅਬਾਦੀ ਖ਼ੂਨਦਾਨੀ ਹੋਣ ਕਰਕੇ ਏਸੀਆ ਦੇ ਵਿੱਚ ਪਹਿਲੇ ਨੰਬਰ ਤੇ ਹੈ।ਇਹ ਬੂਟਾ ਜੋ ਖ਼ੂਨਦਾਨ ਦਾ ਹੈ ਉਸ ਸਮੇਂ ਤੋਂ ਲੈਕੇ ਹੁਣ ਤੱਕ ਬੋਹੜ ਦੇ ਦਰੱਖਤ ਦਾ ਰੂਪ ਧਾਰਨ ਕਰਕੇ ਪੰਜਾਬ ਦੇ ਹੋਰ ਬਾਕੀ ਸ਼ਹਿਰਾਂ ਵਿੱਚ ਫੈਲ ਚੁੱਕਿਆ ਹੈ। ਉਨ੍ਹਾਂ ਦੱਸਿਆ ਕਿ ਇਹ ਕੈਂਪ ਬਲੱਡ ਡੋਨਰ ਕੌਂਸਲ ਦਾ 453ਵਾਂ ਕੈਂਪ ਹੈ ਜਿਸ ਵਿੱਚ ਹੁਣ ਤੱਕ ਤਕਰੀਬਨ 30 ਹਜ਼ਾਰ ਯੂਨਿਟ ਖ਼ੂਨਦਾਨ ਕੀਤਾ ਜਾ ਚੁੱਕਿਆ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਟੇਟ ਅਵਾਰਡੀ ਸ੍ਰੀ ਪਵਨ ਮਹਿਤਾ, ਸਟੇਟ ਅਵਾਰਡੀ ਸ੍ਰੀ ਸੁਰਿੰਦਰ ਗਰਗ, ਪ੍ਰੀਤਮ ਸਿੰਘ ਆਰਟਿਸਟ, ਗੋਰਾ ਸੰਧੂ ਖ਼ੁਰਦ, ਹਰਦੀਪ ਸਿੰਘ ਰਾਈਆ, ਪਰਵਿੰਦਰ ਸਿੰਘ ਸੂਚ ਸੰਧੂ ਖ਼ੁਰਦ, ਪਰਮਜੀਤ ਸਿੰਘ ਰਾਜਗੜ੍ਹ, ਜਗਰੂਪ ਸਿੰਘ, ਗੁਰਦੇਵ ਸਿੰਘ ਫੂਲ, ਗੁਰਜੰਟ ਸਿੰਘ ਚੋਟੀਆਂ ਅਜੈਬ ਸਿੰਘ ਪਿੱਥੋ, ਸੁਖਦੇਵ ਸਿੰਘ ਢਿਪਾਲੀ, ਮਨੋਹਰ ਸਿੰਘ, ਸੁਰਿੰਦਰ ਧੀਰ, ਐਡਵੋਕੇਟ ਹਰਪ੍ਰੀਤ ਸਿੰਘ ਦੁੱਗਲ ਪ੍ਰਧਾਨ ਪੈਂਥਰ ਕਲੱਬ, ਐਡਵੋਕੇਟ ਪਰਮਦੀਪ ਸਿੰਘ ਬੇਦੀ, ਐਡਵੋਕੇਟ ਦਿਨੇਸ਼ ਗਰਗ, ਕੈਲਾਸ਼ ਕੌਸ਼ਿਕ, ਬਲਦੇਵ ਜਿੰਦਲ, ਗੁਰਪ੍ਰੀਤ ਸਿੰਘ ਸੀਟਾ, ਬੂਟਾ ਸਿੰਘ ਮਹਿਰਾਜ, ਰਵਿੰਦਰ ਸਿੰਘ ਨਿੱਕਾ ਮੀਤ ਪ੍ਰਧਾਨ ਨਗਰ ਕੌਂਸਲ, ਐਡਵੋਕੇਟ ਹਰਪ੍ਰੀਤ ਸਿੰਘ ਦੁੱਗਲ ਪ੍ਰਧਾਨ ਪੈਂਥਰ ਕਲੱਬ, ਐਡਵੋਕੇਟ ਪਰਮਦੀਪ ਸਿੰਘ ਬੇਦੀ, ਐਡਵੋਕੇਟ ਦਿਨੇਸ਼ ਗਰਗ,ਇੰਦਰਜੀਤ ਬਾਵਾ, ਹੈਪੀ ਬਾਂਸਲ, ਮਨਦੀਪ ਕਰਕਰਾ,ਸੁਨੀਲ ਬਿੱਟਾ ਤੇ ਬਿੰਦੂ ਗਰਗ ਕੌਂਸਲਰ, ਨਰੇਸ਼ ਭੋਲਾ ਤੋਂ ਇਲਾਵਾ ਐਸ ਬੀ ਆਈ ਬੈਂਕ ਦੇ ਵੱਖੋ-ਵੱਖ ਮੈਨੇਜਰ ਅਤੇ ਸਟਾਫ ਮੈਂਬਰ ਹਾਜ਼ਰ ਸਨ।

# ਲੋਕ ਆਪਣੇ ਸੁਆਰਥ ਲਈ ਸਰਕਾਰੀ ਥਾਵਾਂ ਦੀ ਕਰਦੇ ਨੇ ਦੁਰਵਰਤੋਂ

## ਪ੍ਰਸ਼ਾਸਨ ਨੂੰ ਇਨ੍ਹਾਂ 'ਤੇ ਕਰਨੀ ਚਾਹੀਦੀ ਦੀ ਹੈ ਸਖਤ ਕਾਨੂੰਨੀ ਕਾਰਵਾਈ

ਭੁੱਚੋ ਮੰਡੀ/ ਨਥਾਣਾ, 27 ਜੂਨ (ਹਰਬੰਸ ਸਿੰਘ ਭੋਲਾ): ਸਰਹਿੰਦ ਨਹਿਰ ਦੇ ਨਾਲ ਦੀ ਲੰਘਦੀ ਸੜਕ ਜੋ ਨਹਿਰ ਦੀ ਸਾਂਭ ਸੰਭਾਲ ਤੇ ਜਨਤਾ ਦੀ ਸਹੂਲਤ ਨੂੰ ਕਰਦੀ ਆ ਪਰ ਬਹੁਤ ਸਾਰੇ ਪਿੰਡਾਂ ਦੇ ਲੋਕਾਂ ਨੂੰ ਆਪਣੇ ਖੇਤਾਂ ਵਿੱਚ ਕੰਮ ਕਰਨ 'ਤੇ ਆਉਣ ਜਾਣ ਲਈ ਸਹੂਲਤ ਵੀ ਪ੍ਰਦਾਨ ਕਰਦੀ ਆ ਤੇ ਨਹਿਰ ਦੇ ਨਜ਼ਦੀਕ ਵਸਦੇ ਬਹੁਤੇ ਪਿੰਡਾਂ ਨੂੰ ਜਿਵੇ ਕਿ ਪਿੰਡ ਪੂਹਲਾ,ਨਥਾਣਾ,ਪੂਹਲੀ,ਸੇਮਾ, ਗੋਬਿੰਦਪੁਰਾ ਨੂੰ ਬਠਿੰਡਾ ਦੇ ਨਾਲ ਕਾਰ ਵਿਹਾਰ ਰੋਜ਼ ਮਰਾ ਦੇ ਕੰਮਾ ਲਈ ਸ਼ਹਿਰ ਜਾਣ ਦੀ ਸਹੂਲਤ ਮੁੱਖ ਲੋੜ ਨੂੰ ਵੀ ਪੂਰਾ ਕਰਦੀ ਆ ਇਹ ਸੜਕ ਇਹ ਸ਼ਹਿਰ ਲਾਗਲੇ ਪਿੰਡਾਂ ਦੇ ਲੋਕਾਂ ਨੂੰ ਬਠਿੰਡਾ ਜਾਣ ਦੀ ਦੂਰੀ ਨੂੰ ਘਟ ਕਰਦੀ ਆਂ ਜਿਸ ਨਾਲ ਲੋਕਾਂ ਦਾ ਸਮਾਂ ਤੇ ਘਟਾਉਂਦੀ ਹੀ ਤੇ ਪੈਸੇ ਦੀ ਹੁੰਦੀ ਹੈ ਬਚੱਤ ਪਰ ਕੁੱਝ ਸ਼ਰਾਰਤੀ ਲੋਕ ਸੜਕ ਦੀ ਦੁਰਵਰਤੋ ਕਰਦੇ ਹਨ, ਕਿਉਂਕਿ ਸੜਕ ਇੱਕ ਪਾਸੇ ਨਹਿਰ ਅਤੇ ਦੂਸਰੇ ਪਾਸੇ ਜੰਗਲਾਤ ਵਿਭਾਗ ਦੀ ਕਾਫੀ ਜਗ$ਹਾ ਜਿਸ ਵਿੱਚ ਬਹੁਤ ਸਾਰੇ ਦਰੱਖਤ ਲੱਗੇ ਹੋਏ ਹਨ, ਇਸ ਸੜਕ ਨੂੰ ਦੇਖਣ ਤੋਂ ਪਤਾ ਚਲਦਾ ਹੈ ਇਹ ਸੜਕ ਬਹੁਤ ਸਾਰੀਆ ਥਾਂਵਾਂ ਤੋ ਟੁੱਟਣੀ ਵੀ ਸੁਰੂ ਹੋ ਚੁੱਕੀ ਹੈ,ਪਰ ਇਸ ਦੇ ਨਾਲ ਦੇਆਸ ਪਾਸ ਦੇ ਪਿੰਡਾਂ ਦੇ ਲੋਕ ਇਸ



ਸੜਕ ਨੂੰ ਲਾਵਾਰਸ ਸਮਝ ਕੇ ਇਸ ਦੀ ਦੁਰਵਰਤੋ ਕਰਦੇ ਹਨ ਉਹ ਆਪਣੇ ਘਰਾਂ ਦਾ ਕੂੜਾ ਕਰਕਟ, ਮ੍ਰਿਤਕ ਪਸੂ ਅਤੇ ਇੱਟਾਂ ਪੱਥਰ ਵੱਡੀ ਤਦਾਦ ਦੇ ਵਿੱਚ ਸੜਕ ਦੇ ਉੱਪਰ ਹੀ ਸੁੱਟਦੇ ਹਨ ,ਜੋ ਕਿ ਗੈਰ ਕਾਨੂੰਨੀ ਹੈ, ਜਿਸ ਕਰਕੇ ਇੱਥੋਂ ਦੀ ਲੰਘਣ ਵਾਲੇ ਰਾਹਗੀਰਾ ਨੂੰ ਭਾਰੀ ਪ੍ਰੇਸ਼ਾਨੀਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਸੜਕ ਕਿਨਾਰੇ ਲਾਹੇ ਜਾ ਰਹੇ ਕੂੜੇ ਕਰਕਟ ਅਤੇ ਪੱਥਰ ਕੰਕਰੀਟ ਕਾਰਨ ਕਿਸੇ ਵੀ ਸਮੇ ਕੋਈ ਵੱਡਾ ਹਾਦਸਾ ਵਾਪਰ ਸਕਦਾ ਹੈ, ਕਿਉ ਕਿ ਹੁਣ ਬਰਸਾਤਾਂ ਮੌਸਮ ਹੈ ਤੇ ਸੜਕ ਤੇ ਪਾਣੀ ਖੜਣ ਨਾਲ ਸੜਕ ਟੁਟਣਾ ਸੁਭਵਕ ਹੀ ਹੈ ਖ਼ੁਦਾ ਨਾ ਖਾਸਤਾ ਇਨ੍ਹਾਂ ਗਲਤ ਅਨਸਰਾਂ ਦੀ ਗਲਤ ਹਰਕਤ ਨਾਲ ਜੇਕਰ ਸਰਹੰਦ ਨਹਿਰ ਵਿੱਚ ਪਾੜ ਪੈਅ ਗਿਆ ਤਾਂ ਉਹ ਇਕ ਵਿਨਾਸ਼ ਕਾਰੀ ਮੰਜ਼ਰ ਹੋਵੇਗਾ ਬਹੁਤੇ ਪਿੰਡਾਂ ਦੇ ਘਰ ਤੇ ਫਸਲਾਂ ਤਬਾਹ ਹੋ ਜਾਣਗੀਆਂ ਤੇ ਜਾਨੀ ਮਾਲੀ ਨੁਕਸਾਨ ਦਾ ਵੀ ਕੋਈ ਇਨਦਾਜਾ ਨਹੀ ਇਸ ਕਰਕੇ ਪ੍ਰਸ਼ਾਸਨ ਨੂੰ ਇਨ੍ਹਾਂ ਲੋਕਾਂ ਦਾ ਪਤਾ ਕਰਕੇ ਜੋ ਇਹੋ ਜਿਹੀਆਂ ਗ਼ਲਤ ਹਰਕਤਾਂ ਕਰਦੇ ਹਨ ਉਹਨਾਂ ਲੋਕਾਂ ਤੇ ਕਾਨੂੰਨੀਂ ਕਰਵਾਇਈ ਕਰਨੀ ਚਾਹੀਦੀ ਜੋ ਸਰਕਾਰੀ ਪ੍ਰੋਪਟੀ ਨੂੰ ਨੁਕਸਾਨ ਪੁਚਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਇਹੋ ਜਿਹੇ ਲੋਕ ਜੋ ਇਸ ਸੜਕ ਦੇ ਕਿਨਾਰੇ ਮਰੇ ਹੋਏ ਡੰਗਰ ਸੁਟਦੇ ਹਨ । ਇਨ੍ਹਾਂ ਸੁੱਟੇ ਜਾ ਰਹੇ ਮ੍ਰਿਤਕ ਪਸੂਆਂ ਦੇ ਕਰਕੇ ਦੁਰਗੰਧ ਫੈਲਣ ਦੇ ਨਾਲ ਨਾਲ ਭਿਆਨਕ ਬਿਮਾਰੀਆ ਫੈਲਣ ਦਾ ਵੀ ਹਮੇਸ਼ਾ ਡਰ ਬਣਿਆ ਰਹਿੰਦਾ ,ਅਤੇ ਇਹਨਾਂ ਮ੍ਰਿਤਕ ਪਸੂਆ ਕਰਕੇ ਬਹੁਤੀਆ ਥਾਵਾਂ ਹੱਡਾ ਰੋੜੀ ਦਾ ਰੂਪ ਧਾਰਨ ਕਰ ਰਹੀਆ ਹਨ, ਜਿਸ ਕਰਕੇ ਅਵਾਰਾ ਖੂੰਖਾਰ ਕੁੱਤਿਆ ਦੇ ਵੱਡੇ ਵੱਡੇ ਝੁੰਡ ਵੀ ਇਸ ਸੜਕ ਦੇ ਆਸੇ ਪਾਸੇ ਸੁੰਨਸਾਨ ਥਾਵਾਂ ਤੇ ਦਿਨ ਰਾਤ ਦੇ ਸਮੇਂ ਨਜ਼ਰ ਆਉਂਦੇ ਨੇ ਤੇ ਇਨ੍ਹਾਂ ਘੁੰਮ ਰਹੇ ਕੁੱਤਿਆਂ ਤੋਂ ਰਾਤ ਬਰਾਤੇ ਇਕਲੇ -ਦੁਕੱਲੇ ਜਾ ਰਹੇ ਆਦਮੀ ਰਾਹੀਗਾਰ ਨੂੰ ਵੀ ਹਮੇਸ਼ਾ ਖਤਰਾ ਬਣਿਆ ਰਹਿੰਦਾ ਆਉਣ ਜਾਣ ਵਾਲੇ ਰਾਹਗੀਰਾਂ ਨੂੰ ਪ੍ਰੇਸ਼ਾਨੀਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ,ਅਤੇ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ,ਜਿਸ ਕਰਕੇ ਇੱਥੋਂ ਦੇ ਨਾਲ ਲੱਗਦੇ ਖੇਤਾਂ ਦੇ ਲੋਕ ਵੀ ਪ੍ਰੇਸ਼ਾਨ ਹਨ, ਕਿਉਕਿ ਘੁੰਮ ਰਹੇ ਖੂੰਖਾਰ ਕੁੱਤਿਆ ਦੇ ਝੁੰਡ ਕਰਕੇ ਇਕੱਲੇ ਵਿਅਕਤੀ ਨੂੰ ਇੱਥੋਂ ਲੰਘਣ ਦੇ ਵਿੱਚ ਪ੍ਰੇਸ਼ਾਨੀ ਆਉਦੀ ਹੈ। ਸੜਕ ਦੇ ਨਾਲ ਖੜ੍ਹੇ ਦਰੱਖਤਾਂ ਅਤੇ ਹੋਰ ਨਾਲ ਲੱਗਦੀਆ ਥਾਵਾਂ ਤੇ ਸੁਟੇ ਜਾ ਰਹੇ ਕੂੜੇ ਕਰਕਟ, ਪੱਥਰ, ਕੰਕਰੀਟ ਕਰਕੇ ਹਰੇ ਭਰੇ ਦਰੱਖਤਾਂ ਨੂੰ ਵੱਡੇ ਪੱਧਰ ਤੇ ਵੀ। ਨੁਕਸਾਨ ਪਹੁੰਚਾਇਆ ਜਾ ਰਿਹਾ ਹੈ,ਅਤੇ ਲੱਗੇ ਕੂੜੇ ਦੇ ਢੇਰਾਂ ਕਰਕੇ ਦੁਰਗੰਧ ਫੈਲ ਰਹੀ ਹੈ। ਪਰ ਇਸ ਵੱਲ ਅਜੇ ਤੱਕ ਕਿਸੇ ਵੀ ਮਹਿਕਮੇ ਨਹਿਰੀ,ਜੰਗਲਾਤ ਜਾ ਮਾਲ ਮਹਿਕਮੇ ਦਾ ਕੋਈ ਧਿਆਨ ਨਹੀ ਜਾ ਰਿਹਾ ਪਤਾ ਨਹੀਂ ਕਿਉਂ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੌਂ ਰਿਹਾ ਜਾਂ ਫਿਰ ਕਿਸੇ ਵੱਡੇ ਹਾਦਸੇ ਦੀ ਉਡੀਕ ਵਿੱਚ ਹੈ।

# ਮਾਤਾ ਸੁਰਜੀਤ ਕੌਰ ਨਮਿੱਤ ਸ਼ਰਧਾਂਜਲੀ ਸਮਾਗਮ



ਭਗਤਾ ਭਾਈ ਕਾ, 27 ਜੂਨ (ਸਵਰਨ ਸਿੰਘ ਭਗਤਾ): ਪਿਛਲੇ ਦਿਨੀਂ ਇਤਿਹਾਸਕ ਗੁਰਦੁਆਰਾ ਮਹਿਲ ਸਾਹਿਬ ਪਾਤਸ਼ਾਹੀ ਦਸਵੀਂ ਦੇ ਪ੍ਰਧਾਨ ਗੁਰਚਰਨ ਸਿੰਘ ਖਾਲਸਾ ਦੇ ਮਾਤਾ ਸੁਰਜੀਤ ਕੌਰ ਸੁਪਤਨੀ ਸਵ.ਨਿਹਾਲ ਸਿੰਘ ਸਿੱਧੂ ਅਕਾਲ ਚਲਾਣਾ ਕਰ ਗਏ ਸਨ, ਜਿਨ੍ਹਾਂ ਦੇ ਨਮਿੱਤ ਅੱਜ ਗੁਰਦੁਆਰਾ ਮਹਿਲ ਸਾਹਿਬ ਵਿਖੇ ਸ਼ਰਧਾਂਜਲੀ ਸਮਾਗਮ ਹੋਇਆ, ਸ਼ਰਧਾਂਜਲੀ ਸਮਾਗਮ ਦੇ ਸਬੰਧ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ। ਇਸ ਉਪਰੰਤ ਰਾਗੀ ਜਥੇ ਵੱਲੋਂ ਵੈਰਾਗਮਈ ਕੀਰਤਨ ਗਾਇਨ ਕੀਤਾ। ਅੰਤਿਮ ਅਰਦਾਸ ਮੌਕੇ ਭਾਈ ਸਰਬਜੀਤ ਸਿੰਘ ਖਾਲਸਾ ਮੈਂਬਰ ਪਾਰਲੀਮੈਂਟ ਦੀ ਧਰਮਪਤਨੀ ਬੀਬੀ ਸੰਦੀਪ ਕੌਰ ਖਾਲਸਾ, ਦਲੇਰ ਸਿੰਘ ਡੋਡ,ਬਲਵਿੰਦਰ ਸਿੰਘ ਰੋਡੇ, ਦਿਆ ਸਿੰਘ, ਰਾਮ ਸਿੰਘ ਢਿਪਾਲੀ, ਗਗਨਦੀਪ ਸਿੰਘ ਗਰੇਵਾਲ ਸਾਬਕਾਚੇਅਰਮੈਨ,ਬੂਟਾ ਸਿੰਘ ਪ੍ਰਧਾਨ ਨਗਰ ਪੰਚਾਇਤ,ਰਾਜੂ ਸਿੰਘ ਸਾਬਕਾ ਸਰਪੰਚ,ਬਲਵਿੰਦਰ ਸਿੰਘ ਢਾਡੀ,ਸਿੱਖ ਜਥੇਬੰਦੀਆਂ ਦੇ ਆਗੂ ,ਕਿਸਾਨ ਯੂਨੀਅਨ ਅਤੇ ਸਮਾਜ ਸੇਵਾ ਸੁਸਾਇਟੀਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਨਗਰ ਦੀਆਂ ਸੰਗਤਾਂ ਅਤੇ ਰਿਸ਼ਤੇਦਾਰਾਂ ਨੇ ਮਾਤਾ ਸੁਰਜੀਤ ਕੌਰ ਨੂੰ ਸ਼ਰਧਾਂਜਲੀ ਭੇਟ ਕੀਤੀ।

# ਮਹਿਲਾ ਕਮਿਸ਼ਨ, ਔਰਤਾਂ ਦੀਆਂ ਸਮੱਸਿਆਵਾਂ ਦੇ ਹੱਲ ਤੇ ਨਿਰਪੱਖ ਜਾਂਚ ਕਰਨ ਲਈ ਵਚਨਬੱਧ : ਰਾਜ ਲਾਲੀ ਗਿੱਲ

ਫਿਰੋਜ਼ਪੁਰ 27 ਜੂਨ (ਤਿਵਾੜੀ) : ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਚੇਅਰਪਰਸਨ ਮੈਡਮ ਰਾਜ ਲਾਲੀ ਗਿੱਲ ਨੇ ਅੱਜ ਦਫ਼ਤਰ ਡਿਪਟੀ ਕਮਿਸ਼ਨਰ ਵਿਖੇ ਲੋਕ ਅਦਾਲਤ ਲਗਾ ਕੇ ਮਹਿਲਾਵਾਂ ਦੀਆਂ ਮੁਸ਼ਕਲਾਂ ਸੁਣੀਆਂ। ਇਸ ਲੋਕ ਅਦਾਲਤ ਵਿੱਚ ਉਨ੍ਹਾਂ ਵੱਲੋਂ ਜ਼ਿਲ੍ਹੇ ਨਾਲ ਸਬੰਧਤ ਕਮਿਸ਼ਨ ਕੋਲ ਚੱਲ ਰਹੇ 36 ਕੇਸਾਂ ਦੀ ਸੁਣਵਾਈ ਕੀਤੀ ਗਈ ਜਦਕਿ ਲਗਭਗ 15 ਨਵੇਂ ਕੇਸ ਵੀ ਇਸ ਜਨ ਸੁਣਵਾਈ ਦੌਰਾਨ ਆਏ, ਜਿਨ੍ਹਾਂ ਵਿੱਚੋਂ ਕਰੀਬ 50 ਫੀਸਦੀ ਕੇਸਾਂ ਦਾ ਮੌਕੇ 'ਤੇ ਨਿਪਟਾਰਾ ਕੀਤਾ ਗਿਆ ਅਤੇ ਬਾਕੀ ਕੇਸਾਂ ਲਈ ਸਬੰਧਤ ਅਧਿਕਾਰੀਆਂ ਨੂੰ ਛੇਤੀ ਤੋਂ ਛੇਤੀ ਉਚਿੱਤ ਨਿਪਟਾਰਾ ਕਰਨ ਦੇ ਨਿਰਦੇਸ਼ ਦਿੱਤੇ ਗਏ। ਮਹਿਲਾ ਕਮਿਸ਼ਨ ਦੇ ਚੇਅਰਪਰਸਨ ਮੈਡਮ ਰਾਜ ਲਾਲੀ ਗਿੱਲ ਨੇ ਇਹਨਾਂ ਕੇਸਾਂ ਦੀ ਸੁਣਵਾਈ ਕਰਦਿਆਂ ਜਾਂਚ ਅਧਿਕਾਰੀਆਂ ਨੂੰ ਕਾਨੂੰਨੀ ਦਾਇਰੇ ਵਿੱਚ ਰਹਿੰਦਿਆਂ ਜਲਦ ਤੋਂ ਜਲਦ ਜਾਂਚ ਕਾਰਜ ਮੁਕੰਮਲ ਕਰਨ ਅਤੇ ਪੀੜਤ ਧਿਰਾਂ ਨੂੰ ਇਨਸਾਫ਼ ਦਿਵਾਇਆ ਜਾਣਾ ਯਕੀਨੀ ਬਣਾਉਣ ਦੀਆਂ ਸਖ਼ਤ ਹਦਾਇਤਾਂ ਕੀਤੀਆਂ। ਉਨ੍ਹਾਂ ਕਿਹਾ ਕਿ ਮਹਿਲਾ ਕਮਿਸ਼ਨ ਔਰਤਾਂ ਦੇ ਅਧਿਕਾਰਾਂ ਦੀ ਰਾਖੀ ਕਰਨ ਲਈ ਦ੍ਰਿੜਤਾ ਨਾਲ ਕੰਮ ਕਰ ਰਿਹਾ ਹੈ। ਇਸ ਮੌਕੇ ਚੇਅਰਪਰਸਨ ਨੇ ਕਿਹਾ ਕਿ ਮਹਿਲਾ ਕਮਿਸ਼ਨ ਹਰੇਕ ਜ਼ਿਲ੍ਹੇ ਅੰਦਰ ਜਾ ਕੇ ਔਰਤਾਂ ਨੂੰ ਪੇਸ਼ ਆ ਰਹੀਆਂ ਦਰਪੇਸ਼ ਮੁਸ਼ਕਲਾਂ ਦਾ ਨਿਪਟਾਰਾ ਕਰਨ ਨੂੰ



ਤਰਜੀਹ ਦੇ ਰਿਹਾ ਹੈ, ਕਿਉਂਕਿ ਕਈ ਪੀੜਤ ਮਹਿਲਾਵਾਂ ਮੋਹਾਲੀ ਵਿਖੇ ਕਮਿਸ਼ਨ ਦਫ਼ਤਰ ਤੱਕ ਆਪਣੀ ਪਹੁੰਚ ਨਹੀਂ ਕਰ ਪਾਉਂਦੀਆਂ। ਇਸ ਲਈ ਕਮਿਸ਼ਨ ਵੱਲੋਂ ਜ਼ਿਲ੍ਹਿਆਂ ਅੰਦਰ ਹੀ ਲੋਕ ਅਦਾਲਤ ਲਗਾ ਕੇ ਮੁਸ਼ਕਲਾਂ ਨੂੰ ਸੁਣਿਆ ਜਾਂਦਾ ਹੈ ਤੇ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਮੌਕੇ 'ਤੇ ਹੀ ਨਿਪਟਾਰਾ ਹੋ ਸਕੇ। ਉਨ੍ਹਾਂ ਆਖਿਆ ਕਿ ਕਮਿਸ਼ਨ ਜਿੱਥੇ ਦੋਸ਼ੀਆਂ ਖਿਲਾਫ ਕਾਰਵਾਈ ਹੋਣੀ ਯਕੀਨੀ ਬਣਾਉਂਦਾ ਹੈ ਉੱਥੇ ਇਹ ਵੀ ਕੋਸ਼ਿਸ਼ ਰਹਿੰਦੀ ਹੈ ਕਿ ਪਤੀ ਪਤਨੀ ਦੇ ਝਗੜਿਆਂ ਦਾ ਕੋਈ ਸਾਰਥਕ ਹੱਲ ਨਿਕਲੇ ਅਤੇ ਗੱਲ ਤਲਾਕ ਤੱਕ ਨਾ ਜਾਵੇ। ਉਨ੍ਹਾਂ ਆਖਿਆ ਕਿ ਕੋਈ ਵੀ ਪੀੜਤ ਔਰਤ ਕਮਿਸ਼ਨ ਤੱਕ ਪਹੁੰਚ ਕਰ ਸਕਦੀ ਹੈ। ਇਸ ਤੋਂ ਇਲਾਵਾ ਆਪਣੇ ਸੰਬੰਧਤ ਜ਼ਿਲ੍ਹੇ ਦੇ ਮਹਿਲਾ ਸੈੱਲ ਵਿੱਚ ਵੀ ਅਰਜ਼ੀ ਦਿੱਤੀ ਜਾਵੇ ਅਤੇ ਉਸਦੀ ਨਕਲ ਕਮਿਸ਼ਨ ਕੋਲ ਭੇਜ ਦਿੱਤੀ ਜਾਵੇ ਤਾਂ ਕਮਿਸ਼ਨ ਸ਼ਿਕਾਇਤ 'ਤੇ ਜਲਦੀ ਕਾਰਵਾਈ ਕਰਵਾਉਣੀ ਯਕੀਨੀ ਬਣਾਉਂਦਾ ਹੈ। ਉਨ੍ਹਾਂ ਦੱਸਿਆ ਕਿ ਅੱਜ ਵਿਆਹ ਸਬੰਧਾਂ, ਦਾਜ-ਦਹੇਜ, ਲੜਕੀਆਂ ਤੇ ਔਰਤਾਂ ਦਾ ਸ਼ੋਸ਼ਣ, ਲਿਵ ਇਨ ਰਿਲੇਸ਼ਨ, ਘਰੇਲੂ ਮਾਰਕੁੱਟ ਆਦਿ ਨਾਲ ਸਬੰਧਤ ਮਾਮਲੇ ਉਨ੍ਹਾਂ ਕੋਲ ਪੁੱਜੇ ਸਨ। ਇਸ ਮੌਕੇ ਉਨ੍ਹਾਂ ਨੇ ਸਮਾਜ ਨੂੰ ਅਪੀਲ ਕੀਤੀ ਕਿ ਛੋਟੀਆਂ-ਛੋਟੀਆਂ ਗੱਲਾਂ ਨਾਲ ਰਿਸ਼ਤਿਆਂ ਵਿੱਚ ਵਿਗਾੜ ਨਾ ਪਾਇਆ ਜਾਵੇ ਅਤੇ ਪਰਿਵਾਰਿਕ ਇਕਾਈ ਦੇ ਮਹੱਤਵ ਨੂੰ ਸਮਝਦਿਆਂ ਇੱਕ ਚੰਗੇ ਸਮਾਜ ਦੀ ਸਿਰਜਣਾ ਵਿੱਚ ਯੋਗਦਾਨ ਪਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਇਸ ਦੌਰਾਨ ਸੁਣਵਾਈ ਅਧੀਨ ਆਏ ਵੱਖ-ਵੱਖ ਮਾਮਲਿਆਂ ਵਿੱਚ ਪੁਲਿਸ ਵਿਭਾਗ ਨੂੰ ਜਾਂਚ ਜਲਦ ਤੋਂ ਜਲਦ ਮੁਕੰਮਲ ਕਰਨ ਦੀਆਂ ਸਖ਼ਤ ਹਦਾਇਤਾਂ ਵੀ ਦਿੱਤੀਆਂ। ਇਸ ਮੌਕੇ ਡਿਪਟੀ ਡਾਇਰੈਕਟਰ ਮਹਿਲਾ ਕਮਿਸ਼ਨ ਨਿਖਿਲ ਅਰੋੜਾ, ਸਹਾਇਕ ਕਮਿਸ਼ਨਰ (ਜ) ਹਰਜੋਤ ਕੌਰ, ਐਸ.ਪੀ. ਨਵੀਨ ਕੁਮਾਰ, ਮਿਸ ਲਿਧਿਆ ਆਈ.ਏ.ਐਸ. (ਅੰਡਰ ਟ੍ਰੇਨਿੰਗ), ਐਸ.ਪੀ. ਮਨਜੀਤ ਸਿੰਘ, ਆਪ ਆਗੂ ਭੁਪਿੰਦਰ ਕੌਰ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।


ਭਾਰਤੀ ਰੇਲ
**ਪਟਿਆਲਾ ਲੋਕੋਮੋਟਿਵ ਵਰਕਸ**
ਪਟਿਆਲਾ-147003
ਫੋਨ: 2396000, 2396001 ਫੈਕਸ: 91-0175-2306413

**ਈ-ਨਿਵਿਦਾ ਸੂਚਨਾ**

ਉਪ ਮੁੱਖ ਯਾਂਤਰਿਕ ਇੰਜੀਨੀਅਰ/LMS, ਪਟਿਆਲਾ ਲੋਕੋਮੋਟਿਵ ਕਾਰਖਾਨਾ (PLW), ਪਟਿਆਲਾ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਨਿਮਨ ਕੰਮ ਲਈ ਸਬੰਧਿਤ ਨਿਵਿਦਾਕਾਰਾਂ ਤੋਂ ਰੇਲਵੇ ਦੇ ਈ-ਪ੍ਰੋਕਯੋਰਮੈਂਟ-ਪੋਰਟਲ www.ireps.gov.in ਦੇ ਮਾਧਿਅਮ ਨਾਲ ਖੁੱਲੀ ਨਿਵਿਦਾ ਸਿਸਟਮ 'ਤੇ ਆਧਾਰਿਤ ਆਨਲਾਈਨ ਈ-ਨਿਵਿਦਾ ਮੰਗ ਕੀਤੀ ਜਾਂਦੀ ਹੈ।

| | |
|---|---|
| N.I.T. No. | PLW-PCME-25-322A |
| ਕੰਮ ਦਾ ਨਾਮ | Teeth grinding of 17 Teeth pinions for HHP Traction Motor, as per drawing no.: BLW-40074147 (Alt-d). |
| ਅੰਦਾਜਨ ਲਾਗਤ (ਰੁ) | 44,60,400/- (Forty-four Lakh Sixty Thousand Four Hundred Only) |
| ਬਿਆਨਾ ਰਾਸ਼ੀ | 89,200/- (Eighty-Nine Thousand Two Hundred Only). |
| ਕੰਮ ਸਮਾਪਤੀ ਦਾ ਸਮਾਂ | One year (365 Days) |
| ਨਿਵਿਦਾ ਬੰਦ ਦੀ ਮਿਤੀ ਤੇ ਸਮਾਂ ਅਤੇ ਨਿਵਿਦਾ ਖੁਲਣ ਦੀ ਮਿਤੀ ਤੇ ਸਮਾਂ | 18.07.2025 upto 15:30 hrs & opening on the same day at 16:00 hrs. |
| ਨਿਵਿਦਾ ਦਸਤਾਵੇਜ ਦੀ ਕੀਮਤ | Nill |

1935/2025
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



ਯੂਨੀਅਨ ਬੈਂਕ ਆਫ ਇੰਡੀਆ
ਭਾਰਤ ਸਰਕਾਰ ਦਾ ਇਕ ਅਦਾਰਾ

Union Bank of India
A Government of India Undertaking

ਅਸੈਟ ਰਿਕਵਰੀ ਸ਼ਾਖਾ
ਕਾਲਰਾਜ਼ ਬਿਲਡਿੰਗ, ਪਹਿਲੀ ਮੰਜ਼ਿਲ, ਬੀ-15-295/ਬੀ ਅਤੇ ਬੀ-15-295/ਸੀ, ਨੇੜੇ ਓਸਵਾਲ ਸਟ੍ਰੀਟ, ਮਿਲਰਗੰਜ, ਜੀ.ਟੀ. ਰੋਡ, ਲੁਧਿਆਣਾ-141003

**ਈ-ਨਿਲਾਮੀ ਵਿਕਰੀ ਸੂਚਨਾ**
ਈ-ਨਿਲਾਮੀ ਦੀ ਮਿਤੀ ਅਤੇ ਸਮਾਂ 15.07.2025 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 05.00 ਵਜੇ ਦੇ ਵਿਚਾਲੇ

**ਅਚੱਲ/ਚੱਲ ਸੰਪਤੀਆਂ ਦੀ ਵਿਕਰੀ ਲਈ ਵਿਕਰੀ ਸੂਚਨਾ "ਅੰਤਿਕਾ 4-ਏ" (ਨਿਯਮ 8 (6) ਦੀ ਵਿਵਸਥਾ ਦੇਖੋ)**
**ਈ-ਨਿਲਾਮੀ ਦੀ ਮਿਤੀ ਅਤੇ ਸਮਾਂ 15.07.2025 ਨੂੰ ਦੁਪਹਿਰ 12 ਵਜੇ ਤੋਂ ਸ਼ਾਮ 05 ਵਜੇ ਦੇ ਵਿਚਾਲੇ (10 ਮਿੰਟ ਦੇ ਅਸੀਮਿਤ ਸਵੈ ਵਾਧਿਆਂ ਸਮੇਤ)**
**ਬਿਆਨਾ ਰਕਮ ਜਮ੍ਹਾਂ ਕਰਨ ਦੀ ਆਖਰੀ ਮਿਤੀ ਈ-ਨਿਲਾਮੀ ਦੀ ਸ਼ੁਰੂਆਤ ਨੂੰ ਜਾਂ ਪਹਿਲਾਂ**

ਸੰਪਤੀਆਂ ਦੇ ਵੇਰਵੇ ਲਈ ਇੱਛੁਕ ਬੋਲੀਕਾਰਾਂ ਨੂੰ ਕਿਊਆਰ ਕੋਡ ਸਕੈਨ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ।

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 9 ਦੇ ਅਧੀਨ ਅਚੱਲ ਸੁਰੱਖਿਅਤ ਅਸਾਸਿਆਂ ਦੀ ਵਿਕਰੀ ਦੇ ਲਈ 15 ਰੋਜ਼ਾ ਸੂਚਨਾ**

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪਤੀਆਂ ਦੇ ਸੁਰੱਖਿਅਤ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪਤੀਆਂ/ਅਸਾਸਿਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।**
ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ(ਾਂ) ਅਤੇ ਜ਼ਾਮਨ(ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਚਿੰਨੀ ਹੇਠਾਂ ਦਰਸਾਈ ਅਚੱਲ ਸੰਪਤੀ, ਜਿਸ ਦਾ **ਉਸਾਰੂ/ਸੰਕੇਤਕ ਕਬਜ਼ਾ** ਯੂਨੀਅਨ ਬੈਂਕ ਆਫ ਇੰਡੀਆ (ਸੁਰੱਖਿਅਤ ਕਰਜ਼ਦਾਤਾ) ਦੇ ਅਧਿਕਾਰਤ ਅਧਿਕਾਰੀ ਦੁਆਰਾ ਲਿਆ ਗਿਆ ਹੈ, ਦੀ ਵਿਕਰੀ ਸਬੰਧਤ ਕਰਜ਼ਦਾਰ(ਾਂ) ਅਤੇ ਜ਼ਾਮਨ(ਾਂ) ਤੋਂ ਯੂਨੀਅਨ ਬੈਂਕ ਆਫ ਇੰਡੀਆ/ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ ਰਕਮ ਦੀ ਵਸੂਲੀ ਦੇ ਲਈ 15.07.2025 ਨੂੰ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ"** ਅਤੇ **"ਜੋ ਵੀ ਉਥੇ ਹੈ"** ਆਧਾਰ 'ਤੇ ਕੀਤੀ ਜਾਵੇਗੀ। ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਸਬੰਧਤ ਸੰਪਤੀਆਂ ਦੇ ਅਧੀਨ ਨਿਮਨ ਸਾਰਣੀ ਵਿਚ ਦਰਸਾਏ ਅਨੁਸਾਰ ਹੋਵੇਗੀ।
ਆਨਲਾਈਨ ਈ-ਨਿਲਾਮੀ 10 ਮਿੰਟਾਂ ਦੇ ਅਸੀਮਿਤ ਵਾਧੇ ਸਮੇਤ ਉਕਤ ਦਰਸਾਈ ਮਿਤੀ ਅਤੇ ਸਮੇਂ 'ਤੇ ਵੈਬ ਪੋਰਟਲ/ਵੈਬਸਾਈਟ : https://baanknet.com ਰਾਹੀਂ ਆਯੋਜਿਤ ਕੀਤੀ ਜਾਵੇਗੀ।

| ਲ. ਨੰ. | ਕਰਜ਼ਦਾਰ/ਜ਼ਾਮਨ/ਗਿਰਵੀਕਾਰ ਦਾ ਨਾਮ | ਸੰਪਤੀਆਂ ਦੇ ਵੇਰਵੇ | ਬਕਾਇਆ ਰਕਮ | ਰਾਖਵੀਂ ਕੀਮਤ, ਬਿਆਨਾ ਰਕਮ, ਬੋਲੀ ਵਾਧਾ ਰਕਮ |
|---|---|---|---|---|
| 1. | ਮੈਸ. ਬੀ.ਐਸ. ਇੰਜੀਨੀਅਰਜ਼ (ਰਾਹੀਂ ਇਸਦੇ ਪ੍ਰੋਪ. ਸ਼੍ਰੀ ਬਲਜਿੰਦਰ ਸਿੰਘ) ਸੀ-26, ਪ੍ਰੀਮੀਅਰ ਕੰਪਲੈਕਸ, ਭੋਲਾਪੁਰ, ਤਹਿਸੀਲ ਸਾਹਨੇਵਾਲ, ਜ਼ਿਲ੍ਹਾ ਲੁਧਿਆਣਾ, ਪੰਜਾਬ-141123, **ਸ਼੍ਰੀ ਬਲਜਿੰਦਰ ਸਿੰਘ ਸਪੁੱਤਰ ਗੁਰਦੇਵ ਸਿੰਘ**, ਪਿੰਡ ਲਾਪੜਾਂ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ-141123, **ਜ਼ਾਮਨਾਂ: ਸ਼੍ਰੀਮਤੀ ਰਜਿੰਦਰ ਕੌਰ ਸੁਪਤਨੀ ਸ਼੍ਰੀ ਬਲਜਿੰਦਰ ਸਿੰਘ**, ਪਿੰਡ ਲਾਪੜਾਂ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ-141123, | ਸ਼੍ਰੀ ਬਲਜਿੰਦਰ ਸਿੰਘ ਸਪੁੱਤਰ ਸ਼੍ਰੀ ਗੁਰਦੇਵ ਸਿੰਘ ਦੇ ਨਾਮ 'ਤੇ ਵਿਕਰੀ ਡੀਡ ਨੰ. 2019-20/102/1/4538 ਮਿਤੀ 08.01.2020 ਦੇ ਅਨੁਸਾਰ ਸ਼੍ਰੀ ਬਲਜਿੰਦਰ ਸਿੰਘ ਦੇ ਨਾਮ 'ਤੇ ਪਿੰਡ ਭੋਲਾਪੁਰ ਦੀ ਸਾਲ 2015-16 ਦੇ ਲਈ ਜਮ੍ਹਾਂਬੰਦੀ ਅਨੁਸਾਰ ਖਾਤਾ ਨੰ. 129/181, 138/160, ਖਸਰਾ ਨੰ. 45//3, 4, 7, 8, 13, 14/1, 14/2, 15/1 ਹੱਦਬਸਤ ਨੰ. 238, ਵਿਚ ਸ਼ਾਮਲ ਪਲਾਟ ਸੀ-26, ਪ੍ਰੀਮੀਅਰ ਕੰਪਲੈਸਕ, ਪਿੰਡ ਭੋਲਾਪੁਰ ਲੁਧਿਆਣਾ, ਪੰਜਾਬ-141123 ਵਜੋਂ 200 ਵਰਗ ਗਜ਼ ਮਾਪ ਵਾਲੀ ਰਿਹਾਇਸ਼ੀ ਜ਼ਮੀਨ ਅਤੇ ਇਮਾਰਤ ਦੀ ਈਐਮਜੀ ਅਤੇ **ਹੱਦਬੰਦੀ: ਪੂਰਬ:** ਸੜਕ 20 ਫੁੱਟ ਚੌੜੀ (40 ਫੁੱਟ), **ਪੱਛਮ:** ਮਕਾਨ 40 ਫੁੱਟ, **ਉੱਤਰ:** ਮਕਾਨ 45 ਫੁੱਟ, **ਦੱਖਣ:** ਪਲਾਟ ਸਮੇਤ ਬਾਊਂਡਰੀ ਵਾਲ 45 ਫੁੱਟ। **ਕਬਜ਼ੇ ਦੀ ਕਿਸਮ:ਭੌਤਿਕ।** | Rs. 41,00,496.27 (ਰੁ. ਇਕਤਾਲੀ ਲੱਖ ਚਾਰ ਸੌ ਛਿਆਨਵੇਂ ਅਤੇ ਸਤਾਈ ਪੈਸੇ ਕੇਵਲ) 31.05.2023 ਦੇ ਅਨੁਸਾਰ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਖਰਚੇ। | Rs. 22,00,000/-<br>Rs. 2,20,000/-<br>Rs. 22,000/- |
| 2. | **(ਗਿਰਵੀਕਾਰ/ਕਰਜ਼ਦਾਰ/ਜ਼ਾਮਨ): ਮੈਸ. ਭਗਤ ਸੁੱਚਾ ਸਿੰਘ ਜੀ ਮੈਮੋਰੀਅਲ ਐਜੂਕੇਸ਼ਨ ਸੁਸਾਇਟੀ** (ਬਡਿੰਗ ਬ੍ਰੇਨ ਇੰਟਰਨੈਸ਼ਨਲ ਸਕੂਲ) ਰਾਹੀਂ ਪ੍ਰਮੋਟਰਸ ਸ਼੍ਰੀ ਪਵਨਦੀਪ ਸਿੰਘ ਢਿੱਲੋਂ ਅਤੇ ਸ਼੍ਰੀਮਤੀ ਮਨਪ੍ਰੀਤ ਢਿੱਲੋਂ, ਐਮਸੀ ਨੰ. ਬੀ-02/0069, ਪਹਿਲੀ ਮੰਜ਼ਿਲ, ਸਾਹਮਣੇ ਆਈਸੀਆਈਸੀ ਬੈਂਕ, ਤਹਿਸੀਲ ਰਾਏਕੋਟ, ਜ਼ਿਲ੍ਹਾ ਲੁਧਿਆਣਾ-141109 **ਸ਼੍ਰੀ ਪਵਨਦੀਪ ਸਿੰਘ ਢਿੱਲੋਂ ਸਪੁੱਤਰ ਸ਼੍ਰੀ ਦਵਿੰਦਰ ਸਿੰਘ** ਵਾਸੀ 16-ਐਚ, ਭਾਈ ਰਣਧੀਰ ਸਿੰਘ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ, 141012, **ਸ਼੍ਰੀਮਤੀ ਮਨਪ੍ਰੀਤ ਢਿੱਲੋਂ ਸੁਪਤਨੀ ਸ਼੍ਰੀ ਪਵਨਦੀਪ ਸਿੰਘ ਢਿੱਲੋਂ** ਵਾਸੀ 16-ਐਚ, ਭਾਈ ਰਣਧੀਰ ਸਿੰਘ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ, 141012 | **ਲਾਟ 2** - ਪਿੰਡ ਜਵੱਦੀ, ਹੱਦਬਸਤ ਨੰ. 160, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਜਮ੍ਹਾਂਬੰਦੀ ਸਾਲ 1998-1999 ਅਨੁਸਾਰ ਖਸਰਾ ਨੰ. 386-393/17, ਖਾਤਾ ਨੰ. 1135/1262 ਵਿਚ ਸ਼ਾਮਲ 142-1/2 ਵਰਗ ਗਜ਼ ਮਾਪ ਵਾਲੀ ਸੰਪਤੀ (ਬੀ-27-76/2, ਕੈਨਾਲ ਰੋਡ, ਜਵੱਦੀ, ਲੁਧਿਆਣਾ ਵਿਖੇ ਸਥਿਤ) ਦੀ ਈਐਮਜੀ, ਦਾ ਵੇਰਵਾ : (1) ਵਿਕਰੀ ਡੀਡ ਵਸੀਕਾ ਨੰ. 288 ਮਿਤੀ 07.04.2005 ਦੇ ਅਧੀਨ ਸ਼੍ਰੀ ਪਵਨਦੀਪ ਸਿੰਘ ਢਿੱਲੋਂ ਸਪੁੱਤਰ ਸ਼੍ਰੀ ਦਵਿੰਦਰ ਸਿੰਘ ਦੇ ਨਾਮ 'ਤੇ 107-1/2 ਵਰਗ ਗਜ਼ ਮਾਪ ਵਾਲੀ ਸੰਪਤੀ। ਹੱਦਬੰਦੀ : ਪੂਰਬ : ਗੁਆਂਢੀ, ਪੱਛਮ : ਸੜਕ 15", ਉੱਤਰ : ਕੈਨਾਲ ਰੋਡ, 24", ਦੱਖਣ : ਗੁਆਂਢੀ। (2) ਵਿਕਰੀ ਡੀਡ ਵਸੀਕਾ ਨੰ. 6305 ਮਿਤੀ 09.06.2005 ਦੇ ਅਧੀਨ ਸ਼੍ਰੀ ਪਵਨਦੀਪ ਸਿੰਘ ਢਿੱਲੋਂ ਸਪੁੱਤਰ ਸ਼੍ਰੀ ਦਵਿੰਦਰ ਸਿੰਘ ਦੇ ਨਾਮ 'ਤੇ 35 ਵਰਗ ਗਜ਼ ਮਾਪ ਵਾਲੀ ਸੰਪਤੀ। ਹੱਦਬੰਦੀ : ਪੂਰਬ : ਗੁਆਂਢੀ, ਪੱਛਮ : ਗਲੀ, ਉੱਤਰ : ਰਸਤਾ 15", ਦੱਖਣ : ਗੁਆਂਢੀ 15"। **ਕਬਜ਼ੇ ਦੀ ਕਿਸਮ- ਸੰਕੇਤਕ** | Rs 15,22,02,340/- (ਰੁ. ਪੰਦਰਾਂ ਕਰੋੜ ਬਾਈ ਲੱਖ ਦੋ ਹਜ਼ਾਰ ਤਿੰਨ ਸੌ ਚਾਲੀ ਕੇਵਲ) 30.06.2023 ਦੇ ਅਨੁਸਾਰ ਜਮ੍ਹਾਂ ਵਿਆਜ ਦੀ ਲਾਗੂ ਦਰ, ਹੁਣ ਤੱਕ ਲਾਗਤਾਂ ਅਤੇ ਫੀਸਾਂ ਸਮੇਤ 01.07.2023 ਤੋਂ ਪ੍ਰਭਾਵੀ ਅਗਲੇਰਾ ਵਿਆਜ। | Rs. 81,00,000/-<br>Rs. 8,10,000/-<br>Rs. 81,000/- |
| | | ਲਾਟ: 2. ਰਾਏਕੋਟ ਸਿਟੀ-5 ਬਰਨਾਲਾ ਬਠਿੰਡਾ ਬਾਈਪਾਸ, ਬੀ.ਕੇ. ਮੋਟਰਜ਼ ਦੇ ਨੇੜੇ, ਰਾਏਕੋਟ, ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਜ਼ਮੀਨ ਅਤੇ ਇਮਾਰਤ ਦਾ ਈ.ਐਮ. ਹੇਠਾਂ ਦਿੱਤਾ ਗਿਆ ਹੈ:- ੳ) ਸ਼੍ਰੀਮਤੀ ਮਨਪ੍ਰੀਤ ਕੌਰ ਢਿੱਲੋਂ ਪਤਨੀ ਸ਼੍ਰੀ ਪਵਨਦੀਪ ਢਿੱਲੋਂ ਅਤੇ ਸ਼੍ਰੀ ਪਵਨਦੀਪ ਢਿੱਲੋਂ ਪੁੱਤਰ ਸ਼੍ਰੀ ਦਵਿੰਦਰ ਸਿੰਘ ਦੇ ਨਾਮ 'ਤੇ 10 ਕਨਾਲ 3 ਮਰਲੇ ਜ਼ਮੀਨ, ਜੋ ਕਿ ਵਾਸਿਕਾ ਨੰਬਰ 1435 ਮਿਤੀ 09/07/2009 ਦੇ ਸੇਲ ਡੀਡ ਅਨੁਸਾਰ ਹੈ :- | | Rs. 12,10,00,000/-<br>Rs. 1,21,00,000/-<br>Rs. 1,00,000/- |

1) 1 ਕਨਾਲ 16 ਮਰਲੇ ਜ਼ਮੀਨ 12 ਕਨਾਲ 8 ਮਰਲੇ ਜ਼ਮੀਨ ਵਿੱਚੋਂ 36/248 ਸ਼ੇਅਰ ਹੈ ਜੋ ਕਿ ਖਾਤਾ ਨੰਬਰ 110/131, ਖਸਰਾ ਨੰਬਰ 327//3(7-2),4(5-6),(2) ਵਿੱਚ ਸ਼ਾਮਲ ਹੈ।
ii) 24 ਕਨਾਲ 16 ਮਰਲੇ ਜ਼ਮੀਨ ਵਿੱਚੋਂ 6 ਕਨਾਲ 11 ਮਰਲੇ ਜ਼ਮੀਨ 131/496 ਹਿੱਸੇ ਵਿੱਚ ਹੈ ਜੋ ਕਿ ਖਾਤਾ ਨੰਬਰ 360/391, ਖਸਰਾ ਨੰਬਰ 327//5(4-7),6(8-0), 7(8-0), 14(3-2), 15/1(1-7),(3) ਵਿੱਚ ਸ਼ਾਮਲ ਹੈ।
iii) ਸਾਲ 2007-08 ਲਈ ਜਾਮਾਨੰਦੀ ਦੇ ਅਨੁਸਾਰ, ਖਤੌਨੀ ਨੰਬਰ 361, ਖਸਰਾ ਨੰਬਰ 327//2/2 ਵਿੱਚ ਸ਼ਾਮਲ 6 ਕਨਾਲ 2 ਮਰਲੇ ਜ਼ਮੀਨ ਵਿੱਚੋਂ 1 ਕਨਾਲ 16 ਮਰਲੇ ਜ਼ਮੀਨ 36/122 ਹਿੱਸੇ ਵਿੱਚ ਹੈ ਜੋ ਕਿ ਪਿੰਡ ਰਾਏਕੋਟ-5, ਤਹਿਸੀਲ ਰਾਏਕੋਟ ਅਤੇ ਜ਼ਿਲ੍ਹਾ ਲੁਧਿਆਣਾ ਵਜੋਂ ਸਥਿਤ ਹੈ।
ਅ) 2 ਕਨਾਲ 19 ਮਰਲੇ ਜ਼ਮੀਨ ਸ਼੍ਰੀ ਪਵਨਦੀਪ ਢਿੱਲੋਂ ਪੁੱਤਰ ਸ਼੍ਰੀ ਦਵਿੰਦਰ ਸਿੰਘ ਦੇ ਨਾਮ 'ਤੇ ਵਸੀਕਾ ਨੰਬਰ 1 ਦੇ ਸੇਲ ਡੀਡ ਅਨੁਸਾਰ ਹੈ। 1225 ਮਿਤੀ 24/06/2013:-
1) 12 ਕਨਾਲ 4 ਮਰਲੇ ਜ਼ਮੀਨ ਵਿੱਚੋਂ 10 ਮਰਲੇ ਜ਼ਮੀਨ 5/122 ਹਿੱਸਾ ਹੈ ਜੋ ਕਿ ਖੱਟਾ ਨੰਬਰ 364/395, ਖਸਰਾ ਨੰਬਰ 304//19(9-8), 22/1(2-16) ਵਿੱਚ ਸ਼ਾਮਲ ਹੈ।
ii) 24 ਕਨਾਲ 16 ਮਰਲੇ ਜ਼ਮੀਨ ਵਿੱਚੋਂ 2 ਕਨਾਲ 9 ਮਰਲੇ ਜ਼ਮੀਨ 49/496 ਹਿੱਸਾ ਹੈ ਜੋ ਕਿ ਖਾਤਾ ਨੰਬਰ 360/391, ਖਸਰਾ ਨੰਬਰ 327//5(4-7), 6(8-0), 7(8-0), 14(3-2), 15/1(1-7) ਵਿੱਚ ਸ਼ਾਮਲ ਹੈ, ਸਾਲ 2007-08 ਦੀ ਜਮ੍ਹਾਂਬੰਦੀ ਅਨੁਸਾਰ, ਪਿੰਡ ਰਾਏਕੋਟ-5, ਤਹਿਸੀਲ ਰਾਏਕੋਟ ਅਤੇ ਜ਼ਿਲ੍ਹਾ, ਲੁਧਿਆਣਾ ਵਿਖੇ ਸਥਿਤ ਹੈ।
3) 12 ਕਨਾਲ 10 ਮਰਲੇ 3 ਸਰਸ਼ਾਈ ਜ਼ਮੀਨ ਜੋ ਸ਼੍ਰੀ ਪਵਨਦੀਪ ਢਿੱਲੋਂ ਪੁੱਤਰ ਸ਼੍ਰੀ ਦਵਿੰਦਰ ਸਿੰਘ ਦੇ ਨਾਮ 'ਤੇ ਹੈ, ਵਿਕਰੀ ਡੀਡ ਵਾਲੀ ਵਸੀਕਾ ਨੰਬਰ 2109 ਮਿਤੀ 03/09/2009 ਅਨੁਸਾਰ:-
ੲ) 10 ਕਨਾਲ 17 ਮਰਲੇ ਜ਼ਮੀਨ ਵਿੱਚੋਂ 3 ਕਨਾਲ 17 ਮਰਲੇ ਜ਼ਮੀਨ 77/206 ਹਿੱਸੇ ਵਿੱਚ ਹੈ ਜੋ ਕਿ ਖਾਤਾ ਨੰਬਰ 383/398, ਖਸਰਾ ਨੰਬਰ 237//8(7-2),9/1(3-4) ਵਿੱਚ ਸ਼ਾਮਲ ਹੈ।
ii) 7 ਕਨਾਲ ਜ਼ਮੀਨ ਵਿੱਚੋਂ 0 ਕਨਾਲ 1 ਮਰਲੇ 3 ਸਰਸ਼ਾਈ ਜ਼ਮੀਨ 12/63 ਹਿੱਸੇ ਵਿੱਚ ਹੈ ਜੋ ਕਿ ਖਾਤਾ ਨੰਬਰ 384/399, ਖਸਰਾ ਨੰਬਰ 304//22/3 (0-7) ਵਿੱਚ ਸ਼ਾਮਲ ਹੈ।
iii) 0-2 ਮਰਲੇ ਵਾਲੀ ਜ਼ਮੀਨ 1 ਕਨਾਲ 11 ਮਰਲੇ ਵਿੱਚੋਂ 2/31 ਹਿੱਸਾ ਹੈ ਜੋ ਕਿ ਖਾਤਾ ਨੰਬਰ 108/129, ਖਸਰਾ ਨੰਬਰ 304/22/2 (1-11) ਵਿੱਚ ਸ਼ਾਮਲ ਹੈ।
iv) 0 ਕਨਾਲ ਵਾਲੀ ਜ਼ਮੀਨ - 3-1/2 ਮਰਲੇ ਵਾਲੀ ਜ਼ਮੀਨ 3-1/2/9 ਹਿੱਸਾ ਹੈ ਜੋ ਕਿ 0 ਕਨਾਲ ਵਾਲੀ ਜ਼ਮੀਨ ਵਿੱਚੋਂ 9 ਮਰਲੇ ਖੱਟਾ ਨੰਬਰ 109/130, ਖਸਰਾ ਨੰਬਰ 327//26(0-9) ਵਿੱਚ ਸ਼ਾਮਲ ਹੈ ਜਿਸ ਵਿੱਚੋਂ 2-1/2/9 ਮਰਲੇ ਹੈ।
v) 4 ਕਨਾਲ ਵਾਲੀ 8 ਮਰਲੇ ਵਾਲੀ ਜ਼ਮੀਨ 88/248 ਹਿੱਸਾ ਹੈ ਜੋ ਕਿ ਖਾਤਾ ਨੰਬਰ 110/131 ਖਸਰਾ ਨੰਬਰ 327//3(7-2),4(5-6) ਵਿੱਚ ਸ਼ਾਮਲ ਹੈ ਜਿਸ ਵਿੱਚੋਂ 47-1/2/248 ਹਿੱਸਾ ਸ਼੍ਰੀਮਤੀ ਦੀ ਮਲਕੀਅਤ ਹੈ। ਸੰਤੋਸ਼ ਜੈਨ ਅਤੇ 40-1/2/248 ਸ਼ੇਅਰ ਸ਼੍ਰੀ ਅਮਿਤ ਜੈਨ ਦੇ ਹਨ।
vi) 24 ਕਨਾਲ 16 ਮਰਲੇ ਦੀ ਜ਼ਮੀਨ ਵਿੱਚੋਂ 3 ਕਨਾਲ 3-1/2 ਮਰਲੇ ਦਾ 63-1/2/496 ਹਿੱਸਾ ਜੋ ਕਿ ਖਾਤਾ ਨੰਬਰ 360/391, ਖਸਰਾ ਨੰਬਰ 327//5(4-7), 6(8-0), 7(8-0), 14(3-2), 15/1(1-7) ਵਿੱਚ ਸ਼ਾਮਲ ਹੈ।
vii) ਜਮ੍ਹਾਂਬੰਦੀ 2007-2008 ਦੇ ਅਨੁਸਾਰ, ਖਾਤਾ ਨੰਬਰ 361/392 ਖਸਰਾ ਨੰਬਰ 327//2/2(6-2) ਵਿੱਚ ਸ਼ਾਮਲ 6 ਕਨਾਲ 2 ਮਰਲੇ ਦੀ ਜ਼ਮੀਨ ਵਿੱਚੋਂ 0 ਕਨਾਲ 15 ਮਰਲੇ ਦਾ 15/122 ਹਿੱਸਾ ਜੋ ਕਿ ਪਿੰਡ ਰਾਏਕੋਟ-5, ਤਹਿਸੀਲ ਰਾਏਕੋਟ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ।
ਸ) 7 ਕਨਾਲ ਦੀ ਜ਼ਮੀਨ ਸ਼੍ਰੀਮਤੀ ਮਨਪ੍ਰੀਤ ਕੌਰ ਪਤਨੀ ਸ਼੍ਰੀ ਪਵਨਦੀਪ ਢਿੱਲੋਂ ਦੇ ਨਾਮ ਤੇ ਵਸੀਕਾ ਨੰਬਰ 1224 ਮਿਤੀ 24/06/2013 ਦੇ ਸੇਲ ਡੀਡ ਅਨੁਸਾਰ:-
1) 7 ਮਰਲੇ ਦੀ ਜ਼ਮੀਨ 1 ਕਨਾਲ 11 ਮਰਲੇ ਜ਼ਮੀਨ ਵਿੱਚੋਂ 7/31 ਹਿੱਸਾ ਹੈ ਜੋ ਕਿ ਖਾਤਾ ਨੰਬਰ 108/129, ਖਸਰਾ ਨੰਬਰ 304//2/2 (1-11) ਵਿੱਚ ਸ਼ਾਮਲ ਹੈ।
ii) 2 ਮਰਲੇ ਦੀ ਜ਼ਮੀਨ 9 ਮਰਲੇ ਜ਼ਮੀਨ ਵਿੱਚੋਂ 2/9 ਹਿੱਸੇ ਹੈ ਜੋ ਕਿ ਖੱਟਾ ਨੰਬਰ 109/130, ਖਸਰਾ ਨੰਬਰ 327//26(0-9) ਵਿੱਚ ਸ਼ਾਮਲ ਹੈ।
iii) ਜ਼ਮੀਨ ਦੀ ਮਾਪਦੰਡ 1 ਕਨਾਲ 16 ਮਰਲੇ ਜ਼ਮੀਨ ਵਿੱਚੋਂ 9/62 ਹਿੱਸੇ ਵਜੋਂ 12 ਕਨਾਲ 8 ਮਰਲੇ ਖਾਤਾ ਨੰਬਰ 110/131, ਖਸਰਾ ਨੰਬਰ 327//3(7-2), 4(5-6) ਵਿੱਚ ਸ਼ਾਮਲ ਹੈ।
iv) ਜ਼ਮੀਨ ਦੀ ਮਾਪਦੰਡ 3 ਕਨਾਲ 3 ਮਰਲੇ ਜ਼ਮੀਨ ਵਿੱਚੋਂ 63/496 ਹਿੱਸੇ ਦੀ 24 ਕਨਾਲ 16 ਮਰਲੇ ਜ਼ਮੀਨ ਜਿਸ ਵਿੱਚ ਖਟਾ ਨੰਬਰ 360/391, ਖਸਰਾ ਨੰਬਰ 327//5 (4-7), 6(8-0), 7(8-0), 14(3/7) ਪਿੰਡ 14(3/7), ਸੀ. ਰਾਏਕੋਟ-5 ਤਹਿਸੀਲ ਰਾਏਕੋਟ ਅਤੇ ਜ਼ਿਲ੍ਹਾ ਲੁਧਿਆਣਾ।
v) 10 ਕਨਾਲ 6 ਮਰਲੇ ਜ਼ਮੀਨ ਵਿੱਚੋਂ 1 ਕਨਾਲ 10 ਮਰਲੇ ਜ਼ਮੀਨ 30/206 ਹਿੱਸੇ ਵਾਲੀ ਹੈ ਜੋ ਕਿ ਖਾਤਾ ਨੰਬਰ 383/398, ਖਸਰਾ ਨੰਬਰ 237//8(7-2),9/1(3-4) ਵਿੱਚ ਸ਼ਾਮਲ ਹੈ।
vi) ਸਾਲ 2007-2008 ਦੀ ਜਮ੍ਹਾਂਬੰਦੀ ਅਨੁਸਾਰ ਖਾਤਾ ਨੰਬਰ 384/399, ਖਸਰਾ ਨੰਬਰ 304//22/3(0-7) ਵਿੱਚ ਸ਼ਾਮਲ 7 ਮਰਲੇ ਜ਼ਮੀਨ ਵਿੱਚੋਂ 2 ਮਰਲੇ ਜ਼ਮੀਨ 16/63 ਹਿੱਸੇ ਵਾਲੀ ਹੈ, ਜੋ ਕਿ ਪਿੰਡ ਰਾਏਕੋਟ-2, ਤਹਿਸੀਲ ਰਾਏਕੋਟ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ।
ਹ) ਸ਼੍ਰੀਮਤੀ ਮਨਪ੍ਰੀਤ ਕੌਰ ਪਤਨੀ ਸ਼੍ਰੀਮਤੀ ਮਨਪ੍ਰੀਤ ਕੌਰ ਦੇ ਨਾਮ ਤੇ 12 ਕਨਾਲ 10 ਮਰਲੇ 3 ਸਰਸ਼ਾਈ ਜ਼ਮੀਨ ਹੈ। ਪਵਨਦੀਪ ਢਿੱਲੋਂ, ਜਿਸਦੀ ਵਿਕਰੀ ਡੀਡ ਵਸੀਕਾ ਨੰਬਰ: 2110 ਮਿਤੀ 03/09/2009 ਹੈ, ਦੇ ਅਨੁਸਾਰ:-
1) 10 ਕਨਾਲ 6 ਮਰਲੇ ਜ਼ਮੀਨ ਵਿੱਚੋਂ 3 ਕਨਾਲ 17 ਮਰਲੇ ਜ਼ਮੀਨ 77/206 ਹਿੱਸਾ ਹੈ ਜੋ ਕਿ ਖਾਤਾ ਨੰਬਰ 383/398, ਖਸਰਾ ਨੰਬਰ 327//8(7-2),9/1(3-4) ਵਿੱਚ ਸ਼ਾਮਲ ਹੈ।
ii) 0 ਕਨਾਲ 1 ਮਰਲੇ ਜ਼ਮੀਨ 3 ਸਰਸ਼ਾਈ ਜ਼ਮੀਨ 0 ਕਨਾਲ 1 ਮਰਲੇ ਜ਼ਮੀਨ ਵਿੱਚੋਂ 12/63 ਹਿੱਸਾ ਹੈ ਜੋ ਕਿ ਖਾਤਾ ਨੰਬਰ 384/399, ਖਸਰਾ ਨੰਬਰ 304//2/3 (0-7) ਵਿੱਚ ਸ਼ਾਮਲ ਹੈ।
iii) 1 ਕਨਾਲ 11 ਮਰਲੇ ਜ਼ਮੀਨ ਵਿੱਚੋਂ 0 ਕਨਾਲ 2 ਮਰਲੇ ਜ਼ਮੀਨ 2/31 ਹਿੱਸਾ ਹੈ ਜੋ ਕਿ ਖੱਟਾ ਨੰਬਰ 108/129, ਖਸਰਾ ਨੰਬਰ 3 ਵਿੱਚ ਸ਼ਾਮਲ ਹੈ। 304//22/2 (1-11)।
iv) ਜ਼ਮੀਨ ਅਤੇ ਮਾਪ 0 ਕਨਾਲ - 3-1/2 ਮਰਲੇ 3-1/2/9 ਹਿੱਸਾ 0 ਕਨਾਲ 9 ਮਰਲੇ ਜ਼ਮੀਨ ਵਿੱਚੋਂ ਜੋ ਕਿ ਖਾਤਾ ਨੰਬਰ 109/130, ਖਸਰਾ ਨੰਬਰ 327//26(0-9) ਵਿੱਚ ਸ਼ਾਮਲ ਹੈ।
v) 4 ਕਨਾਲ 8 ਮਰਲੇ ਜ਼ਮੀਨ 88/248 ਹਿੱਸਾ 12 ਕਨਾਲ 8 ਮਰਲੇ ਜ਼ਮੀਨ ਵਿੱਚੋਂ ਜੋ ਕਿ ਖਾਤਾ ਨੰਬਰ 110/131, ਖਸਰਾ ਨੰਬਰ 327//3(7-2),4(5-6) ਵਿੱਚ ਸ਼ਾਮਲ ਹੈ।
vi) 3 ਕਨਾਲ 3-1/2 ਮਰਲੇ ਜ਼ਮੀਨ 63-1/2/496 ਹਿੱਸਾ 24 ਕਨਾਲ 16 ਮਰਲੇ ਜ਼ਮੀਨ ਵਿੱਚੋਂ ਜੋ ਕਿ ਖਾਤਾ ਨੰਬਰ 360/391, ਖਸਰਾ ਨੰਬਰ 360/391 ਵਿੱਚ ਸ਼ਾਮਲ ਹੈ, ਖਸਰਾ ਨੰਬਰ 360/391 ਵਿੱਚ ਸ਼ਾਮਲ ਹੈ। 327//5(4-7), 6(8-0), 7(8-0), 14(3-2), 15/1(1-7)।
vii) 0 ਕਨਾਲ 15 ਮਰਲੇ ਜ਼ਮੀਨ ਜੋ ਕਿ 6 ਕਨਾਲ 2 ਮਰਲੇ ਜ਼ਮੀਨ ਵਿੱਚੋਂ 15/122 ਹਿੱਸਾ ਹੈ, ਖਾਤਾ ਨੰਬਰ 361/392 ਖਸਰਾ ਨੰਬਰ 327//2/2(6-2) ਜਮ੍ਹਾਂਬੰਦੀ 2007-2008 ਅਨੁਸਾਰ ਪਿੰਡ ਰਾਏਕੋਟ, ਤਹਿਸੀਲ ਰਾਏਕੋਟ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ।
ਕ) 8 ਕਨਾਲ 9 ਮਰਲੇ ਜ਼ਮੀਨ ਜੋ ਕਿ ਸ਼੍ਰੀਮਤੀ ਮਨਪ੍ਰੀਤ ਕੌਰ ਢਿੱਲੋਂ ਪਤਨੀ ਸ਼੍ਰੀ ਪਵਨਦੀਪ ਢਿੱਲੋਂ ਅਤੇ ਸ਼੍ਰੀ ਪਵਨਦੀਪ ਢਿੱਲੋਂ ਪੁੱਤਰ ਸ਼੍ਰੀ ਦੇ ਨਾਮ 'ਤੇ ਹੈ। ਦਵਿੰਦਰ ਸਿੰਘ, ਵਸੀਕਾ ਨੰਬਰ 202 ਮਿਤੀ 15/04/2010 ਦੇ ਸੇਲ ਡੀਡ ਅਨੁਸਾਰ:-
1) 24 ਕਨਾਲ 16 ਮਰਲੇ ਜ਼ਮੀਨ ਵਿੱਚੋਂ 6 ਕਨਾਲ 6 ਮਰਲੇ ਜ਼ਮੀਨ 126/496 ਹਿੱਸਾ ਹੈ ਜੋ ਕਿ ਖਾਤਾ ਨੰਬਰ 360/391, ਖਸਰਾ ਨੰਬਰ 327//5(4-7), 6(8-0), 7(8-0), 14(3-2), 15/1(1-7) ਵਿੱਚ ਸ਼ਾਮਲ ਹੈ।
ii) ਖਸਰਾ ਨੰਬਰ 361/392 ਵਿੱਚ ਸ਼ਾਮਲ 6 ਕਨਾਲ 2 ਮਰਲੇ ਜ਼ਮੀਨ ਵਿੱਚੋਂ 1 ਕਨਾਲ 8 ਮਰਲੇ ਜ਼ਮੀਨ 28/122 ਹਿੱਸਾ ਹੈ ਜੋ ਕਿ ਖਸਰਾ ਨੰਬਰ 327//2/2(6-2) ਵਿੱਚ ਸ਼ਾਮਲ ਹੈ।
iii) 0 ਕਨਾਲ 15 ਮਰਲੇ ਜ਼ਮੀਨ, ਜੋ ਕਿ 8 ਕਨਾਲ 0 ਮਰਲੇ ਜ਼ਮੀਨ ਦੇ 15/160 ਹਿੱਸੇ ਹਨ, ਜੋ ਕਿ ਸਾਲ 2007-2008 ਦੀ ਜਮ੍ਹਾਂਬੰਦੀ ਦੇ ਅਨੁਸਾਰ, ਖਾਤਾ ਨੰਬਰ 371/402 ਖਸਰਾ ਨੰਬਰ 326//12(8-0) ਵਿੱਚ ਸ਼ਾਮਲ ਹੈ, ਪਿੰਡ ਰਾਏਕੋਟ-5, ਤਹਿਸੀਲ ਰਾਏਕੋਟ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ। **ਕਬਜ਼ੇ ਦੀ ਕਿਸਮ: ਸੰਕੇਤਕ**

| ਲ. ਨੰ. | ਕਰਜ਼ਦਾਰ/ਜ਼ਾਮਨ/ਗਿਰਵੀਕਾਰ ਦਾ ਨਾਮ | ਸੰਪਤੀਆਂ ਦੇ ਵੇਰਵੇ | ਬਕਾਇਆ ਰਕਮ | ਰਾਖਵੀਂ ਕੀਮਤ, ਬਿਆਨਾ ਰਕਮ, ਬੋਲੀ ਵਾਧਾ ਰਕਮ |
|---|---|---|---|---|
| 03. | **ਕਰਜ਼ਦਾਰ: ਮੈਸ. ਜੇਐਸ ਕਾਲੜਾ ਰਾਈਸ ਮਿੱਲਜ਼ ਦੇ ਪ੍ਰਤੀਨਿਧੀ ਇਸਦੇ ਭਾਈਵਾਲਾਂ ਸ਼੍ਰੀ ਬਲਰਾਜ ਸਿੰਘ ਅਤੇ ਸ਼੍ਰੀ ਅਵਤਾਰ ਸਿੰਘ** ਪਿੰਡ ਚੌਹਾਨ, ਬਲਾਕ ਆਦਮਪੁਰ, ਜਲੰਧਰ ਵਿਖੇ ਸਥਿਤ, ਜ਼ਾਮਨ: 1. ਸ਼੍ਰੀ ਬਲਰਾਜ ਸਿੰਘ ਕਾਲੜਾ ਪੁੱਤਰ ਸ਼੍ਰੀ ਗੁਰਦਿਆਲ ਸਿੰਘ ਪਿੰਡ ਚੌਹਾਨ, ਬਲਾਕ ਆਦਮਪੁਰ, ਜਲੰਧਰ, ਸ਼੍ਰੀ ਅਵਤਾਰ ਸਿੰਘ ਪੁੱਤਰ ਸ਼੍ਰੀ ਜਰਨੈਲ ਸਿੰਘ ਵਾਸੀ ਪਿੰਡ ਚੌਹਾਨ, ਬਲਾਕ ਆਦਮਪੁਰ, ਜਲੰਧਰ | ਪਲਾਂਟ ਅਤੇ ਮਸ਼ੀਨਰੀ ਦੇ ਸਾਰੇ ਟੁਕੜੇ ਅਤੇ ਪਾਰਸਲ ਅਤੇ ਪਿੰਡ ਚੌਹਾਨ, ਤਹਿਸੀਲ ਜਲੰਧਰ ਵਿਖੇ ਸਥਿਤ 58 ਕਨਾਲ 10 ਮਰਲੇ ਜ਼ਮੀਨ (ਜਿਸ ਵਿੱਚ 7 ਕਨਾਲ 17ਮਰਲੇ ਦੀ ਜ਼ਮੀਨ ਵੀ ਸ਼ਾਮਲ ਹੈ ਜਿੱਥੇ ਇਮਾਰਤ ਬਣੀ ਹੋਈ ਹੈ) ਪਿੰਡ ਚੌਹਾਨ, ਪੋਸਟ ਆਦਮਪੁਰ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿਖੇ ਸਥਿਤ ਹੈ, ਦੇ ਰੂਪ ਵਿੱਚ ਪੂਰੀ ਤਰ੍ਹਾਂ ਵੇਰਵੇ ਸਹਿਤ ਹੈ। ਅਧੀਨ:- a) 9 ਕਨਾਲ 2 ਮਰਲੇ ਜ਼ਮੀਨ ਮਾਪਿਆ ਜਾ ਰਿਹਾ ਹੈ ਖਸਰਾ ਨੰਬਰ 11/16/2 (2-18), 16/3 (0-5), 1//17/1 (2-8), 24/2 ਵਿੱਚ ਸ਼ਾਮਲ 36 ਕਨਾਲ 6 ਮਰਲੇ ਜ਼ਮੀਨ ਦਾ ੀ ਹਿੱਸਾ। (2-8), 25 (8-0), 2/20/3 (0-9), 3/13/3 (0-9), 4/4/1 (5- 12), 4/7/1 (4-16), 50 (1-1), 3/10 (8-0)। b) ਖਸਰਾ ਨੰਬਰ 1/21/1 (1-4), 3//1/1 (1-4), 19 ਵਿੱਚ ਸ਼ਾਮਲ 95 ਕਨਾਲ 18 ਮਰਲੇ ਜ਼ਮੀਨ ਦੀ ਮਾਪਦੰਡ 23 ਕਨਾਲ 19 ਮਰਲੇ ਜ਼ਮੀਨ ਦਾ 1/4 ਹਿੱਸਾ ਹੈ। (8-0), 3/20 (8-0), 4//5 (8-0), 6 (8-0), 24 (8-0), 3//11 (8-0), 12 (8-0), 13/1 (0-14), 4//14/2 (4-16), 15 (8-0), 16 (8-0) , 4//17 (8-0), 25 (8-0)। c) ਖਸਰਾ ਨੰਬਰ 2//21/2 (6-16), 20/2 (2-9), 3//1/ ਵਿੱਚ ਸ਼ਾਮਲ ਕੀਤੀ ਜਾ ਰਹੀ 13 ਕਨਾਲ 4 ਮਰਲੇ ਜ਼ਮੀਨ ਵਿੱਚੋਂ 3 ਕਨਾਲ 6 ਮਰਲੇ ਜ਼ਮੀਨ ਦੀ ਮਾਪ ਕੀਤੀ ਜਾ ਰਹੀ ਹੈ। 2 (6-16), 3/19/2 (6-16), 2//19/1 (1-6), 22 (6-19), 23 (0-8), 3//2 (8-0), 3 (4-12), 3//7 (1-16), 8 (7-14), 9/1 (1-3), 13/5 (3-8), 14 (4-6), /26 (1-0)। d) ਖਸਰਾ ਨੰਬਰ 2/22/2 (6-16), 2//20/2 (2-) ਵਿੱਚ ਸ਼ਾਮਲ 63 ਕਨਾਲਾਂ 4 ਮਰਲੇ ਜ਼ਮੀਨ ਦੀ ਮਾਪਦੰਡ ਜ਼ਮੀਨ ਵਿੱਚੋਂ 6 ਕਨਾਲ 5 ਮਰਲੇ ਜ਼ਮੀਨ ਦਾ1/2 ਹਿੱਸਾ ਹੈ। 9), 3//1/2 (6-16), 9/2 (6-16), 2//19/1 (1-6), 22 (6-19), 23 (0-8), 3//2 (8-0), 3 (4-12), 7 (1-16), 8 (7-14) , 9/1 (1-3), 13/5 (3-8), 14 (4-6), 1/26 (1-0); e) ਖਸਰਾ ਨੰਬਰ 2//21/2 (6-16), 2//20/2 (2) ਵਿੱਚ ਸ਼ਾਮਲ 63 ਕਨਾਲਾਂ 4 ਮਰਲੇ ਜ਼ਮੀਨ ਮਾਪਣ ਵਾਲੀ ਜ਼ਮੀਨ ਵਿੱਚੋਂ 6 ਕਨਾਲ 5 ਮਰਲੇ ਜ਼ਮੀਨ ਦਾ1/2 ਹਿੱਸਾ ਮਾਪਣਾ। -9), 3//1/2 (6-16), 9/2 (6-16), 2//19/1 (1-6), 22 (6-19), 23 (0-8), 3//2 (8-0), 3 (4-12), 7 (1-16), 8 (7-14) , 9/1 (1-3), 13/5 (3-8), 14 (4-6), 1/26 (1-0); f) ਖਸਰਾ ਨੰਬਰ 2//19/2 (0-12), 20/1 (5-0), 1// ਵਿੱਚ ਸ਼ਾਮਲ 9 ਕਨਾਲ 14 ਮਰਲੇ ਜ਼ਮੀਨ ਦੀ ਮਾਪਦੰਡ 3 ਕਨਾਲ 4 ਮਰਲੇ ਜ਼ਮੀਨ ਦਾ 1/3 ਹਿੱਸਾ ਹੈ। 6 (3-9), 7 (0-6), 14/2 (4-5), 15 (3-12), 16/1 (4-17), 2//11 (3-13)। g) ਖਸਰਾ ਨੰਬਰ 2//19/2 (0-12), 20/1 (5-0), 1//6 (3- 9), 7(0-6), 14/2 (4-5), 15 (7-0), 16/1 (4-17), 2//11 (3-13) **(ਕਬਜੇ ਦਾ ਸਥਾਨ: ਸੰਕੇਤਕ)** | Rs. 6,93,24,511.80 (ਰੁ. ਛੇ ਕਰੋੜ ਤਰਾਨਵੇਂ ਲੱਖ ਚੌਵੀ ਹਜ਼ਾਰ ਪੰਜ ਸੌ ਗਿਆਰਾਂ ਅਤੇ ਅੱਸੀ ਪੈਸੇ ਕੇਵਲ) + ਵਿਆਜ, ਜੁਰਮਾਨਾ ਵਿਆਜ ਅਤੇ /ਜਾਂ ਹੋਰ ਫੀਸਾਂ (ਮੰਗ ਸੂਚਨਾ ਦੀ ਰਕਮ) | Rs 1,32,50,000/-<br>Rs 13,25,000/-<br>Rs. 1,00,000/- |
| 04. | ਕਰਜ਼ਦਾਰ : 1. ਮੈਸਰਜ਼ ਵਾਈ ਐਮ ਜੈਨ ਐਂਟਰਪ੍ਰਾਈਜ਼ਿਜ਼ (ਮਾਲਕੀਅਤ ਫਰਮ ਆਪਣੇ ਮਾਲਕ ਸ਼੍ਰੀ ਮੋਹਿਤ ਜੈਨ ਰਾਹੀਂ), ਪਤਾ: -2nd Floor, 2-6-439, ਰਾਮ ਗਲੀ, ਪੁਰਾਣੀ ਮਾਧੋਪੁਰੀ, ਲੁਧਿਆਣਾ ਪੰਜਾਬ 141008। ਸ਼੍ਰੀ ਮੋਹਿਤ ਜੈਨ ਪੁੱਤਰ ਸ਼੍ਰੀ ਮਨੋਜ ਜੈਨ, ਪਤਾ: ਮਕਾਨ ਨੰਬਰ ਬੀ-6-1142, ਗਲੀ ਨੰਬਰ 06, ਵਾਰਡ ਨੰਬਰ 38, ਤਾਜ ਗੰਜ, ਲੁਧਿਆਣਾ, ਪੰਜਾਬ 1441008। ਸ਼੍ਰੀਮਤੀ ਯੋਗਿਤਾ ਜੈਨ ਪਤਨੀ ਮਨੋਜ ਕੁਮਾਰ ਜੈਨ, ਪਤਾ:- ਮਕਾਨ ਨੰ. ਬੀ-6-1142, ਗਲੀ ਨੰ.06, ਵਾਰਡ ਨੰ. 38, ਤਾਜ ਗੰਜ, ਲੁਧਿਆਣਾ, ਪੰਜਾਬ 141008, ਪਿਆਰੇ ਲਾਲ ਜੈਨ ਪੁੱਤਰ ਸ਼੍ਰੀ ਪਦਮ ਚੰਦ ਜੈਨ, ਪਤਾ: ਮਕਾਨ ਨੰਬਰ 2107, ਵਾਰਡ ਨੰਬਰ 9, ਗਲੀ ਨੰਬਰ 2, ਕਰਮਾ ਹਸਪਤਾਲ ਦੇ ਨੇੜੇ, ਆਦਰਸ਼ ਨਗਰ, ਲੁਧਿਆਣਾ, ਪੰਜਾਬ 141008 ਦੇ ਨਿਵਾਸੀ। | ਲਾਟ-1: ਜਾਇਦਾਦ ਵਾਲਾ M. C No B-VI-439 ਖੇਤਰ 129-1/4 ਵਰਗ ਗਜ਼ ਮਾਪਦਾ ਹੈ ਜੋ ਖਸਰਾ ਨੰਬਰ ਵਿੱਚ ਸ਼ਾਮਲ ਹੈ। 2018/1462/1161/186 ਤੋਂ 189 (0-0-6), 2019/1506/345/202 (0-0-9), ਸਾਲ 2007-08 ਲਈ ਜਮਾਂਬੰਦੀ ਅਨੁਸਾਰ ਖਾਤਾ ਨੰਬਰ 345/368 (ਸਾਲ 2012-13 ਲਈ ਜਮਾਂਬੰਦੀ ਅਨੁਸਾਰ ਖਾਤਾ ਨੰਬਰ 353/375), ਪਿੰਡ ਲੁਧਿਆਣਾ ਸ਼ਹਿਰ ਐਚ ਬੀ ਨੰਬਰ 170 ਇਲਾਕੇ ਦੀ ਮਾਲੀਆ ਜਾਇਦਾਦ ਦੇ ਅੰਦਰ ਸਥਿਤ, ਜਿਸਨੂੰ ਕੂਚਾ ਨੰਬਰ 1 ਰਾਮ ਗਲੀ ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਜੋਂ ਜਾਣਿਆ ਜਾਂਦਾ ਹੈ, ਸ਼੍ਰੀਮਤੀ ਯੋਗਿਤਾ ਜੈਨ ਪਤਨੀ ਸ਼੍ਰੀ ਮਨੋਜ ਕੁਮਾਰ ਜੈਨ ਦੇ ਨਾਮ 'ਤੇ ਵਿਕਰੀ ਡੀਡ ਵਸੀਕਾ ਨੰਬਰ 21389 ਮਿਤੀ 16/01/2013 ਦੁਆਰਾ। ਹੇਠ ਲਿਖੇ ਅਨੁਸਾਰ ਸੀਮਾਬੱਧ: ਪੂਰਬ-ਸਕੂਲ ਵਾਲਾ ਪਾਸਾ 18' 6", ਪੱਛਮੀ-ਰਾਮ ਗਲੀ ਕੂਚਾ ਨੰਬਰ 1, ਪਾਸਾ 19'6", ਉੱਤਰ-ਭਨੋਟ ਸਾਹਿਬ ਵਾਲਾ ਪਾਸਾ 60'3", ਦੱਖਣ-ਬਿਸ਼ੰਬਰ ਲਾਲ ਵਾਲਾ ਪਾਸਾ 65'3"। ਕਬਜ਼ੇ ਦੀ ਕਿਸਮ: ਸੰਕੇਤਕ | Rs. 54,41,096.98/- (ਰੁ. ਚੁਰੰਜਾ ਲੱਖ ਇਕਤਾਲੀ ਹਜ਼ਾਰ ਛਿਆਨਵੇਂ ਅਤੇ ਅਠਾਨਵੇਂ ਪੈਸੇ ਕੇਵਲ) 31.10.2023 ਦੇ ਅਨੁਸਾਰ ਜਮ੍ਹਾਂ ਵਿਆਜ ਦੀ ਲਾਗੂ ਦਰ, ਹੁਣ ਤੱਕ ਲਾਗਤਾਂ ਅਤੇ ਫੀਸਾਂ ਸਮੇਤ 01.11.2023 ਤੋਂ ਪ੍ਰਭਾਵੀ ਅਗਲੇਰਾ ਵਿਆਜ। | Rs. 51,00,000/-<br>Rs. 5,10,000/-<br>Rs. 51,000/- |
| | | ਲਾਟ: 2. ਜਾਇਦਾਦ/ਮਕਾਨ ਜਿਸ ਵਿੱਚ ਐਮਸੀ ਨੰਬਰ ਬੀ-੭9-682 (ਪੁਰਾਣਾ), ਬੀ-੭9-1142 (ਨਵਾਂ) ਖੇਤਰਫਲ 100.00 ਵਰਗ ਗਜ਼ ਹੈ, ਤਾਜ ਗੰਜ, ਸਮਰਾਲਾ ਰੋਡ, ਲੁਧਿਆਣਾ ਵਿਖੇ ਸਥਿਤ, ਵਾਸਿਕਾ ਨੰਬਰ 7271 ਮਿਤੀ 10/07/2006 ਨੂੰ ਸ਼੍ਰੀਮਤੀ ਯੋਗਿਤਾ ਜੈਨ ਪਤਨੀ ਸ਼੍ਰੀ ਮਨੋਜ ਕੁਮਾਰ ਜੈਨ ਅਤੇ ਸ਼੍ਰੀ ਪਿਆਰੇ ਲਾਲ ਪੁੱਤਰ ਸ਼੍ਰੀ ਪਦਮ ਚੰਦ ਦੇ ਨਾਮ 'ਤੇ ਵਿਕਰੀ ਡੀਡ ਵੇਖੋ। ਪੂਰਬ- ਰਮੇਸ਼ ਭਾਟੀਆ: 30'-0", ਪੱਛਮ- ਗਲੀ: 30'-0", ਉੱਤਰ- ਮਹਿੰਦਰ ਸਿੰਘ: 30'-0", ਦੱਖਣ- ਜੋਗਿੰਦਰ ਸਿੰਘ: 30"-0"। ਕਬਜ਼ੇ ਦੀ ਕਿਸਮ: ਸੰਕੇਤਕ | | Rs. 36,00,000/-<br>Rs. 3,60,000/-<br>Rs. 36,000/- |
| 05. | (ਕਰਜ਼ਦਾਰਾਂ):- ਮੈਸ. ਅਲਗੋਂ ਟਰੇਡਰਜ਼, ਫੂਡ ਗ੍ਰੇਨ ਮਾਰਕੀਟ, ਅਲਗੋਂ ਕੋਠੀ ਮੰਡੀ, ਤਹਿਸੀਲ ਪੱਟੀ, ਤਰਨਤਾਰਨ, ਅੰਮ੍ਰਿਤਸਰ ਪੰਜਾਬ 143303। ਸ਼੍ਰੀ ਗੁਰਸੇਵਕ ਸਿੰਘ ਪੁੱਤਰ ਮੀਖਾ ਸਿੰਘ (ਪ੍ਰਧਾਨ) ਪਿੰਡ ਅਤੇ ਥਾਣਾ ਅਲਗੋਂ ਖੁਰਦ, ਅਲਗੋਂ ਕੋਠੀ, ਜ਼ਿਲ੍ਹਾ ਤਹਿਸੀਲ। ਤਰਨਤਾਰਨ, ਅੰਮ੍ਰਿਤਸਰ ਪੰਜਾਬ 143419. ਜ਼ਾਮਨ: ਸ਼੍ਰੀ ਸੁਖਰਾਜ ਸਿੰਘ ਪੁੱਤਰ ਸ. ਸੁਖਵਿੰਦਰ ਸਿੰਘ, ਨਿਵਾਸੀ ਪਿੰਡ ਭੈਣੀ ਸ਼੍ਰੀਮਤੀ ਸਿੰਘ, ਥਾਣਾ ਅਲਗੋਂ ਖੁਰਦ, ਤਹਿਸੀਲ ਪੱਟੀ, ਜਿਲਾ. ਤਰਨਤਾਰਨ, ਅੰਮ੍ਰਿਤਸਰ, ਪੰਜਾਬ 143419. ਇਸ ਤੋਂ ਇਲਾਵਾ: ਮਕਾਨ ਨੰ. 56 ਲੇਨ ਨੰ. 6, ਗ੍ਰੀਨ ਸਿਟੀ ਅਜਨਾਲਾ ਰੋਡ, ਅੰਮ੍ਰਿਤਸਰ ਪੰਜਾਬ 143001. ਸ਼੍ਰੀ ਸੁਖਵਿੰਦਰ ਸਿੰਘ ਪੁੱਤਰ ਸ. ਦਰਬਾਰਾ ਸਿੰਘ, ਵਾਸੀ ਪਿੰਡ ਭੈਣੀ ਮੱਸਾ ਸਿੰਘ, ਥਾਣਾ ਅਲਗੋਂ ਖੁਰਦ, ਤਹਿਸੀਲ ਪੱਟੀ, ਜਿਲਾ. ਤਰਨਤਾਰਨ, ਅੰਮ੍ਰਿਤਸਰ, ਪੰਜਾਬ 143419 | ਵਪਾਰਕ ਜਾਇਦਾਦ ਦੇ ਈਐਮ ਦਾ ਸਾਰੇ ਭਾਗ ਅਤੇ ਹਿੱਸੇ ਜਿਸਦੀ ਮਾਪ 2178 ਵਰਗ ਗਜ਼ (3 ਕਨਾਲ 12 ਮਰਲੇ) ਹੈ, ਖਸਰਾ ਨੰਬਰ 82//5, 82//4/2 ਘੱਟੋ-ਘੱਟ ਹਦਬਸਤ ਨੰਬਰ 95, ਰਕਬਾ ਪਿੰਡ ਅਲਗੋਂ ਕੋਠੀ (ਅਲਗੋਂ-2) ਤਹਿਸੀਲ ਭਿੱਖੀਵਿੰਡ (ਪੁਰਾਣੀ ਤਹਿਸੀਲ ਪੱਟੀ) ਅਤੇ ਜ਼ਿਲ੍ਹਾ ਤਰਨਤਾਰਨ 143419, ਸ਼੍ਰੀ ਸੁਖਰਾਜ ਸਿੰਘ ਪੁੱਤਰ ਸ਼੍ਰੀ ਸੁਖਵਿੰਦਰ ਸਿੰਘ ਦੇ ਨਾਮ 'ਤੇ ਸੀਮਾ ਹੇਠ ਦਿੱਤੀ ਗਈ ਹੈ: ਪੂਰਬ: ਸ਼੍ਰੀਮਤੀ ਦਲਜੀਤ ਕੌਰ ਦੀ ਖੇਤੀਬਾੜੀ ਜ਼ਮੀਨ, ਪੱਛਮ: ਪਹੁੰਚ ਸੜਕ, ਉੱਤਰ: ਸ. ਸੁਖਦੇਵ ਸਿੰਘ ਦੀ ਜ਼ਮੀਨ, ਦੱਖਣ: ਸ. ਬਲਰਾਜ ਸਿੰਘ ਦੀ ਜ਼ਮੀਨ। **ਕਬਜ਼ੇ ਦੀ ਕਿਸਮ: ਸੰਕੇਤਕ** | Rs. 1,33,34,628.61/- (ਰੁ. ਇਕ ਕਰੋੜ ਤੇਤੀ ਲੱਖ ਚੌਂਤੀ ਹਜ਼ਾਰ ਛੇ ਸੌ ਅਠਾਈ ਅਤੇ ਇਕਾਹਠ ਪੈਸੇ ਕੇਵਲ) ਮੰਗ ਸੂਚਨਾ ਮਿਤੀ 25.09.2023 ਦੇ ਅਨੁਸਾਰ ਜਮ੍ਹਾਂ ਵਿਆਜ ਦੀ ਲਾਗੂ ਦਰ, ਹੁਣ ਤੱਕ ਲਾਗਤਾਂ ਅਤੇ ਫੀਸਾਂ ਸਮੇਤ ਅਗਲੇਰਾ ਵਿਆਜ। | Rs. 84,00,000/-<br>Rs. 8,40,000/-<br>Rs. 84,000/- |
| 06. | **ਕਰਜ਼ਦਾਰ/ਗਿਰਵੀਕਾਰ: ਮੈਸ. ਨਿੱਟ ਇਨ ਕਰਾਫਟ (ਰਾਹੀਂ ਇਸਦੇ ਪ੍ਰੋਪ. ਸ਼੍ਰੀ ਰਕੇਸ਼ ਜੈਨ)** 34-35, ਸੁੰਦਰ ਨਗਰ, ਲੁਧਿਆਣਾ ਪੰਜਾਬ-141008, **ਰਕੇਸ਼ ਜੈਨ ਸਪੁੱਤਰ ਨਰਿੰਦਰ ਕੁਮਾਰ ਜੈਨ**, ਮਕਾਨ ਨੰ. 108-ਡੀ, ਕਿਚਲੂ ਨਗਰ, ਲੁਧਿਆਣਾ, **ਜ਼ਾਮਨਾਂ: ਰਾਹੁਲ ਜੈਨ** ਸਪੁੱਤਰ ਰਕੇਸ਼ ਜੈਨ, ਮਕਾਨ ਨੰ. 108-ਡੀ, ਕਿਚਲੂ ਨਗਰ, ਲੁਧਿਆਣਾ | ਵਿਕਰੀ ਡੀਡ ਵਸੀਕਾ ਨੰ. 21646 ਮਿਤੀ 28.03.1989 (ਪਲਾਟ ਨੰ. 35 ਮਾਪ 250 ਵਰਗ ਗਜ਼) ਅਤੇ ਵਿਕਰੀ ਡੀਡ ਵਸੀਕਾ ਨੰ. 21522 ਮਿਤੀ 27.03.1989 (ਪਲਾਟ ਨੰ. 34 ਮਾਪ 250 ਵਰਗ ਗਜ਼) ਅਧੀਨ ਫਰਮ ਮੈਸ. ਨਿੱਟ ਇਨਕਰਾਫਟ ਦੀ ਮਲਕੀਅਤ ਵਾਲੀ ਜਮ੍ਹਾਂਬੰਦੀ ਸਾਲ 2007-2008 ਅਨੁਸਾਰ ਪਿੰਡ ਤਰਫ ਸੈਦਾਂ ਵਿਖੇ ਖਸਰਾ ਨੰ. 173, ਖਾਤਾ ਨੰ. 2128/2338 ਅਧੀਨ ਐਮ.ਸੀ. ਨੰਬਰ ਬੀ-24-2775, ਸਾਹਮਣੇ ਰਿਤੰਬਰਾ ਪਬਲਿਕ ਸਕੂਲ, ਸੁੰਦਰ ਨਗਰ, ਲੁਧਿਆਣਾ ਵਿਖੇ ਸਥਿਤ 500 ਵਰਗ ਗਜ਼ ਮਾਪ ਵਾਲੀ ਅਚੱਲ ਸੰਪਤੀ ਨੰ. 34 ਅਤੇ 35 ਦੀ ਈਐਮਜੀ। **ਹੱਦਬੰਦੀ: ਪੂਰਬ:** ਗੁਆਂਢੀ (60 ਫੁੱਟ), **ਪੱਛਮ:** ਗਲੀ (60 ਫੁੱਟ), **ਉੱਤਰ:** ਕੁਲਦੀਪ ਔਸਵਾਲ (75 ਫੁੱਟ), **ਦੱਖਣ:** ਗੁਆਂਢੀ (75 ਫੁੱਟ)। **ਕਬਜ਼ੇ ਦੀ ਕਿਸਮ: ਸੰਕੇਤਕ।** | Rs. 2,54,32,164.56 (ਰੁ. ਦੋ ਕਰੋੜ ਚੁਰੰਜਾ ਲੱਖ ਬੱਤੀ ਹਜ਼ਾਰ ਇਕ ਸੌ ਚੌਂਹਠ ਅਤੇ ਛਪੰਜਾ ਪੈਸੇ ਕੇਵਲ) 31.05.2023 ਦੇ ਅਨੁਸਾਰ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਖਰਚੇ। | Rs. 2,10,00,000/-<br>Rs. 21,00,000/<br>Rs. 1,00,000/- |
| 07. | ਕਰਜ਼ਦਾਰਾਂ : 1.ਮੈਸਰਜ਼ ਨੈਨਾ ਦੇਵੀ ਸਟੀਲਜ਼ ਆਪਣੇ ਭਾਈਵਾਲਾਂ ਰਾਹੀਂ: ੳ. ਸ਼੍ਰੀਮਤੀ. ਸ਼ਸ਼ੀ ਬਾਲਾ ਸਪੁੱਤਰ ਰਾਮ ਸ਼ਰਨ ਅ. ਸ਼੍ਰੀਮਤੀ ਸ਼ਿਵਾਨੀ ਗਰਗ ਸੁਪਤਨੀ ਰਮਿਤ ਗਰਗ, ਨੇੜੇ ਮਨਸਾ ਦੇਵੀ ਮੰਦਰ, ਪਿੰਡ ਕੱਕੜਵਾਲ, ਤਹਿਸੀਲ ਧੂਰੀ, ਜਿਲ੍ਹਾ ਸੰਗਰੂਰ - 148024, ਜ਼ਾਮਨਾਂ: ੳ) ਸ਼੍ਰੀ ਰਮਿਤ ਗਰਗ ਸਪੁੱਤਰ ਰਾਮ ਸ਼ਰਨ, ਮਨਸਾ ਦੇਵੀ ਮੰਦਰ ਨੇੜੇ, ਪਿੰਡ ਕੱਕੜਵਾਲ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ-148024, ਅ) ਸ਼੍ਰੀਮਤੀ ਸ਼ਿਵਾਨੀ ਗਰਗ ਪਤਨੀ ਰਮਿਤ ਗਰਗ, ਮਨਸਾ ਦੇਵੀ ਮੰਦਰ ਨੇੜੇ, ਪਿੰਡ ਕੱਕੜਵਾਲ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ-148024, ਇਸ ਤੋਂ ਇਲਾਵਾ: ਮਕਾਨ ਨੰ. 1070, ਸੈਕਟਰ-29 2, ਚੰਡੀਗੜ੍ਹ-160030, ੲ) ਸ਼੍ਰੀਮਤੀ ਸ਼ਸ਼ੀ ਬਾਲਾ ਪਤਨੀ ਰਾਮ ਸ਼ਰਨ, ਨੇੜੇ ਮਨਸਾ ਦੇਵੀ ਮੰਦਰ, ਪਿੰਡ ਕੱਕੜਵਾਲ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ-148024 | **ਲਾਟ:** 1. ਰਿਹਾਇਸ਼ੀ ਖਾਲੀ ਪਲਾਟ ਦਾ ਸਾਰਾ ਹਿੱਸਾ ਅਤੇ ਪਾਰਸਲ 800 ਵਰਗ ਮੀਟਰ। ਵਿਹੜੇ, ਮਨਸਾ ਦੇਵੀ ਮੰਦਿਰ ਨੇੜੇ, ਪਿੰਡ ਕੱਕੜਵਾਲ, ਤਹਿਸੀਲ ਧੂਰੀ, ਜਿਲ੍ਹਾ ਸੰਗਰੂਰ ਜਿਸ ਦੀਆਂ ਸੀਮਾਵਾਂ ਹੇਠ ਲਿਖੇ ਅਨੁਸਾਰ ਹਨ: ਉੱਤਰ: ਅਸ਼ਵਨੀ ਕੁਮਾਰ, ਦੱਖਣ: ਅਸ਼ਵਨੀ ਕੁਮਾਰ ਅਤੇ ਗਲੀ, ਪੂਰਬ: ਪ੍ਰਿਥੀ ਚੰਦ, ਪੱਛਮੀ: ਸੀਨਮ। ਕਬਜ਼ੇ ਦੀ ਕਿਸਮ: ਸੰਕੇਤਕ ਕਬਜ਼ਾ। | Rs.49,47,150/- (ਰੁ. ਉਨੰਜਾ ਲੱਖ ਸੰਤਾਲੀ ਹਜ਼ਾਰ ਇਕ ਸੌ ਪੰਜਾਹ ਕੇਵਲ) ਮੰਗ ਸੂਚਨਾ ਦੀ ਮਿਤੀ ਅਨੁਸਾਰ, ਸੂਚਨਾ ਦੀ ਮਿਤੀ ਤੋਂ ਅਗਲੇਰਾ ਵਿਆਜ ਅਤੇ ਲਾਗਤਾਂ, ਮਨਫੀ ਇਸ ਉਪਰੰਤ ਅਦਾ ਕੀਤੀ ਰਕਮ, ਜੇਕਰ ਕੋਈ ਹੈ। | Rs. 11,00,000/-<br>Rs. 1,10,000/-<br>Rs. 11,000/- |
| | | **ਲਾਟ:** 2. ਰਿਹਾਇਸ਼ੀ ਖਾਲੀ ਪਲਾਟ ਦਾ ਸਾਰਾ ਹਿੱਸਾ ਅਤੇ ਪਾਰਸਲ 378.33 ਵਰਗ ਮੀਟਰ। ਮੰਗਲਾ ਫਾਰਮ ਹਾਊਸ ਦੇ ਸਾਹਮਣੇ ਸਥਿਤ ਵਿਹੜੇ, ਨੇੜੇ ਮਨਸਾ ਦੇਵੀ ਮੰਦਰ, ਪਿੰਡ ਕੱਕੜਵਾਲ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ ਦੀਆਂ ਸੀਮਾਵਾਂ ਹੇਠ ਲਿਖੇ ਅਨੁਸਾਰ ਹਨ: ਉੱਤਰ: ਗਲੀ ਅਤੇ ਪੀ/ਓ ਮੰਗਲਾ ਫਾਰਮ ਹਾਊਸ, ਦੱਖਣ: ਸੁਭਾਸ਼ ਦੀ ਖੇਤੀ ਜ਼ਮੀਨ, ਪੂਰਬ: ਖੇਤੀ ਜ਼ਮੀਨ ਸੁਭਾਸ਼ ਵੈਸਟ: ਪੀ/ਓ ਅਤਰ ਚੰਦ। **ਕਬਜ਼ੇ ਦੀ ਕਿਸਮ: ਸੰਕੇਤਕ ਕਬਜ਼ਾ।** | | Rs. 4,50,000/-<br>Rs. 45,000/-<br>Rs. 4,500/- |
| 08. | **ਕਰਜ਼ਦਾਰ : ਮੈਸ. ਐਨਐਸ ਆਇਰਨ ਪ੍ਰੋ. ਨਵਨੀਸ਼ ਕੁਮਾਰ, ਸਾਹਮਣੇ, ਬਾਗ ਵਾਲਾ ਗੁਰੂਦੁਆਰਾ ਨੇੜੇ ਪੀਰ ਖਾਨਾ ਸਿਰਸਾ ਰੋਡ, ਮੂਸਾ ਚੁੰਗੀ-ਮਾਨਸਾ, ਪਿੰਨ ਕੋਡ-151505, ਜ਼ਾਮਨ: ਅਸ਼ੋਕ ਕੁਮਾਰ ਪੁੱਤਰ ਸ਼੍ਰੀ ਬਾਬੂ ਰਾਮ ਸਾਹਮਣੇ, ਬਾਗ ਵਾਲਾ ਗੁਰਦੁਆਰਾ ਅਸ਼ੋਕ ਕੁਮਾਰ ਪੁੱਤਰ ਮੂਸਾ ਚੁੰਗੀ ਨੇੜੇ। - ਮਾਨਸਾ, ਪੰਜਾਬ ਪਿੰਨ ਕੋਡ- 151505, 2. ਸ਼੍ਰੀ ਜਿੰਮੀ ਕੁਮਾਰ ਪੁੱਤਰ ਅਸ਼ੋਕ ਕੁਮਾਰ ਸਾਹਮਣੇ, ਬਾਗ ਵਾਲਾ ਗੁਰਦੁਆਰਾ ਨੇੜੇ ਮੂਸਾ ਚੁੰਗੀ- ਮਾਨਸਾ, ਪੰਜਾਬ ਪਿੰਨ ਕੋਡ-151505** | ਖਸਰਾ ਨੰਬਰ 781 ਮਿਨ (0-17.05 ਮਰਲੇ) ਵਿੱਚ 17.05 ਮਰਲੇ ਜ਼ਮੀਨ ਵਿੱਚ ਬਣੇ ਰਿਹਾਇਸ਼ੀ ਮਕਾਨ ਦੇ ਸਾਰੇ ਹਿੱਸੇ ਅਤੇ ਪਾਰਸਲ 38 ਫੁੱਟ * 122 ਫੁੱਟ ਵਿੱਚ ਸਥਿਤ ਹੈ- ਬਾਗ ਵਾਲਾ ਗੁਰਦੁਆਰਾ ਨੇੜੇ ਪੀਰ ਖਾਨਾ ਸਿਰਸਾ ਰੋਡ, ਮੂਸਾ ਚੁੰਗੀ-515 ਮਾਨ ਸੰਪਤੀ ਇਸ ਤਰ੍ਹਾਂ ਸੀਮਿਤ ਹੈ: ਪੂਰਬ: 122' ਨਵਨੀਸ਼ ਕੁਮਾਰ, ਪੱਛਮ: 122 ਕੇਵਲ ਕ੍ਰਿਸ਼ਨ, ਉੱਤਰ: 38 ਗਲੀ, ਦੱਖਣ: 38 ਅਸ਼ੋਕ ਕੁਮਾਰ **ਕਬਜ਼ੇ ਦੀ ਕਿਸਮ: ਸੰਕੇਤਕ** | Rs. 31,06,659/- (ਰੁ. ਇਕੱਤੀ ਲੱਖ ਛੇ ਹਜ਼ਾਰ ਛੇ ਸੌ ਉਣਾਹਠ ਕੇਵਲ) 30.09.2019 ਦੇ ਅਨੁਸਾਰ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਖਰਚੇ। | Rs. 36,00,000/-<br>Rs. 3,60,000/-<br>Rs. 36,000/- |
| 09. | **ਕਰਜ਼ਦਾਰ : ਮੈਸ. ਓਮ ਨਿਟਵਿਅਰਜ਼ (ਰਾਹੀਂ ਪ੍ਰੋਪ. ਸ਼੍ਰੀ ਜਗਦੀਪ ਸ਼ਰਮਾ) ਪਤਾ: ਬੀ-1/213/74/ਡੀ/8, ਗਲੀ ਨੰ. 10, ਨਿਊ ਕੁੰਦਨਪੁਰੀ, ਲੁਧਿਆਣਾ, ਪੰਜਾਬ-141001, ਕਰਜ਼ਦਾਰ/ਗਿਰਵੀਕਾਰ: ਸ਼੍ਰੀ ਜਗਦੀਪ ਸ਼ਰਮਾ ਸਪੁੱਤਰ ਸ਼੍ਰੀ ਓਮ ਪ੍ਰਕਾਸ਼ ਸ਼ਰਮਾ, ਪਤਾ: ਬੀ-1/213/74/ਡੀ/8, ਗਲੀ ਨੰ. 10, ਨਿਊ ਕੁੰਦਨਪੁਰੀ, ਲੁਧਿਆਣਾ, ਪੰਜਾਬ-141001, ਜ਼ਾਮਨ: ਸ਼੍ਰੀਮਤੀ ਮਮਤਾ ਸ਼ਰਮਾ, ਪਤਾ: ਬੀ-1/213/74/ਡੀ/8, ਗਲੀ ਨੰ. 10, ਨਿਊ ਕੁੰਦਨਪੁਰੀ, ਲੁਧਿਆਣਾ, ਪੰਜਾਬ-141001** | ਸ਼੍ਰੀ ਜਗਦੀਪ ਸ਼ਰਮਾ ਸਪੁੱਤਰ ਸ਼੍ਰੀ ਓਮ ਪ੍ਰਕਾਸ਼ ਸ਼ਰਮਾ ਦੀ ਮਲਕੀਅਤ ਵਾਲੀ ਮਾਲੀਆ ਅਸਟੇਟ ਮਹਿਲ ਭਗਤ ਲੁਧਿਆਣਾ ਵਿਖੇ ਸਥਿਤ ਸੰਪੱਤੀ ਨੰ. ਪਤਾ: ਬੀ-1/213/74/ਡੀ/8, ਗਲੀ ਨੰ. 10, ਨਿਊ ਕੁੰਦਨਪੁਰੀ, ਲੁਧਿਆਣਾ ਵਿਖੇ ਸਥਿਤ ਖਸਰਾ ਨੰ. 261, 262, 265, 1620/1315/287, 1621/1315/287, 1316/287, 1617/266, 1613/260, ਖਾਤਾ ਨੰ. 297/324, 328/337-332 ਵਿੱਚ ਸ਼ਾਮਲ ਜਮ੍ਹਾਂਬੰਦੀ ਸਾਲ 2000-10 ਅਨੁਸਾਰ 100 ਵਰਗ ਗਜ਼ ਮਾਪ ਵਾਲੀ ਜ਼ਮੀਨ ਅਤੇ ਬਿਲਡਿੰਗ। ਹੱਦਬੰਦੀ: ਉੱਤਰ: ਗੁਆਂਢੀ ਦੀ ਸੰਪੱਤੀ, ਦੱਖਣ: ਗਲੀ (15'-0" ਚੌੜੀ), ਪੂਰਬ: ਗੁਆਂਢੀ ਦੀ ਮਕਾਨ, ਪੱਛਮ: ਗੁਆਂਢੀ ਦਾ ਮਕਾਨ। ਕਬਜ਼ੇ ਦੀ ਕਿਸਮ: ਸੰਕੇਤਕ। | Rs.50,64,689.37/- (ਰੁ. ਪੰਜਾਹ ਲੱਖ ਚੌਂਹਠ ਹਜ਼ਾਰ ਛੇ ਸੌ ਉਣਾਨਵੇਂ ਅਤੇ ਸੈਂਤੀ ਪੈਸੇ ਕੇਵਲ) 31.03.2021 ਦੇ ਅਨੁਸਾਰ ਜਮ੍ਹਾਂ ਵਿਆਜ ਦੀ ਲਾਗੂ ਦਰ, ਹੁਣ ਤੱਕ ਲਾਗਤਾਂ ਅਤੇ ਫੀਸਾਂ ਸਮੇਤ 01.04.2021 ਤੋਂ ਪ੍ਰਭਾਵੀ ਅਗਲੇਰਾ ਵਿਆਜ। | Rs. 36,00,000/-<br>Rs. 3,60,000/-<br>Rs. 36,000/- |
| 10. | **(ਗਿਰਵੀਕਾਰ/ਕਰਜ਼ਦਾਰ/ਜ਼ਾਮਨ):ਸ਼੍ਰੀਮਤੀ ਰੇਨੂ** ਸੁਪਤਨੀ ਸ਼੍ਰੀ ਦੀਪਕ ਵਰਮਾ ਮਕਾਨ ਨੰ. 160ਏ, ਗੋਲਡਨ ਐਵੇਨਿਊ ਕਲੋਨੀ, ਪਿਛੇ ਮਜੀਦ, ਰਾਹੋਂ ਰੋਡ, ਬਸਤੀ ਯੋਧੇਵਾਲ ਲੁਧਿਆਣਾ 141007 **ਸ਼੍ਰੀ ਵਿਸ਼ਾਲ ਵਰਮਾ** ਸਪੁੱਤਰ ਸਵ. ਸ਼੍ਰੀ ਦੀਪਕ ਵਰਮਾ, ਮਕਾਨ ਨੰ. 160-ਏ, ਗੋਲਡਨ ਐਵੇਨਿਊ ਕਲੋਨੀ, ਪਿਛੇ ਮਜੀਦ, ਰਾਹੋਂ ਰੋਡ, ਬਸਤੀ ਯੋਧੇਵਾਲ ਲੁਧਿਆਣਾ 141007 | ਟਾਈਟਲ ਡੀਡ ਵਸੀਕਾ ਨੰ. 14572 ਮਿਤੀ 02.11.2017 ਦੇ ਅਧੀਨ ਸ਼੍ਰੀਮਤੀ ਰੇਨੂ ਸੁਪਤਨੀ ਸਵ. ਸ਼੍ਰੀ ਦੀਪਕ ਵਰਮਾ ਦੇ ਨਾਮ 'ਤੇ ਜਮ੍ਹਾਂਬੰਦੀ ਸਾਲ 2008-2009 ਅਨੁਸਾਰ ਮਾਲੀਆ ਅਸਟੇਟ ਪਿੰਡ ਤਰਫ ਗਹਿਲੇਵਾਲ, ਅਬਾਦੀ ਗੋਲਡਨ ਐਵੇਨਿਊ, ਬਸਤੀ ਯੋਧੇਵਾਲ, ਲੁਧਿਆਣਾ ਵਿਖੇ ਖਾਤਾ 711/813, 756/857, ਖਸਰਾ ਨੰ. 322, 323, 324, 325, 326, 327, 331, 332, 333, 334, 336, 519/348, 520/348, 521/348/1, 522/348, 1013/619/349, 1014/619/349, 344/1, 345/1, 346/1, 347/1 503/350/1, 504/350/1 ਵਿਚ ਸ਼ਾਮਲ 143 ਵਰਗ ਗਜ਼ ਮਾਪ ਵਾਲੇ ਪਲਾਟ ਨੰ. 160-ਏ, ਐਮਸੀ ਨੰ. ਬੀ0-31-1148-ਸੀਪੀ-160ਏ 'ਤੇ ਨਿਰਮਿਤ ਇਕ ਮਕਾਨ ਵਾਲੀ ਅਚੱਲ ਸੰਪੱਤੀ। ਹੱਦਬੰਦੀ : ਪੂਰਬ : ਗਲੀ 20' ਚੌੜੀ 20'-08", ਪੱਛਮ : ਗੁਆਂਢੀ 20', ਉੱਤਰ : ਖਾਲੀ ਪਲਾਟ 60'-06", ਦੱਖਣ : ਖਾਲੀ ਪਲਾਟ (64'-00") **ਕਬਜ਼ੇ ਦੀ ਕਿਸਮ- ਸੰਕੇਤਕ** | Rs 28,95,419.40 (ਰੁ. ਅਠਾਈ ਲੱਖ ਪਚਾਨਵੇਂ ਹਜ਼ਾਰ ਚਾਰ ਸੌ ਉਨੀ ਅਤੇ ਚਾਲੀ ਪੈਸੇ ਕੇਵਲ) 30.04.2023 ਦੇ ਅਨੁਸਾਰ ਜਮ੍ਹਾਂ ਵਿਆਜ ਦੀ ਲਾਗੂ ਦਰ, ਹੁਣ ਤੱਕ ਲਾਗਤਾਂ ਅਤੇ ਫੀਸਾਂ ਸਮੇਤ 01.05.2023 ਤੋਂ ਪ੍ਰਭਾਵੀ ਅਗਲੇਰਾ ਵਿਆਜ। | Rs.26,00,000/-<br>Rs. 2,60,000/-<br>Rs. 26,000/- |
| 11. | 1. ਕਰਜ਼ਦਾਰ (ਾਂ)/ਜ਼ਾਮਨ (ਾਂ): ਮੈਸ. ਐਸ.ਏ. ਇੰਟਰਪ੍ਰਾਈਜਿਜ਼ ਇਸ ਦੇ ਪ੍ਰੋ. ਸੌਰਭ ਗੁਪਤਾ, ਵਾਸੀ 82 ਐਫ ਮੁਹੱਲਾ ਨਰਾਇਣਾ, ਕੱਚੀ ਚਵਾਨੀ, ਜੰਮੂ, ਜ਼ਿਲ੍ਹਾ ਜੰਮੂ। 2. ਸ਼੍ਰੀ ਸੌਰਭ ਗੁਪਤਾ ਵਾਸੀ ਮਕਾਨ ਨੰ. 228, ਮੁਹੱਲਾ ਨਰੈਆਣਾ, ਕੱਚੀ ਚਵਾਨੀ, ਜੰਮੂ, ਜ਼ਿਲ੍ਹਾ ਜੰਮੂ। | ਜ਼ਮੀਨ ਦਾ ਮਾਪ 02 ਕਨਾਲ ਜਿਸ ਵਿੱਚ ਖਸਰਾ ਨੰਬਰ 369 ਮਿੰਟ ਖਾਤਾ ਨੰਬਰ 300 ਅਤੇ ਖੇਵਟ ਨੰਬਰ 71 ਮਿੰਟ ਹੈ, ਪਿੰਡ ਲਟੋਰੀ, ਕਟੜਾ ਵਿਖੇ ਸ਼੍ਰੀ ਸੌਰਭ ਗੁਪਤਾ ਪੁੱਤਰ ਸ਼ੁਕੀਲ ਕੁਮਾਰ ਗੁਪਤਾ ਦੇ ਨਾਮ 'ਤੇ ਸਥਿਤ ਹੈ, ਜਿਸਦੀ ਸੀਮਾ ਹੈ: ਉੱਤਰ: ਅਭਿਸ਼ੇਕ ਗੁਪਤਾ ਦੀ ਖੁੱਲ੍ਹੀ ਜ਼ਮੀਨ, ਦੱਖਣ: ਖੁੱਲ੍ਹੀ ਜ਼ਮੀਨ, ਪੂਰਬ: ਪਹਾੜੀ ਢਲਾਣਾਂ, ਪੱਛਮ: ਸਾਹਮਣੇ ਵਾਲੀ ਸੜਕ, ਕਬਜ਼ੇ ਦੀ ਕਿਸਮ-;ਸੰਕੇਤਕ | Rs. 42,32,468.98/- (ਰੁ. ਬਿਆਲੀ ਲੱਖ ਬੱਤੀ ਹਜ਼ਾਰ ਚਾਰ ਸੌ ਅਠਾਹਠ ਅਤੇ ਅਠਾਨਵੇਂ ਪੈਸੇ ਕੇਵਲ) ਮੰਗ ਸੂਚਨਾ ਦੀ ਮਿਤੀ ਅਨੁਸਾਰ, ਸੂਚਨਾ ਦੀ ਮਿਤੀ ਤੋਂ ਅਗਲੇਰਾ ਵਿਆਜ ਅਤੇ ਲਾਗਤਾਂ, ਮਨਫੀ ਇਸ ਉਪਰੰਤ ਅਦਾ ਕੀਤੀ ਰਕਮ, ਜੇਕਰ ਕੋਈ ਹੈ। | Rs.38,50,000/-<br>Rs.3,85,000/-<br>Rs. 38,500/- |
| 12 | ਕਰਜ਼ਦਾਰ: ਮੈਸਰਜ਼ ਸ਼ੁਕੀਲ ਕੁਮਾਰ ਐਂਡ ਬ੍ਰਦਰਜ਼ ਆਪਣੇ ਪ੍ਰੋਪ. ਸ਼. ਸ਼ੁਕੀਲ ਕੁਮਾਰ ਗੁਪਤਾ, ਵਾਸੀ 82-ਐਫ, ਮੁਹੱਲਾ ਨਰੈਆਣਾ ਕੱਚੀ ਚਵਾਨੀ, ਜੰਮੂ। 2. ਸ਼੍ਰੀ ਸ਼ੁਕੀਲ ਕੁਮਾਰ ਗੁਪਤਾ, ਮਕਾਨ ਨੰ: 228, ਮੁਹੱਲਾ ਨਰੈਆਣਾ ਕੱਚੀ ਚਵਾਨੀ 3. ਸ਼੍ਰੀ ਨਰਦੀਪ ਸਿੰਘ ਜਾਮਵਾਲ ਪੁੱਤਰ ਸ.ਕੇ.ਐਸ. ਜਾਮਵਾਲ, ਵਾਸੀ ਵਾਰਡ ਨੰ. 7, ਹਰੀ ਨਗਰ, ਨੇੜੇ ਫੂਡ ਐਂਡ ਸਪਲਾਈ ਸਟੋਰ, ਊਧਮਪੁਰ। 4. ਸ਼. ਸੁਮਿਤ ਕੁਮਾਰ ਗੁਪਤਾ ਪੁੱਤਰ ਕੁਲਦੀਪ ਕੁਮਾਰ ਗੁਪਤਾ, ਮਕਾਨ ਨੰ. 228 ਮੁਹੱਲਾ ਨਰੈਆਣਾ ਕੱਚੀ ਚਵਾਨੀ, ਜੰਮੂ। 5. ਸ਼. ਸੁਨੀਲ ਕੁਮਾਰ ਪੁੱਤਰ ਕੁਲਦੀਪ ਕੁਮਾਰ ਗੁਪਤਾ, ਮਕਾਨ ਨੰ. 228, ਮੁਹੱਲਾ ਨਰੈਆਣਾ ਕੱਚੀ ਚਵਾਨੀ, ਜੰਮੂ। 6. ਸ਼. ਲਵ ਕੁਮਾਰ ਗੁਪਤਾ ਪੁੱਤਰ ਕੁਲਦੀਪ ਕੁਮਾਰ ਗੁਪਤਾ, ਮਕਾਨ ਨੰ. 228 ਮੁਹੱਲਾ ਨਰੈਆਣਾ ਕੱਚੀ ਚਵਾਨੀ, ਜੰਮੂ। 7. ਸ਼. ਕੁਸ਼ ਕੁਮਾਰ ਪੁੱਤਰ ਕੁਲਦੀਪ ਕੁਮਾਰ ਗੁਪਤਾ, ਵਾਸੀ ਮਕਾਨ ਨੰ. 228 ਮੁਹੱਲਾ ਨਰੈਆਣਾ ਕੱਚੀ ਚਵਾਨੀ, ਜੰਮੂ। | ਲਾਟ-1: ਖਸਰਾ ਨੰਬਰ 240 ਮਿਨ (01 ਕਨਾਲ 02 ਮਰਲੇ) ਅਤੇ ਖਸਰਾ ਨੰਬਰ 245 ਮਿੰਟ (01 ਕਨਾਲ 15 ਮਰਲੇ) ਦੇ ਹੇਠਾਂ 2 ਕਨਾਲ 17 ਮਰਲੇ ਦੀ ਪਲਾਟ ਜ਼ਮੀਨ, ਖਾਤਾ ਨੰਬਰ 471, ਖੇਵਟ ਨੰਬਰ 85/12 ਮਿੰਟ, ਬਟਲ, ਤਹਿਸੀਲ ਊਧਮਪੁਰ ਵਿਖੇ ਸ਼੍ਰੀ ਨਰਦੀਪ ਸਿੰਘ ਦੇ ਨਾਮ 'ਤੇ ਸਥਿਤ ਹੈ, ਜੋ ਮੇਨ ਨੈਸ਼ਨਲ ਹਾਈਵੇ 'ਤੇ ਭੀਮ ਸਿੰਘ ਕਾਲਜ ਆਫ਼ ਐਜੂਕੇਸ਼ਨ ਦੇ ਨੇੜੇ ਮੇਨ ਨੈਸ਼ਨਲ ਹਾਈਵੇ 'ਤੇ ਸਥਿਤ ਹੈ। ਕਬਜ਼ੇ ਦੀ ਕਿਸਮ-ਸੰਕੇਤਕ | Rs.1,09,18,421.19/- (ਰੁ. ਇਕ ਕਰੋੜ ਨੌਂ ਲੱਖ ਅਠਾਰਾਂ ਹਜ਼ਾਰ ਚਾਰ ਸੌ ਇੱਕੀ ਅਤੇ ਉੱਨੀਂ ਪੈਸੇ ਕੇਵਲ) ਮੰਗ ਸੂਚਨਾ ਦੀ ਮਿਤੀ ਅਨੁਸਾਰ, ਸੂਚਨਾ ਦੀ ਮਿਤੀ ਤੋਂ ਅਗਲੇਰਾ ਵਿਆਜ ਅਤੇ ਲਾਗਤਾਂ, ਮਨਫੀ ਇਸ ਉਪਰੰਤ ਅਦਾ ਕੀਤੀ ਰਕਮ, ਜੇਕਰ ਕੋਈ ਹੈ। | Rs.60,00,000/-<br>Rs.6,00,000/-<br>Rs. 60,000/- |
| | | ਲਾਟ: 2. ਤਿੰਨ ਮੰਜ਼ਿਲਾ ਵਪਾਰਕ ਇਮਾਰਤ ਜਿਸਦੀ ਗਰਾਊਂਡ ਫਲੋਰ 'ਤੇ 2 ਦੁਕਾਨਾਂ ਹਨ, ਜਿਸਦੀ ਕੁੱਲ ਲੰਬਾਈ 17 ਅਤੇ 1/2 ਹੈ, ਜਿਸਦੀ ਕੁੱਲ ਲੰਬਾਈ 13-1/2 ਹੈ। ਇਹ ਇਮਾਰਤ ਤਹਿਸੀਲ ਕਾਲਾਕੋਟ ਦੇ ਸੈਰ ਵਿਖੇ ਸਥਿਤ ਹੈ ਅਤੇ ਜਿਸਦੀ ਲੰਬਾਈ 123/185 ਹੈ ਅਤੇ ਜਿਸਦੀ ਲੰਬਾਈ 18 ਹੈ। ਖਸਰਾ ਨੰਬਰ 178 ਮਿੰਟ (ਮਰਲਾਸ), ਖਾਤਾ ਨੰਬਰ 123/125 ਅਤੇ ਖੇਵਟ ਨੰਬਰ 18, ਜੋ ਕਿ ਤਹਿਸੀਲ ਕਾਲਾਕੋਟ ਦੇ ਸੈਰ ਵਿਖੇ ਸਥਿਤ ਹੈ, ਸ਼੍ਰੀ ਸੁਮਿਤ ਗੁਪਤਾ, ਸ਼੍ਰੀ ਲਵ ਗੁਪਤਾ, ਸ਼੍ਰੀ ਸੁਨੀਲ ਗੁਪਤਾ ਅਤੇ ਸ਼੍ਰੀ ਕੁਸ਼ ਗੁਪਤਾ ਦੇ ਨਾਮ 'ਤੇ। ਕਬਜ਼ਾ ਕਿਸਮ-ਸੰਕੇਤਕ | | Rs.55,00,000/-<br>Rs.5,50,000/-<br>Rs. 55,000/- |
| 13. | ਕਰਜ਼ਦਾਰ: a) ਮੈਸ. ਡਰੀਮ ਐਂਡ ਪ੍ਰੋਸਪਰਿਟੀ ਹੋਟਲ ਅਤੇ ਰੈਸਟੋਰੈਂਟ ਪ੍ਰਤੀਨਿਧੀ ਪ੍ਰੋਪ ਦੁਆਰਾ। ਮਿਸਟਰ ਰਾਹੁਲ ਚੌਹਾਨ (ਮ੍ਰਿਤਕ) ਆਪਣੇ ਕਾਨੂੰਨੀ ਵਾਰਸਾਂ ਰਾਹੀਂ: (i) ਸ਼੍ਰੀ ਦਿਨੇਸ਼ ਕੁਮਾਰ (ਪਿਤਾ) (ii) ਸ਼੍ਰੀਮਤੀ ਸੁਨੀਤਾ ਦੇਵੀ (ਮਾਂ)। (iii) ਸ਼੍ਰੀਮਤੀ ਸਪਨਾ ਚੌਹਾਨ (ਪਤਨੀ) ਅਤੇ ਸਾਰੇ ਅਣਪਛਾਤੇ ਕਾਨੂੰਨੀ ਵਾਰਸ, ਸਾਰੇ ਵਾਸੀ ਪਿੰਡ ਭਦਵਾੜਾ ਤਹਿਸੀਲ ਫਤਿਹਪੁਰ, ਕਾਂਗੜਾ, ਹਿਮਾਚਲ ਪ੍ਰਦੇਸ਼ 176053 ਆਪਣੇ ਕਾਨੂੰਨੀ ਵਾਰਸ ਪਿੰਡ ਭਦਵਾੜਾ, ਤਹਿਸੀਲ ਫਤਿਹਪੁਰ, ਕਾਂਗੜਾ, ਹਿਮਾਚਲ ਪ੍ਰਦੇਸ਼ 176053. ਸਹਿ ਬਿਨੈਕਾਰ/ਜ਼ਾਮਨ ਦਿਨੇਸ਼ ਕੁਮਾਰ ਪੁੱਤਰ ਸਵਰਗੀ ਸ਼੍ਰੀ ਮੋਹਨ ਲਾਲ, ਪਿੰਡ ਭਦਵਾੜਾ, ਤਹਿਸੀਲ ਫਤਿਹਪੁਰ, ਕਾਂਗੜਾ, ਹਿਮਾਚਲ ਪ੍ਰਦੇਸ਼ 176053। ਜ਼ਾਮਨ: ਜਸਬੀਰ ਸਿੰਘ ਪੁੱਤਰ ਨਰਿੰਦਰ, ਵਾਰਡ ਨੰਬਰ 5, ਪਿੰਡ ਅਤੇ ਡਾਕਖਾਨਾ ਥਬਲ, ਤਹਿਸੀਲ ਅੰਬ, ਜ਼ਿਲ੍ਹਾ ਊਨਾ, ਹਿਮਾਚਲ ਪ੍ਰਦੇਸ਼, 177211 | 253 ਵਰਗ ਮੀਟਰ ਦੀ ਵਪਾਰਕ ਜਾਇਦਾਦ ਦਾ ਸਾਰਾ ਟੁਕੜਾ ਅਤੇ ਪਾਰਸਲ ਖੇਵਟ/ਖਤੂਨੀ ਨੰਬਰ 81 ਮਿਨ/135 ਮਿਨ ਵਿੱਚ ਸ਼ਾਮਲ ਹੈ ਅਤੇ ਖਸਰਾ ਨੰਬਰ 684 ਕਿਤੇ 1 ਮਾਪ 0-01-70 ਹੈਕਟੇਅਰ ਅਤੇ ਖੇਵਟ/ਖਤੂਨੀ ਨੰਬਰ 81 ਮਿਨ/135 ਮਿਨ ਖਸਰਾ ਨੰਬਰ 685/2/2 ਮਾਪ 0-04-32 ਇਸ ਵਿੱਚੋਂ 0-00-83 ਹੈਕਟੇਅਰ ਪਿੰਡ ਬਧਵਾੜਾ ਮੌਜਾ ਸੁਨੇਤ, ਤਹਿਸੀਲ ਫਤਿਹਪੁਰ, ਜ਼ਿਲ੍ਹਾ ਕਾਂਗੜਾ ਵਿੱਚ ਹੈ (ਸ਼੍ਰੀ ਰਾਹੁਲ ਚੌਹਾਨ ਪੁੱਤਰ ਦਿਨੇਸ਼ ਕੁਮਾਰ ਦੇ ਨਾਮ 'ਤੇ ਖਸਰਾ ਨੰਬਰ 684 ਵਿੱਚ ਜਾਇਦਾਦ ਅਤੇ ਸ਼੍ਰੀ ਦਿਨੇਸ਼ ਕੁਮਾਰ ਪੁੱਤਰ ਮੋਹਨ ਲਾਲ ਦੇ ਨਾਮ 'ਤੇ ਖਸਰਾ ਨੰਬਰ 685/2/2 ਵਿੱਚ ਜਾਇਦਾਦ)। ਹੱਦਬੰਦੀ ਹਨ: ਉੱਤਰ- ਸਰਕਾਰੀ ਜ਼ਮੀਨ, ਦੱਖਣ- ਸਥਾਨਕ ਸ਼ਿਵ ਰਾਮ ਚੌਧਰੀ, ਪੂਰਬ- ਸਥਾਨਕ ਤਾਰਾ ਸਿੰਘ, ਪੱਛਮ- ਨੂਰਪੁਰ ਤੋਂ ਤਲਵਾੜਾ ਰੋਡ। **ਕਬਜ਼ੇ ਦੀ ਕਿਸਮ: ਸੰਕੇਤਕ** | Rs 66,03,699.00 (ਰੁ. ਛਿਆਹਠ ਲੱਖ ਤਿੰਨ ਹਜ਼ਾਰ ਛੇ ਸੌ ਨੜਿੰਨਵੇਂ ਕੇਵਲ) ਮੰਗ ਸੂਚਨਾ ਦੀ ਮਿਤੀ ਅਨੁਸਾਰ, ਸੂਚਨਾ ਦੀ ਮਿਤੀ ਤੋਂ ਅਗਲੇਰਾ ਵਿਆਜ ਅਤੇ ਲਾਗਤਾਂ, ਮਨਫੀ ਇਸ ਉਪਰੰਤ ਅਦਾ ਕੀਤੀ ਰਕਮ, ਜੇਕਰ ਕੋਈ ਹੈ। | Rs. 43,50,000/-<br>Rs. 4,35,000/-<br>Rs. 43,500/- |
| 14. | (ਕਰਜ਼ਦਾਰ) 1. **ਮੈਸਰਜ਼ ਹੰਸ ਰਾਜ ਐਂਡ ਸੰਨਜ਼** ਪ੍ਰੋਪ ਸ਼੍ਰੀ ਹਰਦਿਆਲ ਸਿੰਘ, ਅਨਾਜ ਮੰਡੀ ਦੇ ਨੇੜੇ, ਮੰਡੀ ਬਰੀਵਾਲਾ, ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ, 2. ਸ਼੍ਰੀ ਹਰਦਿਆਲ ਸਿੰਘ ਪੁੱਤਰ ਸ਼੍ਰੀ ਹੰਸ ਰਾਜ, ਵਾਰਡ ਨੰ: 5, ਛੋਟੇ ਗੁਰਦੁਆਰਾ ਵਾਲੀ ਗਲੀ, ਮੰਡੀ ਬਰੀਵਾਲਾ, ਜ਼ਿਲ੍ਹਾ ਮੁਕਤਸਰ ਸਾਹਿਬ, ਜ਼ਾਮਨ: ਸ਼੍ਰੀ ਵਰੁਣ ਕੁਮਾਰ ਗਰਗ ਪੁੱਤਰ ਸ਼੍ਰੀ ਅਰੁਣ ਕੁਮਾਰ ਗਰਗ, ਦੁਕਾਨ ਨੰ: 146, ਨਵੀਂ ਅਨਾਜ ਮੰਡੀ, ਜ਼ਿਲ੍ਹਾ ਮੁਕਤਸਰ | 4160 ਵਰਗ ਫੁੱਟ ਖੇਵਟ ਨੰ.493, ਖਟੋਨੀ ਨੰ.739, ਖਸਰਾ ਨੰ.474/1(0-13) 474/3(0-2) ਦੀ ਰਿਹਾਇਸ਼ੀ ਇਮਾਰਤ ਦਾ ਸਾਰਾ ਹਿੱਸਾ, ਜਮ੍ਹਾਂਬੰਦੀ 1984-85 ਦੇ ਅਨੁਸਾਰ, ਵਾਰਡ ਨੰ. 5, ਪਿਛਲੇ ਪਾਸੇ ਅਨਾਜ ਮੰਡੀ, ਮੰਡੀ ਬਰੀਵਾਲਾ, ਜ਼ਿਲ੍ਹਾ ਮੁਕਤਸਰ ਸਾਹਿਬ ਵਿਖੇ ਸਥਿਤ। ਵਿਕਰੀ ਡੀਡ ਅਨੁਸਾਰ ਹੱਦਬੰਦੀ:- ਪੂਰਬ: ਗਲੀ 10'-0" ਚੌੜੀ 80'-0", ਪੱਛਮ: ਓਮ ਪ੍ਰਕਾਸ਼ 49'-0", ਉੱਤਰ: ਸੁਰਜੀਤ ਸਿੰਘ 69'-0", ਦੱਖਣ: ਮੋਹਨ ਲਾਲ 60'-0" (**ਕਬਜ਼ੇ ਦੀ ਕਿਸਮ: - ਸੰਕੇਤਕ**) | Rs 26,34,154.45 /- (ਰੁ. ਛੱਬੀ ਲੱਖ ਚੌਂਤੀ ਹਜ਼ਾਰ ਇਕ ਸੌ ਚੁਰੰਜਾ ਅਤੇ ਪੰਤਾਲੀ ਪੈਸੇ ਕੇਵਲ) ਮੰਗ ਸੂਚਨਾ ਦੀ ਮਿਤੀ ਅਨੁਸਾਰ, ਸੂਚਨਾ ਦੀ ਮਿਤੀ ਤੋਂ ਅਗਲੇਰਾ ਵਿਆਜ ਅਤੇ ਲਾਗਤਾਂ, ਮਨਫੀ ਇਸ ਉਪਰੰਤ ਅਦਾ ਕੀਤੀ ਰਕਮ, ਜੇਕਰ ਕੋਈ ਹੈ। | Rs 9,50,000/-<br>Rs 95,000/-<br>Rs. 9,500/- |
| 15. | (ਕਰਜ਼ਦਾਰ):- ਮੈਸ. ਪਾਹੁਲ ਟਰੇਡਿੰਗ ਕੰਪਨੀ (ਪ੍ਰੋ. ਸ਼੍ਰੀਮਤੀ ਗੁਰਮਿੰਦਰ ਜੀਤ ਪਾਲ ਕੌਰ), ਫੂਡ ਗ੍ਰੇਨ ਮਾਰਕੀਟ, ਅਲਗੋਂ ਕੋਠੀ ਮੰਡੀ, ਤਹਿਸੀਲ ਪੱਟੀ, ਤਰਨ ਤਾਰਨ, ਅੰਮ੍ਰਿਤਸਰ ਪੰਜਾਬ 143303. ਸ਼੍ਰੀਮਤੀ ਗੁਰਮਿੰਦਰ ਜੀਤ ਪਾਲ ਕੌਰ, ਮਕਾਨ ਨੰ: 56 ਲੇਨ, ਅਮਜਲਾ, ਪੰਜਾਬ, ਗ੍ਰੀਨ ਸਿਟੀ, ਏ6 ਲੇਨ, ਅਮਜਲਾ। 143001. ਜ਼ਾਮਨ:- ਸ਼੍ਰੀ ਬਲਰਾਜ ਸਿੰਘ ਪੁੱਤਰ ਸ਼੍ਰੀ ਸੁਖਵਿੰਦਰ ਸਿੰਘ, ਵਾਸੀ ਪਿੰਡ ਭੈਣੀ ਮੱਸਾ ਸਿੰਘ, ਥਾਣਾ ਅਲਗੋਂ: ਖੁਰਦ, ਤਹਿਸੀਲ ਪੱਟੀ, ਜ਼ਿਲ੍ਹਾ. ਤਰਨਤਾਰਨ, ਅੰਮ੍ਰਿਤਸਰ, ਪੰਜਾਬ 143419। ਸ਼੍ਰੀ ਸੁਖਵਿੰਦਰ ਸਿੰਘ ਪੁੱਤਰ ਸ. ਦਰਬਾਰਾ ਸਿੰਘ/ਓ ਪਿੰਡ ਭੈਣੀ ਮੱਸਾ ਸਿੰਘ, ਥਾਣਾ ਅਲਗੋਂ ਖੁਰਦ, ਤਹਿਸੀਲ ਪੱਟੀ, ਜ਼ਿਲ੍ਹਾ। ਤਰਨਤਾਰਨ, ਅੰਮ੍ਰਿਤਸਰ, ਪੰਜਾਬ 143419 | ਵਪਾਰਕ ਜਾਇਦਾਦ ਦੇ ਈਐਮ ਦਾ ਉਹ ਸਾਰਾ ਟੁਕੜਾ ਅਤੇ ਪਾਰਸਲ ਜਿਸਦੀ ਮਾਪ 2178 ਵਰਗ ਗਜ਼ (3 ਕਨਾਲ 12 ਮਰਲੇ) ਹੈ, ਖਸਰਾ ਨੰਬਰ 82//5, 82//4/2 ਘੱਟੋ-ਘੱਟ ਹਦਬਸਤ ਨੰਬਰ 95, ਰਕਬਾ ਪਿੰਡ ਅਲਗੋਂ ਕੋਠੀ (ਅਲਗੋਂ-2) ਤਹਿਸੀਲ ਭਿੱਖੀਵਿੰਡ (ਪੁਰਾਣੀ ਤਹਿਸੀਲ ਪੱਟੀ) ਅਤੇ ਜ਼ਿਲ੍ਹਾ ਤਰਨਤਾਰਨ 143419, ਸ਼੍ਰੀ ਬਲਰਾਜ ਸਿੰਘ ਪੁੱਤਰ ਸ਼੍ਰੀ ਸੁਖਵਿੰਦਰ ਸਿੰਘ ਦੇ ਨਾਮ 'ਤੇ ਹੈ। ਹੱਦਬੰਦੀ ਹੇਠ ਦਿੱਤੀ ਗਈ ਹੈ: ਪੂਰਬ: ਸ਼੍ਰੀਮਤੀ ਦਲਜੀਤ ਕੌਰ ਦੀ ਖੇਤੀਬਾੜੀ ਜ਼ਮੀਨ, ਪੱਛਮ: ਪਹੁੰਚ ਸੜਕ, ਉੱਤਰ: ਸ਼੍ਰੀ ਸੁਖਰਾਜ ਸਿੰਘ ਦੀ ਜ਼ਮੀਨ, ਦੱਖਣ: ਸ਼੍ਰੀ ਰੇਸ਼ਮ ਸਿੰਘ ਦੀ ਜ਼ਮੀਨ। **ਕਬਜ਼ੇ ਦੀ ਕਿਸਮ: ਸੰਕੇਤਕ** | Rs. 1,66,87,669.74/- (ਰੁ. ਇਕ ਕਰੋੜ ਛਿਆਹਠ ਲੱਖ ਸਤਾਸੀ ਹਜ਼ਾਰ ਛੇ ਸੌ ਉਣੱਤਰ ਅਤੇ ਚੁਹੱਤਰ ਪੈਸੇ ਕੇਵਲ) ਮੰਗ ਸੂਚਨਾ ਮਿਤੀ 25.09.2023 ਦੇ ਅਨੁਸਾਰ ਜਮ੍ਹਾਂ ਵਿਆਜ ਦੀ ਲਾਗੂ ਦਰ, ਹੁਣ ਤੱਕ ਲਾਗਤਾਂ ਅਤੇ ਫੀਸਾਂ ਸਮੇਤ ਅਗਲੇਰਾ ਵਿਆਜ। | Rs. 84,00,000/-<br>Rs. 8,40,000/-<br>Rs. 84,000/- |

**ਨਿਯਮ ਅਤੇ ਸ਼ਰਤਾਂ :- ਵਿਕਰੀ ਸਰਫਾਇਸੀ ਐਕਟ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਵਿਚ ਪ੍ਰਸਤਾਵਿਤ ਨਿਯਮ ਅਤੇ ਸ਼ਰਤਾਂ ਅਤੇ ਨਿਮਨਲਿਖਤ ਹੋਰ ਸ਼ਰਤਾਂ ਨਾਲ ਸੰਬੰਧਤ ਹੋਵੇਗੀ** : 1. ਉਕਤ ਦਰਸਾਈ ਸੂਚੀ ਵਿਚ ਦਰਸਾਈਆਂ ਸੁਰੱਖਿਅਤ ਸੰਪਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਰਵੋਤਮ ਜਾਣਕਾਰੀ ਲਈ ਦਰਸਾਏ ਗਏ ਹਨ, ਪ੍ਰੰਤੂ ਅਧਿਕਾਰਤ ਅਧਿਕਾਰੀ ਇਸ ਐਲਾਨਨਾਮੇ ਵਿਚ ਕਿਸੇ ਵੀ ਤਰੁੱਟੀ, ਗਲਤ ਬਿਆਨੀ ਜਾਂ ਕਟੌਤੀ ਲਈ ਜੁਆਬਦੇਹ ਨਹੀਂ ਹੋਵੇਗਾ। 2. ਵਿਕਰੀ ਵੈਬਸਾਈਟ **https://baanknet.com** 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ 15.07.2025 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 05.00 ਵਜੇ ਤੱਕ ਨਿਮਨ ਹਸਤਾਖਰੀ ਵੱਲੋਂ ਕੀਤੀ ਜਾਵੇਗੀ। ਉਕਤ ਦਰਸਾਈਆਂ ਸੰਪਤੀਆਂ ਸੰਬੰਧੀ ਕਿਸੇ ਵੀ ਜਾਣਕਾਰੀ ਦੇ ਲਈ, ਕਿਰਪਾ ਕਰਕੇ ਸੰਬੰਧਤ ਮੈਨੇਜਰ ਨੂੰ ਸੰਪਰਕ ਕਰੋ। 3. ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ **https://www.unionbankofindia.co.in/auction-property/view-auction-property.aspx** ਅਤੇ **www.unionbankofindia.co.in** ਦਾ ਹਵਾਲਾ ਲਓ। 4. ਪੰਜੀਕਰਨ ਅਤੇ ਲਾਗਇਨ ਅਤੇ ਬੋਲੀ ਨਿਯਮਾਂ ਦੇ ਲਈ **"Buyer Guide for Login and Registration"** ਵਿਚ **https://baanknet.com** ਦੇਖੋ। 5. ਬੈਂਕ, ਸੁਰੱਖਿਅਤ ਕਰਜ਼ਦਾਤਾ ਕੋਲ ਬਿਨਾਂ ਕੋਈ ਵੀ ਕਾਰਨ ਦੱਸੇ ਸਭ ਤੋਂ ਉੱਚੀ ਬੋਲੀ ਨੂੰ ਪ੍ਰਵਾਨ ਜਾਂ ਰੱਦ ਕਰਨ ਜਾਂ ਵਿਕਰੀ ਨੂੰ ਬਰਖਾਸਤ ਕਰਨ ਦਾ ਹੱਕ ਰਾਖਵਾਂ ਹੈ।

ਇਸ ਨੂੰ ਉਕਤ ਦਰਸਾਈ ਮਿਤੀ ਨੂੰ ਈ-ਨਿਲਾਮੀ ਵਿਕਰੀ ਨੂੰ ਰੋਕਣ ਸੰਬੰਧੀ ਉਕਤ ਦਰਸਾਏ ਕਰਜ਼ੇ ਦੇ ਕਰਜ਼ਦਾਰ/ਾਂ/ਜ਼ਾਮਨ/ਾਂ ਅਤੇ ਗਿਰਵੀਕਾਰ/ਾਂ ਦੇ ਲਈ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6), ਨਿਯਮ 9 (1) ਦੇ ਅਧੀਨ 15 ਰੋਜ਼ਾ ਸੂਚਨਾ ਵਜੋਂ ਵੀ ਮੰਨਿਆ ਜਾਵੇ।

ਮਿਤੀ : 28.06.2025, ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ, ਯੂਨੀਅਨ ਬੈਂਕ ਆਫ ਇੰਡੀਆ



ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ



# ਗਰਮੀਆਂ 'ਚ ਸਰੀਰ ਨੂੰ ਅੰਦਰੋਂ ਠੰਢਾ ਰੱਖਣਗੀਆਂ ਖਾਦ ਪਦਾਰਥ (ਵਸਤਾਂ)

ਇਸ ਸਾਲ ਅਪ੍ਰੈਲ ਦੇ ਸ਼ੁਰੂ ਵਿੱਚ ਹੀ ਗਰਮੀ ਨੇ ਆਪਣਾ ਭਿਆਨਕ ਰੂਪ ਦਿਖਾਉਣਾ ਸ਼ੁਰੂ ਕਰ ਦਿੱਤਾ ਸੀ। ਹੀਟ ਸਟ੍ਰੋਕ ਕਾਰਨ ਸਰੀਰ ਵਿੱਚ ਪਾਣੀ ਦੀ ਕਮੀ ਹੋ ਜਾਂਦੀ ਹੈ। ਹੀਟਸਟ੍ਰੋਕ ਦਾ ਖ਼ਤਰਾ ਵੱਧ ਜਾਂਦਾ ਹੈ। ਇਸ ਤੋਂ ਇਲਾਵਾ ਉਲਟੀਆਂ, ਚੱਕਰ ਆਉਣੇ, ਬੁਖਾਰ,



ਸਿਰ ਦਰਦ ਅਤੇ ਹੋਰ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ। ਜੇਕਰ ਇਨ੍ਹਾਂ ਗੱਲਾਂ ਦਾ ਧਿਆਨ ਨਾ ਰੱਖਿਆ ਜਾਵੇ ਤਾਂ ਇਹ ਘਾਤਕ ਸਾਬਤ ਹੋ ਸਕਦਾ ਹੈ, ਇਸੇ ਲਈ ਬਹੁਤ ਜ਼ਿਆਦਾ ਗਰਮੀ ਵਿੱਚ ਸਿਹਤ ਦਾ ਖਾਸ ਧਿਆਨ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ। ਗਰਮੀ ਦੀ ਲਹਿਰ ਤੋਂ ਆਪਣੇ ਆਪ ਨੂੰ ਬਚਾਉਣ ਲਈ, ਇਹ ਜ਼ਰੂਰੀ ਹੈ ਕਿ ਤੁਸੀਂ ਆਪਣੀ ਖੁਰਾਕ ਵੱਲ ਧਿਆਨ ਦਿਓ।ਗਰਮੀਆਂ ਵਿੱਚ ਮਿਲਣ ਵਾਲੇ ਤਰਬੂਜ਼ ਅਤੇ ਖਰਬੂਜਾ ਅਜਿਹੇ ਫਲ ਹਨ ਜਿਨ੍ਹਾਂ ਵਿੱਚ 90% ਤੱਕ ਪਾਣੀ ਹੁੰਦਾ ਹੈ। ਇਸਨੂੰ ਖਾਣ ਨਾਲ ਸਰੀਰ ਨੂੰ ਠੰਢਕ ਮਿਲਦੀ ਹੈ।

**ਪਾਣੀ ਸਭ ਤੋਂ ਮਹੱਤਵਪੂਰਨ ;** ਗਰਮੀਆਂ ਵਿੱਚ ਸਭ ਤੋਂ ਜ਼ਰੂਰੀ ਗੱਲ ਹੈ ਆਪਣੇ ਆਪ ਨੂੰ ਹਾਈਡਰੇਟ ਰੱਖਣਾ। ਸਰੀਰ ਵਿੱਚ ਪਾਣੀ ਦੀ ਕਮੀ ਤੋਂ ਬਚਣ ਲਈ, ਦਿਨ ਭਰ ਵਿੱਚ ਚਾਰ ਤੋਂ ਪੰਜ ਲੀਟਰ ਪਾਣੀ ਪੀਓ। ਦਰਅਸਲ, ਗਰਮੀਆਂ ਵਿੱਚ ਸਾਨੂੰ ਜ਼ਿਆਦਾ ਪਸੀਨਾ ਆਉਂਦਾ ਹੈ, ਜਿਸ ਕਾਰਨ ਸਰੀਰ ਵਿੱਚੋਂ ਪਾਣੀ ਦੀ ਮਾਤਰਾ ਜਲਦੀ ਬਾਹਰ ਨਿਕਲ ਜਾਂਦੀ ਹੈ। ਇਸ ਲਈ ਪਾਣੀ ਪੀਣਾ ਬਹੁਤ ਜ਼ਰੂਰੀ ਹੈ।

**ਪੁਦੀਨੇ ਤੇ ਤੁਲਸੀ ਦੇ ਪੱਤੇ ;** ਪੁਦੀਨਾ ਸਰੀਰ ਨੂੰ ਠੰਢਕ ਪ੍ਰਦਾਨ ਕਰਦਾ ਹੈ। ਪੁਦੀਨੇ ਦੀ ਚਟਨੀ ਜਾਂ ਪੁਦੀਨੇ ਦਾ ਪਾਣੀ ਗਰਮੀਆਂ ਵਿੱਚ ਰਾਹਤ ਪ੍ਰਦਾਨ ਕਰਦਾ ਹੈ। ਇਸ ਦੇ ਨਾਲ ਹੀ, ਤੁਲਸੀ ਦੇ ਪੱਤੇ ਸਰੀਰ ਨੂੰ ਠੰਢਾ ਰੱਖਦੇ ਹਨ ਅਤੇ ਰੋਗ ਪ੍ਰਤੀਰੋਧਕ ਸ਼ਕਤੀ ਵਧਾਉਂਦੇ ਹਨ। ਤੁਸੀਂ ਇਨ੍ਹਾਂ ਨੂੰ ਸਿੱਧਾ ਚਬਾ ਕੇ ਵੀ ਖਾ ਸਕਦੇ ਹੋ। **ਨਾਰੀਅਲ ਪਾਣੀ ;** ਨਾਰੀਅਲ ਪਾਣੀ ਵਿੱਚ ਕੁਦਰਤੀ ਇਲੈਕਟ੍ਰੋਲਾਈਟਸ ਵਰਗੇ ਗੁਣ ਹੁੰਦੇ ਹਨ। ਸਰੀਰ ਨੂੰ ਠੰਢਾ ਰੱਖਣ ਦੇ ਨਾਲ-ਨਾਲ, ਇਹ ਊਰਜਾ ਪ੍ਰਦਾਨ ਕਰਨ ਵਿੱਚ ਵੀ ਪ੍ਰਭਾਵਸ਼ਾਲੀ ਹਨ। ਨਾਰੀਅਲ ਪਾਣੀ ਆਪਣੇ ਆਪ ਨੂੰ ਗਰਮੀ ਦੇ ਸਟ੍ਰੋਕ ਤੋਂ ਬਚਾਉਣ ਦਾ ਇੱਕ ਵਧੀਆ ਤਰੀਕਾ ਹੈ।

**ਖੀਰਾ ਅਤੇ ਤਰ ;** ਖੀਰਾ ਅਤੇ ਤਰ ਦੋਵੇਂ ਪਾਣੀ ਨਾਲ ਭਰਪੂਰ ਹੁੰਦੇ ਹਨ। ਇਹ ਸਰੀਰ ਨੂੰ ਠੰਢਕ ਪ੍ਰਦਾਨ ਕਰਦੇ ਹਨ। ਇਹ ਆਸਾਨੀ ਨਾਲ ਪਚ ਜਾਂਦੇ ਹਨ। ਇਸ ਤੋਂ ਇਲਾਵਾ ਇਸਨੂੰ ਚਮੜੀ ਲਈ ਵੀ ਫਾਇਦੇਮੰਦ ਮੰਨਿਆ ਜਾਂਦਾ ਹੈ। ਤੁਸੀਂ ਇਨ੍ਹਾਂ ਨੂੰ ਸਲਾਦ ਵਿੱਚ ਖਾ ਸਕਦੇ ਹੋ।

**ਦਹੀਂ ਤੇ ਲੱਸੀ ;** ਦਹੀਂ ਅਤੇ ਲੱਸੀ ਦੋਵੇਂ ਹੀ ਸਿਹਤ ਲਈ ਬਹੁਤ ਫਾਇਦੇਮੰਦ ਮੰਨੇ ਜਾਂਦੇ ਹਨ। ਜਿੱਥੇ ਦਹੀਂ ਪੇਟ ਨੂੰ ਠੰਢਾ ਰੱਖਣ ਵਿੱਚ ਮਦਦਗਾਰ ਹੁੰਦਾ ਹੈ, ਉੱਥੇ ਹੀ ਲੱਸੀ ਸਰੀਰ ਦੇ ਤਾਪਮਾਨ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦੀ ਹੈ। ਤੁਸੀਂ ਦਹੀਂ ਰਾਇਤਾ ਬਣਾ ਕੇ ਖਾ ਸਕਦੇ ਹੋ। ਲੱਸੀ ਵੀ ਇੱਕ ਵਧੀਆ ਆਪਸ਼ਨ ਹੈ। ਇਹ ਦੋਵੇਂ ਪਾਚਨ ਕਿਰਿਆ ਨੂੰ ਸੁਧਾਰਨ ਵਿੱਚ ਪ੍ਰਭਾਵਸ਼ਾਲੀ ਮੰਨੇ ਜਾਂਦੇ ਹਨ।

# ਅਮਰੀਕਾ ਨਾਲ ਜੰਗਬੰਦੀ ਗੱਲਬਾਤ 'ਚ ਖਮਨੇਈ ਨੂੰ ਰੱਖਿਆ ਗਿਆ ਪਾਸੇ



ਤਹਿਰਾਨ, 27 ਜੂਨ (ਚ.ਨ.ਸ.): ਇਜ਼ਰਾਈਲ ਨਾਲ ਜੰਗ ਖ਼ਤਮ ਕਰਨ ਅਤੇ ਅਮਰੀਕਾ ਨਾਲ ਜੰਗਬੰਦੀ ਗੱਲਬਾਤ ਵਿੱਚ ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਮੇਨੀ ਨੂੰ ਪੂਰੀ ਤਰ੍ਹਾਂ ਪਾਸੇ ਕਰ ਦਿੱਤੇ ਜਾਣ ਦੀ ਰਿਪੋਰਟ ਹੈ।

ਈਰਾਨ ਇੰਟਰਨੈਸ਼ਨਲ ਅਨੁਸਾਰ ਪੂਰੀ ਫੈਸਲਾ ਲੈਣ ਦੀ ਪ੍ਰਕਿਰਿਆ ਈਰਾਨ ਦੀ ਸੁਪਰੀਮ ਨੈਸ਼ਨਲ ਸਿਕਿਓਰਿਟੀ ਕੌਂਸਲ ਅਤੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਦੇ ਹੱਥਾਂ ਵਿੱਚ ਸੀ ਜਿਨ੍ਹਾਂ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਜੰਗਬੰਦੀ ਪ੍ਰਸਤਾਵ ਦਾ ਤੁਰੰਤ ਜਵਾਬ ਦਿੱਤਾ। ਖਮੇਨੀ ਨਾਲ ਸੰਪਰਕਾਂ ਤੇ ਵਿਚਾਰ ਕੀਤਾ ਗਿਆ ਸੀ ਪਰ ਅਜਿਹਾ ਕੋਈ ਮੌਕਾ ਨਹੀਂ ਆਇਆ ਅਤੇ ਖਮੇਨੀ ਨੂੰ ਇਜ਼ਰਾਈਲ ਅਤੇ ਅਮਰੀਕਾ ਨਾਲ ਈਰਾਨ ਦੀ ਜੰਗਬੰਦੀ ਗੱਲਬਾਤ ਬਾਰੇ ਹਨੇਰੇ ਵਿੱਚ ਰੱਖਿਆ ਗਿਆ ਕਿਉਂਕਿ ਸੁਪਰੀਮ ਨੈਸ਼ਨਲ ਕੌਂਸਲ ਜਲਦੀ ਤੋਂ ਜਲਦੀ ਜੰਗਬੰਦੀ ਤੇ ਗੱਲਬਾਤ ਕਰਨ ਦੀ ਇੱਛਾ ਰੱਖਦੀ ਸੀ।

ਸੁਰੱਖਿਆ ਚਿੰਤਾਵਾਂ, ਖਾਸ ਕਰਕੇ ਉਨ੍ਹਾਂ ਦੇ ਸਥਾਨ ਤੇ ਹਮਲੇ ਦੇ ਡਰ ਕਾਰਨ ਹਾਲ ਹੀ ਦੇ ਦਿਨਾਂ ਵਿੱਚ ਖਮੇਨੀ ਦੀਆਂ ਸੰਚਾਰ ਸਹੂਲਤਾਂ ਨੂੰ ਵੀ ਕਾਫ਼ੀ ਹੱਦ ਤੱਕ ਸੀਮਤ ਕਰ ਦਿੱਤਾ ਗਿਆ ਹੈ। ਅਜਿਹੀਆਂ ਰਿਪੋਰਟਾਂ ਹਨ ਕਿ ਈਰਾਨੀ ਸੁਪਰੀਮ ਲੀਡਰ ਆਪਣੇ ਨਜ਼ਦੀਕੀ ਪਰਿਵਾਰਕ ਮੈਂਬਰਾਂ ਨਾਲ ਤਹਿਰਾਨ ਦੇ ਉੱਤਰ-ਪੂਰਬ ਵਿੱਚ ਲਵੀਜ਼ਾਨ ਵਿੱਚ ਕਿਤੇ ਗੁਪਤ ਬੰਕਰ ਵਿੱਚ ਲੁਕਿਆ ਹੋਇਆ ਹੈ।

# ਕੈਨੇਡਾ ਨੇ ਵਰਕ ਪਰਮਿਟ ਸਬੰਧੀ ਬਦਲੇ ਨਿਯਮ, ਭਾਰਤੀਆਂ ਨੂੰ ਹੋਵੇਗਾ ਫ਼ਾਇਦਾ

ਟੋਰਾਂਟੋ, 27 ਜੂਨ (ਚ.ਨ.ਸ.): ਕੈਨੇਡਾ ਸਰਕਾਰ ਨੇ ਵਰਕ ਪਰਮਿਟ ਸਬੰਧੀ ਨਿਯਮਾਂ ਵਿਚ ਬਦਲਾਅ ਕੀਤਾ ਹੈ। ਤਾਜ਼ਾ ਜਾਣਕਾਰੀ ਮੁਤਾਬਕ ਕੈਨੇਡਾ ਨੇ ਉਨ੍ਹਾਂ ਵਿਦਿਅਕ ਪ੍ਰੋਗਰਾਮਾਂ ਦੀ ਸੂਚੀ ਨੂੰ ਸੋਧਿਆ ਹੈ ਜੋ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਲਈ ਯੋਗ ਬਣਾਉਂਦੀ ਹੈ। 25 ਜੂਨ ਤੋਂ ਲਾਗੂ ਹੋਣ ਵਾਲੀਆਂ ਇਹ ਤਬਦੀਲੀਆਂ ਸਿੱਖਿਆ ਨੂੰ ਕਿਰਤ ਬਾਜ਼ਾਰ ਦੀਆਂ ਜ਼ਰੂਰਤਾਂ ਨਾਲ ਜੋੜਨ ਲਈ ਵਿਆਪਕ ਸੁਧਾਰਾਂ ਦਾ ਹਿੱਸਾ ਹਨ। ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਕੈਨੇਡਾ ਦੁਆਰਾ 25 ਜੂਨ ਨੂੰ ਜਾਰੀ ਕੀਤੀ ਗਈ ਨਵੀਂ ਸੂਚੀ ਵਿਚ PGWP ਯੋਗਤਾ ਸੂਚੀ ਵਿੱਚ ਅਧਿਐਨ ਦੇ 119 ਖੇਤਰਾਂ ਨੂੰ ਜੋੜਿਆ ਗਿਆ ਹੈ ਅਤੇ 178 ਮੌਜੂਦਾ ਖੇਤਰਾਂ ਨੂੰ ਹਟਾ ਦਿੱਤਾ ਗਿਆ ਹੈ। ਹੁਣ 920 ਪ੍ਰੋਗਰਾਮ ਹਨ ਜੋ PGWP ਲਈ ਯੋਗ ਹਨ। ਇਹ ਬਦਲਾਅ ਗੈਰ-ਡਿਗਰੀ ਪ੍ਰੋਗਰਾਮਾਂ ਵਿੱਚ ਦਾਖਲ ਹੋਏ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਪ੍ਰਭਾਵਤ ਕਰਦੇ ਹਨ ਜੋ 1 ਨਵੰਬਰ 2024 ਨੂੰ ਜਾਂ ਇਸ ਤੋਂ ਬਾਅਦ ਅਧਿਐਨ ਪਰਮਿਟ ਲਈ ਅਰਜ਼ੀ ਦਿੰਦੇ ਹਨ। 25 ਜੂਨ, 2025 ਤੋਂ ਪਹਿਲਾਂ ਅਰਜ਼ੀ ਦੇਣ ਵਾਲੇ ਵਿਦਿਆਰਥੀ ਪ੍ਰਭਾਵਿਤ ਨਹੀਂ ਹੋਣਗੇ ਅਤੇ ਉਨ੍ਹਾਂ ਦੀ ਅਰਜ਼ੀ ਦੇ ਸਮੇਂ ਮੌਜੂਦ ਨਿਯਮਾਂ ਦੇ ਤਹਿਤ ਯੋਗ ਰਹਿਣਗੇ। IRCC ਨੇ ਸਾਰੇ ਟ੍ਰਾਂਸਪੋਰਟ-ਸਬੰਧਤ ਪ੍ਰੋਗਰਾਮਾਂ ਨੂੰ ਹਟਾ ਦਿੱਤਾ ਹੈ ਅਤੇ ਖੇਤੀਬਾੜੀ ਅਤੇ ਖੇਤੀਬਾੜੀ-ਭੋਜਨ ਦੇ ਅਧੀਨ ਸਿਰਫ ਇੱਕ ਪ੍ਰੋਗਰਾਮ ਨੂੰ ਬਰਕਰਾਰ ਰੱਖਿਆ ਹੈ। ਇਸਦੇ ਉਲਟ ਨਵੇਂ ਸ਼ਾਮਲ ਕੀਤੇ ਗਏ ਪ੍ਰੋਗਰਾਮਾਂ ਵਿੱਚ ਸਿਹਤ ਸੰਭਾਲ, ਸਿੱਖਿਆ ਅਤੇ ਹੁਨਰਮੰਦ ਵਪਾਰਾਂ ਵਿੱਚ ਮੰਗ ਵਾਲੇ ਕਿੱਤਿਆਂ ਨਾਲ ਜੁੜੇ ਖੇਤਰ ਸ਼ਾਮਲ ਹਨ। ਨਵੇਂ ਯੋਗ ਪ੍ਰੋਗਰਾਮਾਂ ਵਿੱਚ ਵੈਟਰਨਰੀ ਮੈਡੀਸਨ, ਦੰਦਾਂ ਦਾ ਇਲਾਜ, ਕੈਬਨਿਟਮੇਕਿੰਗ, ਅਤੇ ਨਿਰਮਾਣ ਪ੍ਰੋਜੈਕਟ ਪ੍ਰਬੰਧਨ ਸ਼ਾਮਲ ਹਨ। ਜੀਵ ਵਿਗਿਆਨ ਅਧਿਆਪਕ ਸਿੱਖਿਆ ਅਤੇ ਫ੍ਰੈਂਚ ਭਾਸ਼ਾ ਅਧਿਆਪਕ ਸਿੱਖਿਆ ਵਰਗੇ ਸਿੱਖਿਆ ਪ੍ਰੋਗਰਾਮਾਂ ਨੂੰ ਵੀ ਪਹਿਲੀ ਵਾਰ ਸ਼ਾਮਲ ਕੀਤਾ ਗਿਆ ਹੈ। STEM ਸ਼੍ਰੇਣੀ ਵਿੱਚ ਆਰਕੀਟੈਕਚਰ ਅਤੇ ਲੈਂਡਸਕੇਪ ਡਿਜ਼ਾਈਨ ਦੇ ਪ੍ਰੋਗਰਾਮ ਸ਼ਾਮਲ ਕੀਤੇ ਗਏ ਸਨ, ਜਦੋਂ ਕਿ ਵਾਤਾਵਰਣ ਅਧਿਐਨ ਅਤੇ ਸਮੁੰਦਰੀ



ਸਰੋਤ ਪ੍ਰਬੰਧਨ ਵਰਗੇ ਕੋਰਸਾਂ ਨੂੰ ਹਟਾ ਦਿੱਤਾ ਗਿਆ। ਸੂਰਜੀ ਊਰਜਾ ਅਤੇ ਡ੍ਰਾਈਵਾਲ ਇੰਸਟਾਲੇਸ਼ਨ ਵਰਗੇ ਵਪਾਰਾਂ ਨੇ ਯੋਗਤਾ ਗੁਆ ਦਿੱਤੀ। IRCC ਦਾ ਹਵਾਲਾ ਦਿੰਦੇ ਹੋਏ ਅਪਡੇਟ ਵਿੱਚ ਕਿਹਾ ਗਿਆ ਹੈ ਕਿ ਗੈਰ ਲੋੜੀਂਦੇ ਪ੍ਰੋਗਰਾਮਾਂ ਨੂੰ ਹਟਾ ਦਿੱਤਾ ਗਿਆ ਹੈ। ਸਾਰੇ PGWP ਬਿਨੈਕਾਰਾਂ ਨੂੰ ਅਜੇ ਵੀ ਭਾਸ਼ਾ ਮੁਹਾਰਤ ਦੇ ਮਾਪਦੰਡ ਪੂਰੇ ਕਰਨੇ ਪੈਣਗੇ। ਗੈਰ-ਯੂਨੀਵਰਸਿਟੀ ਗ੍ਰੈਜੂਏਟਾਂ ਨੂੰ CLB/NCLC ਪੱਧਰ 5 ਪ੍ਰਾਪਤ ਕਰਨਾ ਚਾਹੀਦਾ ਹੈ, ਜਦੋਂ ਕਿ ਯੂਨੀਵਰਸਿਟੀ ਗ੍ਰੈਜੂਏਟਾਂ ਨੂੰ ਪੱਧਰ 7 ਪੂਰਾ ਕਰਨਾ ਚਾਹੀਦਾ ਹੈ। ਫਲਾਈਟ ਸਕੂਲਾਂ ਦੇ ਗ੍ਰੈਜੂਏਟ ਫੀਲਡ-ਵਿਸ਼ੇਸ਼ ਯੋਗਤਾ ਤੋਂ ਛੋਟ ਰੱਖਦੇ ਹਨ।

# ਪਾਕਿਸਤਾਨ 'ਚ ਵਧੇ ਪੋਲੀਓ ਮਾਮਲੇ, ਗਿਣਤੀ 10 ਤੋਂ ਪਾਰ

ਪੇਸ਼ਾਵਰ, 27 ਜੂਨ (ਚ.ਨ.ਸ)- ਖੈਬਰ ਪਖਤੂਨਖਵਾ ਸੂਬੇ ਵਿੱਚ ਪੋਲੀਓ ਦਾ ਇੱਕ ਨਵਾਂ ਮਾਮਲਾ ਸਾਹਮਣੇ ਆਇਆ ਹੈ, ਜਿਸ ਨਾਲ ਇਸ ਸਾਲ ਪਾਕਿਸਤਾਨ ਵਿੱਚ ਪੋਲੀਓ ਦੇ ਕੁੱਲ ਮਾਮਲਿਆਂ ਦੀ ਗਿਣਤੀ 13 ਹੋ ਗਈ ਹੈ। ਇਹ ਜਾਣਕਾਰੀ ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਦਿੱਤੀ। ਨੈਸ਼ਨਲ ਇੰਸਟੀਚਿਊਟ ਆਫ਼ ਹੈਲਥ (ਐਨ.ਆਈ.ਐਚ) ਦੀ ਪੋਲੀਓ ਖਾਤਮੇ ਖੇਤਰੀ ਹਵਾਲਾ ਪ੍ਰਯੋਗਸ਼ਾਲਾ ਵੱਲੋਂ ਜਾਰੀ ਇੱਕ ਰਿਲੀਜ਼ ਵਿੱਚ ਕਿਹਾ ਗਿਆ ਹੈ ਕਿ ਟੈਂਕ ਜ਼ਿਲ੍ਹੇ ਵਿੱਚ ਯੂਨੀਅਨ ਕੌਂਸਲ ਅਮਾਖੇਲ ਦੇ ਇੱਕ 18 ਮਹੀਨੇ ਦੇ ਬੱਚੇ ਵਿੱਚ ਨਵਾਂ ਕੇਸ ਪਾਇਆ ਗਿਆ ਹੈ। ਰਿਲੀਜ਼ ਵਿੱਚ ਕਿਹਾ ਗਿਆ ਹੈ, ਇਸ ਤਾਜ਼ਾ ਕੇਸ ਨਾਲ 2025 ਵਿੱਚ ਪਾਕਿਸਤਾਨ ਵਿੱਚ ਹੁਣ ਤੱਕ ਪੋਲੀਓ ਦੇ ਕੁੱਲ 13 ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚੋਂ ਸੱਤ ਖੈਬਰ ਪਖਤੂਨਖਵਾ ਤੋਂ, ਚਾਰ ਸਿੰਧ ਤੋਂ ਅਤੇ ਇੱਕ-ਇੱਕ ਪੰਜਾਬ ਅਤੇ ਗਿਲਗਿਤ-ਬਾਲਟਿਸਤਾਨ ਤੋਂ ਹਨ।



ਪਾਕਿਸਤਾਨ ਅਤੇ ਅਫਗਾਨਿਸਤਾਨ ਦੁਨੀਆ ਦੇ ਦੋ ਆਖਰੀ ਦੇਸ਼ ਹਨ ਜਿੱਥੇ ਪੋਲੀਓ ਅਜੇ ਵੀ ਮੌਜੂਦ ਹੈ। ਵਿਸ਼ਵਵਿਆਪੀ ਖਾਤਮੇ ਦੇ ਯਤਨਾਂ ਦੇ ਬਾਵਜੂਦ ਸੁਰੱਖਿਆ ਚੁਣੌਤੀਆਂ, ਟੀਕੇ ਦੀ ਝਿਜਕ ਅਤੇ ਗਲਤ ਜਾਣਕਾਰੀ ਮੁਹਿੰਮ ਵਿੱਚ ਰੁਕਾਵਟ ਪਾ ਰਹੀ ਹੈ। ਪਾਕਿਸਤਾਨ ਨੇ ਇਸ ਸਾਲ ਹੁਣ ਤੱਕ ਫਰਵਰੀ, ਅਪ੍ਰੈਲ ਅਤੇ ਮਈ ਵਿੱਚ ਤਿੰਨ ਰਾਸ਼ਟਰੀ ਪੋਲੀਓ ਟੀਕਾਕਰਨ ਮੁਹਿੰਮਾਂ ਚਲਾਈਆਂ ਹਨ। ਇਨ੍ਹਾਂ ਮੁਹਿੰਮਾਂ ਦੌਰਾਨ ਸੁਰੱਖਿਆ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ। ਇਹ ਨਵਾਂ ਮਾਮਲਾ ਉਸ ਸਮੇਂ ਆਇਆ ਹੈ ਜਦੋਂ ਪਿਛਲੇ ਹਫ਼ਤੇ ਖੈਬਰ ਪਖਤੂਨਖਵਾ ਨੇ ਬੰਨੂ ਜ਼ਿਲ੍ਹੇ ਵਿੱਚ ਇੱਕ 33 ਮਹੀਨੇ ਦੇ ਬੱਚੇ ਵਿੱਚ ਸਾਲ ਦਾ ਆਪਣਾ ਛੇਵਾਂ ਕੇਸ ਦਰਜ ਕੀਤਾ ਸੀ। ਮਈ ਦੇ ਸ਼ੁਰੂ ਵਿੱਚ ਸੂਬੇ ਵਿੱਚ ਦੋ ਹੋਰ ਮਾਮਲੇ ਪਾਏ ਗਏ ਸਨ। ਪਾਕਿਸਤਾਨ ਨੇ ਮਈ ਵਿੱਚ ਸਾਲ ਦੀ ਆਪਣੀ ਤੀਜੀ ਪੋਲੀਓ ਵਿਰੋਧੀ ਮੁਹਿੰਮ ਸ਼ੁਰੂ ਕੀਤੀ ਸੀ, ਜਿਸਦਾ ਉਦੇਸ਼ ਪੰਜ ਸਾਲ ਤੋਂ ਘੱਟ ਉਮਰ ਦੇ 45 ਮਿਲੀਅਨ ਬੱਚਿਆਂ ਨੂੰ ਟੀਕਾਕਰਨ ਕਰਨਾ ਸੀ। ਸਰਕਾਰ ਨੇ ਇਸ ਸਾਲ ਦੇ ਅੰਤ ਤੱਕ ਪੋਲੀਓ ਨੂੰ ਖਤਮ ਕਰਨ ਦਾ ਵਾਅਦਾ ਕੀਤਾ ਹੈ। ਰਿਲੀਜ਼ ਮੁਤਾਬਕ,ਪੋਲੀਓ ਇੱਕ ਬਹੁਤ ਹੀ ਛੂਤ ਵਾਲੀ ਅਤੇ ਲਾਇਲਾਜ ਬਿਮਾਰੀ ਹੈ ਜੋ ਜੀਵਨ ਭਰ ਅਧਰੰਗ ਦਾ ਕਾਰਨ ਬਣ ਸਕਦੀ ਹੈ। ਇਸਨੂੰ ਰੋਕਣ ਦਾ ਇੱਕੋ ਇੱਕ ਪ੍ਰਭਾਵਸ਼ਾਲੀ ਤਰੀਕਾ ਹੈ ਹਰ ਮੁਹਿੰਮ ਵਿੱਚ ਪੰਜ ਸਾਲ ਤੋਂ ਘੱਟ ਉਮਰ ਦੇ ਹਰ ਬੱਚੇ ਨੂੰ ਮੂੰਹ ਰਾਹੀਂ ਪੋਲੀਓ ਟੀਕੇ ਦੀ ਖੁਰਾਕ ਦੇਣਾ ਅਤੇ ਸਮੇਂ ਸਿਰ ਸਾਰੇ ਜ਼ਰੂਰੀ ਟੀਕਾਕਰਨ ਪੂਰੇ ਕਰਨਾ।

# 20 ਸਾਲ ਬਾਅਦ ਭਾਰਤ 'ਚ ਵਾਪਸੀ ! ਸੀ. ਡਬਲਿਊ.ਜੀ. 2030 ਦੀ ਰੇਸ 'ਚ ਸਭ ਤੋਂ ਅੱਗੇ ਇਹ ਸ਼ਹਿਰ

ਨਵੀਂ ਦਿੱਲੀ , 27 ਜੂਨ (ਚ.ਨ.ਸ.): ਭਾਰਤ ਵਿੱਚ ਪਹਿਲੀ ਵਾਰ ਓਲੰਪਿਕ ਖੇਡਾਂ ਦੇ ਆਯੋਜਨ ਦੀ ਕੇਂਦਰ ਸਰਕਾਰ ਦੀ ਵੱਡੀ ਯੋਜਨਾ ਵਿੱਚ ਅਜੇ ਕੁਝ ਸਮਾਂ ਲੱਗ ਸਕਦਾ ਹੈ, ਪਰ ਇਸ ਤੋਂ ਪਹਿਲਾਂ, ਦੇਸ਼ ਵਿੱਚ ਇੱਕ ਹੋਰ ਵੱਡਾ ਖੇਡ ਸਮਾਗਮ ਹੋਣ ਦੀ ਸੰਭਾਵਨਾ ਹੈ। ਲਗਭਗ 20 ਸਾਲਾਂ ਬਾਅਦ, ਰਾਸ਼ਟਰਮੰਡਲ ਖੇਡਾਂ ਭਾਰਤ ਵਿੱਚ ਵਾਪਸ ਆ ਸਕਦੀਆਂ ਹਨ। ਇੰਡੀਅਨ ਐਕਸਪ੍ਰੈਸ ਦੀ ਇੱਕ ਰਿਪੋਰਟ ਦੇ ਅਨੁਸਾਰ, ਕੈਨੇਡਾ, ਜਿਸਨੂੰ 2030 ਵਿੱਚ ਹੋਣ ਵਾਲੀਆਂ ਰਾਸ਼ਟਰਮੰਡਲ ਖੇਡਾਂ ਲਈ ਭਾਰਤ ਦਾ ਮਜ਼ਬੂਤ ਦਾਅਵੇਦਾਰ ਮੰਨਿਆ ਜਾਂਦਾ ਹੈ, ਨੂੰ ਵੱਡਾ ਝਟਕਾ ਲੱਗਾ ਹੈ। ਵੱਖ-ਵੱਖ ਸ਼ਹਿਰਾਂ ਨੂੰ ਯੂਨਾਈਟਿਡ ਕੈਨੇਡਾ ਵਜੋਂ ਜੋੜ ਕੇ ਬੋਲੀ ਲਗਾਉਣ ਦੀ ਯੋਜਨਾ ਸੀ, ਪਰ ਓਨਟਾਰੀਓ ਇਸ ਤੋਂ ਪਿੱਛੇ ਹਟ ਗਿਆ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੈਨੇਡਾ ਦੇ ਚਾਰ ਸ਼ਹਿਰਾਂ ਵਿੱਚੋਂ ਇੱਕ ਓਨਟਾਰੀਓ ਨੇ ਇਹ ਫੈਸਲਾ ਸਮਾਗਮ ਦੀ ਲਾਗਤ ਅਤੇ ਇਸ ਤੋਂ ਹੋਣ ਵਾਲੇ ਲਾਭ ਅਤੇ ਨੁਕਸਾਨ ਦੀ ਗਣਨਾ ਕਰਨ ਤੋਂ ਬਾਅਦ ਲਿਆ ਹੈ। ਇਸ ਨਾਲ ਕੈਨੇਡਾ ਦਾ ਦਾਅਵਾ ਕਮਜ਼ੋਰ ਹੋ ਗਿਆ ਹੈ ਅਤੇ ਭਾਰਤ ਦੀਆਂ ਉਮੀਦਾਂ ਮਜ਼ਬੂਤ ਹੋ ਗਈਆਂ ਹਨ। ਖਾਸ ਗੱਲ ਇਹ ਹੈ ਕਿ ਰਾਸ਼ਟਰਮੰਡਲ ਖੇਡਾਂ 2030 ਵਿੱਚ 100 ਸਾਲ ਪੂਰੇ ਕਰਨਗੀਆਂ। ਇਹ ਖੇਡਾਂ ਕੈਨੇਡਾ ਵਿੱਚ ਹੀ 1930 ਵਿੱਚ ਬ੍ਰਿਟਿਸ਼ ਐਂਪਾਇਰ ਗੇਮਜ਼ ਵਜੋਂ ਸ਼ੁਰੂ ਹੋਈਆਂ ਸਨ। ਅਜਿਹੀ ਸਥਿਤੀ ਵਿੱਚ, ਇਹ 100ਵੇਂ ਸਾਲ ਦੇ ਖੇਡਾਂ ਭਾਰਤ ਵਿੱਚ ਆਯੋਜਿਤ ਕੀਤੀਆਂ ਜਾ ਸਕਦੀਆਂ ਹਨ। ਇਸ ਵਾਰ ਇਸਦੀ ਮੇਜ਼ਬਾਨੀ ਨਵੀਂ ਦਿੱਲੀ ਦੀ ਬਜਾਏ ਅਹਿਮਦਾਬਾਦ ਨੂੰ ਦਿੱਤੀ ਜਾ ਸਕਦੀ ਹੈ, ਜਿੱਥੇ 2036 ਦੀਆਂ ਓਲੰਪਿਕ ਖੇਡਾਂ ਦੇ ਆਯੋਜਨ ਲਈ ਵੀ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਹ ਪਹਿਲਾ ਮੌਕਾ ਸੀ ਜਦੋਂ ਦੇਸ਼ ਨੂੰ ਇਨ੍ਹਾਂ ਖੇਡਾਂ ਦੀ ਮੇਜ਼ਬਾਨੀ ਮਿਲੀ ਸੀ। ਹਾਲਾਂਕਿ, ਉਸ ਸਮੇਂ ਭ੍ਰਿਸ਼ਟਾਚਾਰ ਦੇ ਕਈ ਮਾਮਲੇ ਸਾਹਮਣੇ ਆਉਣ ਕਾਰਨ ਇਹ ਖੇਡਾਂ ਵਿਵਾਦਾਂ ਵਿੱਚ ਸਨ।




## ਇੱਕ ਰੋਜ਼ਾ ਬਾਲ ਸਾਹਿਤ ਉਤਸਵ 'ਨਵੀਆਂ ਕਲਮਾਂ ਨਵੀ ਉਡਾਣ' 9 ਨੂੰ

ਬਟਾਲਾ, 27 ਜੂਨ (ਚ.ਨ.ਸ.): 'ਇੱਕ ਰੋਜ਼ਾ ਬਾਲ ਸਾਹਿਤ ਉਤਸਵ' ਨਵੀਆਂ ਕਲਮਾਂ ਨਵੀ ਉਡਾਣ (ਸੁਖੀ ਬਾਠ, ਸੰਸਥਾਪਕ ਪੰਜਾਬ ਭਵਨ ਯੂਕੇ ਦੁਆਰਾ) 9 ਜੁਲਾਈ 2025 (ਬੁੱਧਵਾਰ) ਨੂੰ ਹਸਤ ਸ਼ਿਲਪ ਕਾਲਜ, ਬਟਾਲਾ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ। ਸਮਾਰੰਭ ਸਵੇਰੇ 10 ਵਜੇ ਸ਼ੁਰੂ ਹੋਵੇਗਾ। ਇਹ ਉਤਸਵ ਨਵੀਂ ਲਿਖਤੀਆਂ ਨੂੰ ਲੋਕ ਅਰਪਣ ਕਰਨ ਅਤੇ ਬਾਲ ਸਾਹਿਤ ਨੂੰ ਵਧਾਵਾ ਦੇਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਹ ਭਾਗ-45 ਦੇ ਤਹਿਤ ਕਰਵਾਇਆ ਜਾ ਰਿਹਾ ਹੈ ਅਤੇ ਅੰਮ੍ਰਿਤਸਰ ਸਾਹਿਬ-3 ਵਲੋਂ ਮੁੱਖ ਸਹਿਯੋਗ ਰੂਪ ਵਿੱਚ ਰਜਨੀ ਦੀ ਅਗਵਾਈ ਹੇਠ ਆਯੋਜਿਤ ਹੋਵੇਗਾ। ਮੁਖ ਮਹਿਮਾਨ ਵਜੋਂ ਸ. ਅਮਨਦੀਪ ਸਿੰਘ ਸ਼ੈਰੀ ਕਲਸੀ (ਐਮ.ਐਲ.ਏ. ਅਤੇ ਨਗਰ ਬਟਾਲਾ ਕਾਂਗਰਸੀ ਪ੍ਰਧਾਨ, ਪੰਜਾਬ) ਦੀ ਹਾਜ਼ਰ ਹੋਣਗੇ। ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲਿਆਂ ਵਿੱਚ: ਕਿਰਨ ਰਾਜਪਾਲ, ਲਵਪ੍ਰੀਤ ਸਿੰਘ ਗਗਨ, ਗੁਰਦੀਪ ਸਿੰਘ ਢਿੱਲੋਂ, ਬਲਵੀਰ ਕੌਰ ਸਚਦੇਵਾ, ਅਮਨਦੀਪ ਸਿੰਘ ਮਿਠੂ, ਰਾਜਵਿੰਦਰ ਕੌਰ, ਗੁਰਮੀਤ ਸਿੰਘ ਆਟਰੀ, ਨਵਜੀਤ ਸਿੰਘ, ਨਵਦੀਪ ਕੁਮਾਰ, ਜਸਵੀਰ ਕੌਰ, ਰਾਜਵੀਰ ਕੌਰ ਗਰੇਵਾਲ ਆਦਿ ਨਾਂਵੇਂ ਸ਼ਾਮਿਲ ਹਨ। ਇਹ ਉਤਸਵ ਬੱਚਿਆਂ, ਨਵੇਂ ਲੇਖਕਾਂ ਅਤੇ ਸਾਹਿਤਕ ਪ੍ਰੇਮੀਆਂ ਲਈ ਇੱਕ ਵਿਲੱਖਣ ਮੰਚ ਹੈ ਜੋ ਉਨ੍ਹਾਂ ਦੀ ਲਿਖਤਕਾਰੀ ਨੂੰ ਉਤਸ਼ਾਹ ਅਤੇ ਮਾਨਤਾ ਦਿਵਾਏਗਾ।

## 'ਪਦਮ ਸ਼੍ਰੀ' ਸੰਤ ਬਾਬਾ ਸੇਵਾ ਸਿੰਘ ਦਾ ਅਮਰੀਕਾ ਪਹੁੰਚਣ 'ਤੇ ਸਵਾਗਤ

ਸੇਲਮ ਔਰਗਨ (ਅਮਰੀਕਾ), 27 ਜੂਨ (ਚ.ਨ.ਸ.): ਪਿਛਲੇ ਦਿਨੀ ਪਦਮ ਸ੍ਰੀ ਸੰਤ ਬਾਬਾ ਸੇਵਾ ਸਿੰਘ ਜੀ ਖਡੂਰ ਸਾਹਿਬ ਵਾਲੇ ਅਮਰੀਕਾ ਦੀ ਸਟੇਟ ਔਰਗਨ ਦੀ ਰਾਜਧਾਨੀ ਸੇਲਮ ਵਿਖੇ ਖਾਸ ਤੌਰ ਤੇ ਉਥੋਂ ਦੇ ਉੱਗੇ ਕਾਰੋਬਾਰੀ ਬਹਾਦਰ ਸਿੰਘਦੇ ਗ੍ਰਹਿ ਵਿਖੇ ਪਹੁੰਚੇ । ਇਸ ਮੌਕੇ ਬਹਾਦਰ ਸਿੰਘ ਅਤੇ ਸੇਲਮ ਦੀਆਂ ਸੰਗਤਾਂ ਨੇ ਬਾਬਾ ਸੇਵਾ ਸਿੰਘ ਜੀ ਦਾ ਨਿੱਘਾ ਸਵਾਗਤ ਕੀਤਾ। ਬਹਾਦਰ ਸਿੰਘ ਵੱਲੋਂ ਸੰਤ ਬਾਬਾ ਸੇਵਾ ਸਿੰਘ ਤੇ ਹੋਰ ਸੰਗਤਾਂ ਨੂੰ ਸੇਲਮ ਦੀਆਂ ਸੰਗਤਾਂ ਦੇ ਘਰਾਂ ਵਿੱਚ ਵੀ ਦਰਸ਼ਨਾਂ ਲਈ ਲੈ ਕੇ ਗਏ। ਜਿਵੇਂ ਸੰਤ ਬਾਬਾ ਸੇਵਾ ਸਿੰਘ ਜੀ ਨੇ ਪੰਜਾਬ ਦੇ ਖਡੂਰ ਸਾਹਿਬ ਦੀ ਧਰਤੀ ਤੇ ਲੱਖਾਂ ਦੀ ਤਾਦਾਦ ਦੇ ਵਿੱਚ ਪੇੜ ਲਗਾ ਕੇ ਹਰੀ ਕ੍ਰਾਂਤੀ ਲਿਆਂਦੀ ਉਵੇਂ ਹੀ ਸੇਲਮ ਵਿਖੇ ਬਾਬਾ ਜੀ ਜਿਨਾਂ ਜਿਨਾਂ ਦੇ ਘਰਾਂ ਵਿੱਚ ਗਏ ਉੱਥੇ ਫਲਦਾਰ ਅਤੇ ਛਾਂਦਾਰ ਬੂਟੇ ਲਗਾ ਕੇ ਅਰਦਾਸਾਂ ਕੀਤੀਆਂ। ਇਸ ਮੌਕੇ ਬਾਬਾ ਸੇਵਾ ਸਿੰਘ ਜੀ ਨੇ ਸੰਗਤਾਂ ਨੂੰ ਨਾਮ ਬਾਣੀ ਨਾਲ ਜੁੜਨ ਦਾ ਸੁਨੇਹਾ ਵੀ ਦਿੱਤਾ ਅਤੇ ਨਾਲ ਹੀ ਕੁਦਰਤ ਨੂੰ ਸੰਭਾਲਣ ਦੀ ਪ੍ਰੇਰਣਾ ਵੀ ਦਿੱਤੀ। ਉਹਨਾਂ ਕਿਹਾ ਕਿ ਜਿੱਥੇ ਅਸੀਂ ਆਪਣਾ ਆਲਾ ਦੁਆਲਾ ਸਾਫ ਰੱਖਣਾ ਹੈ ਉੱਥੇ ਕੁਦਰਤ ਤੇ ਗੁਰਬਾਣੀ ਨਾਲ ਜੁੜ ਕੇ ਆਪਣਾ ਜੀਵਨ ਵੀ ਸਫਲਾ ਕਰਨਾ ਹੈ। ਸਤਿਨਾਮ ਵਾਹਿਗੁਰੂ ਦੇ ਜਾਪ ਤੇ ਨਾਮ ਸਿਮਰਨ ਨਾਲ ਸਮੁੱਚੀਆਂ ਸੰਗਤਾਂ ਨੂੰ ਜੋੜਦੇ ਹੋਏ ਸਰਬਤ ਦੇ ਭਲੇ ਦੀ ਅਰਦਾਸ ਕਰਦਿਆਂ ਉਹਨਾਂ ਦਾ ਸੇਲਮ ਔਰਗਨ ਦਾ ਇਹ ਦੋਰਾ ਸੰਗਤਾਂ ਲਈ ਇੱਕ ਅਮਿੱਟ ਛਾਪ ਛੱਡ ਗਿਆ। ਚੜ੍ਹਦੀ ਕਲਾ ਟਾਈਮ ਟੀਵੀ ਦੀ ਟੀਮ ਵੱਲੋਂ ਹਰਪ੍ਰੀਤ ਸਿੰਘ ਦਰਦੀ ਅਤੇ ਸ੍ਰੀ ਰਵੀਕਾਂਤ ਸ਼ਰਮਾ ਨੇ ਵੀ ਉਹਨਾਂ ਦੀ ਇਸ ਯਾਤਰਾ ਵਿੱਚ ਸੰਗਤ ਰੂਪ ਹੋ ਕੇ ਆਨੰਦ ਮਾਣਿਆ। ਬਹਾਦਰ ਸਿੰਘ ਤੇ ਉਨਾਂ ਦੇ ਸਮੁੱਚੇ ਪਰਿਵਾਰ ਅਤੇ ਸੇਲਮ ਦੀਆਂ ਲੋਕਲ ਸੰਗਤਾਂ ਵੱਲੋਂ ਬਾਬਾ ਜੀ ਦਾ ਸੇਲਾਂ ਵਿਖੇ ਪਹੁੰਚਣ ਤੇ ਖਾਸ ਧੰਨਵਾਦ ਵੀ ਕੀਤਾ ਗਿਆ।

# ਅਮਰੀਕਾ ਨੇ ਵੀਜ਼ਾ ਬਿਨੈਕਾਰਾਂ ਤੋਂ ਸੋਸ਼ਲ ਮੀਡੀਆ ਪਲੇਟ.ਫਾਰਮਾਂ ਦੇ ਹੈਂਡਲ ਜਾਂ ਯੂਜਰਨੇਮਮੰਗੇ

ਵਾਸ਼ਿੰਗਟਨ, 27 ਜੂਨ (ਚ.ਨ.ਸ.): ਹਰੇਕ ਵੀਜ਼ਾ ਤੇ ਲਏ ਗਏ ਫ਼ੈਸਲੇ ਨੂੰ ਰਾਸ਼ਟਰੀ ਸੁਰੱਖਿਆ ਫੈਸਲਾ ਦੱਸਦੇ ਹੋਏ, ਅਮਰੀਕਾ ਨੇ ਬਿਨੈਕਾਰਾਂ ਨੂੰ ਪਿਛਲੇ ਪੰਜ ਸਾਲਾਂ ਵਿੱਚ ਵਰਤੇ ਗਏ ਹਰੇਕ ਸੋਸ਼ਲ ਮੀਡੀਆ ਪਲੇਟਫ਼ਾਰਮ ਦੇ ਹੈਂਡਲ ਜਾਂ ਯੂਜ਼ਰਨੇਮ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਕਿਹਾ ਹੈ।




ਭਾਰਤ ਵਿੱਚ ਅਮਰੀਕੀ ਦੂਤਾਵਾਸ ਨੇ ਵੀਰਵਾਰ ਨੂੰ ਜਾਰੀ ਇੱਕ ਸੰਖੇਪ ਬਿਆਨ ਵਿੱਚ ਇਹ ਜਾਣਕਾਰੀ ਸਾਂਝੀ ਕੀਤੀ, ਜਿਸ ਵਿੱਚ ਸੋਸ਼ਲ ਮੀਡੀਆ ਜਾਣਕਾਰੀ ਸਾਂਝੀ ਕਰਨ ਵਿਰੁਧ ਵੀ ਚੇਤਾਵਨੀ ਦਿੱਤੀ ਗਈ ਹੈ ਕਿਉਂਕਿ ਇਹ ਵੀਜ਼ਾ ਅਰਜ਼ੀ ਨੂੰ ਰੱਦ ਕਰਨ ਅਤੇ ਭਵਿੱਖ ਦੇ ਵੀਜ਼ਾ ਲਈ ਅਯੋਗਤਾ ਦਾ ਕਾਰਨ ਬਣ ਸਕਦਾ ਹੈ।ਦੂਤਾਵਾਸ ਨੇ X' ਤੇ ਪੋਸਟ ਕੀਤੇ ਇੱਕ ਬਿਆਨ ਵਿੱਚ ਕਿਹਾ, ਵੀਜ਼ਾ ਬਿਨੈਕਾਰਾਂ ਨੂੰ DS-160 ਵੀਜ਼ਾ ਅਰਜ਼ੀ ਫ਼ਾਰਮ ਤੇ ਪਿਛਲੇ 5 ਸਾਲਾਂ ਤੋਂ ਵਰਤੇ ਜਾਣ ਵਾਲੇ ਹਰੇਕ ਸੋਸ਼ਲ ਮੀਡੀਆ ਪਲੇਟਫ਼ਾਰਮ ਦੇ ਹੈਂਡਲ ਜਾਂ ਯੂਜ਼ਰਨੇਮ ਦੀ ਸੂਚੀ ਬਣਾਉਣ ਦੀ ਲੋੜ ਹੁੰਦੀ ਹੈ। ਬਿਨੈਕਾਰਾਂ ਦਸਤਖ਼ਤ ਕਰਨ ਜਾਂ ਜਮ੍ਹਾਂ ਕਰਨ ਤੋਂ ਪਹਿਲਾਂ ਪ੍ਰਮਾਣਿਤ ਕਰਨ ਕਿ ਉਨ੍ਹਾਂ ਦੀ ਵੀਜ਼ਾ ਅਰਜ਼ੀ ਵਿੱਚ ਦਿੱਤੀ ਗਈ ਜਾਣਕਾਰੀ ਸਹੀ ਅਤੇ ਸੱਚ ਹੋਵੇ।ਇਸ ਵਿੱਚ ਕਿਹਾ ਗਿਆ, ਸੋਸ਼ਲ ਮੀਡੀਆ ਜਾਣਕਾਰੀ ਸਾਂਝੀ ਕਰਨ ਵਿੱਚ ਅਸਫ਼ਲ ਰਹਿਣ ਦੇ ਨਤੀਜੇ ਵਜੋਂ ਵੀਜ਼ਾ ਅਰਜ਼ੀ ਰੱਦ ਹੋ ਸਕਦੀ ਹੈ ਅਤੇ ਭਵਿੱਖ ਦੇ ਵੀਜ਼ਾ ਲਈ ਅਯੋਗਤਾ ਹੋ ਸਕਦੀ ਹੈ। ਅਮਰੀਕੀ ਦੂਤਾਵਾਸ ਨੇ 23 ਜੂਨ ਨੂੰ ਸ਼੍ਰੇਣੀ ਵਿੱਚ ਗੈਰ-ਪ੍ਰਵਾਸੀ ਵੀਜ਼ਾ ਲਈ ਬਿਨੈਕਾਰਾਂ ਨੂੰ ਜਾਂਚ ਦੀ ਸਹੂਲਤ ਲਈ ਆਪਣੇ ਸੋਸ਼ਲ ਮੀਡੀਆ ਖ਼ਾਤਿਆਂ ਦੀਆਂ ਗੋਪਨੀਯਤਾ ਸੈਟਿੰਗਾਂ ਨੂੰ ਜਨਤਕ ਤੇ ਸੈੱਟ ਕਰਨ ਲਈ ਕਿਹਾ ਸੀ।ਦੂਤਾਵਾਸ ਨੇ ਕਿਹਾ ਸੀ ਕਿ ਕਾਨੂੰਨ ਦੇ ਤਹਿਤ ਅਮਰੀਕਾ ਵਿੱਚ ਉਨ੍ਹਾਂ ਦੀ ਪਛਾਣ ਅਤੇ ਸਵੀਕਾਰਤਾ ਸਥਾਪਤ ਕਰਨ ਲਈ ਅਜਿਹੀ ਜਾਂਚ ਦੀ ਲੋੜ ਹੈ।

## ਕੈਂਸਰ ਜਾਗਰੂਕਤਾ ਅਤੇ ਸਕ੍ਰੀਨਿੰਗ ਕੈਂਪ 'ਚ 200 ਤੋਂ ਵੱਧ ਮਰੀਜ਼ਾਂ ਦਾ ਮੁਫ਼ਤ ਇਲਾਜ

ਲੁਧਿਆਣਾ, 27 ਜੂਨ (ਚ.ਨ.ਸ.): ਕੈਂਸਰ ਸੈਂਟਰਜ਼ ਆਫ ਅਮਰੀਕਾ (331) ਅਤੇ ਵਰਲਡ ਕੈਂਸਰ ਕੇਅਰ ਨੇ ਅੱਜ ਗੁਰੂਦੁਆਰਾ ਸਾਹਿਬ, ਪਿੰਡ ਹੰਸ ਕਲਾਂ, ਜ਼ਿਲ੍ਹਾ ਲੁਧਿਆਣਾ ਵਿੱਚ ਮੁਫ਼ਤ ਕੈਂਸਰ ਜਾਗਰੂਕਤਾ ਅਤੇ ਸਕ੍ਰੀਨਿੰਗ ਕੈਂਪ ਦਾ ਆਯੋਜਨ ਕੀਤਾ। ਇਸ ਕੈਂਪ ਵਿੱਚ 200 ਤੋਂ ਵੱਧ ਮਰੀਜ਼ਾਂ ਨੇ ਮੁਫ਼ਤ ਸਿਹਤ ਜਾਂਚਾਂ, ਸਲਾਹ-ਮਸ਼ਵਰੇ ਅਤੇ ਸਕ੍ਰੀਨਿੰਗ ਸੇਵਾਵਾਂ ਲਈ ਹਾਜ਼ਰੀ ਲਾਈ। ਕੈਂਪ ਵਿੱਚ ਮੈਮੋਗ੍ਰਾਫੀ (ਬ੍ਰੈਸਟ ਕੈਂਸਰ ਸਕ੍ਰੀਨਿੰਗ), ਪੈਪ ਸਮੀਅਰ (ਸਰਵਾਈਕਲ ਕੈਂਸਰ ਸਕ੍ਰੀਨਿੰਗ), ਮੂੰਹ ਦਾ ਕੈਂਸਰ, ਸ਼ੂਗਰ ਅਤੇ ਬੀਪੀ ਜਾਂਚ, ਹੱਡੀਆਂ ਦੀ ਡੈਨਸਿਟੋਮੀਟਰੀ ਜਾਂਚ, PSA ਟੈਸਟ (ਪ੍ਰੋਸਟੇਟ ਕੈਂਸਰ), ਮੈਡੀਕਲ ਸਲਾਹ-ਮਸ਼ਵਰਾ ਅਤੇ ਕੈਂਸਰ ਵਿਸ਼ੇਸ਼ਜ। ਸਲਾਹ ਦਿੱਤੀ ਗਈ। ਮਰੀਜ਼ਾਂ ਨੂੰ ਆਮ ਦਵਾਈਆਂ ਵੀ ਮੁਫ਼ਤ ਦਿੱਤੀਆਂ ਗਈਆਂ। ਇਹ ਮੁਹਿੰਮ ਸ਼੍ਰੀ ਗੁਰੂ ਨਾਨਕ ਦੇਵ ਲੋਕ ਸੇਵਾ ਸੋਸਾਇਟੀ (ਰਜਿ. ਹੰਸ ਕਲਾਂ) ਦੇ ਸਹਿਯੋਗ ਨਾਲ ਕੀਤੀ ਗਈ ਸੀ, ਜਿਸਦਾ ਮਕਸਦ ਕੈਂਸਰ ਦੀ ਸਮੇਂ ਸਿਰ ਪਛਾਣ, ਰੋਕਥਾਮ ਅਤੇ ਇਲਾਜ ਬਾਰੇ ਜਾਗਰੂਕਤਾ ਫੈਲਾਉਣਾ ਅਤੇ ਲੋਕਾਂ ਨੂੰ ਵਧੀਆ ਸਿਹਤ ਨਤੀਜਿਆਂ ਲਈ ਸਸ਼ਕਤ ਬਣਾਉਣਾ ਸੀ। ਇਸ ਮੌਕੇ ਤੇ 331 ਟੀਮ ਨੇ ਸਮੁਦਾਇਕ ਸਹਿਯੋਗ ਲਈ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਵੀ ਐਸੇ ਆਉਟਰੀਚ ਪ੍ਰੋਗਰਾਮ ਜਾਰੀ ਰੱਖਣ ਦੀ ਪ੍ਰਤੀਬੱਧਤਾ ਦੁਹਰਾਈ ਤਾਂ ਜੋ ਪੰਜਾਬ ਨੂੰ ਕੈਂਸਰ ਪ੍ਰਤੀ ਜਾਗਰੂਕ ਅਤੇ ਸਿਹਤਮੰਦ ਬਣਾਇਆ ਜਾ ਸਕੇ।




# ਰਾਜ ਮੰਤਰੀ, ਗ੍ਰਹਿ ਮੰਤਰਾਲੇ, ਭਾਰਤ ਸਰਕਾਰ ਨੇ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ

ਚੰਡੀਗੜ੍ਹ, 27 ਜੂਨ (ਅੰਮ੍ਰਿਤਪਾਲ ਸਿੰਘ): ਮਾਨਯੋਗ ਰਾਜ ਮੰਤਰੀ, ਗ੍ਰਹਿ ਮੰਤਰਾਲੇ, ਭਾਰਤ ਸਰਕਾਰ, ਸ਼੍ਰੀ ਬੰਦੀ ਸੰਜੇ ਕੁਮਾਰ ਨੇ ਅੱਜ ਸਰਕਾਰੀ ਕਾਲਜ ਆਫ਼ ਕਾਮਰਸ ਐਂਡ ਬਿਜ਼ਨਸ ਐਡਮਿਨਿਸਟ੍ਰੇਸ਼ਨ, ਸੈਕਟਰ 50, ਚੰਡੀਗੜ੍ਹ ਦਾ ਦੌਰਾ ਕੀਤਾ ਤਾਂ ਜੋ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਕਈ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ ਅਤੇ ਉਦਘਾਟਨ ਕੀਤਾ ਜਾ ਸਕੇ।




ਮੁੱਖ ਮਹਿਮਾਨ ਦਾ ਸਵਾਗਤ ਕਰਦੇ ਹੋਏ, ਯੂਟੀ ਚੰਡੀਗੜ੍ਹ ਦੇ ਮੁੱਖ ਸਕੱਤਰ ਸ਼੍ਰੀ ਰਾਜੀਵ ਵਰਮਾ ਨੇ ਬਿਜਲੀ ਵੰਡ ਦੇ ਨਿੱਜੀਕਰਨ, ਛੱਤ ਤੇ ਸੂਰਜੀ ਸੰਤ੍ਰਿਪਤਾ ਅਤੇ ਐਸਡੀਜੀ ਇੰਡੀਆ ਇੰਡੈਕਸ ਵਿੱਚ ਚੰਡੀਗੜ੍ਹ ਦੇ ਮਜ਼ਬੂਤ ਪ੍ਰਦਰਸ਼ਨ ਸਮੇਤ ਕਈ ਖੇਤਰਾਂ ਵਿੱਚ ਸ਼ਹਿਰ ਦੀਆਂ ਪ੍ਰਾਪਤੀਆਂ ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਅੱਜ ਜਿਨ੍ਹਾਂ ਪੰਜ ਵੱਡੇ ਪ੍ਰੋਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਿਆ ਗਿਆ ਹੈ, ਉਹ ਸ਼ਹਿਰ ਭਰ ਵਿੱਚ ਸਿੱਖਿਆ, ਰਿਹਾਇਸ਼, ਸੁਰੱਖਿਆ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ ਇੱਕ ਵੱਡੇ ਬਦਲਾਅ ਦਾ ਪ੍ਰਤੀਕ ਹਨ। ਕੇਂਦਰੀ ਗ੍ਰਹਿ ਰਾਜ ਮੰਤਰੀ ਨੇ ਸੈਕਟਰ 50 ਦੇ ਕਾਮਰਸ ਕਾਲਜ ਵਿਖੇ ਹੋਸਟਲ ਬਲਾਕ (ਲੜਕੇ ਅਤੇ ਲੜਕੀਆਂ) ਦਾ ਉਦਘਾਟਨ ਕੀਤਾ। ਉਨ੍ਹਾਂ ਨੇ ਸੈਕਟਰ 39 ਦੇ ਵਾਟਰ ਵਰਕਸ ਵਿਖੇ 2,500 ਕਿਲੋਵਾਟ ਫਲੋਟਿੰਗ ਸੋਲਰ ਪਾਵਰ ਪਲਾਂਟ; ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕਜ਼ੇਰੀ ਦੇ ਐਕਸਟੈਂਸ਼ਨ ਬਲਾਕ; ਅਤੇ ਪੋਸਟ ਗ੍ਰੈਜੂਏਟ ਸਰਕਾਰੀ ਕਾਲਜ, ਸੈਕਟਰ 46 ਵਿਖੇ ਆਈਟੀ ਬਲਾਕ ਦਾ ਵਰਚੁਅਲੀ ਉਦਘਾਟਨ ਵੀ ਕੀਤਾ। ਇਸ ਤੋਂ ਇਲਾਵਾ, ਉਨ੍ਹਾਂ ਨੇ ਧਨਾਸ ਵਿਖੇ ਚੰਡੀਗੜ੍ਹ ਆਰਮਡ ਪੁਲਿਸ ਕੰਪਲੈਕਸ ਵਿਖੇ 144 ਰਿਹਾਇਸ਼ੀ ਯੂਨਿਟਾਂ ਦੇ ਨਿਰਮਾਣ ਲਈ ਨੀਂਹ ਪੱਥਰ ਰੱਖਿਆ।

ਆਪਣੇ ਸੰਬੋਧਨ ਵਿੱਚ, ਸ਼੍ਰੀ ਬੰਦੀ ਸੰਜੇ ਕੁਮਾਰ ਨੇ ਚੰਡੀਗੜ੍ਹ ਨੂੰ ਏਕ ਭਾਰਤ, ਸ਼੍ਰੇਸ਼ਠ ਭਾਰਤ ਦੀ ਭਾਵਨਾ ਦਾ ਸੱਚਾ ਰੂਪ ਦੱਸਿਆ। ਉਨ੍ਹਾਂ ਨੇ ਵਿਕਾਸ, ਪਾਰਦਰਸ਼ਤਾ ਅਤੇ ਸੁਰੱਖਿਆ ਵਿੱਚ ਸ਼ਹਿਰ ਦੀ ਪ੍ਰਗਤੀ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਸਮਾਰਟ ਸਿਟੀ ਪ੍ਰੋਜੈਕਟਾਂ, ਸੜਕ ਅਤੇ ਜਨਤਕ ਆਵਾਜਾਈ ਦੇ ਆਧੁਨਿਕੀਕਰਨ, ਡਿਜੀਟਲ ਸ਼ਾਸਨ, ਰਹਿਣ-ਸਹਿਣ ਦੀਆਂ ਪਹਿਲਕਦਮੀਆਂ ਅਤੇ ਗ੍ਰੀਨ ਇੰਡੀਆ ਅਤੇ ਸਵੱਛ ਭਾਰਤ ਮਿਸ਼ਨਾਂ ਦੇ ਲਾਗੂਕਰਨ ਨੇ ਨਾਗਰਿਕਾਂ ਦੇ ਜੀਵਨ ਵਿੱਚ ਠੋਸ ਸੁਧਾਰ ਲਿਆਂਦੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਚੰਡੀਗੜ੍ਹ ਦੇਸ਼ ਦਾ ਪਹਿਲਾ ਸ਼ਹਿਰ ਹੈ ਜਿਸਨੇ ਤਿੰਨ ਨਵੇਂ ਕਾਨੂੰਨੀ ਢਾਂਚੇ - ਭਾਰਤੀ ਨਿਆਂ ਕੋਡ, ਭਾਰਤੀ ਸਿਵਲ ਰੱਖਿਆ ਕੋਡ ਅਤੇ ਭਾਰਤੀ ਸਬੂਤ ਐਕਟ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਹੈ।

ਸ਼ਹਿਰ ਦੁਆਰਾ ਇਨ੍ਹਾਂ ਨਵੇਂ ਅਪਰਾਧਿਕ, ਸਿਵਲ ਅਤੇ ਸਬੂਤ ਕਾਨੂੰਨਾਂ ਨੂੰ ਅਪਣਾਉਣ ਦਾ ਮੋਹਰੀ ਕਦਮ ਨਾਗਰਿਕ ਸੁਰੱਖਿਆ ਅਤੇ ਨਿਆਂ ਪ੍ਰਦਾਨ ਕਰਨ ਨੂੰ ਮਜ਼ਬੂਤ ਕਰਨ ਵੱਲ ਇੱਕ ਇਤਿਹਾਸਕ ਕਦਮ ਹੈ। ਉਨ੍ਹਾਂ ਕਿਹਾ, ਅੱਜ ਉਦਘਾਟਨ ਕੀਤੇ ਗਏ ਪ੍ਰੋਜੈਕਟ ਅਤੇ ਨੀਂਹ ਪੱਥਰ ਨਾ ਸਿਰਫ਼ ਚੰਡੀਗੜ੍ਹ ਦੇ ਵਿਕਾਸ ਨੂੰ ਦਰਸਾਉਂਦੇ ਹਨ, ਸਗੋਂ ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ, ਸਬਕਾ ਪ੍ਰਯਾਸ ਦੇ ਸਿਧਾਂਤ ਦੇ ਤਹਿਤ ਵਿਆਪਕ ਰਾਸ਼ਟਰੀ ਦ੍ਰਿਸ਼ਟੀਕੋਣ ਅਤੇ ਵਚਨਬੱਧਤਾ ਨੂੰ ਵੀ ਦਰਸਾਉਂਦੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਪਹਿਲਕਦਮੀਆਂ ਵਿਦਿਅਕ ਗੁਣਵੱਤਾ, ਸੁਰੱਖਿਆ ਅਤੇ ਬੁਨਿਆਦੀ ਢਾਂਚੇ ਨੂੰ ਵਧਾਉਣਗੀਆਂ, ਨਵੇਂ ਆਈਟੀ ਬਲਾਕ ਰਾਹੀਂ ਨੌਜਵਾਨਾਂ ਨੂੰ ਤਕਨਾਲੋਜੀ ਹੁਨਰਾਂ ਨਾਲ ਸਸ਼ਕਤ ਬਣਾਉਣਗੀਆਂ ਅਤੇ ਧਨਾਸ ਵਿਖੇ ਰਿਹਾਇਸ਼ੀ ਪ੍ਰੋਜੈਕਟ ਰਾਹੀਂ ਪੁਲਿਸ ਕਰਮਚਾਰੀਆਂ ਲਈ ਬਿਹਤਰ ਰਹਿਣ-ਸਹਿਣ ਦੀਆਂ ਸਥਿਤੀਆਂ ਪ੍ਰਦਾਨ ਕਰਨਗੀਆਂ। ਵਿਕਸਤ ਭਾਰਤ 2047 ਦੇ ਦ੍ਰਿਸ਼ਟੀਕੋਣ ਨੂੰ ਦੇਖਦੇ ਹੋਏ, ਸ਼੍ਰੀ ਬੰਦੀ ਸੰਜੇ ਕੁਮਾਰ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਭਾਰਤ ਦੁਨੀਆ ਦੀ ਮੋਹਰੀ ਆਰਥਿਕ ਸ਼ਕਤੀ ਵਜੋਂ ਉਭਰੇਗਾ। ਇਸ ਮਿਸ਼ਨ ਦੇ ਹਿੱਸੇ ਵਜੋਂ, ਚੰਡੀਗੜ੍ਹ ਨੂੰ ਇੱਕ ਗਿਆਨ ਕੇਂਦਰ, ਤੰਦਰੁਸਤੀ ਸ਼ਹਿਰ ਅਤੇ ਸਮਾਰਟ ਸ਼ਾਸਨ ਦੇ ਇੱਕ ਮਾਡਲ ਵਜੋਂ ਵਿਕਸਤ ਕੀਤਾ ਜਾਵੇਗਾ।

ਉਨ੍ਹਾਂ ਨੇ ਯੂਟੀ ਚੰਡੀਗੜ੍ਹ ਦੇ ਸਾਰੇ ਅਧਿਕਾਰੀਆਂ, ਯੋਜਨਾਕਾਰਾਂ, ਇੰਜੀਨੀਅਰਾਂ, ਕਰਮਚਾਰੀਆਂ ਅਤੇ ਨਾਗਰਿਕਾਂ ਨੂੰ ਇਸ ਤਬਦੀਲੀ ਪ੍ਰਤੀ ਉਨ੍ਹਾਂ ਦੇ ਸਮਰਪਣ ਅਤੇ ਪਹਿਲਕਦਮੀ ਲਈ ਵਧਾਈ ਦਿੱਤੀ।ਚੇਨਈ ਦੀ ਮੇਅਰ ਸ਼੍ਰੀਮਤੀ ਹਰਪ੍ਰੀਤ ਕੌਰ ਬਬਲਾ; ਭਾਰਤ ਦੇ ਵਧੀਕ ਸਾਲਿਸਟਰ ਜਨਰਲ ਸ਼੍ਰੀ ਸੱਤਿਆ ਪਾਲ ਜੈਨ; ਪੁਲਿਸ ਡਾਇਰੈਕਟਰ ਜਨਰਲ, ਚੰਡੀਗੜ੍ਹ ਸ਼੍ਰੀ ਪੁਸ਼ਪੇਂਦਰ ਸਿੰਘ, ਵਿੱਤ ਸਕੱਤਰ ਸ਼੍ਰੀ ਦੀਪਰਵਾ ਲਾਕੜਾ, ਨਗਰ ਨਿਗਮ ਕਮਿਸ਼ਨਰ ਸ਼੍ਰੀ ਅਮਿਤ ਕੁਮਾਰ, ਵਿਗਿਆਨ ਅਤੇ ਤਕਨਾਲੋਜੀ ਅਤੇ ਵਾਤਾਵਰਣ ਸਕੱਤਰ ਸ਼੍ਰੀ ਸੌਰਭ ਕੁਮਾਰ, ਮੁੱਖ ਇੰਜੀਨੀਅਰ ਸ਼੍ਰੀ ਸੀ.ਬੀ. ਓਝਾ ਅਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਹੋਰ ਸੀਨੀਅਰ ਅਧਿਕਾਰੀ ਇਸ ਮੌਕੇ ਤੇ ਮੌਜੂਦ ਸਨ।

# ਸੂਖਮ, ਛੋਟੇ ਅਤੇ ਦਰਮਿਆਨੇ ਉਦਮ ਦੇਸ਼ ਦੀ ਆਰਥਿਕਤਾ ਦਾ ਇੱਕ ਮਜ਼ਬੂਤ ਥੰਮ੍ਹ : ਮੁਰਮੂ

ਨਵੀਂ ਦਿੱਲੀ, 27 ਜੂਨ (ਅੰਮ੍ਰਿਤਪਾਲ ਸਿੰਘ): ਸੂਖਮ, ਛੋਟੇ ਅਤੇ ਦਰਮਿਆਨੇ ਉਦਮ ਦੇਸ਼ ਦੀ ਆਰਥਿਕਤਾ ਦਾ ਇੱਕ ਮਜ਼ਬੂਤ ਥੰਮ੍ਹ ਹਨ। ਮੈਨੂੰ ਉਨ੍ਹਾਂ ਦੀ ਸਫਲਤਾ ਦਾ ਜਸ਼ਨ ਮਨਾਉਣ ਵਾਲੇ ਇਸ ਸਮਾਗਮ ਵਿੱਚ ਆ ਕੇ ਖੁਸ਼ੀ ਹੋ ਰਹੀ ਹੈ। ਮੈਂ ਇੱਥੇ ਮੌਜੂਦ ਅਤੇ ਦੇਸ਼ ਭਰ ਵਿੱਚ ਫੈਲੇ ਐਮ.ਐਸ.ਐਮ.ਈ. ਨਾਲ ਜੁੜੇ ਸਾਰੇ ਲੋਕਾਂ ਨੂੰ ਅੰਤਰਰਾਸ਼ਟਰੀ ਐਮ.ਐਸ.ਐਮ.ਈ. ਦਿਵਸ ਤੇ ਆਪਣੀਆਂ ਨਿੱਘੀਆਂ ਸ਼ੁਭਕਾਮਨਾਵਾਂ ਦਿੰਦਾ ਹਾਂ। ਮੈਂ ਇਸ ਸਮਾਗਮ ਦੇ ਆਯੋਜਨ ਅਤੇ ਐਮ.ਐਸ.ਐਮ.ਈ. ਦਾ ਸਮਰਥਨ ਅਤੇ ਉਤਸ਼ਾਹਿਤ ਕਰਨ ਲਈ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮ ਮੰਤਰੀ, ਸ਼੍ਰੀ ਜੀਤਨ ਰਾਮ ਮਾਂਝੀ ਜੀ ਅਤੇ ਉਨ੍ਹਾਂ ਦੀ ਪੂਰੀ ਟੀਮ ਨੂੰ ਵਧਾਈ ਦਿੰਦਾ ਹਾਂ। ਸੂਖਮ, ਛੋਟੇ ਅਤੇ ਦਰਮਿਆਨੇ ਉੱਦਮ ਨਾ ਸਿਰਫ਼ ਦੇਸ਼ ਦੇ GDP ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ, ਸਗੋਂ ਉਹ ਜ਼ਮੀਨੀ ਪੱਧਰ ਤੇ ਨਵੀਨਤਾ ਨੂੰ ਵੀ ਉਤਸ਼ਾਹਿਤ ਕਰਦੇ ਹਨ। ਇਹ ਉੱਦਮ ਰੁਜ਼ਗਾਰ ਪੈਦਾ ਕਰਨ ਦੇ ਨਾਲ-ਨਾਲ ਸਮਾਜਿਕ ਸ਼ਮੂਲੀਅਤ ਨੂੰ ਵੀ ਹੁਲਾਰਾ ਦਿੰਦੇ ਹਨ। ਇੱਕ ਅੰਦਾਜ਼ੇ ਅਨੁਸਾਰ, ਐਮ.ਐਸ.ਐਮ.ਈ. ਸੈਕਟਰ ਨੇ ਭਾਰਤ ਦੇ GDP ਵਿੱਚ ਲਗਭਗ



30 ਪ੍ਰਤੀਸ਼ਤ, ਨਿਰਮਾਣ ਖੇਤਰ ਵਿੱਚ 36 ਪ੍ਰਤੀਸ਼ਤ ਅਤੇ ਨਿਰਯਾਤ ਵਿੱਚ 45 ਪ੍ਰਤੀਸ਼ਤ ਯੋਗਦਾਨ ਪਾਇਆ ਹੈ। ਇਹ ਖੇਤਰ ਖੇਤੀਬਾੜੀ ਤੋਂ ਬਾਅਦ ਦੇਸ਼ ਵਿੱਚ ਦੂਜਾ ਸਭ ਤੋਂ ਵੱਡਾ ਰੁਜ਼ਗਾਰ ਪੈਦਾ ਕਰਨ ਵਾਲਾ ਵੀ ਹੈ। ਐਮ.ਐਸ.ਐਮ.ਈ. ਭਾਰਤ ਦੀ ਵਿਕਾਸ ਯਾਤਰਾ ਵਿੱਚ ਇੱਕ ਪ੍ਰੇਰਨਾਦਾਇਕ ਅਧਿਆਇ ਹਨ। ਇੱਕ ਮਜ਼ਬੂਤ ਐਮ.ਐਸ.ਐਮ.ਈ.ਕੋ-ਸਿਸਟਮ ਨਾ ਸਿਰਫ਼ ਮਹੱਤਵਪੂਰਨ ਹੈ ਸਗੋਂ ਦੇਸ਼ ਦੇ ਟਿਕਾਊ ਆਰਥਿਕ ਵਿਕਾਸ ਲਈ ਜ਼ਰੂਰੀ ਵੀ ਹੈ। ਇਹਨਾਂ ਉੱਦਮਾਂ ਵਿੱਚ ਸਾਡੇ ਜਨਸੰਖਿਆ ਲਾਭਅੰਸ਼ ਦੀ ਸਭ ਤੋਂ ਵੱਧ ਵਰਤੋਂ ਕੀਤੀ ਜਾ ਰਹੀ ਹੈ। ਇਹ ਉੱਦਮ ਮੁਕਾਬਲਤਨ ਘੱਟ ਪੂੰਜੀ ਦੀ ਲਾਗਤ ਤੇ ਵਧੇਰੇ ਰੁਜ਼ਗਾਰ ਦੇ ਮੌਕੇ ਪੈਦਾ ਕਰਦੇ ਹਨ। ਇਹਨਾਂ ਉੱਦਮਾਂ ਬਾਰੇ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਪੇਂਡੂ ਅਤੇ ਪਛੜੇ ਖੇਤਰਾਂ ਵਿੱਚ ਰੁਜ਼ਗਾਰ ਪੈਦਾ ਕਰਦੇ ਹਨ। ਇਸ ਤਰ੍ਹਾਂ, ਐਮ.ਐਸ.ਐਮ.ਈ. ਖੇਤਰ ਦੇ ਉੱਦਮ ਕਮਜ਼ੋਰ ਵਰਗਾਂ ਦੇ ਸਸ਼ਕਤੀਕਰਨ ਅਤੇ ਵਿਕਾਸ ਦੇ ਵਿਕੇਂਦਰੀਕਰਨ ਦੁਆਰਾ ਸਮਾਵੇਸ਼ੀ ਵਿਕਾਸ ਵਿੱਚ ਮਦਦ ਕਰਦੇ ਹਨ।

**ਜਨਮ ਦਿਨ ਮੁਬਾਰਕ**



ਤੇਜਸ

# ਮਿਆਦੀਆਂ ਹਲਕਾ ਰਾਜਾਸਾਂਸੀ ਦੇ ਸੰਗਠਨ ਇੰਚਾਰਜ ਨਿਯੁਕਤ



ਚੋਗਾਵਾਂ, 27 ਜੂਨ (ਸੁਬੇਗ ਸਿੰਘ ਸੋਨਾ) ਆਮ ਆਦਮੀ ਪਾਰਟੀ ਦੇ ਡੇਅਰੀ ਡਿਵੈਲਪਮੈਂਟ ਬੋਰਡ ਦੇ ਡਾਇਰੈਕਟਰ ਦਲਜੀਤ ਸਿੰਘ ਮਿਆਦੀਆਂ ਵਲੋਂ ਪਾਰਟੀ ਵਿਚ ਮਿਹਨਤ ਤੇ ਇਮਾਨਦਾਰੀ ਨਾਲ ਨਿਭਾਈਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਤੇ ਸਟੇਟ ਪ੍ਰਭਾਰੀ ਮੁਨੀਸ਼ ਸਿਸੋਦੀਆ ਦੁਆਰਾ ਦਲਜੀਤ ਸਿੰਘ ਮਿਆਦੀਆਂ ਨੂੰ ਵਿਧਾਨ ਸਭਾ ਹਲਕਾ ਰਾਜਾਸਾਂਸੀ ਦਾ ਸੰਗਠਨ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਉਨਾਂ ਦੀ ਨਿਯੁਕਤੀ ਦੀ ਖਬਰ ਸੁਣਦਿਆਂ ਹੀ ਹਲਕੇ ਦੇ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਉਨ੍ਹਾਂ ਘਰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਾ ਹੋਇਆ ਹੈ। ਇਸ ਮੌਕੇ ਤੇ ਹਲਕਾ ਰਾਜਾਸਾਂਸੀ ਦੇ ਨਸ਼ਾ ਮੁਕਤੀ ਕੋਆਰਡੀਨੇਟਰ ਲਖਵਿੰਦਰ ਸਿੰਘ ਲੱਖਾ ਭਿੰਡੀ ਸੈਦਾਂ ਅਤੇ ਬਲਾਕ ਪ੍ਰਧਾਨ ਪ੍ਰਗਟ ਸਿੰਘ ਬੱਚੀਵਿੰਡ ਜੀ ਦੇ ਵੱਲੋਂ ਨਵ ਨਿਯੁਕਤ ਸੰਗਠਨ ਇੰਚਾਰਜ ਦਲਜੀਤ ਸਿੰਘ ਮਿਆਦੀਆਂ ਜੀ ਦਾ ਮੂੰਹ ਮਿੱਠਾ ਕਰਵਾ ਕੇ ਆਤਿਸ਼ਬਾਜੀ ਚਲਾ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਨਵ ਨਿਯੁਕਤ ਆਹੁਦੇਦਾਰ ਦਲਜੀਤ ਸਿੰਘ ਮਿਆਦੀਆਂ ਨੇ ਆਮ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਸਮੇਤ ਸਮੁੱਚੀ ਆਪ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨਾਂ ਨੂੰ ਜੋ ਜਿੰਮੇਵਾਰੀ ਸੌਂਪੀ ਗਈ ਹੈ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਵਾਂਗਾ।2027 ਦੀਆਂ ਚੋਣਾਂ ਵਿੱਚ ਆਪ ਦੀ ਜਿੱਤ ਲਈ ਇਕ ਅਹਿਮ ਰੋਲ ਅਦਾ ਕਰਾਂਗਾ। ਅਖੀਰ ਦੇ ਵਿੱਚ ਦਲਜੀਤ ਸਿੰਘ ਮਿਆਦੀਆਂ ਜੀ ਦੇ ਵੱਲੋਂ ਆਏ ਹੋਏ ਆਪ ਵਰਕਰ ਸਾਹਿਬਾਨ , ਬਲਾਕ ਪ੍ਰਧਾਨ ਸਾਹਿਬਾਨ, ਵਲੰਟੀਅਰ ਸਾਹਿਬਾਨ ਸਰਪੰਚ ਸਾਹਿਬਾਨਾਂ ਅਤੇ ਸਮੁੱਚੀ ਲੀਡਰਸ਼ਿਪ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਤੇ ਹਾਜਰ ਬਲਾਕ ਪ੍ਰਧਾਨ ਦਰਬਾਰਾ ਸਿੰਘ ਕੱਲੇਵਾਲ, ਰਛਪਾਲ ਸਿੰਘ ਬੌਅਲੀਆ, ਡਾਕਟਰ ਭਗਵੰਤ ਸਿੰਘ ਖਿਆਲਾ, ਸਰਪੰਚ ਕੁਲਦੀਪ ਸਿੰਘ ਡੱਗ ਡੋਗਰ, ਦਿਲਬਾਗ ਸਿੰਘ ਫੌਜੀ ਡੱਗਤੂਤ, ਪ੍ਰਧਾਨ ਰਛਪਾਲ ਸਿੰਘ ਵਰਿਆਹ, ਪਿੰਡ ਖੁਸੂਪੁਰ ਦੇ ਸਰਪੰਚ ਬੱਬੀ ਸਿੰਘ ਓਹਨਾਂ ਦੇ ਨਾਲ ਲੱਖਾ ਸਿੰਘ, ਸਰਪੰਚ ਪਰਜੀਤ ਸਿੰਘ ਬੋਪਾਰਾਏ ਬਾਜ ਸਿੰਘ, ਦਰਸ਼ਨ ਸਿੰਘ ਛੰਨ ਕੱਲੇਵਾਲ, ਸਰਪੰਚ ਬੂਟਾ ਸਿੰਘ ਤੂਰ, ਸਰਪੰਚ ਮਹਿੰਗਾ ਸਿੰਘ ਝੂੰਜ, ਸਰਪੰਚ ਜੋਗਾ ਸਿੰਘ ਤਨਾਣਾ, ਬਿੱਲਾਂ ਸਿੰਘ, ਬਗੀਚਾ ਸਿੰਘ, ਗੌਪੀ ਸਿੰਘ, ਪਿੰਡ ਚੂਚਕਵਾਲ ਦੇ ਗੁਰਵਿੰਦਰ ਸਿੰਘ ਆਦਿ ਹਾਜ਼ਰ ਸਨ।

# ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸ਼ਾਨਦਾਰ ਗ੍ਰੈਜੂਏਸ਼ਨ ਸਮਾਰੋਹ





ਮੰਡੀ ਗੋਬਿੰਦਗੜ੍ਹ, 27 ਜੂਨ: ਦੇਸ਼ ਭਗਤ ਯੂਨੀਵਰਸਿਟੀ (ਡੀਬੀਯੂ) ਵੱਲੋਂ ਆਪਣੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਗ੍ਰੈਜੂਏਸ਼ਨ ਅਤੇ ਪਾਸਿੰਗ ਆਊਟ ਸਮਾਰੋਹ ਕੀਤਾ ਗਿਆ । ਇਹ ਸਮਾਗਮ ਯੂਨੀਵਰਸਿਟੀ ਦੇ ਵਿਭਿੰਨ ਅੰਤਰਰਾਸ਼ਟਰੀ ਵਿਦਿਆਰਥੀ ਭਾਈਚਾਰੇ ਦੀ ਅਕਾਦਮਿਕ ਯਾਤਰਾ ਵਿੱਚ ਇੱਕ ਮਾਣਮੱਤਾ ਮੀਲ ਪੱਥਰ ਹੈ।ਇਸ ਮੌਕੇ ਕੁੱਲ 10 ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਪੋਸਟ ਗ੍ਰੈਜੂਏਟ, ਗ੍ਰੈਜੂਏਟ ਅਤੇ ਡਿਪਲੋਮਾ ਪ੍ਰੋਗਰਾਮਾਂ ਵਿੱਚ ਡਿਗਰੀਆਂ ਅਤੇ ਡਿਪਲੋਮੇ ਪ੍ਰਦਾਨ ਕੀਤੇ ਗਏ। ਇਹ ਗ੍ਰੈਜੂਏਟਸ ਦੱਖਣੀ ਸੂਡਾਨ, ਲਾਇਬੇਰੀਆ, ਜ਼ਿੰਬਾਬਵੇ, ਤਨਜ਼ਾਨੀਆ, ਦੱਖਣੀ ਅਫਰੀਕਾ ਅਤੇ ਨਾਈਜੀਰੀਆ ਸਮੇਤ ਕਈ ਦੇਸ਼ਾਂ ਤੋਂ ਹਨ, ਜੋ ਕਿ ਵਿਸ਼ਵਵਿਆਪੀ ਸਿੱਖਿਆ ਅਤੇ ਅੰਤਰਰਾਸ਼ਟਰੀ ਸਹਿਯੋਗ ਪ੍ਰਤੀ ਡੀਬੀਯੂ ਦੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦੇ ਹਨ।ਇਹ ਸਮਾਰੋਹ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਦੀ ਮੌਜੂਦਗੀ ਵਿੱਚ ਕੀਤਾ ਗਿਆ, ਜਿਨ੍ਹਾਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨਾਲ ਪ੍ਰੋ.-ਚਾਂਸਲਰ ਡਾ. ਤਜਿੰਦਰ ਕੌਰ, ਪ੍ਰੈਜ਼ੀਡੈਂਟ ਡਾ: ਸੰਦੀਪ ਸਿੰਘ ਅਤੇ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ, ਅੰਤਰਰਾਸ਼ਟਰੀ ਮਾਮਲਿਆਂ ਦੇ ਨਿਰਦੇਸ਼ਕ, ਡੀਨ ਅਤੇ ਫੈਕਲਟੀ ਮੈਂਬਰ ਸ਼ਾਮਲ ਹੋਏ। ਉਨ੍ਹਾਂ ਦੀ ਮੌਜੂਦਗੀ ਨੇ ਸਮਾਗਮ ਨੂੰ ਮਾਣ ਵਧਾਇਆ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਲੀਡਰਸ਼ਿਪ ਦੇ ਅਟੁੱਟ ਸਮਰਥਨ ਨੂੰ ਹੋਰ ਮਜ਼ਬੂਤ ਕੀਤਾ।ਆਪਣੇ ਸੰਬੋਧਨ ਵਿੱਚ, ਮਹਿਮਾਨਾਂ ਨੇ ਅੰਤਰਰਾਸ਼ਟਰੀ ਗ੍ਰੈਜੂਏਟਾਂ ਦੀ ਲਗਨ, ਅਨੁਕੂਲਤਾ ਅਤੇ ਅਕਾਦਮਿਕ ਸਮਰਪਣ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਡੀਬੀਯੂ ਦੇ ਸਮਾਵੇਸ਼ੀ, ਉੱਚ-ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਨ ਦੇ ਦ੍ਰਿਸ਼ਟੀਕੋਣ 'ਤੇ ਜ਼ੋਰ ਦਿੱਤਾ ਜੋ ਵਿਦਿਆਰਥੀਆਂ ਨੂੰ ਵਿਸ਼ਵਵਿਆਪੀ ਨੇਤਾ ਅਤੇ ਪਰਿਵਰਤਨਸ਼ੀਲ ਬਣਨ ਲਈ ਸ਼ਕਤੀ ਪ੍ਰਦਾਨ ਕਰਦਾ ਹੈ।ਇਸ ਦੌਰਾਨ ਅੰਤਰਰਾਸ਼ਟਰੀ ਵਿਭਾਗ ਦੇ ਨਿਰਦੇਸ਼ਕ ਅਰੁਣ ਮਲਿਕ ਨੇ ਗ੍ਰੈਜੂਏਟਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ 'ਤੇ ਡੂੰਘਾ ਮਾਣ ਪ੍ਰਗਟ ਕੀਤਾ।ਇਸ ਪ੍ਰੋਗਰਾਮ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੁਆਰਾ ਸੱਭਿਆਚਾਰਕ ਪੇਸ਼ਕਾਰੀਆਂ ਦਾ ਪ੍ਰਦਰਸ਼ਨ ਵੀ ਕੀਤਾ ਜੋ ਕਿ ਸਮਾਰੋਹ ਦਾ ਖਿੱਚ ਦਾ ਕੇਂਦਰ ਰਿਹਾ, ਜਿਸ ਤੋਂ ਬਾਅਦ ਦਿਨ ਨੂੰ ਯਾਦ ਕਰਨ ਲਈ ਸਮੂਹ ਫੋਟੋਆਂ ਵੀ ਖਿੱਚੀਆਂ ਗਈਆਂ।

# ਮਜੀਠੀਆ ਨਾਲ ਨਿੱਜੀ ਰੰਜਿਸ਼ਾਂ ਪੁਗਾ ਰਹੀ ਹੈ ਆਪ ਸਰਕਾਰ : ਮੁੱਛਲ

ਚੌਂਕ ਮਹਿਤਾ 26 ਜੂਨ - (ਬਲਜਿੰਦਰ ਸਿੰਘ ਰੰਧਾਵਾ)ਹਲਕਾ ਜੰਡਿਆਲਾ ਗੁਰੂ ਤੋਂ ਸਰਕਲ ਪ੍ਰਧਾਨ ਸੁਖਰਾਜ ਸਿੰਘ ਮੁੱਛਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਸ. ਬਿਕਰਮ ਸਿੰਘ ਮਜੀਠੀਆ ਦੇ ਘਰ ਵਿਜੀਲੈਂਸ ਵਿਭਾਗ ਵੱਲੋਂ ਕੀਤੀ ਗਈ ਅਨੈਤਿਕ ਕਾਰਵਾਈ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਇਸਨੂੰ ਪੰਜਾਬ ਸਰਕਾਰ ਦੀ ਬੁਖਲਾਹਟ ਅਤੇ ਸਿਆਸੀ ਦੁਸ਼ਮਣੀ ਤੋਂ ਪ੍ਰੇਰਿਤ ਕਦਮ ਕਰਾਰ ਦਿੱਤਾ ਹੈ।ਸੁਖਰਾਜ ਸਿੰਘ ਮੁੱਛਲ ਅਤੇ ਉਨ੍ਹਾਂ ਦੇ ਸਾਥੀਆਂ ਨੇ ਜਾਰੀ ਬਿਆਨ ਵਿੱਚ ਕਿਹਾ ਕਿ ਇਕ ਲੋਕਤੰਤਰ ਵਿਚ ਕਿਸੇ ਵੀ ਜਨਤਕ ਆਗੂ ਨੂੰ ਧੱਕੇਸ਼ਾਹੀ ਦੇ ਅੰਦਾਜ਼ ਵਿਚ ਗ੍ਰਿਫਤਾਰ ਕਰਨਾ ਬੇਹੱਦ ਨਿੰਦਣਯੋਗ ਹੈ। ਸ. ਮਜੀਠੀਆ ਸਿਰਫ ਸਿਆਸੀ ਆਗੂ ਹੀ ਨਹੀਂ, ਸਗੋਂ ਪਰਿਵਾਰਕ ਤੇ ਸਮਾਜਿਕ ਤੌਰ ਉਤੇ ਵੀ ਲੋਕਾਂ ਵਿੱਚ ਆਪਣੀ ਵਧੀਆ ਪਛਾਣ ਰੱਖਦੇ ਹਨ। ਉਨ੍ਹਾਂ ਦੀ ਪਤਨੀ ਬੀਬੀ ਗਨੀਵ ਕੌਰ ਮਜੀਠੀਆ ਵੀ ਲੋਕਤੰਤਰੀ ਢੰਗ ਨਾਲ ਚੁਣੀ ਗਈ ਮੌਜੂਦਾ ਵਿਧਾਇਕ ਹਨ, ਜਿਸ ਦੇ ਬਾਵਜੂਦ ਮਜੀਠੀਆ ਪਰਿਵਾਰ ਦੇ ਘਰ ਬਿਨਾਂ ਕਿਸੇ ਨੋਟਿਸ ਦੇ ਹੰਕਾਰੀ ਢੰਗ ਨਾਲ ਘੁਸਪੈਠ ਕਰਨਾ ਸਰਕਾਰ ਦੀ ਘਟੀਆ ਸੋਚ ਨੂੰ ਬਿਆਨ ਕਰਦਾ ਹੈ ਉਨ੍ਹਾਂ ਕਿਹਾ ਕਿ ਧੀਆਂ-ਭੈਣਾਂ ਨੂੰ ਡਰਾਉਣਾ, ਉਨ੍ਹਾਂ ਨਾਲ ਬਦਸਲੂਕੀ ਕਰਨੀ ਅਤੇ ਇੱਕ ਚੁਣੀ ਹੋਈ ਪ੍ਰਤੀਨਿਧੀ ਨਾਲ ਬੇਅਦਬੀ ਵਾਲਾ ਵਿਵਹਾਰ ਕਰਨਾ ਪੰਜਾਬੀ ਸੱਭਿਆਚਾਰ ਅਤੇ ਨੈਤਿਕ ਕਦਰਾਂ ਕੀਮਤਾਂ ਦੇ ਖਿਲਾਫ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਜਾਂਚ ਜਾ ਪੁੱਛਗਿੱਛ ਕਰਨੀ ਸੀ ਤਾਂ ਉਸ ਲਈ ਕਾਨੂੰਨੀ ਢੰਗ ਤਰੀਕਾ ਅਪਣਾਇਆ ਜਾਣਾ ਚਾਹੀਦਾ ਹੈ। ਲੋਕਤੰਤਰ ਅਤੇ ਨੈਤਿਕ ਮੁੱਲਾਂ ਦੀ ਉਲੰਘਣਾ ਪੁਲਿਸ ਪ੍ਰਸ਼ਾਸਨ ਅਤੇ ਸਰਕਾਰ ਦੀ ਬਦਲਾਖੋਰੀ ਦੀ ਭਾਵਨਾ ਉਜਾਗਰ ਕਰਦੀ ਹੈ।ਉਨ੍ਹਾਂ ਦੇ ਨਾਲ ਸਰਪੰਚ ਸੁਖਵਿੰਦਰ ਸਿੰਘ ਸਰਕਲ ਪ੍ਰਧਾਨ,ਗੁਰਭੇਜ ਸਿੰਘ ਜਨਰਲ ਕੌਂਸਲ ਮੈਂਬਰ ਜੱਬੋਵਾਲ,ਪ੍ਰਬਦਿਆਲ ਸਿੰਘ ਸਰਜਾ ਸਾਬਕਾ ਸਰਪੰਚ,ਗੁਰਪ੍ਰੀਤ ਸਿੰਘ ਕੋਟਲ ?ਾ ਸਾਬਕਾ ਸਰਪੰਚ,ਤਜਿੰਦਰ ਸਿੰਘ ਬੇਰੀਆਣਾ ਸਾਬਕਾ ਸਰਪੰਚ,ਬਲਦੇਵ ਸਿੰਘ ਰਾਏ ਖੁਰਦ ਸਾਬਕਾ ਸਰਪੰਚ,ਰਣਬੀਰ ਸਿੰਘ ਰਾਣਾ ਸੈਦਪੁਰ,ਗੁਰਵਿੰਦਰ ਸਿੰਘ,ਰਮਿੰਦਰ ਸਿੰਘ ਕੋਟ ਹਯਜ,ਪਰਮਜੀਤ ਸਿੰਘ ਭੱਟੀਕੇ ਸਾਬਕਾ ਸਰਪੰਚ ਆਦਿ ਹਾਜ਼ਰ ਸਨ

# ਆਪ 2027 'ਚ ਮੁੜ ਸਰਕਾਰ ਬਣਾਵੇਗੀ : ਸਾਬਾ ਭੱਟੀ



ਧਾਰੀਵਾਲ 27 ਜੂਨ (ਅਸ਼ੋਕ ਕੁਮਾਰ) ਆਮ ਆਦਮੀ ਪਾਰਟੀ ਜਿਲ੍ਹਾ ਗੁਰਦਾਸਪੁਰ ਦੇ ਜਿਲਾ ਜਨਰਲ ਸਕੱਤਰ (ਘੱਟ ਗਿਣਤੀ ) ਸਾਬਾ ਭੱਟੀ ਨੇ ਕਿਹਾ ਕਿ ਪਿੰਡਾਂ ਵਿੱਚ ਯੂਥ ਦੀਆਂ ਮੀਟਿੰਗਾਂ ਕਰਕੇ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ 2027 ਚ ਫਿਰ ਦੁਬਾਰਾ ਰਿਪੀਟ ਹੋਵੇਗੀ ਕਿਉਂਕਿ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਜੀ ਅਤੇ ਸੀ ਐਮ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਪੰਜਾਬ ਵਿੱਚ ਬਹੁਤ ਜਿਆਦਾ ਵਿਕਾਸ ਹੋਣ ਕਰਕੇ ਲੋਕ ਆਮ ਆਦਮੀ ਪਾਰਟੀ ਦੇ ਕੰਮਾਂ ਤੋਂ ਬਹੁਤ ਖੁਸ਼ ਹਨ ਜਿਹਦੇ ਕਰਕੇ ਲੋਕ 2027 ਵਿੱਚ ਦੁਬਾਰਾ ਸਰਕਾਰ ਆਮ ਆਦਮੀ ਪਾਰਟੀ ਦੀ ਬਣੇਗੀ ਤੈ ਹੈ

# ਭਗਤ ਸਿੰਘ ਫੁੱਟਬਾਲ ਕਲੱਬ ਵੱਲੋਂ ਫੁੱਟਬਾਲ ਦੀ ਦਿੱਤੀ ਜਾ ਰਹੀ ਟਰੇਨਿੰਗ



ਗੜ੍ਹਸ਼ੰਕਰ 27 ਜੂਨ ( ਅਜਮੇਰ ਸਿੰਘ ਭਨੋਟ) ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦੇ ਮਕਸਦ ਨਾਲ ਪਿਛਲੇ ਸਾਲਾ ਦੀ ਤਰ੍ਹਾਂ ਇਸ ਸਾਲ ਵੀ ਸ਼ਹੀਦ-ਏ-ਆਜ਼ਮ ਸ.ਭਗਤ ਸਿੰਘ ਫੁੱਟਬਾਲ ਕਲੱਬ ਵੱਲੋਂ ਗੜ੍ਹਸ਼ੰਕਰ ਵਿਖੇ ਤੀਸਰਾਂ ਸਮਰ ਫੁੱਟਬਾਲ ਕੋਚਿੰਗ ਕੈਂਪ ਲਗਾਕੇ ਬੱਚਿਆਂ ਨੂੰ ਫੁੱਟਬਾਲ ਦੀ ਟਰੇਨਿੰਗ ਦਿੱਤੀ ਜਾ ਰਹੀ ਹੈ। ਇਸ ਕੋਚਿੰਗ ਕੈਂਪ ਵਿੱਚ 5 ਤੋਂ ਲੈਕੇ 17 ਸਾਲ ਤੱਕ ਦੇ ਬੱਚਿਆਂ ਨੂੰ ਸ਼ਾਮ ਸਾਡੇ 5 ਤੋਂ ਸਾਡੇ 7 ਤੱਕ ਮੁਫਤ ਦੇ ਵਿੱਚ ਫੁੱਟਬਾਲ ਦੀ ਟ$ਰੇਨਿੰਗ ਦਿੱਤੀ ਜਾ ਰਹੀ ਹੈ, ਜਿਸਦੇ ਲਈ ਪ੍ਰਬੰਧਕ ਕਮੇਟੀ ਵਲੋਂ ਇੱਕ ਕੋਚ ਵੀ ਨਿਯੁਕਤ ਕੀਤਾ ਗਿਆ ਹੈ। ਕੈਂਪ ਵਾਰੇ ਜਾਣਕਾਰੀ ਦਿੰਦੇ ਹੋਏ ਪਰਮਜੀਤ ਸਿੰਘ ਪੰਮਾ ਕਮੇਟੀ ਮੈਂਬਰ ਨੇ ਦੱਸਿਆ ਕਿ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਫੁੱਟਬਾਲ ਕਲੱਬ ਦੇ ਪ੍ਰਧਾਨ ਐਡਵੋਕੇਟ ਜਸਵੀਰ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਕੂਲ ਵਿੱਚ ਪੜ੍ਹਨ ਵਾਲੇ ਬੱਚਿਆਂ ਨੂੰ ਗਰਮੀ ਦੀਆਂ ਛੁੱਟੀਆਂ ਦੁਰਾਨ ਫੁੱਟਬਾਲ ਦੀ ਟ$ਰੇਨਿੰਗ ਦੇਣ ਲਈ ਇਹ ਕੈਂਪ ਲਗਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਵਾਰ ਇਸ ਕੈਂਪ ਦੇ ਵਿੱਚ ਇਲਾਕੇ ਤੋਂ 80 ਦੇ ਕਰੀਬ ਬੱਚੇ ਫੁੱਟਬਾਲ ਦੀ ਟ$ਰੇਨਿੰਗ ਲੈ ਰਹੇ ਹਨ ਅਤੇ ਇਸ ਸਮਰ ਕੈਂਪ ਦੇ ਵਿੱਚ ਹਿਸਾ ਲੈਣ ਵਾਲੇ ਬੱਚਿਆਂ ਲਈ ਰਿਫਰੇਸਮੈਂਟ ਦਾ ਖ਼ਾਸ ਪ੍ਰਬੰਧ ਕੀਤਾ ਹੈ। ਉਨ੍ਹਾਂ ਅੱਗੇ ਦੱਸਿਆ ਕਿ 30 ਜੂਨ ਨੂੰ ਇਸ ਸਮਰ ਕੈਂਪ ਦੇ ਅਖੀਰਲੇ ਦਿਨ ਸਮਰ ਕੈਂਪ ਦੇ ਸਰਟੀਫਿਕੇਟ ਅਤੇ ਮੈਡਲ ਵੀ ਦਿੱਤੇ ਜਾਣਗੇ।ਉਨ੍ਹਾਂ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਲਈ ਸੀਨੀਅਰ ਸੈਕੰਡਰੀ ਸਕੂਲ ਗੜ੍ਹਸ਼ੰਕਰ ਦੀ ਗਰਾਊਂਟ ਵਿੱਚ ਭੇਜਕੇ ਸਮਰ ਕੈਂਪ ਦਾ ਲਾਹਾ ਲੈਣ।

# ਬਦਲਾਖੋਰੀ ਦੀ ਭਾਵਨਾ ਨਾਲ ਮਜੀਠੀਆ ਤੇ ਦਰਜ ਕੀਤਾ ਮਾਮਲਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ : ਜਥੇਦਾਰ ਰਿਆ



ਫਤਿਹਗੜ ਸਾਹਿਬ, 27 ਜੂਨ (ਹਰਪ੍ਰੀਤ ਕੌਰ ਟਿਵਾਣਾ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਅਵਤਾਰ ਸਿੰਘ ਰਿਆ ਨੇ ਸ਼੍ਰੋਮਣੀ ਅਕਾਲੀ ਦਲ ਦੇ ਜੁਝਾਰੂ ਆਗੂ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਪੰਜਾਬ ਸਰਕਾਰ ਦੀ ਸ਼ਹਿ ਤੇ ਦਰਜ ਕੀਤੇ ਗਏ ਮਾਮਲੇ ਤੇ ਸਖਤ ਇਤਰਾਜ ਪ੍ਰਗਟ ਕਰਦਿਆਂ ਕਿਹਾ ਕਿ ਇਹ ਮਾਮਲਾ ਬਦਲਾਖੋਰੀ ਦੀ ਰਾਜਨੀਤੀ ਦੇ ਤਹਿਤ ਕੀਤਾ ਗਿਆ ਹੈ, ਜਿਸ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨਾਂ ਕਿਹਾ ਕਿ ਭਾਵੇਂ ਬਿਕਰਮ ਸਿੰਘ ਮਜੀਠੀਆ ਤੇ ਆਮਦਨ ਤੋਂ ਵੱਧ ਖਰਚ ਦੇ ਦੋਸ਼ ਐਫਆਈਆਰ ਵਿੱਚ ਲਗਾਏ ਗਏ ਹਨ ਪ੍ਰੰਤੂ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਨਸ਼ਿਆਂ ਦੇ ਮਾਮਲੇ ਨਾਲ ਜੋੜ ਕੇ ਸ਼੍ਰੋਮਣੀ ਅਕਾਲੀ ਦਲ ਦੀ ਸ਼ਾਖ ਨੂੰ ਬਦਨਾਮ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਤੋਂ ਪੰਜਾਬ ਨਿਵਾਸੀ ਚੰਗੀ ਤਰ੍ਹਾਂ ਵਾਕਿਫ ਹਨ। ਜਥੇਦਾਰ ਰਿਆ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਜੁਝਾਰੂ ਆਗੂ ਬਿਕਰਮ ਸਿੰਘ ਮਜੀਠੀਆ ਸਰਕਾਰ ਦੇ ਖਿਲਾਫ ਸੱਚ ਬੋਲ ਕੇ ਲੋਕਾਂ ਵਿੱਚ ਸਰਕਾਰ ਵਿਰੋਧੀ ਨੀਤੀਆਂ ਦਾ ਪਰਦਾਫਾਸ਼ ਕਰਦੇ ਆ ਰਹੇ ਹਨ ਜਿਸ ਨੂੰ ਦੇਖਦਿਆਂ ਹੋਇਆਂ ਬੁਖਲਾਹਟ ਵਿੱਚ ਆ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਮਜੀਠੀਆ ਨੂੰ ਸਾਜਿਸ਼ ਦੇ ਤਹਿਤ ਫਸਾ ਕੇ ਮਾਮਲਾ ਦਰਜ ਕੀਤਾ ਗਿਆ ਤਾਂ ਕਿ ਮਜੀਠੀਆ ਦੀ ਆਵਾਜ਼ ਨੂੰ ਦਬਾਇਆ ਜਾ ਸਕੇ । ਉਹਨਾਂ ਕਿਹਾ ਕਿ ਇਹ ਕਿਸੇ ਵੀ ਹਾਲਤ ਵਿੱਚ ਨਹੀਂ ਹੋਵੇਗਾ ਕਿ ਸੱਚ ਨੂੰ ਦਬਾਇਆ ਜਾ ਸਕ

# ਦੁਨਿਆਵੀ ਸਿੱਖਿਆ ਦੇ ਨਾਲ-ਨਾਲ ਅਧਿਆਤਮਿਕਤਾ ਦਾ ਗਿਆਨ ਵੀ ਜ਼ਰੂਰੀ ਹੈ: ਮਹੰਤ ਪ੍ਰਵੀਨ ਜੀ

ਲੁਧਿਆਣਾ 27 ਜੂਨ (ਕਰਨੈਲ ਸਿੰਘ ਐੱਮ.ਏ.) ਮਹੰਤ ਪ੍ਰਵੀਨ ਜੀ ਦੀ ਅਗਵਾਈ ਹੇਠ ਮਾਂ ਬਗਲਾਮੁਖੀ ਧਾਮ ਵਿੱਚ ਸੁਖ-ਸਮ੍ਰਿਤੀ ਯੱਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸ਼ਰਧਾਲੂਆਂ ਨੇ ਆਹੂਤੀਆਂ ਪਾ ਕੇ ਮਾਂ ਬਗਲਾਮੁਖੀ ਦੇ ਚਰਨਾਂ ਵਿੱਚ ਸੁੱਖ-ਸਮ੍ਰਿਤੀ ਲਈ ਪ੍ਰਾਰਥਨਾ ਕੀਤੀ। ਇਸ ਦੌਰਾਨ ਮਹੰਤ ਪ੍ਰਵੀਨ ਜੀ ਨੇ ਕੰਜਕ ਪੂਜਾ ਕੀਤੀ ਅਤੇ ਸ਼ਰਧਾਲੂਆਂ ਨੂੰ ਮਾਂ ਬਗਲਾਮੁਖੀ ਧਾਮ ਦੇ ਵਿਸਥਾਰ ਲਈ ਜ਼ਮੀਨ ਦਾਨ ਕਰਨ ਦਾ ਪ੍ਰਣ ਕਰਵਾਇਆ। ਮਾਂ ਬਗਲਾਮੁਖੀ ਧਾਮ ਦੇ ਸੰਕੀਰਤਨ ਮੰਡਲ ਨੇ ਮਾਂ ਬਗਲਾਮੁਖੀ ਦੀ ਉਸਤਤ ਵਿੱਚ ਭਜਨ ਪੇਸ਼ ਕਰਕੇ ਸ਼ਰਧਾਲੂਆਂ ਨੂੰ ਮੰਤਰਮੁਗਧ ਕੀਤਾ। ਧਾਮ ਦੇ ਸੇਵਕਾਂ ਨੇ ਮਾਂ ਭਗਵਤੀ ਦੇ ਪੈਰਾਂ ਨੂੰ ਛੂਹ ਕੇ ਤਿਆਰ ਕੀਤਾ ਗਿਆ ਚਰਨਾਮ੍ਰਿਤ ਅਤੇ ਮਾਤਾ ਨੂੰ ਪ੍ਰਸ਼ਾਦ ਵਜੋਂ ਭੇਟ ਕੀਤੇ ਗਏ । ਕਈ ਤਰ੍ਹਾਂ ਦੇ ਪਕਵਾਨ ਭਗਤਾਂ ਨੂੰ ਵੰਡੇ। ਜੀਵਨ ਵਿੱਚ ਸੁੱਖ ਅਤੇ ਦੁੱਖ ਦੀ ਚਰਚਾ ਕਰਦੇ ਹੋਏ ਮਹੰਤ ਪ੍ਰਵੀਨ ਜੀ ਨੇ ਕਿਹਾ ਕਿ ਜੀਵਨ ਵਿੱਚ ਸੁੱਖ ਅਤੇ ਦੁੱਖ ਦਾ ਆਉਣਾ-ਜਾਣਾ ਸਰਦੀਆਂ ਅਤੇ ਗਰਮੀਆਂ ਦੇ ਆਉਣ-ਜਾਣ ਵਾਂਗ ਹੈ। ਹਰ ਕੋਈ ਖੁਸ਼ ਰਹਿਣਾ ਚਾਹੁੰਦਾ ਹੈ ਪਰ ਕੋਈ ਇਹ ਜਾਣਨ ਦੀ ਕੋਸ਼ਿਸ਼ ਨਹੀਂ ਕਰਦਾ ਕਿ ਇਸਨੂੰ ਕਿਵੇਂ ਪ੍ਰਾਪਤ ਕਰਨਾ ਹੈ, ਇਸ ਲਈ ਖੁਸ਼ੀ ਵਿੱਚ ਖੁਸ਼ ਰਹਿਣਾ ਅਤੇ ਦੁੱਖ ਵਿੱਚ ਸਹਿਣ ਕਰਨਾ ਸਿੱਖੋ। ਮਾਂ ਬਗਲਾਮੁਖੀ ਦੀ ਪੂਜਾ ਕਰੋ। ਉਨ੍ਹਾਂ ਕਿਹਾ ਕਿ ਜਿਸ ਨੇ ਬੁਰੀਆਂ ਇੱਛਾਵਾਂ ਅਤੇ ਲਾਲਚ ਨੂੰ ਛੱਡ ਦਿੱਤਾ ਹੈ, ਉਸਨੂੰ ਸ਼ਾਂਤੀ ਮਿਲਦੀ ਹੈ। ਕੋਈ ਵੀ ਇੱਛਾਵਾਂ ਤੋਂ ਮੁਕਤ ਨਹੀਂ ਹੋ ਸਕਦਾ। ਪਰ ਇੱਛਾਵਾਂ ਦੇ ਗੁਣ ਨੂੰ ਬਦਲਣਾ ਪਵੇਗਾ। ਮਹੰਤ ਪ੍ਰਵੀਨ ਜੀ ਨੇ ਹਵਨ ਯੱਗ ਲਈ ਆਏ ਸਕੂਲੀ ਬੱਚਿਆਂ ਨੂੰ ਸੰਦੇਸ਼ ਦਿੰਦੇ ਹੋਏ ਕਿਹਾ ਕਿ ਸੰਸਾਰਿਕ ਸਿੱਖਿਆ ਦੇ ਨਾਲ-ਨਾਲ ਅਧਿਆਤਮਿਕਤਾ ਦਾ ਗਿਆਨ ਵੀ ਜ਼ਰੂਰੀ ਹੈ। ਜਿਸ ਤਰ੍ਹਾਂ ਮਨੁੱਖਾਂ ਲਈ ਸਕੂਲੀ ਸਿੱਖਿਆ ਦਾ ਗਿਆਨ ਜ਼ਰੂਰੀ ਹੈ। ਇਸੇ ਤਰ੍ਹਾਂ, ਸਕੂਲੀ ਸਿੱਖਿਆ ਦੇ ਨਾਲ-ਨਾਲ ਪਰਿਵਾਰਕ ਰਿਸ਼ਤਿਆਂ ਦੀ ਸ਼ਾਨ ਅਤੇ ਸੰਸਕਾਰਾਂ ਦੇ ਗਿਆਨ ਲਈ ਧਰਮ ਪ੍ਰਤੀ ਵਫ਼ਾਦਾਰੀ ਵੀ ਜ਼ਰੂਰੀ ਹੈ। ਧਾਰਮਿਕ ਗਿਆਨ ਤੋਂ ਬਿਨਾਂ ਸੰਸਾਰਿਕ ਗਿਆਨ ਅਧੂਰਾ ਹੈ। ਇਸ ਦੌਰਾਨ ਸਕੂਲੀ ਬੱਚਿਆਂ ਨੇ ਮਾਂ ਬਗਲਾਮੁਖੀ ਚਾਲੀਸਾ ਦਾ ਪਾਠ ਕਰਕੇ ਆਪਣੇ ਆਪ ਨੂੰ ਸਮਰਪਿਤ ਕਰ ਦਿੱਤਾ। ਇਸ ਮੌਕੇ ਸੁਨੀਲ ਮਹਾਜਨ, ਰਮਨ ਘਈ, ਜਤਿੰਦਰ ਸੂਦ, ਵਿਜੇ ਗੁਪਤਾ, ਪੁਰਸ਼ੋਤਮ ਚੌਧਰੀ, ਸੁਧੀਰ ਮਹਾਜਨ, ਸੁਨੀਲ ਹਾਂਡਾ, ਗੌਤਮ ਸਚਦੇਵਾ, ਸੰਦੀਪ ਸੂਦ, ਜਤਿਨ ਸੂਦ, ਮਨੀਸ਼ ਗੁਪਤਾ, ਧੀਰਜ ਗੁਪਤਾ,ਰਾਕੇਸ਼ ਪਾਸੀ,ਸੁਨੀਲ ਪਾਸੀ, ਰਾਜ ਸੋਲੰਕੀ, ਬੋਬੀ ਗੱਬਰੂ, ਆਰ.ਮਹਿਕਮਾਲ, ਡੀ.ਮਹਿਕੜਾ, ਡੀ. ਤਰੁਣ ਚੌਧਰੀ, ਤਰੁਣ ਜੈਨ ਸੁਰਾਣਾ, ਤਜਿੰਦਰ ਮਿਗਲਾਨੀ, ਵੇਦ ਲੂਥਰਾ, ਰਮਨ ਸ਼ਰਮਾ, ਰਾਕੇਸ਼ ਖੇੜਾ, ਹਰਮੋਹਨ ਮਲਹੋਤਰਾ, ਜਨਕ ਰਾਜ ਸਿੰਗਲਾ, ਰੋਹਿਤ ਸ਼ਰਮਾ, ਸੋਮਨਾਥ ਸ਼ਰਮਾ, ਪ੍ਰਵੇਸ਼ ਚੱਡਾ, ਸਤਵਿੰਦਰ ਠਾਕੁਰ, ਰਾਜਿੰਦਰ ਵਾਲੀਆ, ਵਰੁਣ ਚੋਪੜਾ, ਆਦਿਤਿਆ ਗੁਪਤਾ, ਪੰਡਿਤ ਸ਼ਰਮਾ, ਵਰੁਣ ਭੂਪਿੰਦਰ, ਵਰੁਣ ਭੂਪਿੰਦਰ, ਵਰੁਣ ਬਾਂਦਰ, ਵਰੁਣ ਠਾਕੁਰ, ਅਰੁਣ ਮਹਿਤਾ, ਗੁਨੀਤ ਖੇੜਾ ਆਦਿ ਹਾਜ਼ਰ ਸਨ।

# 29 ਜੂਨ ਨੂੰ ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਦਾ ਹੋਵੇਗਾ ਅਹੁਦਾ ਸੰਭਾਲ ਸਮਾਰੋਹ



ਬਟਾਲਾ, 27 ਜੂਨ ( ਸੁਖਦੇਵ ਸਿੰਘ ਰੰਦਾਵਾ ਬਲਬੀਰ ਸੋਹਲ)- ਪੰਜਾਬ ਦੇ ਇੰਚਾਰਜ ਮੁਨੀਸ਼ ਸਿਸੋਦੀਆ, ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ, ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਰਾਜਵੀਰ ਸਿੰਘ ਘੁੰਮਣ ਓ.ਐਸ.ਡੀ ਮੁੱਖ ਮੰਤਰੀ ਪੰਜਾਬ, ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਅਤੇ ਵਿਧਾਇਕ ਸੰਜੀਵ ਅਰੋੜਾ ਦੀ ਮੌਜੂਦਗੀ ਵਿੱਚ 29 ਜੂਨ ਦਿਨ ਐਤਵਾਰ ਨੂੰ ਸੌਂਦ ਵਿਲ੍ਹਾ, ਨੇੜੇ ਖਤੀਬ ਬਾਈਪਾਸ ਬਟਾਲਾ ਵਿਖੇ ਸਵੇਰੇ 10 ਵਜੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਦਾ ਅਹੁਦਾ ਸੰਭਾਲ ਸਮਾਰੋਹ ਹੋਵੇਗਾ ਅਤੇ ਨਾਲ ਹੀ ਪਲੇਠੀ ਜ਼ਿਲ੍ਹਾ ਵਰਕਰ ਮੀਟਿੰਗ ਕੀਤੀ ਜਾਵੇਗੀ। ਇਹ ਜਾਣਕਾਰੀ ਯਸ਼ਪਾਲ ਚੌਹਾਨ , ਚੇਅਰਮੈਨ ਇੰਪਰੂਵਮੈਂਟ ਟਰੱਸਟ ਬਟਾਲਾ ਤੇ ਬਟਾਲਾ ਹਲਕੇ ਦੇ ਨਵ-ਨਿਯੁਕਤ ਸੰਗਠਨ ਇੰਚਾਰਜ ਅਤੇ ਨਵ ਨਿਯੁਕਤ ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਨੇ ਬਟਾਲਾ ਕਲੱਬ ਵਿਖੇ ਪੱਤਰਕਾਰਾਂ ਨਾਲ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਦਿੱਤੀ। ਇਸ ਮੌਕੇ ਚੇਅਰਮੈਨ ਬਲਜੀਤ ਸਿੰਘ, ਮੁਖਦੇਵ ਸਿੰਘ ਆਲੋਵਾਲ ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ, ਅਰਸ਼ਦੀਪ ਸਿੰਘ, ਨਸ਼ਾ ਮੁਕਤੀ ਮੋਰਚਾ ਗੁਰਦਾਸਪੁਰ ਦੇ ਵਾਈਸ ਕੁਆਰਡੀਨੇਟਰ, ਮਹਿਕਪਰੀਤ ਸਿੰਘ ਯੂਥ ਆਗੂ ਅਤੇ ਪ੍ਰਧਾਨ ਸੋਨਾ ਬਾਜਵਾ ਵੀ ਮੌਜੂਦ ਸਨ। ਪੱਤਰਕਾਰਾਂ ਨਾਲ ਗੱਲ ਕਰਦਿਆਂ ਉਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ, ਪੰਜਾਬ ਪ੍ਰਧਾਨ ਅਮਨ ਅਰੋੜਾ, ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਕਲਸੀ ਸਮੇਤ ਸਮੁੱਚੀ ਹਾਈ ਕਮਾਂਡ ਵਲੋਂ ਪਾਰਟੀ ਦੇ ਵਲੰਟੀਅਰਾਂ ਦਾ ਪੂਰਾ ਮਾਨ ਸਤਿਕਾਰ ਕੀਤਾ ਜਾ ਰਿਹਾ ਹੈ ਅਤੇ ਆਪ ਪਾਰਟੀ ਆਮ ਲੋਕਾਂ ਦੀ ਪਾਰਟੀ ਹੈ।ਉਨਾਂ ਨੇ ਅੱਗੇ ਕਿਹਾ ਕਿ ਜ਼ਿਲੇ ਅੰਦਰ ਆਮ ਆਦਮੀ ਪਾਰਟੀ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਇਆ ਜਾਵੇਗਾ। ਉਨਾਂ ਕਿਹਾ ਕਿ ਵਲੰਟੀਅਰ ਪਾਰਟੀ ਦੀ ਰੀੜ ਦੀ ਹੱਡੀ ਹਨ ਅਤੇ ਮਿਹਨਤ ਤੇ ਲਗਨ ਨਾਲ ਕੰਮ ਕਰਨ ਵਾਲੇ ਵਲੰਟੀਅਰ ਦਾ ਪਾਰਟੀ ਵਲੋਂ ਪੂਰਾ ਮਾਣ ਸਤਿਕਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਜਿਲ੍ਹੇ ਦੀ ਸਮੁੱਚੀ ਪਾਰਟੀ ਲੀਡਰਸ਼ਿਪ, ਪਿੰਡਾਂ ਦੇ ਪੰਚ-ਸਰਪੰਚਾਂ, ਵੱਖ-ਵੱਖ ਬਲਾਕ ਪ੍ਰਧਾਨਾਂ, ਯੂਥ ਵਿੰਗ ਦੇ ਅਹੁਦੇਦਾਰਾਂ, ਪਾਰਟੀ ਦੇ ਆਗੂ ਤੇ ਵਲੰਟੀਅਰਾਂ ਨੂੰ 29 ਜੂਨ ਨੂੰ ਸਮਾਗਮ ਵਿੱਚ ਪਹੁੰਚਣ ਦੀ ਅਪੀਲ ਕੀਤੀ। ਇਸ ਤੋਂ ਪਹਿਲਾਂ ਉਨ੍ਹਾਂ ਵਲੋਂ ਤਰਨਤਾਰਨ ਹਲਕੇ ਤੋਂ ਪਾਰਟੀ ਦੇ ਵਿਧਾਇਕ ਡਾ.ਕਸ਼ਮੀਰ ਸਿੰਘ ਸੋਹਲ ਜੀ ਦੇ ਅਚਨਚੇਤ ਹੋਈ ਮੌਤ 'ਤੇ ਦੁੱਖ ਦਾ ਇਜ਼ਹਾਰ ਕੀਤਾ ਗਿਆ ਅਤੇ ਉਨ੍ਹਾਂ ਨੂੰ ਸਰਧਾਂਜਲੀ ਭੇਂਟ ਕੀਤੀ।

# ਡਾ. ਸਿਮਰਨ ਕੌਰ ਨੇ ਡੀਸੀ ਨਾਲ ਕੀਤੀ ਮੁਲਾਕਾਤ

## ਲੋਕ ਮੁਸ਼ਕਿਲਾਂ ਨੂੰ ਲੈਕੇ ਡੀਸੀ ਗੁਰਦਾਸਪੁਰ ਨੂੰ ਜਾਣੂ ਕਰਵਾਇਆ

ਡੇਰਾ ਬਾਬਾ ਨਾਨਕ 27:ਜੂਨ(ਹੈਪੀ ਕੋਟਲੀ)ਸਰਹੱਦੀ ਇਲਾਕੇ ਚੰਗੀਆਂ ਸੇਵਾਵਾਂ ਪ੍ਰਦਾਨ ਕਰ ਰਹੇ ਨਿਊ ਬਾਵਾ ਲਾਲ ਦਿਆਲ ਜੀ ਹਸਪਤਾਲ ਦੇ ਐੱਮ ਡੀ ਅਤੇ ਨਿਸ਼ਕਾਮ ਸੇਵਾ ਗਰੁੱਪ ਦੇ ਚੇਅਰਮੈਨ ਡਾ ਸਿਮਰਨ ਕੌਰ ਅੱਜ ਡੀਸੀ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਨਾਲ ਮੁਲਾਕਾਤ ਕਰਨ ਗੁਰਦਾਸਪੁਰ ਪਹੁੰਚੇ ਇਸ ਮੌਕੇ ਡਾ ਡਾ ਸਿਮਰਨ ਕੌਰ ਕੌਰ ਵੱਲੋਂ ਡੀਸੀ ਗੁਰਦਾਸਪੁਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੁਲਾਕਾਤ ਦੌਰਾਨ ਡਾ ਸਿਮਰਨ ਕੌਰ ਵੱਲੋਂ ਸਰਹੱਦੀ ਡੇਰਾ ਬਾਬਾ ਨਾਨਕ ਲੋਕਾਂ ਮੁਸ਼ਕਿਲਾਂ ਨੂੰ ਲੈਕੇ ਡੀਸੀ ਗੁਰਦਾਸਪੁਰ ਨੂੰ ਜਾਣੂ ਕਰਵਾਇਆ ਗਿਆ।ਇਹ ਉਨ੍ਹਾਂ ਵੱਲੋਂ ਮੁਸ਼ਕਿਲਾਂ ਦਾ ਹੱਲ ਪਹਿਲ ਦੇ ਦੇ ਕਰਨ ਦਾ ਭਰੋਸਾ ਦਵਾਇਆ ਹੈ।ਇਸ ਨਾਲ ਹੀ ਡਾ ਸਿਮਰਨ ਕੌਰ ਵੱਲੋਂ ਸਰਹੱਦੀ ਇਲਾਕੇ ਡੇਰਾ ਬਾਬਾ ਨਾਨਕ ਨਿਸ਼ਕਾਮ ਸੇਵਾ ਗਰੁੱਪ ਜ਼ਰੀਏ ਗਰੀਬ,ਲੋੜਵੰਦ,ਬੇਸਹਾਰਾ ਲੋਕਾਂ ਦੀ ਨਿਰਪੱਖਤਾ ਨਾਲ ਕੀਤੀ ਜਾ ਸੇਵਾ ਦੀ ਡੀਸੀ ਗੁਰਦਾਸਪੁਰ ਵੱਲੋਂ ਜੰਮਕੇ ਸ਼ਲਾਘਾ ਕੀਤੀ ਗਈ।ਇਸ ਡਾ ਪਰਮਿੰਦਰ ਸਿੰਘ ਸੋਨੂੰ ਅਤੇ ਹੋਰ ਨਿਸ਼ਕਾਮ ਸੇਵਾ ਗਰੁੱਪ ਦੇ ਮੈਂਬਰ ਵੀ ਮੌਜੂਦ ਸਨ।

# ਰੰਧਾਵਾ ਪਰਿਵਾਰ ਨੂੰ ਸਦਮਾ-ਬਾਪੂ ਸਾਧੂ ਸਿੰਘ ਦਾ ਦੇਹਾਂਤ



ਚੌਕ ਮਹਿਤਾ,27ਜੂਨ(ਬਲਜਿੰਦਰ ਸਿੰਘ ਰੰਧਾਵਾ)ਇਲਾਕੇ ਦੇ ਸਨਮਾਨਯੋਗ ਰੰਧਾਵਾ ਪਰਿਵਾਰ ਨੂੰ ਅੱਜ ਉਸ ਵੇਲੇ ਗਹਿਰਾ ਸਦਮਾ ਲੱਗਾ ,ਜਦ ਗ੍ਰਾਮ ਪੰਚਾਇਤ ਮਹਿਤਾ ਚੌਂਕ ਦੇ ਪੰਚ ਪਰਮਜੀਤ ਸਿੰਘ ਪੰਮਾ ਦੇ ਪਿਤਾ ਤੇ ਨਿਊ ਮਾਝਾ ਪ੍ਰੈਸ ਕਲੱਬ ਦੇ ਪ੍ਰਧਾਨ ਬਲਜ਼ਿੰਦਰ ਸਿੰਘ ਬੱਲੀ ਦੇ ਤਾਇਆ ਬਾਪੂ ਸਾਧੂ ਸਿੰਘ ਦਾ ਅੱਜ ਸਵੇਰੇ ਅਚਨਚੇਤ ਦੇਹਾਂਤ ਹੋ ਗਿਆ।ਮ੍ਰਿਤਕ ਦੇਹ ਦਾ ਅੰਤਿਮ ਸਸਕਾਰ ਕਰ ਦਿੱਤਾ ਗਿਆ ਹੈ।ਇਸ ਮੌਕੇ ਸਰਪੰਚ ਅਜੇ ਗਾਂਧੀ,ਇੰਦਰਜੀਤ ਸਿੰਘ ਕਾਕੂ,ਸਾਬਕਾ ਸਰਪੰਚ ਹਰਜਿੰਦਰ ਸਿੰਘ ਜੱਜ, ਸੰਤ ਬਾਬਾ ਗੁਰਭੇਜ਼ ਸਿੰਘ ਖੁਜ਼ਾਲਾ, ਅਮਰੀਕ ਸਿੰਘ ਬਿੱਟਾ,ਗੁਰਸ਼ਰਨ ਸਿੰਘ ਖੁਜ਼ਾਲਾ, ਰਜਿੰਦਰ ਸਿੰਘ ਬਿੱਟੂ.ਜੋਗਾ ਸਿੰਘ ਵੜੈਚ,ਦਲਜੀਤ ਸਿੰਘ ਘਾਨੀ,ਅਜੀਤ ਸਿੰਘ ਬੱਬੀ,ਜੋਗਿੰਦਰਪਾਲ ਸ਼ਰਮਾ, ਲਖਵਿੰਦਰ ਸਿੰਘ ਲਾਡੀ,ਜੋਗਾ ਸਿੰਘ ਤੇ ਨਿਰਮਲ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਪਰਿਵਾਰਿਕ ਸਨੇਹੀਆਂ ਨੇ ਰੰਧਾਵਾ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

# ਬਾਬਾ ਗੁਰਦਿਆਲ ਸਿੰਘ ਬੇਦੀ ਦੀਆਂ ਅਸਥੀਆਂ ਜਲ੍ਹ ਪ੍ਰਵਾਹ



ਸ੍ਰੀ ਕੀਰਤਪੁਰ ਸਾਹਿਬ 27 ਜੂਨ (ਬੀ ਐਸ ਰਾਣਾ)ਸ੍ਰੋਮਣੀ ਕਮੇਟੀ ਦੇ ਮਰਹੂਮ ਸਾਬਕਾ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਅਤਿ ਨਜਦੀਕੀ ਸਾਥੀ ਰਹੇ ਅਤੇ ਸੰਤ ਸਮਾਜ ਦੀ ਸੂਬਾ ਕਾਰਜ ਕਾਰਨੀ ਦੇ ਮੈਂਬਰ ਸੰਤ ਬਾਬਾ ਗੁਰਦਿਆਲ ਸਿੰਘ ਬੇਦੀ (73) ਵਾਸੀ ਸ੍ਰੀ ਦਸਮੇਸ਼ ਅਕੈਡਮੀ ਸ਼ੜਕ ਸ੍ਰੀ ਅਨੰਦਪੁਰ ਸਾਹਿਬ ਦੀਆਂ ਅਸਥੀਆਂ ਗੁਰਦੁਆਰਾ ਪ੍ਰਤਾਲਪੁਰੀ ਸਾਹਿਬ ਸ੍ਰੀ ਕੀਰਤਪੁਰ ਸਾਹਿਬ ਵਿਖੇ ਜਲ੍ਹ ਪ੍ਰਵਾਹ ਕਰ ਦਿੱਤੀਆਂ ਗਈ। ਬੇਦੀ ਸਪੁੱਤਰ ਸਾਬਕਾ ਕੌਸ਼ਲਰ ਇੰਦਰਜੀਤ ਸਿੰਘ ਬੇਦੀ ਨੇ ਕਿਹਾ ਕਿ ਕੁੱਝ ਦਿਨ ਪਹਿਲਾਂ ਉਨ੍ਹਾਂ ਦੇ ਪਿਤਾ ਅਕਾਲ ਚਲਾਣਾ ਕਰ ਗਏ ਸਨ। ਇਸ ਮੌਕੇ ਸੰਤ ਬੇਦੀ ਦੀ ਧਰਮ ਪਤਨੀ ਮਾਤਾ ਅਵਤਾਰ ਕੌਰ, ਪਰਮਜੀਤ ਸਿੰਘ ਪੰਮਾ, ਅਜੀਤ ਸਿੰਘ, ਪ੍ਰੋ: ਹਰਪ੍ਰੀਤ ਸਿੰਘ, ਸੰਨੀ ਮੱਕੜ, ਜ਼ਸਵੰਤ ਸਿੰਘ ਸੈਲਾ, ਮਹਿੰਦਰ ਸਿੰਘ, ਜ਼ਸਪ੍ਰੀਤ ਕੌਰ, ਗੁਰਪ੍ਰੀਤ ਕੌਰ, ਰਕੇਸ਼ ਚੱਡਾ, ਸੁ:ਸ਼ਮਾ ਚੋਪੜਾ, ਕਿਰਨ ਬਾਲਾ, ਚਰਨਜੀਤ ਕੌਰ, ਜ਼ਸਵਿੰਦਰ ਸਿੰਘ, ਰਮਨਪ੍ਰੀਤ ਸਿੰਘ ਗਿੱਲ, ਇਕਬਾਲ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪਰਿਵਾਰਿਕ ਮੈਂਬਰ ਅਤੇ ਸਕੇ ਸਬੰਧੀ ਹਾਜਰ ਸਨ।

# ਜ਼ਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ 30 ਜੂਨ ਨੂੰ ਲੱਗੇਗਾ



ਫ਼ਤਹਿਗੜ੍ਹ ਸਾਹਿਬ, 27 ਜੂਨ: (ਹਰਪ੍ਰੀਤ ਕੌਰ ਟਿਵਾਣਾ) ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਫਤਿਹਗੜ੍ਹ ਸਾਹਿਬ ਵਲੋਂ 30 ਜੂਨ ਦਿਨ ਸੋਮਵਾਰ ਨੂੰ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ ਜਿਸ ਵਿੱਚ ਵੱਖ ਵੱਖ ਪ੍ਰਾਈਵੇਟ ਅਦਾਰਿਆਂ ਵਲੋ ਭਾਗ ਲਿਆ ਜਾਣਾ ਹੈ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਅਫਸਰ ਹਰਪ੍ਰੀਤ ਸਿੰਘ ਸਿੱਧੂ ਨੇ ਦੱਸਿਆ ਕਿ ਇਸ ਕੈਂਪ ਵਿੱਚ, ਲੜਕੇ ਅਤੇ ਲੜਕੀਆਂ, ਦੋਵੇਂ ਹੀ ਭਾਗ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਨਾਂ ਕੰਪਨੀਆਂ ਵਿੱਚ ਘੱਟੋ ਘੱਟ 12ਵੀ ਪਾਸ ਵਾਲੇ ਪ੍ਰਾਰਥੀ ਭਾਗ ਲੈ ਸਕਦੇ ਹਨ। ਇਸ ਕੈਂਪ ਲਈ ਇੰਟਰਵਿਊ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਫਤਿਹਗੜ੍ਹ ਸਾਹਿਬ ਦੇ ਕਮਰਾ ਨੰਬਰ 127, ਡੀ.ਸੀ ਕੰਪਲੈਕਸ ਗਰਾਉਂਡ ਫਲੋਰ ਵਿਖੇ ਮਿਤੀ 30/06/2025 ਨੂੰ ਸਵੇਰੇ 10.00 ਵਜੇ ਤੋਂ ਬਾਅਦ ਦੁਪਹਿਰ 01.00 ਵਜੇ ਤੱਕ ਹੋਵੇਗੀ।

# ਕਾਰਜ ਸਾਧਕ ਅਫਸਰ ਵੱਲੋਂ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਦੀ ਅਪੀਲ



ਭੋਗਪੁਰ 27 ਜੂਨ ( ਜੰਡੀਰ ਸੈਣੀ ) ਭਾਰਤ ਸਰਕਾਰ ਪ੍ਰਾਪਤ ਹਦਾਇਤਾਂ ਮੁਤਾਬਿਕ 1 ਜੁਲਾਈ ਤੋਂ 31 ਜੁਲਾਈ ਤੱਕ ਮਹਿਮ ਚਲਾਈ ਜਾ ਰਹੀ ਹੈ ◆ ਨਗਰ ਕੌਂਸਲ ਭੋਗਪੁਰ ਦੇ ਕਾਰਜ ਸਾਧਕ ਅਫਸਰ ਰਾਜੀਵ ਕੁਮਾਰ ਓਬਰਾਏ ਵੱਲੋਂ ਚੁਣੇ ਹੋਏ ਨੁਮਾਇੰਦੇ ਲੋਕਲ ਬਰਾਂਡ ਅੰਬੇਸਡਰ ਸ਼ਹਿਰ ਵਾਸੀਆਂ ਸਿਹਤ ਵਿਭਾਗ ਸਿੱਖਿਆ ਵਿਭਾਗ ਅਤੇ ਐਨ.ਜੀ.ਓਜ ਨੂੰ ਅਪੀਲ ਅਪੀਲ ਕੀਤੀ ਗਈ ਹੈ ਕੇ ਸਫਾਈ ਅਪਨਾਓ ਬਿਮਾਰੀ ਭਜਾਓ ਮਹਿਮ ਵਿੱਚ ਵੱਧ ਚੜ ਕੇ ਆਪਣਾ ਸਹਿਯੋਗ ਦੇਣ◆ਇਸ ਦੇ ਨਾਲ ਹੀ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਆਪਣੇ ਘਰਾਂ ਨੂੰ ਸਾਫ ਸੁਥਰਾ ਰੱਖਣ ਅਤੇ ਸ਼ਹਿਰ ਨੂੰ ਸਾਫ ਸੁਥਰਾ ਬਣਾਉਣ ਨਗਰ ਕੌਂਸਲ ਭੋਗਪੁਰ ਦਾ ਸਹਿਯੋਗ ਦੇਣ ਅਤੇ ਇਸ ਮਹਿਮ ਵਿੱਚ ਹਿੱਸਾ ਬਣਨ

# ਮਹਿਲਾ ਕਮਿਸ਼ਨ ਔਰਤਾਂ ਦੀ ਸੁਰੱਖਿਆ ਤੇ ਹੱਕਾਂ ਦੀ ਰਾਖੀ ਲਈ ਵਚਨਬੱਧ - ਰਾਜ ਲਾਲੀ ਗਿੱਲ

## ਪਿੰਡ ਬੱਗੇ ਕੇ ਪਿੱਪਲ ਤੇ ਖੁਸ਼ਹਾਲ ਸਿੰਘ ਵਾਲਾ ਵਿਖੇ ਦੌਰਾ ਕਰਕੇ ਸੁਣੀਆਂ ਔਰਤਾਂ ਦੀਆਂ ਸਮੱਸਿਆਵਾਂ



ਫ਼ਿਰੋਜ਼ਪੁਰ 26 ਜੂਨ :(ਤਿਵਾੜੀ) :ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਚੇਅਰਪਰਸਨ ਮੈਡਮ ਰਾਜ ਲਾਲੀ ਗਿੱਲ ਨੇ 'ਪਿੰਡ-ਪਿੰਡ ਮਹਿਲਾ ਕਮਿਸ਼ਨ' ਮੁਹਿੰਮ ਤਹਿਤ ਫ਼ਿਰੋਜ਼ਪੁਰ ਦੇ ਪਿੰਡ ਬੱਗੇ ਕੇ ਪਿੱਪਲ ਅਤੇ ਖੁਸ਼ਹਾਲ ਸਿੰਘ ਵਾਲਾ ਦਾ ਦੌਰਾ ਕੀਤਾ। ਇਸ ਮੌਕੇ ਸਹਾਇਕ ਕਮਿਸ਼ਨਰ (ਜ) ਹਰਜੋਤ ਕੌਰ ਵੀ ਹਾਜ਼ਰ ਸਨ। ਇਸ ਦੌਰਾਨ ਉਨ੍ਹਾਂ ਪਿੰਡ ਬੱਗੇ ਕੇ ਪਿੱਪਲ ਵਿਖੇ ਸਰਪੰਚ ਅਮਨਦੀਪ ਕੌਰ ਤੇ ਪਿੰਡ ਖੁਸ਼ਹਾਲ ਸਿੰਘ ਵਾਲਾ ਵਿਖੇ ਸਰਪੰਚ ਜਸਬੀਰ ਕੌਰ ਤੇ ਪਿੰਡਾਂ ਦੀਆਂ ਔਰਤਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਸਮਸਿਆਵਾਂ ਸੁਣੀਆਂ। ਚੇਅਰਪਰਸਨ ਰਾਜ ਲਾਲੀ ਗਿੱਲ ਨੇ ਕਿਹਾ ਕਿ ਕਮਿਸ਼ਨ ਹਰੇਕ ਜ਼ਿਲ੍ਹੇ ਅਤੇ ਪਿੰਡਾਂ ਵਿੱਚ ਜਾ ਕੇ ਔਰਤਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਦਾ ਨਿਪਟਾਰਾ ਕਰਨ ਨੂੰ ਤਵੱਜੋਂ ਦੇ ਰਿਹਾ ਹੈ, ਕਿਉਂਕਿ ਕਈ ਪੀੜਤ ਮਹਿਲਾਵਾਂ ਮੋਹਾਲੀ ਵਿਖੇ ਕਮਿਸ਼ਨ ਤੱਕ ਆਪਣੀ ਪਹੁੰਚ ਨਹੀਂ ਕਰ ਪਾਉਂਦੀਆਂ, ਇਸ ਲਈ ਕਮਿਸ਼ਨ ਵੱਲੋਂ ਜ਼ਿਲ੍ਹਿਆਂ ਅੰਦਰ ਹੀ ਲੋਕ ਅਦਾਲਤ ਲਗਾ ਕੇ ਮੁਸ਼ਕਿਲਾਂ ਨੂੰ ਸੁਣਿਆ ਜਾਂਦਾ ਹੈ ਤੇ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਮੌਕੇ 'ਤੇ ਹੀ ਨਿਪਟਾਰਾ ਹੋ ਸਕੇ। ਉਨ੍ਹਾਂ ਕਿਹਾ ਕਿ ਕਮਿਸ਼ਨ ਬਿਨਾਂ ਕਿਸੇ ਸਿਆਸੀ ਦਬਾਅ ਦੇ ਨਿਰਪੱਖ ਹੋ ਕੇ ਕੇਸਾਂ ਦੀ ਜਾਂਚ ਕਰਦਾ ਹੈ ਉਨ੍ਹਾਂ ਮਹਿਲਾਵਾਂ ਦੀ ਸਿੱਖਿਆ 'ਤੇ ਵਿਸ਼ੇਸ਼ ਜ਼ੋਰ ਦਿੰਦਿਆਂ ਕਿਹਾ ਕਿ ਔਰਤਾਂ ਪੜ੍ਹ ਲਿਖ ਕੇ ਚੰਗੇ ਮੁਕਾਮਾਂ 'ਤੇ ਪਹੁੰਚ ਰਹੀਆਂ ਹਨ ਅਤੇ ਸੂਬੇ ਦੀ ਤਰੱਕੀ ਵਿੱਚ ਯੋਗਦਾਨ ਪਾ ਰਹੀਆਂ ਹਨ। ਉਨ੍ਹਾਂ ਲੜਕੀਆਂ ਅਤੇ ਮਹਿਲਾਵਾਂ ਨੂੰ ਕਿਹਾ ਕਿ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਅਤੇ ਪੜ੍ਹਾਈ ਕਰ ਕੇ ਆਤਮਨਿਰਭਰ ਬਣਨ ਅਤੇ ਹੋਰਨਾਂ ਨੂੰ ਵੀ ਪ੍ਰੇਰਿਤ ਕਰਨ ਉਨ੍ਹਾਂ ਕਿਹਾ ਕਿ ਮਹਿਲਾਵਾਂ ਪਰਿਵਾਰ ਦਾ ਆਧਾਰ ਹੁੰਦੀਆਂ ਹਨ ਤੇ ਸਿਖਿਅਤ ਤੇ ਸਸ਼ਕਤ ਮਹਿਲਾਵਾਂ ਪਰਿਵਾਰ ਦੀ ਖੁਸ਼ਹਾਲੀ ਦਾ ਪ੍ਰਤੀਕ ਹੁੰਦੀਆਂ ਹਨ। ਉਨਾਂ ਨੇ ਔਰਤਾਂ ਨੂੰ ਸਿਰਫ਼ ਘਰ ਤੱਕ ਸੀਮਿਤ ਨਾ ਰਹਿ ਕੇ ਸਮਾਜ ਵਿੱਚ ਅੱਗੇ ਆਉਣ ਤੇ ਪੰਜਾਬ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਰਾਜ ਮਹਿਲਾ ਕਮਿਸ਼ਨ ਔਰਤਾਂ ਦੀ ਸੁਰੱਖਿਆ ਤੇ ਹੱਕਾਂ ਲਈ ਵਚਨਬੱਧ ਹੈ ਤੇ ਕਿਸੇ ਵੀ ਔਰਤ ਨੂੰ ਹਿੰਸਾ ਜਾਂ ਭੇਦਭਾਵ ਦਾ ਸ਼ਿਕਾਰ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਕੋਈ ਵੀ ਦਿੱਕਤ ਆਉਂਦੀ ਹੈ ਤਾਂ ਉਹ ਕਮਿਸ਼ਨ ਨਾਲ ਸੰਪਰਕ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਭਲਕੇ ਵੀ ਉਨ੍ਹਾਂ ਵੱਲੋਂ ਦਫਤਰ ਡਿਪਟੀ ਕਮਿਸ਼ਨਰ ਵਿਖੇ ਮਹਿਲਾਵਾਂ ਦੀਆਂ ਸਮੱਸਿਆਵਾਂ ਸੁਣੀਆਂ ਜਾਣਗੀਆਂ, ਜਿੱਥੇ ਕੋਈ ਵੀ ਪੀੜਤ ਮਹਿਲਾ ਆ ਕੇ ਉਨ੍ਹਾਂ ਨੂੰ ਮਿਲ ਸਕਦੀ ਹੈ ਉਨ੍ਹਾਂ ਔਰਤਾਂ ਨੂੰ ਇੱਕ-ਦੂਜੇ ਦਾ ਹੌਸਲਾ ਬਣ ਕੇ ਜ਼ੁਲਮ ਕਰਨ ਵਾਲਿਆਂ ਖਿਲਾਫ ਆਵਾਜ਼ ਉਠਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਲੜਕੀਆਂ ਨੂੰ ਵੱਧ ਤੋਂ ਵੱਧ ਪੜ੍ਹਾਈ ਕਰਵਾਈ ਜਾਵੇ ਤੇ ਆਪਣੇ ਪੈਰਾਂ ਸਿਰ ਖੜਾ ਹੋਣ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਸਮਾਜ ਵਿਚ ਔਰਤਾਂ ਤੇ ਮਹਿਲਾਵਾਂ ਨੂੰ ਮਾਨ ਸਨਮਾਨ ਦੇਣਾ ਹਰੇਕ ਦਾ ਫਰਜ ਬਣਦਾ ਹੈ। ਉਨ੍ਹਾਂ ਕਿਹਾ ਕਿ ਔਰਤਾਂ ਚੁੱਲੇ ਚੌਂਕਿਆਂ ਤੋਂ ਬਾਹਰ ਉੱਠ ਕੇ ਦਫਤਰਾਂ, ਰਾਜਨੀਤੀ ਵਿੱਚ ਵਿਚਰ ਕੇ ਆਪਣੀ ਹੁਨਰ ਨੂੰ ਨਿਖਾਰ ਰਹੀਆਂ ਹਨ। ਇਸ ਮੌਕੇ ਉਨ੍ਹਾਂ ਵੱਲੋਂ ਮਹਿਲਾਵਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਤੇ ਉਨ੍ਹਾਂ ਦਾ ਯੋਗ ਨਿਪਟਾਰਾ ਕੀਤਾ ਗਿਆ। ਇਸ ਮੌਕੇ ਐਸ.ਪੀ. ਨਵੀਨ ਕੁਮਾਰ, ਡੀ.ਐਸ.ਪੀ. ਸੁਖਵਿੰਦਰ ਸਿੰਘ, ਡੀ.ਡੀ.ਪੀ.ਓ. ਹਰਿੰਦਰ ਸਿੰਘ, ਆਪ ਆਗੂ ਭੁਪਿੰਦਰ ਕੌਰ, ਗੁਰਜੀਤ ਸਿੰਘ ਚੀਮਾ, ਰਣਜੀਤ ਸਿੰਘ, ਮਨਪ੍ਰੀਤ ਸਿੰਘ, ਹਰਮੀਤ ਸਿੰਘ ਖਾਈ, ਦਲੇਰ ਸਿੰਘ ਸਰਪੰਚ, ਨਿਰਮਲ ਜੀਤ ਸਿੰਘ, ਦਲਬੀਰ ਸਿੰਘ ਸਰਪੰਚ, ਤਰਸੇਮ ਸਿੰਘ, ਮਨਪ੍ਰੀਤ ਹੰਸ, ਗੁਰਮੇਜ ਸਿੰਘ, ਸਰਬਜੀਤ ਸਿੰਘ ਸਮੇਤ ਹੋਰ ਪਤਵੰਤੇ ਵੀ ਹਾਜ਼ਰ ਸਨ

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਪੰਜਾਬ ਵਿੱਚ ਵੱਡਾ ਹੁੰਗਾਰਾ ਮਿਲ ਰਿਹਾ ਹੈ : ਡਾਕਟਰ ਹਰਮਿੰਦਰ ਬਖਸ਼ੀ



ਗੜ੍ਹਸ਼ੰਕਰ 27 ਜੂਨ (ਅਜਮੇਰ ਸਿੰਘ ਭਨੋਟ) ਪੰਜਾਬ ਸਰਕਾਰ ਵਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਪੰਜਾਬ ਦੇ ਪਿੰਡਾਂ ਵਿੱਚ ਵੱਡਾ ਹੁੰਗਾਰਾ ਮਿਲ ਰਿਹਾ ਹੈ, ਇਹ ਸ਼ਬਦ ਡਾਕਟਰ ਹਰਮਿੰਦਰ ਸਿੰਘ ਬਖਸ਼ੀ ਵਾਈਸ ਚੇਅਰਮੈਨ ਪੰਜਾਬ ਇੰਡਸਟਰੀ ਬੋਰਡ ਨੇ ਗੜ੍ਹਸ਼ੰਕਰ ਦੇ ਬਲਾਕ ਮਾਹਿਲਪੁਰ ਵਿੱਖੇ ਪੱਤਰਕਾਰ ਸੰਮੇਲਨ ਦੁਰਾਨ ਕਹੇ। ਇਸ ਮੌਕੇ ਡਾਕਟਰ ਹਰਮਿੰਦਰ ਸਿੰਘ ਬਖਸ਼ੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋ ਚਲਾਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਵਿੱਚ ਲਗਾਤਾਰ ਵੱਡੇ ਤਸਕਰਾਂ ਦੇ ਉੱਪਰ ਸ਼ਿਕੰਜਾ ਕਸਿਆ ਜਾ ਰਹੀਆਂ ਹੈ ਅਤੇ ਨਸ਼ੇ ਤਸਕਰਾਂ ਦੀਆਂ ਜਾਇਦਾਦਾਂ ਤੇ ਕਾਰਵਾਈ ਕੀਤੀ ਜਾ ਰਹੀ ਹੈ। ਹਰਮਿੰਦਰ ਸਿੰਘ ਬਖਸ਼ੀ ਨੇ ਕਿਹਾ ਕਿ ਬੀਤੇ ਦਿਨੀਂ ਸ਼$ਰੋਮਣੀ ਅਕਾਲੀ ਦਲ ਸਰਕਾਰ ਸਮੇਂ ਨਸ਼ੇ ਨਾਲ ਸਬੰਧਤ ਵੱਡੇ ਸੌਦਾਗਰ ਬਿਕਰਮਜੀਤ ਸਿੰਘ ਮਜੀਠੀਆ ਤੇ ਵਿਜੀਲੈਂਸ ਵਲੋਂ ਕੀਤੀ ਗਈ ਕਾਰਵਾਈ ਦੇ ਵਿੱਚ ਹੋਏ ਖੋਲਾਸੀਆਂ ਨੇ ਇਹ ਗੱਲ ਸਪਸ਼ੱਟ ਕਰ ਦਿੱਤੀ ਕਿ ਨਸ਼ਾ ਤਸਕਰ ਭਾਵੇਂ ਕਿਸੇ ਵੀ ਪਾਰਟੀ ਦਾ ਹੋਵੇ ਕਿਸੇ ਵੀ ਕੀਮਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਬਖਸ਼ੀ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਜਥੇਬੰਧਕ ਢਾਂਚੇ ਨੂੰ ਮਜਬੂਤ ਕਰਨ ਦੇ ਲਈ ਹਲਕਾ ਵਾਇਜ ਸੰਗਠਨ ਦੇ ਇੰਚਾਰਜ ਨਿਯੁਕਤ ਕੀਤੇ ਗਏ ਹਨ ਤਾਕਿ ਲੋਕਾਂ ਦੇ ਨਾਲ ਸਿੱਧਾ ਸੰਪਰਕ ਕੀਤਾ ਜਾਵੇ।

# ਲੋਕਾਂ ਨੂੰ ਤੰਬਾਕੂ ਦੀ ਵਰਤੋਂ ਨਾਲ ਸਰੀਰ ਅਤੇ ਵਾਤਾਵਰਨ ਉਪਰ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ : ਡਾ. ਪਲਕ



ਬਾਜਾਖਾਨਾ: 27 ਜੂਨ ( ਅਵਤਾਰ ਸਿੰਘ ਮੱਲਾ ) ਪੰਜਾਬ ਸਰਕਾਰ ਦੇ ਵਿਸ਼ੇਸ਼ ਹੁਕਮਾਂ ਅਤੇ ਮਾਣਯੋਗ ਸਿਵਲ ਸਰਜਨ ਫ਼ਰੀਦਕੋਟ ਡਾ. ਚੰਦਰ ਸ਼ੇਖਰ ਕੱਕੜ ਦੇ ਦਿਸ਼ਾ ਨਿਰਦੇਸ਼ ਅਨੁਸਾਰ ਸਿਹਤ ਬਲਾਕ ਬਾਜਾਖਾਨਾ ਅਧੀਨ ਵੱਖ ਜਗ੍ਹਾ ਦੁਕਾਨਦਾਰਾਂ ਅਤੇ ਆਮ ਲੋਕਾਂ ਨੂੰ ਕੋਟਪਾ ਐਕਟ ਬਾਰੇ ਅਤੇ ਤੰਬਾਕੂ ਦੀ ਵਰਤੋਂ ਕਾਰਨ ਸਰੀਰ ਅਤੇ ਵਾਤਾਵਰਨ ਵਿੱਚ ਪੈਣ ਵਾਲੇ ਮਾੜੇ ਅਸਰ ਪ੍ਰਤੀ ਜਾਗਰੂਕ ਕੀਤਾ ਗਿਆ ਅਤੇ ਕੋਟਪਾ ਐਕਟ ਦੀ ਉਲੰਘਣਾ ਕਰ ਰਹੇ ਦੁਕਾਨਦਾਰਾਂ ਦੇ ਚਲਾਨ ਵੀ ਕੱਟੇ ਗਏ।ਇਸ ਮੌਕੇ ਮੁੱਢਲਾ ਸਿਹਤ ਕੇਂਦਰ ਬਾਜਾਖਾਨਾ ਦੇ ਕਾਰਜਕਾਰੀ ਸੀਨੀਅਰ ਮੈਡੀਕਲ ਅਫ਼ਸਰ ਡਾ ਪਲਕ ਨੇ ਦੱਸਿਆ ਅੱਜ ਸਿਹਤ ਬਲਾਕ ਬਾਜਾਖਾਨਾ ਵਿਖੇ ਸਿਵਲ ਸਰਜਨ ਦਫ਼ਤਰ ਫ਼ਰੀਦਕੋਟ ਤੋਂ ਡਾ. ਹਿਮਾਂਸ਼ੂ ਦੀ ਅਗਵਾਈ ਹੇਠ ਸਹਾਇਕ ਮਲੇਰੀਆ ਅਧਿਕਾਰੀ ਛਿੰਦਰਪਾਲ ਸਿੰਘ ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਸਿਹਤ ਵਿਭਾਗ ਬਾਜਾਖਾਨਾ ਨਾਲ ਮਿਲਕੇ ਦੁਕਾਨਦਾਰਾਂ ਅਤੇ ਆਮ ਲੋਕਾਂ ਨੂੰ ਤੰਬਾਕੂ ਦੀ ਵਰਤੋਂ ਨਾਲ ਸਰੀਰ ਅਤੇ ਵਾਤਾਵਰਨ ਉਪਰ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਅਤੇ ਸਿਗਰਟ ਅਤੇ ਹੋਰ ਤੰਬਾਕੂ ਉਤਪਾਦ ਕਾਨੂੰਨ 2003 (ਕੋਟਪਾ 2003) ਬਾਰੇ ਜਾਗਰੂਕ ਕੀਤਾ ਗਿਆ।ਬਲਾਕ ਪ੍ਰਸਾਰ ਸਿੱਖਿਅਕ ਅਤੇ ਆਈ.ਈ.ਸੀ. ਨੋਡਲ ਅਧਿਕਾਰੀ ਫਲੈਗ ਚਾਵਲਾ ਅਤੇ ਸੋਨਦੀਪ ਸਿੰਘ ਸੰਧੂ ਨੇ ਦੁਕਾਨਦਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਦੱਸਿਆ ਕਿ 2003 ਦੇਸ਼ ਵਿਚ ਕੋਟਪਾ ਕਾਨੂੰਨ ਲਾਗੂ ਕੀਤਾ ਗਿਆ ਸੀ ਜਿਸ ਦੇ ਤਹਿਤ ਸਰਕਾਰੀ ਅਤੇ ਪ੍ਰਾਈਵੇਟ ਸਿੱਖਿਆ ਸੰਸਥਾਨਾਂ ਅਤੇ ਸਰਕਾਰੀ ਸਿਹਤ ਸੰਸਥਾਨਾਂ ਦੇ ਸੌ ਗਜ਼ ਦੇ ਘੇਰੇ ਅੰਦਰ ਤੰਬਾਕੂ ਉਤਪਾਦ ਵੇਚਣ ਦੀ ਮਨਾਹੀ ਕੀਤੀ ਗਈ ਹੈ, ਅਠਾਰਾਂ ਸਾਲ ਦੀ ਉਮਰ ਤੋਂ ਘੱਟ ਉਮਰ ਦੇ ਨਾਗਰਿਕਾਂ ਨੂੰ ਤੰਬਾਕੂ ਦਾ ਕੋਈ ਵੀ ਉਤਪਾਦ ਵੇਚਣਾ ਸਖ਼ਤ ਮਨ੍ਹਾਂ ਹੈ ਅਤੇ ਖਾਣ ਪੀਣ ਵਾਲੀਆਂ ਚੀਜ਼ਾਂ ਦੇ ਨਾਲ ਤੰਬਾਕੂ ਉਤਪਾਦਾਂ ਨੂੰ ਰੱਖਣਾ ਅਤੇ ਖਾਣ ਪੀਣ ਵਾਲੀਆਂ ਦੁਕਾਨਾਂ ਉੱਪਰ ਤੰਬਾਕੂ ਵਾਲੇ ਉਤਪਾਦਾਂ ਦੀ ਵਿਕਰੀ ਦੀ ਸਖ਼ਤ ਮਨਾਹੀ ਕੀਤੀ ਗਈ ਹੈ ।ਬਹੁ-ਮੰਤਵੀ ਸਿਹਤ ਨਿਰੀਖਕ ਸੁਖਰਾਜ ਸਿੰਘ ਨੇ ਇਸ ਮੌਕੇ ਤੰਬਾਕੂ ਦੇ ਦੁਸ਼ਪ੍ਰਭਾਵਾਂ ਬਾਰੇ ਦੱਸਦੇ ਹੋਏ ਕਿਹਾ ਕਿ ਸਿਗਰਟ-ਬੀੜੀ ਪੀਣ ਵਾਲੇ ਅਤੇ ਉਨ੍ਹਾਂ ਦੇ ਪਰਿਵਾਰ ਵਿਚ ਉਨ੍ਹਾਂ ਦੇ ਨਾਲ ਰਹਿਣ ਵਾਲਿਆਂ ਨੂੰ ਫੇਫੜਿਆਂ ਅਤੇ ਸਾਹ ਨਲੀ ਦਾ ਕੈਂਸਰ ਹੋਣ ਦਾ ਸਭ ਤੋਂ ਜ਼ਿਆਦਾ ਖਤਰਾ ਹੁੰਦਾ ਹੈ। ਬਹੁ ਮੰਤਵੀ ਸਿਹਤ ਕਰਮਚਾਰੀ ਚਮਕੌਰ ਸਿੰਘ ਨੇ ਦੱਸਿਆ ਕਿ ਸਿਗਰਟ ਦਾ ਜੋ ਧੂੰਆਂ ਸਿਗਰਟ ਨਾ ਪੀਣ ਵਾਲਾ ਇਨਸਾਨ ਅਸਿੱਧੇ ਰੂਪ ਵਿਚ ਖਿੱਚਦਾ ਹੈ, ਉਹ ਧੂੰਆਂ ਸਿਗਰਟ ਪੀਣ ਵਾਲੇ ਨੂੰ ਹੋਣ ਵਾਲੇ ਨੁਕਸਾਨ ਤੋਂ ਵੀ ਜ਼ਿਆਦਾ ਨੁਕਸਾਨ; ਉਸ ਦੇ ਨਾਲ ਖੜ੍ਹੇ ਹੋਏ ਵਿਅਕਤੀ ਨੂੰ ਕਰਦਾ ਹੈ। ਤੰਬਾਕੂ ਦੇ ਹੋਰ ਉਤਪਾਦ ਵੀ ਵੱਖ ਵੱਖ ਤਰ੍ਹਾਂ ਦਾ ਕੈਂਸਰ ਜਿਵੇਂ ਗਲੇ ਦਾ ਕੈਂਸਰ, ਮਸੂੜਿਆਂ ਦਾ ਕੈਂਸਰ, ਮੂੰਹ ਦਾ ਕੈਂਸਰ ਆਦਿ ਦਾ ਮੁੱਖ ਕਾਰਨ ਬਣਦੇ ਹਨ।ਇਸ ਮੌਕੇ ਬਹੁਮੰਤਵੀ ਸਿਹਤ ਨਿਰੀਖਕ ਸੁਖਰਾਜ ਸਿੰਘ, ਬਹੁਮੰਤਵੀ ਸਿਹਤ ਕਰਮਚਾਰੀਆਂ ਚਮਕੌਰ ਸਿੰਘ, ਜਸਮੱਤ ਸਿੰਘ ਅਤੇ ਰਾਜਵਿੰਦਰ ਸਿੰਘ ਵੱਲੋਂ ਫ਼ਰੀਦਕੋਟ ਤੋਂ ਆਈ ਟੀਮ ਨੂੰ ਵਿਸ਼ੇਸ਼ ਸਹਿਯੋਗ ਦਿੱਤਾ ਗਿਆ

# ਭਾਰਤ ਵਿਕਾਸ ਪ੍ਰੀਸ਼ਦ ਨੇ ਤੁਲਸੀ ਦੇ ਪੌਦੇ ਵੰਡੇ




ਧੂਰੀ, 27 ਜੂਨ (ਰਾਜੇਸ਼ਵਰ ਪਿੰਟੂ, ਅਮਨ ਗਰਗ) - ਭਾਰਤ ਵਿਕਾਸ ਪਰਿਸ਼ਦ, ਸਵਾਮੀ ਵਿਵੇਕਾਨੰਦ ਸ਼ਾਖਾ, ਧੂਰੀ ਵੱਲੋਂ ਸਮਾਜ ਸੇਵਾ ਅਤੇ ਵਾਤਾਵਰਣ ਸੰਭਾਲ ਵੱਲ ਇੱਕ ਮਹੱਤਵਪੂਰਣ ਗਤੀਵਿਧੀ ਕਰਦਿਆਂ ਸਥਾਨਕ ਸ਼ਹਿਰ ਵਿੱਚ ਮੁਫ਼ਤ ਤੁਲਸੀ ਦੇ ਪੌਦੇ ਅਤੇ ਪੰਛੀਆਂ ਲਈ ਦਾਨਾ-ਪਾਣੀ ਰੱਖਣ ਲਈ ਭਾਂਡੇ ਵੰਡੇ। ਪ੍ਰੀਸ਼ਦ ਦੇ ਪ੍ਰਧਾਨ ਸੁਰੇਸ਼ ਬਾਂਸਲ, ਸੀ. ਮੀਤ ਪ੍ਰਧਾਨ ਵਿਵੇਕ ਗੁਪਤਾ, ਜਨਰਲ ਸਕੱਤਰ ਰਾਜੇਸ਼ ਗੋਇਲ ਰਾਜੀ ਨੇ ਦੱਸਿਆ ਕਿ ਤੁਲਸੀ ਇੱਕ ਅਜਿਹਾ ਪੌਦਾ ਹੈ, ਜੋ ਘਰ ਦੇ ਆਲੇ ਦੁਆਲੇ ਵਾਤਾਵਰਣ ਨੂੰ ਸ਼ੁੱਧ ਬਣਾਉਂਦਾ ਹੈ ਅਤੇ ਸਿਹਤ ਲਈ ਲਾਭਕਾਰੀ ਹੈ। ਉਨ੍ਹਾਂ ਲੋਕਾਂ ਨੂੰ ਆਪਣੇ ਘਰਾਂ ਵਿੱਚ ਇਹ ਪੌਧਾ ਲਗਾਉਣ ਦੀ ਅਪੀਲ ਕੀਤੀਇਸ ਮੌਕੇ ਵੱਧਦੀ ਗਰਮੀ ਦੇ ਮੱਦੇਨਜਰ ਪੰਛੀਆ ਦੇ ਲਈ ਦਾਨਾ ਪਾਣੀ ਰੱਖਣ ਲਈ ਭਾਂਡੇ ਵੀ ਤਕਸੀਮ ਕੀਤੇ ਗਏ ਤਾਂ ਜੋ ਗਰਮੀ ਦੇ ਮੌਸਮ ਵਿੱਚ ਪੰਛੀਆਂ ਪਾਣੀ ਪੀ ਸਕਣ। ਇਹ ਕਦਮ ਬੇਜ਼ੁਬਾਨ ਪੰਛੀਆਂ ਦੀ ਸੇਵਾ ਵੱਲ ਵੀ ਇਕ ਸੰਵੇਦਨਸ਼ੀਲ ਸੋਚ ਨੂੰ ਦਰਸਾਉਂਦਾ ਹੈ। ਭਾਰਤ ਵਿਕਾਸ ਪਰਿਸ਼ਦ ਵੱਲੋਂ ਆਗਾਮੀ ਦਿਨਾਂ ਵਿੱਚ ਹੋਰ ਸਮਾਜਿਕ ਕਾਰਜ ਕਰਵਾਏ ਜਾਣ ਦੀ ਯੋਜਨਾ ਵੀ ਬਣਾਈ ਗਈ ਹੈ। ਇਸ ਮੌਕੇ ਇੰਦਰਵੇਸ਼ ਗਰਗ ਖਜਾਨਚੀ, ਪ੍ਰਦੀਪ ਮਿੱਤਲ ਸੂਬਾਈ ਡੈਲੀਗੇਟ, ਹੰਸ ਰਾਜ ਬਜਾਜ, ਬਲਰਾਜ ਕ੍ਰਿਸ਼ਨ, ਭੁਪੇਸ਼ ਕੁਮਾਰ, ਪਦਮ ਗੋਇਲ, ਸੁਰਿੰਦਰ ਸੀਤਾ ਅਤੇ ਰਵੀ ਸਿੰਗਲਾ ਆਦਿ ਵੀ ਹਾਜਰ

# ਖਨੌਰੀ ਤੇ ਮੂਣਕ ਖੇਤਰ ਦੀਆਂ ਸੜਕਾਂ ਦੀ ਕਰੀਬ 55 ਕਰੋੜ ਦੀ ਲਾਗਤ ਨਾਲ ਹੋਵੇਗੀ ਕਾਇਆ ਕਲਪ : ਗੋਇਲ



ਖਨੌਰੀ, 27 ਜੂਨ (ਓਮਪ੍ਰਕਾਸ਼ ਮੁਆਲ):ਮੁੱਖ ਮੰਤਰੀ, ਪੰਜਾਬ, ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਵਿਕਾਸ ਲਈ ਦਿਨ-ਰਾਤ ਇੱਕ ਕਰ ਕੇ ਕੰਮ ਕਰ ਰਹੀ ਹੈ। ਇਸੇ ਲੜੀ ਤਹਿਤ ਵਿਧਾਨ ਸਭਾ ਹਲਕਾ ਲਹਿਰਾ ਵਿਖੇ ਵਿਕਾਸ ਕਾਰਜ ਜੰਗੀ ਪੱਧਰ ਉੱਤੇ ਜਾਰੀ ਹਨ ਤੇ ਇਸ ਹਲਕੇ ਨੂੰ ਨਮੂਨੇ ਦਾ ਹਲਕਾ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਤੇ ਇਸ ਹਲਕੇ ਦੇ ਖਨੌਰੀ ਤੇ ਮੂਣਕ ਖੇਤਰ ਦੀਆਂ ਸੜਕਾਂ ਦੀ ਕਰੀਬ 55 ਕਰੋੜ ਰੁਪਏ ਦੀ ਲਾਗਤ ਨਾਲ ਕਾਇਆ ਕਲਪ ਕੀਤੀ ਜਾ ਰਹੀ ਹੈ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਸ਼੍ਰੀ ਬਰਿੰਦਰ ਕੁਮਾਰ ਗੋਇਲ ਨੇ ਮੰਡਵੀ ਵਿਖੇ ਹਮੀਰਗੜ੍ਹ ਤੋਂ ਮੰਡਵੀ 06.78 ਕਿਲੋਮੀਟਰ ਸੜਕ ਦੀ ਕਾਇਆ ਕਲਪ ਲਈ 01 ਕਰੋੜ 35 ਲੱਖ ਰੁਪਏ ਦੇ ਪ੍ਰੋਜੈਕਟ ਦਾ ਨੀਂਹ ਪੱਥਰ ਅਤੇ ਖਨੌਰੀ ਵਿਖੇ ਪਾਤੜਾਂ-ਖਨੌਰੀ ਰੋਡ ਤੋਂ ਕਨਾਲ ਬੈਂਕ ਭਾਖੜਾ ਨੂੰ ਕਰੀਬ 01 ਕਰੋੜ 01 ਲੱਖ ਰੁਪਏ ਦੀ ਲਾਗਤ ਨਾਲ 10 ਫੁੱਟ ਤੋਂ 18 ਫੁੱਟ ਚੌੜਾ ਕਰਨ ਦਾ ਨੀਂਹ ਪੱਥਰ ਰੱਖਣ ਮੌਕੇ ਕੀਤਾ।ਇਸ ਮੌਕੇ ਕੈਬਨਿਟ ਮੰਤਰੀ ਨੇ ਦੱਸਿਆ ਕਿ ਲੋਕਾਂ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਕਰੀਬ 03 ਕਰੋੜ ਰੁਪਏ ਦੀ ਲਾਗਤ ਨਾਲ ਭਾਖੜਾ ਦੇ ਨਾਲ ਨਾਲ ਰੇਲਿੰਗ ਲਗਵਾਈ ਗਈ ਹੈ। ਉਹਨਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਜਦੋਂ ਖਨੌਰੀ ਖੇਤਰ ਵਿੱਚ ਕਈ ਅੰਦੋਲਨ ਚਲਦੇ ਰਹੇ ਤਾਂ ਟ੍ਰੈਫਿਕ ਮੁੱਖ ਸੜਕ ਨੂੰ ਛੱਡ ਕੇ ਪਿੰਡਾਂ ਵਿਚ ਦੀ ਲੰਘਦੀ ਰਹੀ, ਜਿਸ ਨਾਲ ਇਸ ਖੇਤਰ ਦੀਆਂ ਸੜਕਾਂ ਦੀ ਹਾਲਤ ਖ਼ਸਤਾ ਹੋ ਗਈ ਸੀ। ਪਰ ਹੁਣ ਕੋਈ ਵੀ ਸੜਕ ਅਜਿਹੀ ਨਹੀਂ ਹੋਵੇਗੀ, ਜਿਸ ਦੀ ਕਾਇਆ ਕਲਪ ਨਾ ਕੀਤੀ ਜਾਵੇ।ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਖੇਤਰ ਵਿੱਚ ਵੱਖੋ-ਵੱਖ ਥਾਂ ਉੱਤੇ ਕਰੀਬ 22 ਕਰੋੜ ਰੁਪਏ ਦੀ ਲਾਗਤ ਨਾਲ ਬਹੁਤ ਜਲਦ 03 ਪੁਲ ਵੀ ਬਣੇ ਜਾਣੇ ਹਨ, ਜਿਸ ਨਾਲ ਲੋਕਾਂ ਨੂੰ ਆਵਾਜਾਈ ਸਬੰਧੀ ਦਿੱਕਤਾਂ ਤੋਂ ਨਿਜਾਤ ਮਿਲੇਗੀ। ਉਹਨਾਂ ਨੇ ਇਸ ਮੌਕੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਾਰੇ ਪ੍ਰੋਜੈਕਟ ਤੈਅ ਸਮੇਂ ਮੁਤਾਬਕ ਪੂਰੇ ਕੀਤੇ ਜਾਣ।

ਇਸ ਮੌਕੇ ਪੀ.ਏ. ਰਾਕੇਸ਼ ਕੁਮਾਰ ਗੁਪਤਾ, ਐਕਸੀਅਨ ਮੰਡੀ ਬੋਰਡ ਪੁਨੀਤ ਕੁਮਾਰ, ਐਸ.ਡੀ. ਓ. ਲਾਲਿਤ ਕੁਮਾਰ ਮੰਡੀ ਬੋਰਡ, ਭਗਵੰਤ ਸਿੰਘ ਪਿੰਡ ਮੰਡਵੀ, ਬਲਜੀਤ ਸਿੰਘ ਮੰਡਵੀ, ਸਰਦੂਲ ਸਿੰਘ, ਟਰੱਕ ਯੂਨੀਅਨ ਦੇ ਪ੍ਰਧਾਨ ਬੀਰਭਾਨ ਕਾਂਸਲ ਖਨੌਰੀ, ਤਰਸੇਮ ਸਿੰਗਲਾ, ਵਿਸ਼ਾਲ ਕਾਂਸਲ, ਸੁਰਿੰਦਰ ਕਰੋਦਾ, ਮਹਾਵੀਰ ਸਰਮਾ ਕੌਂਸਲਰ, ਅਸ਼ੋਕ ਕੁਮਾਰ ਠੇਕੇਦਾਰ, ਸੰਜੇ ਸਿੰਗਲਾ, ਜੋਰਾ ਸਿੰਘ ਸਾਬਕਾ ਪ੍ਰਧਾਨ ਟਰੱਕ ਯੂਨੀਅਨ ਖਨੌਰੀ, ਅਨਿਲ ਕੁਮਾਰ, ਕੁਲਦੀਪ ਸਿੰਘ ਪੂਨੀਆ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਵੱਖੋ ਵੱਖ ਅਹੁਦੇਦਾਰ, ਆਗੂ, ਕੌਂਸਲਰ

# ਬਸਪਾ ਹਲਕਾ ਲਹਿਰਾ ਦੇ ਜਨਰਲ ਸਕੱਤਰ ਸੰਭੂ ਰੰਗਾ ਵੱਲੋਂ ਪਿੰਡਾਂ ਦਾ ਧੰਨਵਾਦੀ ਦੌਰਾ

ਖਨੌਰੀ, 27 ਜੂਨ (ਓਮਪ੍ਰਕਾਸ਼ ਮੁਆਲ): ਬਹੁਜਨ ਸਮਾਜ ਪਾਰਟੀ ਹਲਕਾ ਲਹਿਰਾ ਦੇ ਜਨਰਲ ਸਕੱਤਰ ਸੰਭੂ ਰੰਗਾ ਵੱਲੋਂ ਪਿੰਡ ਠਸਕਾ,ਗੁਲਾੜੀ,ਕਰੋਦਾ ਅਤੇ ਭੂਲਣ ਦੇ ਬਸਪਾ ਆਗੂਆਂ ਅਤੇ ਵਰਕਰਾਂ ਦਾ 22 ਜੂਨ ਨੂੰ ਸੰਗਰੂਰ ਦਾਨਾ ਮੰਡੀ ਵਿਖੇ ਹੋਈ ਲੋਕ ਸਭਾ ਸੰਗਰੂਰ ਪੱਧਰੀ ਪੰਜਾਬ ਸੰਭਾਲੋ 'ਚ ਵੱਡੀ ਗਿਣਤੀ ਵਿੱਚ ਪਹੁੰਚਣ ਤੋਂ ਬਾਅਦ ਪਿੰਡ ਪਿੰਡ ਜਾ ਕੇ ਧੰਨਵਾਦੀ ਦੌਰਾ ਕੀਤਾ ਗਿਆ। ਰੰਗਾਂ ਜੀ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਸੰਭਾਲੋ ਮੁਹਿੰਮ ਤਹਿਤ ਜੋ ਜ਼ਮੀਨ ਸਰਕਾਰੀ ਹੈ ਵੋ ਜ਼ਮੀਨ ਹਮਾਰੀ ਹੈ ਦੇ ਵਿੱਚ ਕਰੋਦਾ, ਗੁਲਾੜੀ, ਠਸਕਾ ਅਤੇ ਚੱਠੇ ਤੋਂ ਝੋਨਾ ਲਵਾਈ ਦਾ ਸੀਜ਼ਨ ਹੋਣ ਦੇ ਬਾਵਜੂਦ ਵੱਡੀ ਗਿੱਣਤੀ 'ਚ ਬਸਪਾ ਵਰਕਰ ਸੰਗਰੂਰ ਰੈਲੀ ਵਿੱਚ ਪਹੁੰਚੇ। ਜਿਸ ਕਾਰਨ ਉਹ ਸਾਰੇ ਵਰਕਰਾਂ ਦਾ ਧੰਨਵਾਦ ਕਰਨ ਪਿੰਡਾਂ 'ਚ ਆਏ ਹਨ । ਉਨ੍ਹਾਂ ਦੱਸਿਆ ਕਿ ਲੋਕ ਵੱਡੇ ਪੱਧਰ ਦੇ ਬਸਪਾ ਦੀ ਲੋਕ ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਨਾਲ ਜੁੜ ਰਹੇ ਹਨ। ਇਸ ਦੌਰਾਨ ਉਨ੍ਹਾਂ ਨਾਲ ਬਸਪਾ ਠਸਕਾ ਯੂਨਿਟ ਦੇ ਪ੍ਰਧਾਨ ਮਨਪ੍ਰੀਤ ਠਸਕਾ, ਕਰਮ ਚੰਦ ਫੌਜੀ, ਤਰਸੇਮ ਚੱਠ, ਵਿਕਰਮ ਗੁਲਾੜੀ, ਹਵਾ ਕਰੋਦਾ, ਸੰਨੂ ਕਰੋਦਾ ਆਦਿ ਹਾਜ਼ਰ ਸਨ।



# ਜੈ ਸ਼ਕਤੀ ਭੰਡਾਰਾ ਸੁਸਾਇਟੀ (ਰਜਿ) ਸ੍ਰੀ ਨੈਣਾ ਦੇਵੀ ਵੱਲੋਂ ਦਫਤਰ ਦਾ ਉਦਘਾਟਨ



ਰਾਮਪੁਰਾ ਫੂਲ, 27 ਜੂਨ ( ਇੰਦਰਪਾਲ ਬਾਂਸਲ): ਜੈ ਸ਼ਕਤੀ ਭੰਡਾਰਾ ਸੁਸਾਇਟੀ (ਰਜਿ.) ਸ਼੍ਰੀ ਨੈਣਾ ਦੇਵੀ ਰਾਮਪੁਰਾ ਫੂਲ ਵੱਲੋਂ ਦਫਤਰ ਦਾ ਉਦਘਾਟਨ ਰਾਜਾ ਰਾਮ ਪ੍ਰੇਮ ਚੰਦ ਦੀ ਦੁਕਾਨ ਖਾਤੀ ਬਾਜ਼ਾਰ ਵਿਖੇ ਕੀਤਾ ਗਿਆ। ਇਸ ਮੌਕੇ ਕੰਜਕ ਪੂਜਨ ਕਰਕੇ ਸ਼ਰਧਾ ਦਾ ਪ੍ਰਸ਼ਾਦ ਲਗਾਇਆ ਅਤੇ ਲੱਡੂ ਵੰਡੇ ਗਏ। ਇਸ ਮੌਕੇ ਪ੍ਰਧਾਨ ਅਜੀਤ ਪਾਲ ਟੈਣੀ ਜੰਡਾ, ਚੇਅਰਮੈਨ ਜੋਗਿੰਦਰ ਪਾਲ, ਚੇਅਰਮੈਨ ਸੁਭਾਸ਼ ਕੁਮਾਰ, ਮੀਤ ਪ੍ਰਧਾਨ ਸਤੀਸ਼ ਕੁਮਾਰ ਬਿੱਟੂ, ਜਨਰਲ ਸੈਕਟਰੀ ਡਾ ਪਵਨ ਸ਼ਰਮਾ, ਕੈਸ਼ੀਅਰ ਰਾਜਕੁਮਾਰ ਰਾਜੂ, ਅੰਗਰ ਬਾਬੂ ਅਸ਼ੋਕ ਕੁਮਾਰ ਬੱਗਾ, ਵਿਸ਼ਾਲ ਕੁਮਾਰ ਸ਼ੈਲੀ, ਰਜਿੰਦਰ ਸਿੰਘ ਰਾਜਾ, ਲਾਭ ਚੰਦ ਸਿੰਗਲਾ, ਪਵਨ ਕੁਮਾਰ ਗਰਗ, ਹੈਪੀ ਬਾਂਸਲ, ਰਮੇਸ਼ ਕੁਮਾਰ ਮੈਸ਼ੀ, ਸੁਖਮੰਦਰ ਰਾਮਪੁਰਾ, ਰੌਕੀ ਕੁਮਾਰ, ਸ਼ਮਸ਼ੇਰ ਸਿੰਘ ਸੋਨੂ, ਸੁਖਦੇਵ ਸਿੰਘ ਕਾਲਾ, ਸਤਿਨਾਮ ਸੈਣੀ, ਕ੍ਰਿਸ਼ਨ ਕੁਮਾਰ ਕੈਸ਼ੀ ਗੋਰਾ ਲਾਲ ਤੇ ਸਮੂਹ ਅਹੁਦੇਦਾਰ ਮੈਂਬਰ ਹਾਜ਼ਰ ਸਨ। ਇਹ ਲਗਾਤਾਰ 39ਵਾਂ ਭੰਡਾਰਾ 25 ਜੁਲਾਈ ਤੋਂ 3 ਅਗਸਤ 2025 ਤੱਕ 24 ਘੰਟੇ ਰਾਸਤਾ ਜਿਊਣਾ ਮੌੜ ਸਮਾਧ ਨੇੜੇ ਸ਼ੇਰਾਂ ਵਾਲਾ ਗੇਟ ਰਾਮਪੁਰਾ ਫੂਲ ਵਾਲਿਆਂ ਦੀ ਧਰਮਸ਼ਾਲਾ ਵਿੱਚ ਧਾਮ ਸ੍ਰੀ ਨੈਣਾਂ ਦੇਵੀ ਜੀ ਵਿਖੇ ਅਟੁੱਟ ਵਰਤਾਇਆ ਜਾਵੇਗਾ।

# ਵਿਜੀਲੈਂਸ ਬਿਊਰੋ ਨੇ ਥਾਣੇਦਾਰ ਅਤੇ ਪੰਚਾਇਤ ਮੈਂਬਰ 'ਤੇ ਕੀਤਾ ਪਰਚਾ ਦਰਜ, ਪੰਚਾਇਤ ਮੈਂਬਰ ਗ੍ਰਿਫ਼ਤਾਰ

ਬਠਿੰਡਾ, 27 ਜੂਨ (ਦੀਪਕ ਸ਼ਰਮਾ): ਬਠਿੰਡਾ ਵਿਜੀਲੈਂਸ ਬਿਊਰੋ ਨੇ ਪੰਜਾਬ ਸਰਕਾਰ ਵੱਲੋਂ ਚਲਾਈ ਗਈ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੇ ਤਹਿਤ ਕਾਰਵਾਈ ਕਰਦਿਆਂ ਹੋਇਆਂ ਪੰਜਾਬ ਪੁਲਿਸ ਦੇ ਇੱਕ ਥਾਣੇਦਾਰ ਅਤੇ ਇੱਕ ਪੰਚਾਇਤ ਮੈਂਬਰ ਖਿਲਾਫ ਰਿਸ਼ਵਤ ਮੰਗਣ ਦੇ ਦੋਸ਼ਾਂ ਹੇਠ ਕੇਸ ਦਰਜ ਕੀਤਾ ਹੈ। ਇਸ ਖ਼ਬਰ ਦੇ ਸਾਹਮਣੇ ਆਉਂਦੇ ਹੀ, ਉਕਤ ਥਾਣੇਦਾਰ ਰੂਪੋਸ਼ ਹੋ ਗਿਆ ਹੈ ਅਤੇ ਉਸਦਾ ਫੋਨ ਵੀ ਬੰਦ ਆ ਰਿਹਾ ਹੈ, ਜਦੋਂਕਿ, ਵਿਜੀਲੈਂਸ ਟੀਮ ਨੇ ਪੰਚਾਇਤ ਮੈਂਬਰ ਰਾਜਦੀਪ ਸਿੰਘ ਨੂੰ ਤੁਰੰਤ ਗ੍ਰਿਫ਼ਤਾਰ ਕਰ ਲਿਆ ਹੈ।

ਮੁੱਢਲੀ ਜਾਣਕਾਰੀ ਅਨੁਸਾਰ, ਥਾਣਾ ਸਿਟੀ ਰਾਮਪੁਰਾ ਵਿੱਚ ਤਾਇਨਾਤ ਥਾਣੇਦਾਰ ਅਵਤਾਰ ਸਿੰਘ ਤੇ ਇੱਕ ਲੜਾਈ-ਝਗੜੇ ਦੇ ਮਾਮਲੇ ਵਿੱਚ ਇੱਕ ਧਿਰ ਨੂੰ ਫਾਇਦਾ ਪਹੁੰਚਾਉਣ ਬਦਲੇ 50,000 ਰੁਪਏ ਦੀ ਰਿਸ਼ਵਤ ਮੰਗਣ ਦਾ ਇਲਜ਼ਾਮ ਹੈ। ਇਹ ਗੰਭੀਰ ਸ਼ਿਕਾਇਤ ਮੁੱਖ ਮੰਤਰੀ ਦੇ ਪੋਰਟਲ 'ਤੇ ਦਰਜ ਕੀਤੀ ਗਈ ਸੀ, ਜਿੱਥੋਂ ਇਸਨੂੰ ਅਗਲੇਰੀ ਜਾਂਚ ਲਈ ਬਠਿੰਡਾ ਵਿਜੀਲੈਂਸ ਬਿਊਰੋ ਨੂੰ ਭੇਜਿਆ ਗਿਆ ਸੀ।ਵਿਜੀਲੈਂਸ ਦੀ ਪੜਤਾਲ ਦੌਰਾਨ ਇਹ ਖੁਲਾਸਾ ਹੋਇਆ ਕਿ ਥਾਣੇਦਾਰ ਅਵਤਾਰ ਸਿੰਘ ਨੇ ਪੰਚਾਇਤ ਮੈਂਬਰ ਰਾਜਦੀਪ ਸਿੰਘ ਰਾਹੀਂ ਨਾ ਸਿਰਫ ਰਿਸ਼ਵਤ ਦੀ ਮੰਗ ਕੀਤੀ, ਬਲਕਿ 20,000 ਰੁਪਏ ਪਹਿਲਾਂ ਹੀ ਲੈ ਵੀ ਲਏ ਸਨ। ਇਸ ਸਬੂਤ ਦੇ ਆਧਾਰ 'ਤੇ, ਵਿਜੀਲੈਂਸ ਨੇ ਤੁਰੰਤ ਕਾਰਵਾਈ ਕਰਦਿਆਂ ਦੋਵਾਂ ਖਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕਰ ਲਿਆ ਹੈ। ਥਾਣੇਦਾਰ ਦੀ ਗੈਰ-ਮੌਜੂਦਗੀ ਹੁਣ ਕਈ ਸਵਾਲ ਖੜ੍ਹੇ ਕਰ ਰਹੀ ਹੈ, ਜਦੋਂਕਿ ਪੰਚਾਇਤ ਮੈਂਬਰ ਦੀ ਗ੍ਰਿਫ਼ਤਾਰੀ ਨਾਲ ਇਸ ਮਾਮਲੇ ਦੀਆਂ ਤਹਿਆਂ ਖੁੱਲ੍ਹਣ ਦੀ ਉਮੀਦ ਹੈ। ਵਿਜੀਲੈਂਸ ਬਿਊਰੋ ਦਾ ਕਹਿਣਾ ਹੈ ਕਿ ਉਹ ਥਾਣੇਦਾਰ ਦੀ ਭਾਲ ਕਰ ਰਹੇ ਹਨ ਅਤੇ ਜਲਦ ਹੀ ਉਸਨੂੰ ਵੀ ਗ੍ਰਿਫ਼ਤਾਰ ਕਰ ਲਿਆ ਜਵੇਗਾ।

# ਚੇਅਰਮੈਨ ਢਿੱਲੋਂ ਦੇ ਧੂਰੀ ਹਲਕੇ ਦੇ ਸੰਗਠਨ ਇੰਚਾਰਜ ਬਣਨ 'ਤੇ 'ਆਪ' ਦੇ ਬਲਾਕ ਪ੍ਰਧਾਨਾਂ ਨੇ ਕੀਤਾ ਸਨਮਾਨ



ਧੂਰੀ,27 ਜੂਨ ( ਰਣਜੀਤ ਸਿੰਘ ਧੌਪਨੀ ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਕੈਂਪਸ ਇੰਚਾਰਜ ਸ,ਦਲਵੀਰ ਸਿੰਘ ਢਿੱਲੋਂ ਚੇਅਰਮੈਨ ਲਘੂ ਉਦਯੋਗ ਨਿਗਮ ਪੰਜਾਬ ਨੂੰ ਆਮ ਆਦਮੀ ਪਾਰਟੀ ਦੀ ਹਾਈ ਕਮਾਂਡ ਨੇ ਧੂਰੀ ਵਿਧਾਨ ਸਭਾ ਹਲਕੇ ਦਾ ਸੰਗਠਨ ਇੰਚਾਰਜ ਨਿਯੁਕਤ ਕੀਤਾ ਗਿਆ ਹੈ, ਜਿਸ ਦੇ ਚੱਲਦਿਆ ਮੁੱਖ ਮੰਤਰੀ ਦੇ ਧੂਰੀ ਦਫਤਰ ਵਿਖੇ ਮਿਊਂਸਪਲ ਕਮੇਟੀ ਦੇ ਪ੍ਰਧਾਨ ਸੰਦੀਪ ਤਾਇਲ ਪੱਪੂ ਜੌਲੀ, ਨਸ਼ਾਂ ਮੁਕਤੀ ਯਾਤਰਾ ਦੇ ਹਲਕਾ ਕੋਆਰਡੀਨੇਟਰ ਰਛਪਾਲ ਸਿੰਘ ਭੁੱਲਰ, ਆਪ ਦੇ ਬਲਾਕ ਪ੍ਰਧਾਨ ਗਗਨ ਜਵੰਧਾ, ਬਲਾਕ ਪ੍ਰਧਾਨ ਗੁਰਤੇਜ ਸਿੰਘ ਤੇਜੀ,ਬਲਾਕ ਪ੍ਰਧਾਨ ਸੁਰਜੀਤ ਸਿੰਘ ਰਾਜੋਮਾਜਰਾ, ਬਲਾਕ ਪ੍ਰਧਾਨ ਜਸਵਿੰਦਰ ਸਿੰਘ ਘਨੌਰ, ਬਲਾਕ ਪ੍ਰਧਾਨ ਮਿਲਖ ਰਾਜ, ਜਗਸੀਰ ਸਿੰਘ ਲੱਡਾ ਅਤੇ ਸਿੱਖਿਆ ਕ੍ਰਾਂਤੀ' ਦੇ ਕੋਆਰਡੀਨੇਟਰ ਦਰਸ਼ਨ ਸਿੰਘ ਪਾਠਕ,ਨਰੇਸ਼ ਸਿੰਗਲਾ ਸਮੇਤ ਆਪ ਆਗੂਆਂ ਵੱਲੋਂ ਵਿਸੇਸ ਸਨਮਾਨ ਕੀਤਾ ਗਿਆ।ਇਸ ਮੌਕੇ ਚੇਅਰਮੈਨ ਢਿੱਲੋ ਨੇ ਕਿਹਾ ਕਿ ਉਹ ਪਾਰਟੀ ਵੱਲੋਂ ਮਿਲੀ ਜ਼ਿੰਮੇਵਾਰੀ ਨੂੰ ਪਹਿਲਾਂ ਵੀ ਤਰ੍ਹਾਂ ਤੋ ਇਮਾਨਦਾਰੀ ਨਾਲ ਨਿਭਾਉਣਗੇ। ਉਹਨਾਂ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਅਤੇ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਦਿਲ ਦੀਆਂ ਗਹਿਰਾਈਆਂ 'ਚੋਂ ਧੰਨਵਾਦ ਕਰਦੇ ਹਨ।

# ਪਿੰਡ ਅਨਦਾਨਾ ਵਿੱਚ ਲੋਕਾਂ ਨੂੰ ਡੇਂਗੂ ਅਤੇ ਮਲੇਰੀਆ ਤੋਂ ਬਚਾਓ ਸਬੰਧੀ ਜਾਗਰੂਕ ਕੀਤਾ



ਖਨੌਰੀ, 27 ਜੂਨ (ਓਮਪ੍ਰਕਾਸ਼ ਮੁਆਲ) ਸਿਵਲ ਸਰਜਨ ਸੰਗਰੂਰ ਡਾਕਟਰ ਸੰਜੇ ਕਾਮਰਾ ਦੀਆਂ ਹਦਾਇਤਾਂ ਅਨੁਸਾਰ 'ਅਤੇ ਮੈਡੀਕਲ ਅਫਸਰ ਮੂਨਕ ਡਾਕਟਰ ਲਵਰਾਜ ਪਵਾਰ ਦੀ ਅਗਵਾਈ ਹੇਠਾਂ ਲੋਕਾਂ ਨੂੰ ਡੇਂਗੂ ਅਤੇ ਮਲੇਰੀਆ ਤੋਂ ਬਚਾਓ ਸਬੰਧੀ ਜਾਗਰੂਕ ਕੀਤਾ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਸਿਹਤ ਕਰਮਚਾਰੀ ਧਰਮਪਾਲ ਸਿੰਘ ਨੇ ਦੱਸਿਆ ਕਿ ਇਸੇ ਤਹਿਤ ਨਜ਼ਦੀਕੀ ਪਿੰਡ ਅਨਦਾਨਾ ਵਿਚ ਖਾਲੀ ਪਲਾਟਾਂ ਵਿੱਚ ਡੇਂਗੂ ਦੇ ਲਾਰਵੇ ਦੀ ਵਿਸ਼ੇਸ਼ ਜਾਂਚ ਸਿਹਤ ਵਿਭਾਗ ਦੀ ਟੀਮ ਵੱਲੋਂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਬਰਸਾਤ ਦੇ ਇਨ੍ਹਾਂ ਦਿਨਾਂ ਵਿੱਚ ਡੇਂਗੂ ਅਤੇ ਬੁਖਾਰ ਦੇ ਮਰੀਜਾਂ ਵਿੱਚ ਵਾਧਾ ਹੋਣ ਦਾ ਡਰ ਬਣਿਆ ਰਹਿੰਦਾ ਹੈ। ਕਿਉਂਕਿ ਇਸ ਵੇਲ਼ੇ ਬਰਸਾਤ ਹੋਣ ਕਾਰਨ ਥਾਂ ਥਾਂ ਤੇ ਪਾਣੀ ਖੜਨ ਨਾਲ ਮੱਛਰਾ ਦੀ ਪੈਦਾਇਸ਼ ਵਿਚ ਵਾਧਾ ਦੇਖਣ ਨੂੰ ਮਿਲਦਾ ਹੈ। ਜਿਸ ਕਾਰਨ ਡੇਂਗੂ ਅਤੇ ਮਲੇਰੀਆ ਦੇ ਕੇਸਾਂ ਵਿੱਚ ਵਾਧਾ ਹੋਣ ਦਾ ਖ਼ਦਸ਼ਾ ਪੈਦਾ ਹੁੰਦਾ ਹੈ। ਇਸ ਲਈ ਜ਼ਰੂਰੀ ਹੈ, ਕਿ ਮੱਛਰਾਂ ਦੇ ਵਾਧੇ ਨੂੰ ਰੋਕਿਆ ਜਾਵੇ। ਉਨ੍ਹਾਂ ਦੱਸਿਆ ਕਿ ਇਹ ਮੱਛਰ ਕੇਵਲ ਦਿਨ ਸਮੇ ਕੱਟਦਾ ਹੈ ਲੋਕਾਂ ਨੂੰ ਮੱਛਰਾਂ ਤੋਂ ਬਚਾਓ ਲਈ ਜ਼ਰੂਰੀ ਹੈ, ਕਿ ਆਪਣੇ ਘਰਾਂ ਦੇ ਆਲੇ ਦੁਆਲੇ ਸਫ਼ਾਈ ਰੱਖੀ ਜਾਵੇ ਤੇ ਕੂਲਰ ਫਰਿਜ ਆਦਿ ਚੈੱਕ ਕੀਤੇ ਜਾਣ । ਖੱਡਿਆਂ ਵਿੱਚ ਇਕੱਠੇ ਹੋਏ ਪਾਣੀ ਉੱਪਰ ਕਾਲੇ ਤੇਲ ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ।ਇਸ ਮੌਕੇ ਪਿੰਡ ਅਨਦਾਨਾ ਦੇ ਸਰਪੰਚ ਸ਼੍ਰੀ ਚਾਂਦੀ ਰਾਮ, ਪੰਚ ਊਸ਼ਾ ਦੇਵੀ, ਸਮਾਜ ਸੇਵਕ ਕਮਲਾ ਦੇਵੀ ਅਤੇ ਹੋਰ ਪਿੰਡ ਵਾਸੀ ਹਾਜ਼ਰ ਸਨ।

# ਅਰਵਿੰਦ ਖੰਨਾ ਦੀ ਅਗਵਾਈ ਵਿੱਚ ਜਲਾਨ ਪਿੰਡ ਦਾ ਸਰਪੰਚ ਆਪਣੇ ਸਾਥੀਆਂ ਸਮੇਤ ਭਾਜਪਾ 'ਚ ਸ਼ਾਮਲ



ਸੰਗਰੂਰ, 27 ਜੂਨ (ਹਰਕੰਵਲ ਸਿੰਘ ਹੈਪੀ) ਜ਼ਿਲ੍ਹਾ ਸੰਗਰੂਰ ਅੰਦਰ ਭਾਜਪਾ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ ਜਦੋਂ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਅਰਵਿੰਦ ਖੰਨਾ ਦੀ ਅਗਵਾਈ ਵਿੱਚ ਪਿੰਡ ਜਲਾਨ ਦੇ ਸਰਪੰਚ ਵੱਲੋਂ ਆਪਣੇ ਸਮਰਥਕਾਂ ਦੇ ਨਾਲ ਭਾਰਤੀ ਜਨਤਾ ਪਾਰਟੀ 'ਚ ਸ਼ਾਮਿਲ ਹੋਣ ਦਾ ਐਲਾਨ ਕੀਤਾ।ਸਰਪੰਚ ਗੁਰਦੀਪ ਸਿੰਘ ਅਤੇ ਉਹਨਾਂ ਦੇ ਸਾਥੀ ਪੰਚ ਬਾਵਾ ਰਾਮ , ਬਲਵਿੰਦਰ ਸਿੰਘ, ਅਮਰਜੀਤ ਸਿੰਘ, ਦਰਸ਼ਨ ਸਿੰਘ, ਰਾਜਿੰਦਰ ਸਿੰਘ ਅਤੇ ਕਾਕਾ ਸਿੰਘ ਸਾਬਕਾ ਸਰਪੰਚ ਦਾ ਭਾਜਪਾ ਅੰਦਰ ਇਸਤਕਬਾਲ ਕਰਦਿਆਂ ਸੂਬਾ ਮੀਤ ਪ੍ਰਧਾਨ ਅਰਵਿੰਦ ਖੰਨਾ ਨੇ ਵਿਸ਼ਵਾਸ ਦਵਾਇਆ ਕਿ ਪਾਰਟੀ ਵੱਲੋਂ ਉਹਨਾਂ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ ਅਤੇ ਬਹੁਤ ਜਲਦ ਉਚਿਤ ਅਹੁਦਿਆਂ ਨਾਲ ਵੀ ਨਿਵਾਜਿਆ ਜਾਵੇਗਾ।ਇਸ ਦੌਰਾਨ ਅਰਵਿੰਦ ਖੰਨਾ ਨੇ ਕਿਹਾ ਕਿ ਪੰਜਾਬ ਲਈ ਮੌਜੂਦਾ ਸਮੇਂ ਵਿੱਚ ਭਾਜਪਾ ਹੀ ਸਭ ਤੋਂ ਤਗੜਾ ਅਤੇ ਚੰਗਾ ਵਿਕਲਪ ਹੈ, ਕਾਂਗਰਸ ਅੰਦਰ ਛੇੜਿਆ ਆਪਸੀ ਗ੍ਰਹਿ ਯੁੱਧ ਉਸਨੂੰ ਲੈ ਡੁੱਬੇਗਾ ਤੇ ਕਾਂਗਰਸ ਵਿਰੋਧੀ ਧਿਰ ਦੀ ਭੂਮਿਕਾ ਨਿਭਾਉਣ ਵਿੱਚ ਵੀ ਅਸਮਰਥ ਹੈ, ਉਹਨਾਂ ਕਿਹਾ ਲੁਧਿਆਣਾ ਦੀ ਜਿਮਣੀ ਚੋਣ ਤੋਂ ਸਾਫ ਹੈ ਕਿ ਪੰਜਾਬ ਅੰਦਰ ਭਾਜਪਾ ਦਾ ਆਧਾਰ ਵੱਡੇ ਪੱਧਰ 'ਤੇ ਵੱਧ ਰਿਹਾ ਹੈ ਤੇ ਜਲਦ ਹੀ ਭਾਰਤੀ ਜਨਤਾ ਦੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਵੀ ਬਣੇਗੀ, ਉਹਨਾਂ ਕਿਹਾ ਕਿ ਲੁਧਿਆਣਾ ਵਿਖੇ ਸਰਕਾਰੀ ਮਸ਼ੀਨਰੀ ਦੀ ਅੰਨੇਵਾਹ ਵਰਤੋ ਤੋਂ ਬਾਅਦ ਵੀ ਮੌਜੂਦਾ ਸਰਕਾਰ ਦਾ ਉਮੀਦਵਾਰ ਬਹੁਤ ਹੀ ਥੋੜੇ ਫਰਕ ਨਾਲ ਜਿੱਤਿਆ ਹੈ, ਜਿਸ ਤੋਂ ਇਹ ਸਾਫ ਹੈ ਕਿ ਸੂਬੇ ਦੀ ਜਨਤਾ ਮੌਜੂਦਾ 'ਆਪ' ਸਰਕਾਰ ਤੋਂ ਪੂਰੀ ਤਰ੍ਹਾਂ ਦੇ ਨਾਲ ਨਾਖੁਸ਼ ਹੈ। ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਆਪਣੇ ਦਿੱਲੀ ਦੇ ਆਕਾ ਅਰਵਿੰਦ ਕੇਜਰੀਵਾਲ ਦੀ ਕਠਪੁਤਲੀ ਬਣ ਚੁੱਕੇ ਹਨ ਤੇ ਉਨ੍ਹਾਂ ਦੇ ਇਸ਼ਾਰਿਆਂ ਉੱਤੇ ਚੱਲ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਦਫਤਰ ਉੱਤੇ ਦਿੱਲੀ ਦੀ ਕੌਮੀ ਲੀਡਰਸ਼ਿਪ ਦਾ ਪੂਰਾ ਕੰਟਰੋਲ ਹੈ। ਪੰਜਾਬ ਨਾਲ ਜੁੜਿਆ ਛੋਟਾ ਮੋਟਾ ਫੈਸਲਾ ਲੈਣ ਲਈ ਵੀ ਮੁੱਖ ਮੰਤਰੀ ਨੂੰ ਦਿੱਲੀ ਦੀ ਲੀਡਰਸ਼ਿਪ ਤੋਂ ਇਜਾਜ਼ਤ ਲੈਣੀ ਪੈਂਦੀ ਹੈ। ਉਹਨਾਂ ਕਿਹਾ ਕਿ ਅੱਜ ਸੂਬੇ ਵਿੱਚ ਮੌਜੂਦਾ ਸਰਕਾਰ ਵੱਲੋਂ ਅਣਐਲਾਨੀ ਐਮਰਜੈਂਸੀ ਲਾਗੂ ਹੈ ਤੇ ਪੰਜਾਬ ਇੱਕ ਵਾਰ ਮੁੜ ਤੋਂ 75 ਵਾਲੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਕੇਜਰੀਵਾਲ ਅਤੇ ਸਰਕਾਰ ਖਿਲਾਫ ਬੋਲਣ ਵਾਲਿਆਂ ਨੂੰ ਬਿਨਾਂ ਵਜਾ ਜੇਲਾਂ ਵਿੱਚ ਸੁੱਟ ਦਿੱਤਾ ਜਾਂਦਾ ਹੈ ਤੇ ਉਹਨਾਂ ਨੂੰ ਪਰਚਿਆਂ ਵਿੱਚ ਉਲਝਾ ਕੇ ਖੱਜਲ ਖੁਆਰ ਕੀਤਾ ਜਾਂਦਾ ਹੈ। ਲੋਕਤੰਤਰ ਦਾ ਸਭ ਤੋਂ ਮਜ਼ਬੂਤ ਥੰਮ ਮੰਨਿਆ ਜਾਂਦਾ ਮੀਡੀਆ ਵੀ ਪੰਜਾਬ ਸਰਕਾਰ ਖਿਲਾਫ ਖੁੱਲਕੇ ਨਹੀਂ ਬੋਲ ਸਕਦਾ। ਸਰਕਾਰ ਅਤੇ ਕੇਜਰੀਵਾਲ ਦੀ ਅਲੋਚਨਾ ਕਰਨ ਵਾਲੇ ਪੱਤਰਕਾਰਾਂ ਅਤੇ ਬੁੱਧੀਜੀਵੀਆਂ ਨੂੰ ਪਰਚਿਆਂ ਵਿੱਚ ਉਲਝਾਕੇ ਪਰੇਸ਼ਾਨ ਕੀਤਾ ਜਾਂਦਾ ਹੈ ਅਤੇ ਸਰਕਾਰ ਖਿਲਾਫ ਬੋਲਣ ਵਾਲੇ ਚੈਨਲਾਂ ਉੱਤੇ ਸਟਰਾਈਕਾਂ ਪਵਾਕੇ ਉਹਨਾਂ ਨੂੰ ਬੰਦ ਕੀਤਾ ਜਾਂਦਾ ਹੈ ਤੇ ਵਿਰੋਧੀ ਧਿਰਾਂ ਦੇ ਆਗੂਆਂ ਨੂੰ ਵੀ ਇਸੇ ਤਰ੍ਹਾਂ ਪਰਚਿਆ ਅਤੇ ਝੂਠੇ ਮਾਮਲਿਆਂ ਵਿੱਚ ਫਸਾਇਆ ਜਾ ਰਿਹਾ ਹੈ।ਖੰਨਾ ਨੇ ਕਿਹਾ ਕਿ ਕੇਜਰੀਵਾਲ ਸਮੇਤ ਦਿੱਲੀ ਦੀ ਪੂਰੀ ਜੁੰਡਲੀ ਪੰਜਾਬ ਦੇ ਖ਼ਜ਼ਾਨੇ ਦੀ ਸ਼ਰੇਆਮ ਨੂੰ ਲੁੱਟ ਰਹੀ ਹੈ ਪਰ ਮੁੱਖ ਮੰਤਰੀ ਸਮੇਤ ਪੰਜਾਬ ਦੀ ਪੂਰੀ ਵਜਾਰਤ ਅੱਖਾਂ ਬੰਦ ਕਰਕੇ ਅਣਜਾਣ ਬਣੀ ਹੋਈ ਹੈ। ਇਸ ਲਈ ਪੰਜਾਬ ਨੂੰ ਮੁੜ ਤੋਂ ਖੁਸ਼ਹਾਲ ਅਤੇ ਵਿਕਾਸ ਦੀਆਂ ਰਾਹਾਂ ਉੱਤੇ ਲਿਜਾਣ ਲਈ 2027 ਵਿੱਚ ਪੰਜਾਬੀਆਂ ਨੂੰ ਖਾਸ ਤੌਰ ਤੇ ਮਹਿਲਾਵਾਂ ਅਤੇ ਨੌਜਵਾਨਾਂ ਨੂੰ ਭਾਜਪਾ ਦਾ ਸਾਥ ਦੇਣਾ ਪਵੇਗਾ।ਸਰਪੰਚ ਗੁਰਦੀਪ ਸਿੰਘ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਅਤੇ ਸੂਬਾ ਮੀਤ ਪ੍ਰਧਾਨ ਅਰਵਿੰਦ ਖੰਨਾ ਦੀ ਹਲਕੇ ਚ ਕਾਰਗੁਜ਼ਾਰੀ ਅਤੇ ਸਮਾਜ ਸੇਵਾ ਤੋਂ ਪ੍ਰਭਾਵਿਤ ਹੋ ਕੇ ਉਹ ਭਾਜਪਾ ਦੇ ਨਾਲ ਜੁੜ ਰਹੇ ਹਨ ਤੇ ਹੁਣ ਉਹ ਭਾਜਪਾ ਨੂੰ ਸੰਗਰੂਰ ਵਿੱਚ ਮਜਬੂਤ ਕਰਨ ਲਈ ਦਿਨ ਰਾਤ ਕੰਮ ਕਰਨਗੇ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣਗੇ।ਇਸ ਮੌਕੇ ਬੇਅੰਤ ਸਿੰਘ, ਮਿੱਠੂ ਸਿੰਘ, ਸੁਖਵੀਰ ਸਿੰਘ, ਗੁਰਪ੍ਰੀਤ ਸਿੰਘ, ਰਸ਼ਪਾਲ ਸਿੰਘ, ਭਾਜਪਾਸੰਗਰੂਰ 1 ਦੇ ਜਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਦੁੱਲਟ, ਮਹਿੰਦਰਪਾਲ ਸਿੰਘ, ਮਾਲਵਿੰਦਰ ਸਿੰਘ, ਰਣਜੀਤ ਸਿੰਘ, ਵਰਿੰਦਰ ਸਿੰਘ, ਮਨਪ੍ਰੀਤ ਸਿੰਘ, ਬਲਵੀਰ ਸਿੰਘ, ਸਿਮਰਨਜੀਤ ਸਿੰਘ ਅਤੇ ਪ੍ਰੋ. ਅਰੁਣਜੀਤ ਸਿੰਘ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

# ਭਰਾ ਦੀ ਬਰਸੀ 'ਤੇ ਠੰਡੇ-ਮਿੱਠੇ ਜਲ ਦੀ ਛਬੀਲ ਅਤੇ ਲੰਗਰ ਲਗਾਇਆ



ਭੁੱਚੋ ਮੰਡੀ ਨਥਾਣਾ 27ਜੂਨ (ਹਰਬੰਸ ਸਿੰਘ ਭੋਲਾ) ਇਸ ਇਲਾਕੇ ਦੇ ਨਾਮਵਰ ਡਾਕਟਰ ਸਵਤੰਤਰ ਗੁਪਤਾ ਜ਼ੋ ਕਿ ਸਮਾਜ ਸੇਵੀ ਵੀ ਹਨ ਉਹਨਾਂ ਵੱਲੋਂ ਲੋਕਾਂ ਦੀ ਸੇਵਾ ਭਾਵਨਾਵਾਂ ਨਾਲ ਸੇਵਾ ਕਰਨ ਲਈ ਅਣਗਿਣਤ ਕੈਂਪ ਲਗਾ ਕੇ ਅਣਥੱਕ ਸੇਵਾ ਵੀ ਕੀਤੀ ਜਾ ਰਹੀ ਅੱਜ ਉਹਨਾਂ ਤੇ ਉਨ੍ਹਾਂ ਪਰਿਵਾਰ ਵੱਲੋਂ ਆਪਣੇ ਭਰਾ ਰੁਪਿੰਦਰ ਕਾਲਾ ਦੀ ਬਰਸੀ ਪਰ ਨੈਣ ਜਯੋਤੀ ਚੈਰੀਟੇਬਲ ਸੋਸਾਇਟੀ ਦੁਵਾਰਾ ਸ੍ਰੀ ਚਿੰਤਪੁਰਣੀ ਮੰਦਰ ਵਿੱਚ ਚੱਲਦੇ ਅੱਖਾਂ, ਦੰਦਾਂ, ਔਰਤ ਰੋਗ ਹਸਪਤਾਲ ਅਤੇ ਲੈਬੋਰਟਰੀ ਦੇ ਮਰੀਜ਼ਾਂ ਅਤੇ ਸਹਿਯੋਗੀਆਂ ਲਈ ਕੜ੍ਹੀ ਚਾਵਲ ਦਾ ਲੰਗਰ ਅਤੇ ਠੰਡੇ ਮੀਠੇ ਪਾਣੀ ਦੀ ਛਵੀਲ ਲਗਾਈ। ਇਸ ਮੌਕੇ ਡਾਕਟਰ ਗੁਪਤਾ ਦੇ ਪਰਿਵਾਰ ਤੋਂ ਇਲਾਵਾ ਪਵਨ ਬਾਂਸਲ, ਕੇਵਲ ਬਾਂਸਲ, ਮੰਦਰ ਦੇ ਪੁਜਾਰੀ ਉਮਾਸ਼ੰਕਰ ਸ਼ੁਕਲਾ ਅਤੇ ਮੈਨੇਜਰ ਬਸੰਤ ਲਾਲ ਨੇ ਸੇਵਾ ਕਰਾਈ।

# ਅਗਲੇ ਪੰਜ ਦਿਨ ਤੇਜ਼ ਝੱਖੜ ਸਮੇਤ ਭਾਰੀ ਮੀਂਹ ਦੀ ਸੰਭਾਵਨਾ, ਇਕ ਹ਼ਫਤੇ 'ਚ ਤਾਪਮਾਨ 6.6 ਡਿਗਰੀ ਹੇਠਾਂ ਡਿੱਗਾ

ਬਠਿੰਡਾ, 27 ਜੂਨ (ਦੀਪਕ ਸ਼ਰਮਾ):ਜ਼ਿਲ੍ਹੇ ਅੰਦਰ ਅਗਲੇ ਪੰਜ ਦਿਨ੍ਹ ਤੇਜ ਝੱਖੜ ਦੇ ਨਾਲ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ। ਜੇਕਰ ਅਗਲੇ ਦਿਨ੍ਹਾਂ ਵਿੱਚ ਮੌਸਮ ਵਿਭਾਗ ਦੀ ਭਵਿੱਖਬਾਣੀ ਅਨੁਸਾਰ ਮੀਂਹ ਪੈਂਦਾ ਹੈ, ਤਾਂ ਇਹ ਫਸਲਾਂ ਲਈ ਕਾਫੀ ਲਾਹੇਵੰਦ ਸਾਬਤ ਹੋਵੇਗਾ। ਹਾਲਾਂਕਿ ਪਿਛਲੇ ਦੋ ਦਿਨ੍ਹਾਂ ਦੌਰਾਨ ਜ਼ਿਲ੍ਹੇ ਦੇ ਕੁਝ ਖੇਤਰਾਂ ਵਿੱਚ ਹਲਕਾ ਮੀਂਹ ਪੈਣ ਨਾਲ ਲੋਕਾਂ ਨੂੰ ਗਰਮੀ ਤੋਂ ਕੁਝ ਰਾਹਤ ਮਿਲੀ ਹੈ। ਪਰ ਆਮ ਲੋਕਾਂ ਤੇ ਕਿਸਾਨਾਂ ਦੀ ਉਮੀਦ ਅਨੁਸਾਰ ਅਜੇ ਤਕ ਜ਼ਿਲ੍ਹੇ ਅੰਦਰ ਮੀਂਹ ਨਹੀਂ ਪਿਆ। ਝੋਨੇ ਦੀ ਹੱਥੀ ਲਵਾਈ ਕਰ ਰਹੇ ਕਿਸਾਨ ਭਾਰੀ ਮੀਂਹ ਦੀ ਉਡੀਕ ਕਰ ਰਹੇ ਹਨ। ਪਿਛਲੇ ਦੋ ਦਿਨਾਂ ਦੌਰਾਨ ਕੁਝ ਥਾਵਾਂ 'ਤੇ ਪਏ ਹਲਕੇ ਮੀਂਹ ਅਤੇ ਸ਼ਹਿਰ ਅੰਦਰ ਹੋਈ ਬੂੰਦਾਂ ਬਾਂਦੀ ਤੋਂ ਬਾਅਦ ਦਿਨ ਦਾ ਤਾਪਮਾਨ ਕਾਫੀ ਹੇਠਾਂ ਆ ਗਿਆ ਹੈ। ਮੌਸਮ ਵਿਭਾਗ ਨੇ ਭਵਿੱਖਬਾਣੀ ਕੀਤੀ ਹੈ ਕਿ ਅਗਲੇ ਪੰਜ ਦਿਨ ਭਾਵ 2 ਜੁਲਾਈ ਤਕ ਕੁਝ ਥਾਵਾਂ 'ਤੇ ਭਾਰੀ ਮੀਹ, ਗਰਜ ਚਮਕ ਨਾਲ ਤੇਜ਼ ਝੱਖੜ ਆ ਸਕਦਾ ਹੈ, ਜਦੋਂਕਿ ਇਨ੍ਹਾਂ ਦਿਨ੍ਹਾਂ ਦੌਰਾਨ ਅਸਮਾਨੀ ਬਿਜਲੀ ਡਿੱਗਣ ਦਾ ਡਰ ਬਣਿਆ ਰਹੇਗਾ। ਮੌਸਮ ਵਿਭਾਗ ਦੀ ਰਿਪੋਰਟ ਅਨੁਸਾਰ ਅਗਲੇ ਪੰਜ ਦਿਨ੍ਹਾਂ ਵਿੱਚ 46 ਮਿਲੀਮੀਟਰ ਮੀਂਹ ਪੈ ਸਕਦਾ ਹੈ। ਵਿਭਾਗ ਅਨੁਸਾਰ 28 ਜੂਨ ਨੂੰ 3 ਮਿਲੀਮੀਟਰ ਮੀਂਹ ਪੈ ਸਕਦਾ ਹੈ, ਜਦੋਂ ਕਿ ਅਗਲੇ ਦਿਨ੍ਹ 29 ਜੂਨ 9 ਮਿਲੀਮੀਟਰ ਮੀਂਹ ਪੈ ਸਕਦਾ ਹੈ। ਇਸ ਤਰ੍ਹਾਂ ਹੀ 30 ਜੂਨ ਨੂੰ 15 ਮਿਲੀਮੀਟਰ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਗਈ ਹੈ ਜਦੋਂਕਿ 1 ਜੁਲਾਈ ਨੂੰ 10 ਮਿਲੀਮੀਟਰ ਅਤੇ 2 ਜੁਲਾਈ ਨੂੰ 9 ਮਿਲੀਮੀਟਰ ਮੀਹ ਪੈਣ ਦੀ ਸੰਭਾਵਨਾ ਪ੍ਰਗਟਾਈ ਗਈ ਹੈ। ਮੌਸਮ ਵਿਭਾਗ ਨੇ ਚੇਤਾਵਨੀ ਜਾਰੀ ਕੀਤੀ ਹੈ ਕਿ 28 ਜੂਨ , 1 ਅਤੇ 2 ਜੁਲਾਈ ਨੂੰ ਭਾਰੀ ਮੀਹ, ਗਰਜ ਚਮਕ ਨਾਲ ਤੇਜ ਝੱਖੜ ਆ ਸਕਦਾ ਹੈ ਅਤੇ ਕੁਝ ਥਾਵਾਂ 'ਤੇ ਆਸਮਾਨੀ ਬਿਜਲੀ ਡਿੱਗ ਸਕਦੀ ਹੈ। ਵਿਭਾਗ ਦੀ ਰਿਪੋਰਟ ਅਨੁਸਾਰ ਇਨ੍ਹਾਂ ਪੰਜ ਦਿਨ੍ਹਾਂ ਦੌਰਾਨ ਜ਼ਿਲ੍ਹੇ ਦਾ ਵੱਧ ਤੋਂ ਵੱਧ ਤਾਪਮਾਨ 31 ਤੋਂ 32 ਡਿਗਰੀ ਸੈਲਸੀਅਸ ਅਤੇ ਘੱਟ ਤੋਂ ਘੱਟ ਤਾਪਮਾਨ 25 ਤੋਂ 27 ਡਿਗਰੀ ਸੈਲਸੀਅਸ ਰਹਿਣ ਦੀ ਸੰਭਾਵਨਾ ਹੈ। ਇਸ ਤਰ੍ਹਾਂ 2 ਜੁਲਾਈ ਤਕ ਹਵਾ ਵਿੱਚ ਨਮੀਂ ਦੀ ਮਾਤਰਾ 74 ਤੋਂ 94 ਫੀਸਦੀ ਰਹੇਗੀ। ਜਦੋਂ ਕਿ 10 ਤੋਂ 21 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਤੇਜ਼ ਹਵਾਵਾਂ ਚੱਲ ਸਕਦੀਆਂ ਹਨ। ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਜੇਕਰ ਅਗਲੇ ਦਿਨ੍ਹਾਂ ਵਿਚ ਮੀਂਹ ਪੈਂਦਾ ਹੈ, ਤਾਂ ਇਹ ਸਾਰੀਆਂ ਹੀ ਫਸਲਾਂ ਲਈ ਲਾਹੇਵੰਦ ਰਹੇਗਾ।

# ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦੇ ਦੇਹਾਂਤ 'ਤੇ ਬਲਕਾਰ ਸਿੱਧੂ ਵੱਲੋਂ ਦੁੱਖ ਦਾ ਪ੍ਰਗਟਾਵਾ

ਭਗਤਾ ਭਾਈ ਕਾ, 27 ਜੂਨ (ਸਵਰਨ ਸਿੰਘ ਭਗਤਾ):ਤਰਨਤਾਰਨ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਡਾ.ਕਸ਼ਮੀਰ ਸਿੰਘ ਸੋਹਲ ਦੇ ਅਕਾਲ ਚਲਾਣੇ ਦੀ ਖ਼ਬਰ ਨੇ ਪੂਰੇ ਪੰਜਾਬ ਨੂੰ ਸ਼ੋਕ ਵਿੱਚ ਡੁੱਬੋ ਦਿੱਤਾ ਹੈ,ਉਨ੍ਹਾਂ ਦੇ ਦੇਹਾਂਤ 'ਤੇ ਰਾਮਪੁਰਾ ਫੂਲ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਬਲਕਾਰ ਸਿੱਧੂ ਨੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ।ਵਿਧਾਇਕ ਬਲਕਾਰ ਸਿੱਧੂ ਨੇ ਕਿਹਾ ਕਿ ਡਾ.ਕਸ਼ਮੀਰ ਸਿੰਘ ਸੋਹਲ ਇਕ ਸਾਫ-ਸੁੱਥਰੇ ਚਿੱਤ ਵਾਲੇ, ਨਿਰਭੀਕ ਤੇ ਨਿਮਰ ਜਨਨਾਇਕ ਸਨ, ਜਿਨ੍ਹਾਂ ਦੀ ਪੂਰੀ ਜ਼ਿੰਦਗੀ ਲੋਕ ਸੇਵਾ ਨੂੰ ਸਮਰਪਿਤ ਰਹੀ। ਉਨ੍ਹਾਂ ਨੇ ਆਪਣੇ ਹਲਕੇ ਦੀ ਤਰੱਕੀ ਲਈ ਹਮੇਸ਼ਾ ਸਰਗਰਮ ਰਹਿੰਦਿਆਂ ਲੋਕਾਂ ਦੇ ਦੁੱਖ-ਸੁਖ 'ਚ ਹਿੱਸਾ ਲਿਆ।



ਉਨ੍ਹਾਂ ਨੇ ਕਿਹਾ ਕਿ ਡਾ. ਸੋਹਲ ਦੀ ਅਚਾਨਕ ਮੌਤ ਨਾਲ ਪਾਰਟੀ ਨੇ ਇੱਕ ਸਮਰਪਿਤ ਸਿਪਾਹੀ ਅਤੇ ਲੋਕਤੰਤਰ ਨੇ ਇੱਕ ਵਫ਼ਾਦਾਰ ਪ੍ਰਤੀਨਿਧੀ ਗੁਆ ਦਿੱਤਾ ਹੈ।ਬਲਕਾਰ ਸਿੱਧੂ ਨੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਵਾਹਿਗੁਰੂ ਮਰਹੂਮ ਦੀ ਆਤਮਾ ਨੂੰ ਆਪਣੇ ਚਰਨਾਂ 'ਚ ਨਿਵਾਸ ਦੇਣ ਅਤੇ ਪਰਿਵਾਰ ਨੂੰ ਇਹ ਅਸਹਿ ਦੁੱਖ ਸਹਿਣ ਦੀ ਹਿੰਮਤ ਬਖ਼ਸ਼ੇ।

# ਨਾਰੀ ਸ਼ਕਤੀ ਦਲ ਵੱਲੋਂ ਲੋੜਵੰਦ ਪਰਿਵਾਰ ਦੀ ਲੜਕੀ ਦੇ ਵਿਆਹ ਮੌਕੇ ਮਦਦ



ਭੁੱਚੋ ਮੰਡੀ ਨਥਾਣਾ, 27ਜੂਨ (ਹਰਬੰਸ ਸਿੰਘ ਭੋਲਾ): ਸੇਵਾ ਭਾਵਨਾ ਨੂੰ ਸਪਰਪਤ ਮਹਿਲਾਵਾਂ ਵੱਲੋਂ ਸ੍ਰੀ ਛਿੰਨਮਸਤਿਕਾ ਨਾਰੀ ਸ਼ਕਤੀ ਦਲ ਸ੍ਰੀ ਚਿੰਤਪੁਰਣੀ ਮੰਦਰ ਭੁੱਚੋ ਕੈਂਚੀਆਂ ਦੁਆਰਾ ਇਲਾਕੇ ਵਿੱਚ ਕਿਸੇ ਵੀ ਪਰਿਵਾਰ ਦੀ ਲੜਕੀ ਹੋਵੇ ਜਾਂ ਪਰਿਵਾਰ ਜ਼ਰੂਰਤਮੰਦ ਹੋਵੇ ਤਾਂ ਇਸ ਨਾਰੀ ਸ਼ਕਤੀ ਦਲ ਵੱਲੋਂ ਪਤਾ ਲੱਗਣ 'ਤੇ ਉਸ ਗਰੀਬ ਪਰਿਵਾਰ ਦੀ ਲੜਕੀ ਦੇ ਵਿਵਾਹ ਮੌਕੇ ਲੋੜ ਅਨੁਸਾਰ ਲੋੜੀਂਦਾ ਸਮਾਨ ਦਾਨ ਦਿੱਤਾ ਜਾਂਦਾ।ਇਸ ,ਲੜਕੀ ਦੇ ਨਾ ਮਾਂ ਹੈ ਅਤੇ ਨਾ ਹੀ ਬਾਪ, ਸ਼ਕਤੀ ਦਲ ਦੀ ਰੇਸ਼ਮਾ ਦੇਵੀ ਇੰਦੂ, ਰਜਨੀ ਬਾਂਸਲ, ਵੀਨਾ ਜਿੰਦਲ ਅਤੇ ਉਰਮਿਲਾ ਬਾਂਸਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਲੋੜਵੰਦ ਲੜਕੀਆਂ ਦੀ ਮਦਦ ਲਈ ਅੱਗੇ ਆਉਣ, ਮਦਦ ਕਰਨ ਨਾਲ ਮਹਾਂਯਗ ਦਾ ਪੁੰਨ ਪ੍ਰਾਪਤ ਹੁੰਦਾ।

# ਪੰਜਾਬ ਸਰਕਾਰ ਵੱਲੋਂ ਸਨਅਤੀ ਪਲਾਟਾਂ ਸਬੰਧੀ ਲਏ ਫ਼ੈਸਲੇ ਉਦਯੋਗਕਾਰੀ ਨਕਸ਼ੇ ਨੂੰ ਦੇਣਗੇ ਨਵਾਂ ਆਕਾਰ : ਡਾ. ਜਵੰਧਾ

ਸੰਗਰੂਰ, 27 ਜੂਨ (ਹਰਕੰਵਲ ਸਿੰਘ ਹੈਪੀ): ਪੰਜਾਬ ਸਰਕਾਰ ਵੱਲੋਂ ਸਨਅਤੀ ਪਲਾਟਾਂ ਨੂੰ ਲੈ ਕੇ ਲਏ ਗਏ ਇਤਿਹਾਸਕ ਫੈਸਲੇ ਪੰਜਾਬ ਦੇ ਉਦਯੋਗਕਾਰੀ ਨਕਸ਼ੇ ਨੂੰ ਨਵੇਂ ਆਕਾਰ ਦੇਣਗੇ। ਇਨਫੋਟੈਕ ਪੰਜਾਬ ਦੇ ਚੇਅਰਮੈਨ ਡਾ. ਗੁਨਿੰਦਰਜੀਤ ਸਿੰਘ ਜਵੰਧਾ ਨੇ ਪੰਜਾਬ ਕੈਬਨਿਟ ਵੱਲੋਂ ਲੀਜ਼ਹੋਲਡ ਤੋਂ ਫ੍ਰੀਹੋਲਡ ਅਤੇ ਲੈਂਡ ਯੂਜ਼ ਤਬਦੀਲੀ ਸੰਬੰਧੀ ਦੋ ਨੀਤੀਆਂ ਨੂੰ ਪ੍ਰਵਾਨਗੀ ਦੇਣ ਨੂੰ ਇਕ ਸ਼ਲਾਘਾਯੋਗ ਫੈਸਲਾ ਕਰਾਰ ਦਿੱਤਾ ਹੈ।

ਡਾ. ਜਵੰਧਾ ਨੇ ਕਿਹਾ ਕਿ ਇਹ ਦੋਵੇਂ ਫੈਸਲੇ ਸਿਰਫ਼ ਉਦਯੋਗਪਤੀਆਂ ਲਈ ਹੀ ਨਹੀਂ, ਸਗੋਂ ਪੰਜਾਬ ਦੇ ਆਰਥਿਕ ਢਾਂਚੇ ਲਈ ਵੀ ਕਾਫੀ ਲਾਭਕਾਰੀ ਸਾਬਤ ਹੋਣਗੇ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਜੀ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸਾਫ਼ ਕਰ ਦਿੱਤਾ ਹੈ ਕਿ ਉਹ ਪੰਜਾਬ ਨੂੰ ਇਕ ਆਧੁਨਿਕ, ਰੋਜ਼ਗਾਰ-ਭਰਪੂਰ ਅਤੇ ਉਦਯੋਗ-ਪ੍ਰੇਰਿਤ ਰਾਜ ਬਣਾਉਣ ਲਈ ਕਮਰ ਕੱਸ ਚੁੱਕੀ ਹੈ। ਉਨ੍ਹਾਂ ਕਿਹਾ ਕਿ ਫ੍ਰੀਹੋਲਡ ਨੀਤੀ ਨਾਲ ਉਦਯੋਗਪਤੀਆਂ ਨੂੰ ਪਲਾਟਾਂ 'ਤੇ ਪੂਰਾ ਮਾਲਕੀ ਹੱਕ ਮਿਲੇਗਾ, ਜਿਸ ਨਾਲ ਉਹ ਭਰੋਸੇਯੋਗਤਾ ਨਾਲ ਨਿਵੇਸ਼ ਕਰ ਸਕਣਗੇ। ਨਾਲ ਹੀ, ਲੈਂਡ ਯੂਜ਼ ਦੀ ਨਵੀਂ ਨੀਤੀ ਰਾਹੀਂ ਹੋਟਲ, ਹਸਪਤਾਲ, ਹੋਸਟਲ, ਕਨਵੈਨਸ਼ਨ ਸੈਂਟਰ ਆਦਿ ਬਣਾਉਣ ਦੀ ਆਜ਼ਾਦੀ ਮਿਲੇਗੀ, ਜੋ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਰਾਹ ਖੋਲ੍ਹੇਗੀ। ਇਹ ਨੀਤੀਆਂ ਉਦਯੋਗ ਨੂੰ ਮਜ਼ਬੂਤੀ ਦੇਣ ਦੇ ਨਾਲ-ਨਾਲ ਸੂਬੇ ਦੀ ਆਮਦਨ ਵਿਚ ਵੀ ਵਾਧਾ ਕਰਨਗੀਆਂ, ਜਿਸ ਨਾਲ ਤਕਰੀਬਨ 1000 ਕਰੋੜ ਰੁਪਏ ਦੀ ਆਮਦਨ ਦੀ ਸੰਭਾਵਨਾ ਹੈ। ਅੰਤ ਵਿੱਚ ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਜੀ ਦੀ ਲੀਡਰਸ਼ਿਪ ਦੀ ਵੀ ਸਾਰਾਹਨਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੇ ਇਹ ਇਨਕਲਾਬੀ ਕਦਮ ਰਾਜ ਨੂੰ ਨਵੇਂ ਉਦਯੋਗਿਕ ਯੁੱਗ ਵਿੱਚ ਲੈ ਜਾਣਗੇ।



## ਪਟਿਆਲਾ-ਆਸ/ਪਾਸ



# ਹਾਂਸੀ-ਬੁਟਾਣਾ ਨਹਿਰ 'ਚ ਪਟਿਆਲਾ ਨਦੀ ਤੇ ਘੱਗਰ ਦਰਿਆ 'ਤੇ ਬਣੇ ਸਾਈਫਨਾਂ 'ਚ ਮਿੱਟੀ ਤੇ ਬੂਟੀ ਫਸੀ ਹੋਣ ਕਰਕੇ ਲੋਕਾਂ 'ਚ ਸਹਿਮ ਦਾ ਮਾਹੌਲ

## ਪ੍ਰਸ਼ਾਸਨਿਕ ਅਧਿਕਾਰੀਆਂ ਦੀ ਬੇਧਿਆਨੀ ਕਾਰਨ ਹੋ ਸਕਦੈ ਨੁਕਸਾਨ



ਸਮਾਣਾ, 27 ਜੂਨ (ਵਿਜੇ ਕੁਮਾਰ) : ਸਮਾਣਾ ਨੇੜਿਓਂ ਭਾਖੜਾ ਮੇਨ ਲਾਈਨ ਚੋਂ ਨਿਕਲਦੀ ਹਾਂਸੀ ਬੁਟਾਣਾ ਨਹਿਰ ਤੇ ਪਟਿਆਲਾ ਨਦੀ ਅਤੇ ਘੱਗਰ ਦਰਿਆ ਦੇ ਹੜ੍ਹਾਂ ਦੇ ਪਾਣੀ ਦੀ ਨਿਕਾਸੀ ਲਈ ਬਣੇ ਸਾਈਫਨਾਂ ਦੀ ਸਫਾਈ ਨਾਂ ਹੋਣ ਕਾਰਨ ਕਈ ਦਰਜਨਾਂ ਪਿੰਡਾਂ ਦੇ ਲੋਕਾਂ 'ਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਜਿਸ ਵੱਲ ਪੰਜਾਬ ਸਰਕਾਰ ਅਤੇ ਪ੍ਰਸ਼ਾਸਨਿਕ ਅਧਿਕਾਰੀ ਕੋਈ ਧਿਆਨ ਨਹੀਂ ਦੇ ਰਹੇ। ਜ਼ਮੀਨੀ ਪੱਧਰ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਬੇਧਿਆਨੀ ਕੋਈ ਵੀ ਨੁਕਸਾਨ ਕਰ ਸਕਦੀ ਹੈ। ਜ਼ਿਕਰਯੋਗ ਹੈ ਕਿ ਪਿੰਡ ਬੋਪੁਰ-ਡੰਡੋਤਾ ਨੇੜੇ ਟਾਂਗਰੀ ਤੇ ਮਾਰਕੰਡਾ ਦਾ ਪਾਣੀ ਬਰਸਾਤਾਂ 'ਚ ਇਕੱਠਾ ਹੋ ਕੇ, ਮੀਰਾਂਪੁਰ ਚੋਅ ਤੇ ਘੱਗਰ ਦਰਿਆ ਰਾਹੀ ਹਾਂਸੀ ਬੁਟਾਨਾ ਨਹਿਰ ਤੇ ਬਣੇ ਸਾਈਫਨਾ ਚੋਂ ਨਿਕਲਦਾ ਹੈ। ਇਹਨਾਂ ਸਾਈਫਨਾ ਦੀ ਉਚਾਈ ਕਰੀਬ 25 ਫੁੱਟ ਹੈ ਇਨਾਂ ਸਾਈਫਨਾ ਦੀ ਸਫਾਈ ਕੀਤੇ ਜਾਣ ਦੇ ਬਾਵਜੂਦ ਵੀ 10 ਫੁੱਟ ਮਿੱਟੀ ਭਰੀ ਪਈ ਹੈ। ਜੇਕਰ ਇਹ ਸਾਈਫਨ ਪੂਰੀ ਤਰਾਂ ਸਾਫ ਹੁੰਦੇ ਹਨ, ਤਾਂ ਇਹਨਾਂ ਸਾਈਫਨਾ ਵਿੱਚੋਂ 1,62,300 ਕਿਊਸਿਕ ਪਾਣੀ ਦਾ ਨਿਕਾਸ ਹੋ ਸਕਦਾ ਹੈ। ਜਦੋਂ ਅੱਧੇ ਮਿੱਟੀ ਨਾਲ ਭਰੇ ਹੋਏ ਹਨ, ਤਾਂ ਪਾਣੀ ਦਾ ਨਿਕਾਸ ਬਹੁਤ ਘੱਟ ਜਾਵੇਗਾ। ਜਿਸ ਕਾਰਨ ਪਾਣੀ ਦੀ ਡਾਫ ਲੱਗ ਕੇ ਪਾਣੀ ਪੰਜਾਬ ਵਾਲੇ ਪਾਸੇ ਬੰਨ੍ਹ ਤੋੜ ਕੇ ਖੇਤਾਂ ਵਿੱਚ ਲੱਗੀ ਫਸਲ ਦਾ ਨੁਕਸਾਨ ਕਰੇਗਾ। ਕੁਲ ਹਿੰਦ ਕਿਸਾਨ ਸਭਾ ਆਗੂ ਕਾਮਰੇਡ ਗੁਰਬਖਸ਼ ਸਿੰਘ ਧਨੇਠਾ ਨੇ ਹਰਿਆਣਾ ਸਰਕਾਰ ਦੀ ਆਲੋਚਨਾ ਕਰਦਿਆਂ ਦੱਸਿਆ ਕਿ ਹਰਿਆਣਾ ਸਰਕਾਰ ਨੇ ਉਲਟ ਦਿਸ਼ਾ 'ਚ ਪਾਣੀ ਦੇ ਵਹਾਅ ਲਈ ਉਸਾਰੀ ਹਾਂਸੀ-ਬੁਟਾਣਾ ਨਹਿਰ ਨਾਲ ਜਿੱਥੇ ਬਰਸਾਤੀ ਪਾਣੀ ਖੁੱਲੇ ਤੌਰ ਤੇ ਲੰਘ ਜਾਂਦਾ ਸੀ। ਜਿਸ ਨਾਲ ਪੰਜਾਬ ਦੇ ਪਿੰਡਾਂ ਦਾ ਨੁਕਸਾਨ ਬਹੁਤ ਘੱਟ ਹੁੰਦਾ ਸੀ। ਜਦੋਂ ਦੀ ਨਹਿਰ ਬਣੀ ਹੈ, ਉਸ ਸਮੇਂ ਤੋਂ ਇਹ ਨਹਿਰ ਹਰਿਆਣਾ ਰਾਜ ਲਈ ਵਰਦਾਨ ਸਾਬਤ ਹੋ ਕੇ ਹੜ੍ਹਾਂ ਦੇ ਪਾਣੀ ਦੀ ਨਿਕਾਸੀ ਸਾਈਫਨਾ ਰਾਹੀਂ ਸੀਮਤ ਹੋਣ ਕਰਕੇ ਬੰਨ੍ਹ ਦਾ ਕੰਮ ਕਰ ਰਹੀ ਹੈ। ਉਹਨਾਂ ਇਹ ਵੀ ਦੱਸਿਆ ਕਿ ਜਦੋਂ ਹਾਂਸੀ- ਬੁਟਾਨਾ ਨਹਿਰ ਦੀ ਉਸਾਰੀ ਕੀਤੀ ਜਾ ਰਹੀ ਸੀ, ਤਾਂ ਨੇੜਲੇ ਪਿੰਡਾਂ ਦੇ ਹਜ਼ਾਰਾਂ ਕਿਸਾਨਾਂ ਨੇ ਇਕੱਠੇ ਹੋ ਕੇ ਹੜ੍ਹਾਂ ਦੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਵੱਧ ਤੋਂ ਵੱਧ ਸਾਈਫਨ ਬਣਾਉਣ ਦੀ ਮੰਗ ਕੀਤੀ ਸੀ। ਹਰਿਆਣਾ ਸਰਕਾਰ ਨੇ ਲੋਕਾਂ ਦੀ ਮੰਗ ਤੇ ਮਾਨਯੋਗ ਹਾਈ ਕੋਰਟ ਦੇ ਫੈਸਲੇ ਨੂੰ ਦੇਖਦੇ ਹੋਏ ਪਹਿਲਾਂ ਨਾਲੋਂ ਸਾਈਫਨਾ ਦੀ ਗਿਣਤੀ ਵਧਾ ਕੇ ਸਾਈਫਨ ਸਾਫ ਰੱਖਣ ਦੀ ਜਿੰਮੇਵਾਰੀ ਵੀ ਲਈ ਸੀ। ਉਹਨਾਂ ਅੱਗੇ ਦੱਸਿਆ ਕਿ ਪਟਿਆਲਾ ਨਦੀ ਤੇ ਬਣੇ ਸਾਈਫਨਾ ਦੀ ਸਫਾਈ ਨਾਂ ਹੋਣ ਕਰਕੇ ਬੂਟੀ ਹੀ ਬੂਟੀ ਨਜ਼ਰ ਆ ਰਹੀ ਹੈ, ਤੇ ਸਰੋਲਾ ਸਾਈਫਨਾ @ਚ 10 ਫੁੱਟ ਤੋਂ ਵੱਧ ਉਚਾਈ 'ਚ ਫਸੀ ਮਿੱਟੀ ਲੱਗੀ ਗੇਜ ਤੋਂ ਪਤਾ ਲੱਗ ਰਿਹਾ ਹੈ। ਇਸ ਸਬੰਧੀ ਜਦੋਂ ਹਰਿਆਣਾ ਰਾਜ ਦੇ ਐਸ.ਡੀ.ਓ ਅਜਮੇਰ ਸਿੰਘ ਨਾਲ ਗੱਲ ਕੀਤੀ ਤਾਂ ਉਹਨਾਂ ਦੱਸਿਆ ਕਿ ਸਰੋਲਾ ਸਾਈਫਨਾ ਦੀ ਸਫਾਈ ਲਈ 25 ਲੱਖ ਦਾ ਟੈਂਡਰ ਹੋਇਆ ਸੀ। ਸਫਾਈ ਦਾ ਕੰਮ ਮੁਕੰਮਲ ਹੋ ਚੁੱਕਿਆ ਹੈ। ਪਟਿਆਲਾ ਨਦੀ ਦੇ ਸਾਈਫਨਾ ਦੀ ਸਫਾਈ ਦਾ ਕੰਮ ਉਹਨਾਂ ਕੋਲ ਨਹੀਂ ਹੈ। ਇਸ ਸਬੰਧੀ ਪੰਜਾਬ ਦੇ ਕਾਰਜਕਾਰੀ ਇੰਜੀਨੀਅਰ ਪ੍ਰਥਮ ਗੰਭੀਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਪਟਿਆਲਾ ਨਦੀ ਦੇ ਹਾਂਸੀ-ਬੁਟਾਨਾ ਨਹਿਰ 'ਚ ਬਣੇ ਸਾਈਫਨਾ ਦੀ ਸਫਾਈ ਮੁਕੰਮਲ ਹੈ ਜਿਸ ਦੀ ਜਾਣਕਾਰੀ ਉਹਨਾਂ ਨੇ ਹਰਿਆਣਾ ਰਾਜ ਦੇ ਸਬੰਧਤ ਅਫਸਰ ਨਾਲ ਮੋਬਾਇਲ ਫੋਨ 'ਤੇ ਲਈ ਹੈ।

# ਨਵਰੀਤ ਕੌਰ ਸੇਖੋਂ ਵੱਲੋਂ ਐਸ.ਡੀ.ਐਮ. ਪਾਤੜਾਂ ਤੇ ਡਰੇਨੇਜ਼ ਵਿਭਾਗ ਦੇ ਅਧਿਕਾਰੀਆਂ ਨਾਲ ਬੈਠਕ ਕਰਕੇ ਹੜ੍ਹਾਂ ਤੋਂ ਬਚਾਅ ਕਾਰਜਾਂ ਦਾ ਜਾਇਜ਼ਾ

## -ਘੱਗਰ, ਝੰਬੋ ਚੋਅ ਤੇ ਖਾਸਪੁਰ ਡਰੇਨ ਦਾ ਨਿਰੀਖਣ



ਪਾਤੜਾਂ, 27 ਜੂਨ: (ਹਰਮਿੰਦਰ ਕਰਤਾਰਪੁਰ): ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ ਨੇ ਐਸ.ਡੀ.ਐਮ ਪਾਤੜਾਂ ਅਸ਼ੋਕ ਕੁਮਾਰ ਅਤੇ ਡਰੇਨੇਜ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਪ੍ਰਥਮ ਗੰਭੀਰ, ਐਸ.ਡੀ.ਓ. ਗੁਲਸ਼ਨ ਤੇ ਹੋਰ ਅਧਿਕਾਰੀਆਂ ਨੂੰ ਨਾਲ ਲੈਕੇ ਹਲਕਾ ਸ਼ੁਤਰਾਣਾ ਵਿੱਚ ਹੜ੍ਹਾਂ ਤੋਂ ਬਚਾਅ ਕਾਰਜਾਂ ਦਾ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਤਹਿਤ ਉਨ੍ਹਾਂ ਨੇ ਟੀਮ ਨਾਲ ਬਰਸਾਤੀ ਨਾਲਿਆਂ ਝੰਬੋ ਚੋਅ, ਖਾਸਪੁਰ ਡਰੇਨ ਅਤੇ ਘੱਗਰ ਨਦੀ ਦੇ ਕੰਢਿਆਂ ਦਾ ਨਿਰੀਖਣ ਕੀਤਾ ਹੈ। ਇਸ ਮੌਕੇ ਡਰੇਨੇਜ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਡਰੇਨੇਜ ਵਿਭਾਗ ਵੱਲੋਂ ਘੱਗਰ ਤੇ ਹੋਰ ਦਰਿਆਵਾਂ ਦੇ ਕੈਚਮੈਂਟ ਖੇਤਰਾਂ ਵਿੱਚ ਵੱਧ ਮੀਂਹ ਪੈਣ ਨਾਲ ਆਉਣ ਵਾਲੇ ਕਿਸੇ ਤਰ੍ਹਾਂ ਦੀ ਸੰਭਾਵੀ ਹੜ੍ਹਾਂ ਵਰਗੀ ਸਥਿਤੀ ਨਾਲ ਨਜਿੱਠਣ ਲਈ ਸਾਰੀਆਂ ਤਿਆਰੀਆਂ ਪੁਖ਼ਤਾ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਘੱਗਰ ਦੇ ਨਾਜ਼ੁਕ ਕਿਨਾਰਿਆਂ ਦੀ ਮੁਰੰਮਤ ਕਰਵਾ ਲਈ ਗਈ ਹੈ ਅਤੇ ਅੱਜ ਏ.ਡੀ.ਸੀ. ਵੱਲੋਂ ਮਿਲੇ ਆਦੇਸ਼ਾਂ ਮੁਤਾਬਕ ਸੰਭਾਵੀ ਤੌਰ 'ਤੇ ਖਤਰਨਾਕ ਮੰਨੀਆਂ ਜਾਂਦੀਆਂ ਥਾਵਾਂ 'ਤੇ ਤੁਰੰਤ ਮੁਰੰਮਤ ਦਾ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ। ਏਡੀਸੀ ਨਵਰੀਤ ਕੌਰ ਸੇਖੋਂ ਨੇ ਦੱਸਿਆ ਕਿ ਕਿ ਜ਼ਿਲ੍ਹਾ ਪ੍ਰਸ਼ਾਸਨ ਕਿਸੇ ਵੀ ਹਮੇਸ਼ਾ ਹੀ ਹਰ ਤਰ੍ਹਾਂ ਦੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਰਹਿੰਦਾ ਹੈ। ਉਨ੍ਹਾਂ ਨੇ ਸਬੰਧਤ ਵਿਭਾਗਾਂ ਨੂੰ ਚੌਕਸ ਰਹਿਣ ਅਤੇ ਹਰ ਗਤੀਵਿਧੀ 'ਤੇ ਨਜ਼ਰ ਰੱਖਣ ਦੇ ਆਦੇਸ਼ ਦਿੱਤੇ ਹਨ। ਉਨ੍ਹਾਂ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਪ੍ਰਸ਼ਾਸਨ ਲੋਕਾਂ ਦੀ ਜਾਨ ਤੇ ਮਾਲ ਦੀ ਰਾਖੀ ਕਰਨ ਲਈ ਵਚਨਬੱਧ ਹੈ ਅਤੇ ਇਸ ਲਈ ਲੋਕ ਕਿਸੇ ਵੀ ਤਰ੍ਹਾਂ ਦੀਆਂ ਅਫ਼ਵਾਹਾਂ ਉਪਰ ਯਕੀਨ ਨਾ ਕਰਨ ਸਗੋਂ ਕਿਸੇ ਵੀ ਸੂਚਨਾ ਲਈ ਪ੍ਰਸ਼ਾਸਨ ਨਾਲ ਰਾਬਤਾ ਕਾਇਮ ਕਰਕੇ ਰੱਖਣ। ਇਸੇ ਦੌਰਾਨ ਐਸ.ਡੀ.ਐਮ ਅਸ਼ੋਕ ਕੁਮਾਰ ਨੇ ਦੱਸਿਆ ਕਿ ਉਹ ਅਤੇ ਉਨ੍ਹਾਂ ਦੀ ਸਬ ਡਵੀਜ਼ਨ ਦੀ ਸਮੁੱਚੀ ਟੀਮ ਹਮੇਸ਼ਾ ਚੌਕਸ ਹਨ।

# ਟਰੈਕਟਰਾਂ 'ਤੇ ਵੱਡੇ-ਵੱਡੇ ਡੈਕ ਲਗਾ ਕੇ ਹੁੱਲੜਬਾਜ਼ੀ ਕਰਨ ਵਾਲਿਆਂ ਦੇ ਕੱਟੇ ਚਲਾਨ

☛ਗੱਡੀਆਂ ਦੇ ਕਾਲੇ ਸ਼ੀਸ਼ੇ ਕਰਨ ਵਾਲਿਆਂ ਦੇ ਵੀ ਕੱਟੇ ਗਏ ਚਲਾਨ



ਦੇਵੀਗੜ੍ਹ, 27 ਜੂਨ (ਗੁਰਜੀਤ ਸਿੰਘ ਢੋਟ): ਸੀਨੀਅਰ ਪੁਲਿਸ ਕਪਤਾਨ ਪਟਿਆਲਾ ਵਰੁਣ ਸ਼ਰਮਾ ਅਤੇ ਐਸਪੀ ਟ੍ਰੈਫਿਕ ਇੰਚਾਰਜ ਅਛਰੂ ਰਾਮ ਦੇ ਦਿਸ਼ਾ ਨਿਰਦੇਸ਼ ਤਹਿਤ ਦੇਵੀਗੜ੍ਹ ਟਰੈਫਿਕ ਇੰਚਾਰਜ ਤਰਸੇਮ ਕੁਮਾਰ ਵੱਲੋਂ ਦੇਵੀਗੜ੍ਹ ਵਿਖੇ ਨਾਕਾ ਲਗਾ ਕੇ ਟਰੈਕਟਰਾਂ 'ਤੇ ਵੱਡੇ ਡੈਕ ਲਗਾ ਕੇ ਹੁੱਲੜਬਾਜ਼ੀ ਕਰਨ ਵਾਲਿਆਂ ਦੇ ਚਲਾਨ ਕੱਟੇ ਗਏ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਟਰੈਫਿਕ ਇੰਚਾਰਜ ਤਰਸੇਮ ਕੁਮਾਰ ਨੇ ਕਿਹਾ ਕਿ ਬਾਜ਼ਾਰ ਵਿੱਚੋਂ ਲੰਘਦੇ ਸਮੇਂ ਟਰੈਕਟਰਾਂ ਉੱਤੇ ਵੱਡੇ-ਵੱਡੇ ਡੈਕ ਲਗਾ ਕੇ ਬਹੁਤ ਉੱਚੀ ਆਵਾਜ਼ ਵਿੱਚ ਬਾਜ਼ਾਰ ਵਿੱਚੋਂ ਲੰਘਣ ਵਾਲਿਆਂ ਦੇ ਅੱਠ ਚਲਾਨ ਕੀਤੇ ਗਏ ਅਤੇ ਇਸ ਮੌਕੇ ਗੱਡੀਆਂ 'ਤੇ ਕਾਲੀਆਂ ਫਿਲਮਾਂ ਲਗਾ ਕੇ ਘੁੰਮਣ ਵਾਲਿਆਂ ਦੇ ਵੀ ਚਾਰ ਚਲਾਨ ਕੀਤੇ ਗਏ। ਉਨ੍ਹਾਂ ਕਿਹਾ ਕਿ ਟਰੈਫਿਕ ਨਿਯਮਾਂ ਦੀ ਉਲੰਘਣਾ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਜੋ ਇਸ ਦੀ ਉਲੰਘਣਾ ਕਰੇਗਾ ਉਸ ਵਿਰੁੱਧ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਨਸ਼ਾ ਛੱਡਣ ਵਾਲੇ ਵਿਅਕਤੀਆਂ ਦਾ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ 'ਚ ਕਰਵਾਇਆ ਜਾ ਰਿਹੈ ਮੁਫ਼ਤ ਇਲਾਜ: ਐਸ.ਪੀ. ਬੈਂਸ




ਪਟਿਆਲਾ, 27 ਜੂਨ (ਚ.ਨ.ਸ.) : ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਜੋ ਕਿ ਲੰਮੇ ਸਮੇਂ ਤੋਂ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਨਾਲ ਮਿਲਕੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਵਿਰੋਧੀ ਜਾਗਰੂਕਤਾ ਪ੍ਰੋਗਰਾਮਾਂ ਸਬੰਧੀ ਐਸ.ਪੀ. (ਡੀ) ਗੁਰਬੰਸ ਸਿੰਘ ਬੈਂਸ ਨਾਲ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਮੈਂਬਰ ਜ਼ਿਲ੍ਹਾ ਯੂਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ ਪਟਿਆਲਾ ਅਤੇ ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਨੇ ਮੁਲਾਕਾਤ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਐਸ ਆਈ ਜਸਵਿੰਦਰ ਸਿੰਘ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਲੱਕੀ ਹਰਦਾਸਪੁਰ , ਹਰਮਨਜੀਤ ਸਿੰਘ ਰੰਧਾਵਾ, ਭਿੰਦਰ ਜਲਵੇੜਾ, ਉਪਕਾਰ ਸਿੰਘ ਵੀ ਹਾਜ਼ਰ ਸਨ। ਇਸ ਮੌਕੇ ਐਸ ਪੀ ਗੁਰਬੰਸ ਸਿੰਘ ਬੈਂਸ ਨੇ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮ ਪ੍ਰਸੰਸਾਯੋਗ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਨਸ਼ਾ ਛੱਡਣ ਵਾਲੇ ਨੋਜਵਾਨਾਂ ਦਾ ਇਲਾਜ ਮੁਫ਼ਤ ਕੀਤਾ ਜਾਂਦਾ ਹੈ, ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਨਸ਼ਾ ਤਸਕਰਾਂ ਦੀ ਜਾਇਦਾਦ ਜ਼ਬਤ ਕੀਤੀ ਜਾ ਰਹੀ ਹੈ। ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਨੇ ਕਿਹਾ ਕਿ ਉਹਨਾਂ ਦੀ ਟੀਮ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਲਈ ਹਮੇਸ਼ਾ ਵਲੰਟੀਅਰ ਸੇਵਾਵਾਂ ਦੇਣ ਲਈ ਤਿਆਰ ਹੈ।

# 25 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਇੱਕ ਕਾਬੂ

ਸਮਾਣਾ, 27 ਜੂਨ (ਵਿਜੇ ਕੁਮਾਰ) : ਮਵੀ ਕਲਾਂ ਪੁਲਸ ਨੇ ਨਾਜਾਇਜ਼ ਸ਼ਰਾਬ ਵੇਚ ਰਹੇ ਇੱਕ ਵਿਅਕਤੀ ਨੂੰ 25 ਬੋਤਲਾਂ ਨਾਜਾਇਜ਼ ਸ਼ਰਾਬ ਸਣੇ ਕਾਬੂ ਕਰਕੇ ਉਸ ਖ਼ਿਲਾਫ਼ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਸਦਰ ਪੁਲਿਸ ਥਾਣਾ ਵਿੱਚ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਅੰਗਰੇਜ਼ ਸਿੰਘ ਪੁੱਤਰ ਲੱਖਾ ਸਿੰਘ ਵਾਸੀ ਪਿੰਡ ਮਰੋੜੀ ਵਜੋਂ ਹੋਈ ਹੈ। ਮਵੀਕਲਾਂ ਪੁਲਿਸ ਚੋਕੀ ਮੁੱਖੀ ਪ੍ਰੇਮ ਸਿੰਘ ਨੇ ਦੱਸਿਆ ਕਿ ਏ.ਐਸ.ਆਈ. ਪਰਮਜੀਤ ਸਿੰਘ ਪੁਲਸ ਪਾਰਟੀ ਸਣੇ ਗਸ਼ਤ ਦੌਰਾਨ ਬੱਸ ਅੱਡਾ ਪਿੰਡ ਮਰਦਾਹੇੜੀ ਨੂੰ ਜਾਂਦੇ ਰਜਵਾਹੇ ਦੇ ਵਿਚਕਾਰ ਖੱਡਾਂ ਵਿੱਚ ਨਾਜਾਇਜ਼ ਸ਼ਰਾਬ ਵੇਚਣ ਬਾਰੇ ਮਿਲੀ ਸੂਚਨਾ 'ਤੇ ਛਾਪਾ ਮਾਰਿਆ ਅਤੇ ਪਲਾਸਟਿਕ ਕੈਨ ਵਿੱਚ ਭਰ ਕੇ ਵੇਚਣ ਲਈ ਰੱਖੀ ਨਾਜਾਇਜ਼ ਸ਼ਰਾਬ ਦੀਆਂ 25 ਬੋਤਲਾਂ ਬਰਾਮਦ ਹੋਣ 'ਤੇ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਧਿਕਾਰੀ ਅਨੁਸਾਰ ਮੁਲਜ਼ਮ 'ਤੇ ਪਹਿਲਾਂ ਵੀ ਕਈ ਮਾਮਲੇ ਦਰਜ ਹਨ। ਉਸ ਨੂੰ ਮਾਣਯੋਗ ਅਦਾਲਤ ਵੱਲੋਂ ਦਿੱਤੇ ਗਏ ਹੁਕਮਾ 'ਤੇ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਗਿਆ ਹੈ।

# ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ ਕੀਤੇ ਮੁਲਜ਼ਮ ਤੋਂ ਦੋ ਹੋਰ ਮੋਟਰਸਾਈਕਲ ਬ੍ਰਾਮਦ

ਸਮਾਣਾ 27 ਜੂਨ (ਵਿਜੇ ਕੁਮਾਰ) : ਚੋਰੀ ਦੇ ਮੋਟਰਸਾਈਕਲ ਸਣੇ ਕਾਬੂ ਕੀਤੇ ਗਏ ਬਲਵੀਰ ਸਿੰਘ ਵਾਸੀ ਪਿੰਡ ਘੰਗਰੌਲੀ ਤੋਂ ਪੁਲਸ ਰਿਮਾਂਡ ਦੌਰਾਨ ਕੀਤੀ ਗਈ ਪੁੱਛਗਿੱਛ ਵਿੱਚ ਚੋਰੀ ਦੇ ਦੋ ਹੋਰ ਮੋਟਰਸਾਈਕਲ ਬਰਾਮਦ ਕੀਤੇ ਗਏ, ਜਿਸ ਨਾਲ ਚੋਰੀ ਦੇ ਬਰਾਮਦ ਮੋਟਰਸਾਈਕਲਾਂ ਦੀ ਗਿਣਤੀ ਕੁੱਲ ਤਿੰਨ ਹੋ ਗਈ ਹੈ। ਮਾਮਲੇ ਦੇ ਜਾਂਚ ਅਧਿਕਾਰੀ ਸਿਟੀ ਪੁਲਿਸ ਦੇ ਰਾਜਵੀਰ ਸਿੰਘ ਨੇ ਦੱਸਿਆ ਕਿ 20 ਜੂਨ ਨੂੰ ਸਿਵਲ ਹਸਪਤਾਲ ਸਮਾਣਾ ਦੇ ਬਾਹਰ ਖੜ੍ਹਾ ਕੀਤਾ ਗਿਆ ਮੋਟਰਸਾਈਕਲ ਚੋਰੀ ਕਰਨ ਦੇ ਦੋਸ਼ ਵਿੱਚ ਪੁਲਸ ਨੇ ਬਲਵੀਰ ਸਿੰਘ ਵਾਸੀ ਪਿੰਡ ਘੰਗਰੌਲੀ ਦੇ ਖ਼ਿਲਾਫ਼ ਮਾਮਲਾ ਦਰਜ ਕਰਕੇ ਉਸ ਨੂੰ ਚੋਰੀ ਕੀਤੇ ਮੋਟਰਸਾਈਕਲ ਸਣੇ ਕਾਬੂ ਕੀਤਾ ਸੀ। ਮੁਲਜ਼ਮ ਤੋਂ ਪੁਲਿਸ ਰਿਮਾਂਡ ਦੌਰਾਨ ਕੀਤੀ ਗਈ ਪੁੱਛਗਿੱਛ ਵਿੱਚ ਚੀਕਾ ਰੋਡ 'ਤੇ ਰਜਵਾਹੇ ਨੇੜੇ ਖੰਡਰ ਵਿੱਚ ਲੁਕਾ ਕੇ ਰੱਖੇ ਦੋ ਹੋਰ ਮੋਟਰਸਾਈਕਲ ਬਰਾਮਦ ਕਰਵਾਏ ਗਏ, ਪਰ ਨਸ਼ੇ ਦੀ ਹਾਲਤ ਵਿੱਚ ਚੋਰੀ ਕੀਤੇ ਗਏ ਉਕਤ ਮੋਟਰਸਾਈਕਲਾਂ ਸਬੰਧੀ ਮੁਲਜ਼ਮ ਚੋਰੀ ਦੇ ਸਥਾਨ ਬਾਰੇ ਕੋਈ ਜਾਣਕਾਰੀ ਨਹੀਂ ਦੇ ਸਕਿਆ। ਅਧਿਕਾਰੀ ਅਨੁਸਾਰ ਪੁਲਸ ਰਿਮਾਂਡ ਪੂਰਾ ਹੋਣ ਉਪਰੰਤ ਮਾਣਯੋਗ ਅਦਾਲਤ ਦੇ ਹੁਕਮਾ 'ਤੇ ਮੁਲਜ਼ਮ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ।

# 1240 ਰੁਪਏ ਦਾ ਦੜ੍ਹਾ-ਸੱਟਾ ਬ੍ਰਾਮਦ

ਪਟਿਆਲਾ, 27 ਜੂਨ (ਵਿਨੋਦ ਸ਼ਰਮਾ) : ਥਾਣਾ ਤ੍ਰਿਪੜੀ ਪੁਲਿਸ ਨੇ ਕਥਿਤ ਦੋਸ਼ੀਆਂ ਸੰਨੀ ਕੁਮਾਰ ਵਾਸੀ ਨਾਨਕਸਰ ਕੁਟੀਆ ਗੁਰੂ ਨਾਨਕ ਨਗਰ ਤ੍ਰਿਪੜੀ, ਪ੍ਰਕਾਸ਼ ਵਾਸੀ ਗੋਰਮਿੰਟ ਪ੍ਰੈਸ ਸਰਹੰਦ ਰੋਡ ਪਟਿਆਲਾ ਵਿਰੁੱਧ ਧਾਰਾ 13ਏ, 3, 67 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਕੁਲਦੀਪ ਸਿੰਘ ਸਮੇਤ ਪੁਲਿਸ ਪਾਰਟੀ ਡੀ.ਐਲ.ਐਫ. ਕਲੋਨੀ ਪਾਸ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਕਥਿਤ ਦੋਸ਼ੀਆਂ ਮੰਨੂ ਲੱਸੀ ਵਾਲੇ ਦੀ ਦੁਕਾਨ ਦੀ ਬੈਕਸਾਇਡ ਦੁਕਾਨ ਵਿੱਚ ਬੈਠ ਕੇ ਦੜ੍ਹਾ ਸੱਟਾ ਲਗਾ ਰਹੇ ਹਨ, ਜੋ ਰੇਡ ਕਰਨ ਪਰ 1240 ਰੁਪਏ ਦੜ੍ਹਾ ਸੱਟਾ ਦੇ ਬ੍ਰਾਮਦ ਹੋਏ।

# ਆਸ਼ਿਆਨਾ ਸੋਸ਼ਲ ਸਰਵਿਸ ਸੁਸਾਇਟੀ ਦੇ ਨਵੇਂ ਦਫਤਰ ਦਾ ਬਾਬਾ ਬਲਬੀਰ ਸਿੰਘ ਵੱਲੋਂ ਉਦਘਾਟਨ



ਪਟਿਆਲਾ, 27 ਜੂਨ (ਚ.ਨ.ਸ.) :ਆਸ਼ਿਆਨਾ ਸੋਸ਼ਲ ਸਰਵਿਸ ਸੁਸਾਇਟੀ ਨੇ ਹਾਲ ਹੀ ਵਿੱਚ ਪਟਿਆਲਾ ਦੇ ਐਨ.ਆਈ.ਐਸ. ਚੌਕ ਨੇੜੇ ਪ੍ਰਤਾਪ ਕਲੋਨੀ ਵਿਖੇ ਆਪਣੇ ਨਵੇਂ ਦਫਤਰ ਦਾ ਉਦਘਾਟਨ ਕੀਤਾ। ਇਸ ਸਮਾਰੋਹ ਵਿੱਚ ਪਿੰਗਲਵਾੜਾ ਪਟਿਆਲਾ ਦੇ ਮੁਖੀ ਬਾਬਾ ਬਲਬੀਰ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਜਨਹਿਤ ਸੁਸਾਇਟੀ ਦੇ ਪ੍ਰਧਾਨ ਅਤੇ ਸਟੇਟ ਬੈਂਕ ਆਫ਼ ਇੰਡੀਆ ਇੰਪਲਾਈਜ਼ ਯੂਨੀਅਨ ਦੇ ਚੇਅਰਮੈਨ ਐਸ.ਕੇ. ਗੌਤਮ ਤੇ ਹਰਿੰਦਰ ਪਾਲ ਸਿੰਘ ਕਾਲਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਬਾਬਾ ਬਲਬੀਰ ਸਿੰਘ ਨੇ ਲੋੜਵੰਦ ਵਿਅਕਤੀਆਂ ਦੀ ਸਹਾਇਤਾ ਲਈ ਸੋਸਾਇਟੀ ਦੇ ਸਮਰਪਣ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਸੁਸਾਇਟੀ ਦੇ ਪ੍ਰਧਾਨ ਸਨਮੀਤ ਸਿੰਘ ਅਤੇ ਅਹੁਦੇਦਾਰਾਂ ਦੀ ਉਨ੍ਹਾਂ ਦੇ ਅਣਥੱਕ ਯਤਨਾਂ ਲਈ ਪ੍ਰਸ਼ੰਸਾ ਕੀਤੀ। ਇਸ ਮੌਕੇ ਐਸ.ਕੇ. ਗੌਤਮ ਨੇ ਕਮਜ਼ੋਰ ਵਰਗਾਂ, ਖਾਸ ਕਰਕੇ ਲੋੜਵੰਦ ਹੋਣਹਾਰ ਵਿਦਿਆਰਥੀਆਂ ਲਈ ਸੁਸਾਇਟੀ ਦੇ ਕੰਮ ਦੀ ਸ਼ਲਾਘਾ ਕੀਤੀ। ਇਸ ਮੌਕੇ ਨਰੇਸ਼ ਕੁਮਾਰ, ਸੰਗਠਨ ਸਕੱਤਰ ਰਾਜ ਕੁਮਾਰ ਮਹਿਤਾ, ਸਹਾਇਕ ਸਕੱਤਰ ਬਰਜਿੰਦਰ ਸਿੰਘ, ਬਲਜਿੰਦਰ ਸਿੰਘ ਜੰਡੂ ਅਤੇ ਸੁਖਜਿੰਦਰ ਸਿੰਘ ਭੰਡਾਰੀ, ਸੇਵਾਮੁਕਤ ਪੁਲਿਸ ਇੰਸਪੈਕਟਰ ਸ਼ਾਮਲ ਸਨ।ਇਸ ਮੌਕੇ ਸ੍ਰੀ ਵਿਨੈ ਸ਼ੌਰੀ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ।

# ਟਰਾਂਸਪੋਰਟ ਮੰਤਰੀ ਲਾਲਜੀਤ ਭੁੱਲਰ ਦੀ ਪੀ.ਆਰ.ਟੀ.ਸੀ. ਮੁੱਖ ਦਫਤਰ ਵਿਖੇ ਆਮਦ

☛ਗੁਰਪ੍ਰੀਤ ਸਿੰਘ ਵਿਰਕ ਨੇ ਟਰਾਂਸਪੋਰਟ ਮੰਤਰੀ ਦੀ ਮੌਜੂਦਗੀ ਵਿੱਚ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਡਾਇਰੈਕਟਰ ਪਦ ਦਾ ਅਹੁਦਾ ਸੰਭਾਲਿਆ



ਪਟਿਆਲਾ, 27 ਜੂਨ (ਰੁਪਾਣਾ/ ਅਮਰਜੀਤ) : ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਚੇਅਰਮੈਨ ਰਣਜੋਧ ਸਿੰਘ ਹਡਾਣਾ ਵਿੱਚ ਪੀਆਰਟੀਸੀ ਮਹਿਕਮੇ ਦਾ ਪੱਧਰ ਉੱਚਾ ਚੁੱਕਣ ਅਤੇ ਨਿਵੇਕਲੀਆਂ ਤਕਨੀਕਾਂ ਨਾਲ ਕੰਮ ਕਰਨ ਸੰਬੰਧੀ ਲੰਮੀ ਗੱਲਬਾਤ ਹੋਈ। ਦੱਸਣਯੋਗ ਹੈ ਕਿ ਅੱਜ ਕਾਰਪੋਰੇਸ਼ਨ ਦਾ ਡਾਇਰੈਕਟਰ ਨਿਯੁਕਤ ਕੀਤੇ ਗਏ ਗੁਰਪ੍ਰੀਤ ਸਿੰਘ ਵਿਰਕ ਨੂੰ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੁਆਰਾ ਪਟਿਆਲਾ ਮੁੱਖ ਦਫਤਰ ਪਹੁੰਚ ਕੇ ਅਧਿਕਾਰਤ ਤੌਰ 'ਤੇ ਵਿਭਾਗ ਵਿਚ ਸ਼ਾਮਿਲ ਵੀ ਕਰਵਾਈਆ ਗਿਆ। ਇਸ ਮੌਕੇ ਆਪ ਪੰਜਾਬ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਚੇਅਰਮੈਨ ਮੰਡੀ ਬੋਰਡ, ਹਲਕਾ ਵਿਧਾਇਕ ਡੇਰਾਬੱਸੀ ਕੁਲਜੀਤ ਸਿੰਘ ਰੰਧਾਵਾ ,ਚੈਅਰਮੈਨ ਪੀਆਰਟੀਸੀ ਰਣਜੋਧ ਸਿੰਘ ਹਡਾਣਾ, ਵਾਈਸ ਚੇਅਰਮੈਨ ਬਲਵਿੰਦਰ ਸਿੰਘ ਝਾੜਵਾਂ, ਐਮ ਡੀ ਬਿਕਰਮਜੀਤ ਸਿੰਘ ਸ਼ੇਰਗਿੱਲ, ਮੇਅਰ ਪਟਿਆਲਾ ਕੁੰਦਨ ਗੋਗੀਆ, ਜ਼ਿਲ੍ਹਾ ਮੋਹਾਲੀ ਦੇ ਪ੍ਰਧਾਨ ਸ਼੍ਰੀਮਤੀ ਪ੍ਰਭਜੋਤ ਕੌਰ ਉਚੇਚੇ ਤੌਰ 'ਤੇ ਹਾਜਰ ਰਹੇ। ਇਸ ਮੌਕੇ ਲਾਲਜੀਤ ਸਿੰਘ ਭੁੱਲਰ ਨੇ ਉਪਰੋਕਤ ਡਾਇਰੈਕਟਰ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਸੇ ਤਰਾਂ ਵਰਕਰਾਂ ਨੂੰ ਪਾਰਟੀ ਵੱਲੋਂ ਪੂਰਾ ਮਾਣ ਅਤੇ ਸਤਿਕਾਰ ਦਿੱਤਾ ਜਾਂਦਾ ਰਹੇਗਾ। ਭਵਿੱਖ ਵਿਚ ਵੀ ਵਲੰਟੀਅਰਾਂ ਨੂੰ ਮੈਰਿਟ ਦੇ ਆਧਾਰ ਉੱਤੇ ਅਹੁਦੇਦਾਰੀਆਂ ਮਿਲਣਗੀਆਂ ਤੇ ਗੁਰਪ੍ਰੀਤ ਵਿਰਕ ਪਾਰਟੀ ਦੁਆਰਾ ਦਿੱਤੀ ਜ਼ਿੰਮੇਵਾਰੀ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ। ਉਨਾਂ ਕਿਹਾ ਕਿ ਇਸ ਤੋਂ ਇਲਾਵਾ ਇ ਦੌਰਾ ਪੰਜਾਬ ਵਿੱਚ ਜਨਤਕ ਆਵਾਜਾਈ ਵਿੱਚ ਹੋਰ ਸੁਧਾਰ ਕਰਨ, ਬੱਸਾਂ ਦੀ ਗੁਣਵੱਤਾ ਵਧਾਉਣ ਅਤੇ ਯਾਤਰੀਆਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਦੇ ਇਰਾਦੇ ਨਾਲ ਕੀਤਾ ਗਿਆ ਸੀ। ਇਸ ਦੌਰਾਨ ਉਨ੍ਹਾਂ ਪੀਆਰਟੀਸੀ ਦੀਆਂ ਬੱਸਾਂ, ਵਰਕਸ਼ਾਪਾਂ, ਟਿਕਟ ਬੁਕਿੰਗ ਸਿਸਟਮ ਅਤੇ ਸਟਾਫ ਦੀਆਂ ਸਹੂਲਤਾਂ ਦਾ ਮੁਆਇਨਾ ਕਰਦਿਆਂ ਚੰਗੇ ਕਾਰਜ ਦੀ ਤਾਰੀਫ ਵੀ ਕੀਤੀ। ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਆਮਦ ਦੌਰਾਨ ਹੋਈ ਗੱਲਬਾਤ ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਦੀ ਜਨਤਾ ਲਈ ਸੁਰੱਖਿਅਤ, ਸਮਰੱਥ ਅਤੇ ਆਧੁਨਿਕ ਆਵਾਜਾਈ ਸੇਵਾਵਾਂ ਮੁਹੱਈਆ ਕਰਵਾਉਣ ਲਈ ਅਤੇ ਹੋਰ ਨਿਖਾਰ ਲਿਆਉਣ ਲਈ ਖਾਸ ਗੱਲਬਾਤ ਹੋਈ। ਉਨ੍ਹਾਂ ਕਿਹਾ ਕਿ ਪੀ ਆਰ ਟੀ ਸੀ ਮਹਿਕਮਾ ਪੰਜਾਬ ਦੇ ਲੋਕਾਂ ਦੀ ਸੇਵਾ ਕਰਨ ਲਈ ਸਮਰੱਪਿਤ ਹੈ ਅਤੇ ਅਸੀਂ ਯਾਤਰੀਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ। ਉਨ੍ਹਾਂ ਨੇ ਲੋਕਾਂ ਨੂੰ ਵੀ ਅਪੀਲ ਕਰਦਿਆ ਕਿਹਾ ਕਿ ਕਿਸੇ ਵੀ ਸੁਝਾਅ ਜਾ ਸ਼ਿਕਾਇਤ ਨੂੰ ਪੀ ਆਰ ਟੀ ਸੀ ਦੇ ਹੈਲਪਲਾਈਨ ਨੰਬਰ 95921-95923 'ਤੇ ਦਰਜ ਕਰਵਾਇਆ ਜਾ ਸਕਦਾ ਹੈ।

# ਰਾਜਸਥਾਨ ਪੁਲਿਸ ਵੱਲੋਂ ਭੁੱਕੀ 'ਚ ਕਾਬੂ ਮੁਲਜ਼ਮ ਨੂੰ ਜਾਂਚ ਲਈ ਸਮਾਣਾ ਲਿਆਂਦਾ



ਸਮਾਣਾ, 27 ਜੂਨ (ਵਿਜੇ ਕੁਮਾਰ) : ਰਾਜਸਥਾਨ ਪੁਲਿਸ ਦੁਆਰਾ ਇੱਕ ਕੈਂਟਰ ਵਿੱਚ ਤਸਕਰੀ ਕਰਕੇ ਲਿਜਾਈ ਜਾ ਰਹੀ 678 ਕਿੱਲੋ ਭੁੱਕੀ ਸਮੇਤ ਕਾਬੂ ਕੀਤੇ ਗਏ ਵਿਅਕਤੀ ਨੂੰ ਬੁੱਧਵਾਰ ਨੂੰ ਜਾਂਚ ਪੜਤਾਲ ਲਈ ਸਦਰ ਸਮਾਣਾ ਦੇ ਪਿੰਡ ਦੋਦੜਾ ਲਿਆਂਦਾ ਗਿਆ। ਭੀਲਵਾੜਾ (ਰਾਜਸਥਾਨ) ਦੇ ਬਿਚੋਲੀਆ ਪੁਲਿਸ ਥਾਣਾ ਦੇ ਇੰਚਾਰਜ ਲੋਕਪਾਲ ਸਿੰਘ ਰਾਠੌੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਕੁਝ ਦਿਨ ਪਹਿਲਾਂ ਉਨ੍ਹਾਂ ਨੇ ਸਦਰ ਥਾਣਾ ਸਮਾਣਾ ਅਧੀਨ ਪੈਂਦੇ ਪਿੰਡ ਦੋਦੜਾ ਦੇ ਵਾਸੀ ਪ੍ਰਗਟ ਸਿੰਘ ਪੁੱਤਰ ਦਰਸ਼ਨ ਸਿੰਘ ਨੂੰ ਇੱਕ ਕੈਂਟਰ ਵਿੱਚ ਭਰ ਕੇ ਪੰਜਾਬ ਲਿਆਂਦੀ ਜਾ ਰਹੀ 678 ਕਿੱਲੋ ਭੁੱਕੀ ਪੋਸਤ ਸਮੇਤ ਕਾਬੂ ਕਰ ਮਾਮਲਾ ਦਰਜ ਕੀਤਾ ਸੀ। ਉਨ੍ਹਾਂ ਦੱਸਿਆ ਕਿ ਪੁੱਛਗਿੱਛ ਦੌਰਾਨ ਮੁਲਜ਼ਮ ਨੇ ਲਿਜਾਈ ਜਾ ਰਹੀ ਭੁੱਕੀ ਸਦਰ ਥਾਣਾ ਸਮਾਣਾ ਅਤੇ ਲੁਧਿਆਣਾ ਦੇ ਕੁਝ ਤਸਕਰਾਂ ਨੂੰ ਸਪਲਾਈ ਕਰਨ ਬਾਰੇ ਜਾਣਕਾਰੀ ਦਿੱਤੀ, ਜਿਸ ਤੋਂ ਬਾਅਦ ਮਾਣਯੋਗ ਅਦਾਲਤ ਦਾ ਹੁਕਮ ਪ੍ਰਾਪਤ ਕਰਕੇ ਮੁਲਜ਼ਮ ਨੂੰ ਜਾਂਚ ਪੜਤਾਲ ਲਈ ਸਮਾਣਾ ਲਿਆਂਦਾ ਗਿਆ। ਸਥਾਨਕ ਹਸਪਤਾਲ ਵਿੱਚ ਜਾਂਚ ਪੜਤਾਲ ਉਪਰੰਤ ਅਧਿਕਾਰੀ ਨੇ ਦੱਸਿਆ ਕਿ ਮੁਲਜ਼ਮ ਕਿਸ ਗੈਂਗ ਨਾਲ ਕੰਮ ਕਰਦਾ ਹੈ ਅਤੇ ਉਸ ਨੇ ਇਹ ਭੁੱਕੀ ਕਿਨ੍ਹਾਂ-ਕਿਨ੍ਹਾਂ ਲੋਕਾਂ ਨੂੰ ਸਪਲਾਈ ਕਰਨੀ ਸੀ, ਇਸ ਬਾਰੇ ਜਾਂਚ ਪੜਤਾਲ ਕੀਤੀ ਜਾ ਰਹੀ ਹੈ।

# ਨਵਲ ਮੌਲਵੀਵਾਲਾ ਪੰਜਾਬ ਯੂਥ ਡਿਵੈਲਪਮੈਂਟ ਬੋਰਡ ਦੇ ਡਾਇਰੈਕਟਰ ਨਿਯੁਕਤ

## ਵਿਧਾਇਕ ਬਾਜ਼ੀਗਰ ਅਤੇ ਮਾਰਕੀਟ ਕਮੇਟੀ ਚੇਅਰਮੈਨ ਵੱਲੋਂ ਸਨਮਾਨ



ਪਾਤੜਾਂ, 27 ਜੂਨ (ਹਰਮਿੰਦਰ ਕਰਤਾਰਪੁਰ): ਆਮ ਆਦਮੀ ਪਾਰਟੀ ਦੇ ਯੂਥ ਆਗੂ ਨਵਲ ਮੌਲਵੀਵਾਲਾ ਨੂੰ ਪੰਜਾਬ ਸਰਕਾਰ ਵੱਲੋਂ ਯੂਥ ਡਿਵੈਲਪਮੈਂਟ ਬੋਰਡ ਪੰਜਾਬ ਦਾ ਡਾਇਰੈਕਟਰ ਨਿਯੁਕਤ ਕਰਨ ਤੋਂ ਬਾਅਦ ਹਲਕਾ ਸ਼ੁਤਰਾਣਾ ਦੇ ਆਮ ਆਦਮੀ ਪਾਰਟੀ ਦੇ ਆਗੂਆਂ ਅਤੇ ਵਲੰਟੀਅਰਾਂ ਵਿੱਚ ਖੁਸ਼ੀ ਦੀ ਲਹਿਰ ਦੇਖਣ ਨੂੰ ਮਿਲ ਰਹੀ ਹੈ। ਨਵਲ ਮੌਲਵੀਵਾਲਾ ਦੇ ਪਾਤੜਾਂ ਪਹੁੰਚਣ ਉਪਰੰਤ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਅਤੇ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਮਹਿੰਗਾ ਬਰਾੜ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਸਨਮਾਨ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਅਤੇ ਚੇਅਰਮੈਨ ਮਹਿੰਗਾ ਸਿੰਘ ਬਰਾੜ ਨੇ ਕਿਹਾ ਕਿ ਸੂਬੇ ਦੀ ਭਗਵੰਤ ਮਾਨ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਵੱਡਾ ਮਹਾਂ ਯੁੱਧ ਛੇੜਿਆ ਹੋਇਆ ਹੈ ਤਾਂ ਜੋ ਪੰਜਾਬ ਦੀ ਧਰਤੀ ਤੋਂ ਨਸ਼ਿਆਂ ਦਾ ਮੁਕੰਬਲ ਖਾਤਮਾ ਕਰਕੇ ਸੂਬੇ ਦੇ ਨੌਜਵਾਨਾਂ ਨੂੰ ਸਮੁੱਚੇ ਦੇਸ਼ ਦੇ ਨਿਰਮਾਣ ਵਿੱਚ ਭਾਗੀਦਾਰ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਇਸੇ ਕੜੀ ਤਹਿਤ ਹੀ ਅਗਾਂਹ ਵਧੂ ਸੋਚ ਰੱਖਣ ਵਾਲੇ ਆਮ ਆਦਮੀ ਪਾਰਟੀ ਦੇ ਆਗੂਆਂ ਅਤੇ ਵਲੰਟੀਅਰਾਂ ਦੀਆਂ ਸਰਕਾਰ ਵਿੱਚ ਅਹਿਮ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ ।ਚੇਅਰਮੈਨ ਮਹਿੰਗਾ ਸਿੰਘ ਬਰਾੜ ਨੇ ਦੱਸਿਆ ਯੂਥ ਡਿਵੈਲਪਮੈਂਟ ਬੋਰਡ ਪੰਜਾਬ ਦੇ ਨਵ ਨਿਯੁਕਤ ਡਾਇਰੈਕਟਰ ਨਵਲ ਮੌਲਵੀਵਾਲਾ ਪਾਰਟੀ ਦੇ ਫਾਊਂਡਰ ਮੈਂਬਰ ਹਨ ਉਹ ਆਮ ਆਦਮੀ ਪਾਰਟੀ ਦੇ ਵਿਦਿਆਰਥੀ ਵਿੰਗ ਦੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਪ੍ਰਤੀਨਿਧਤਾ ਵੀ ਕਰ ਚੁੱਕੇ ਹਨ। ਇਸ ਮੌਕੇ ਮੀਡੀਆ ਨਾਲ ਗੱਲਬਾਤ ਨਵਲ ਮੌਲਵੀਵਾਲਾ ਨੇ ਦੱਸਿਆ ਕਿ ਸੂਬੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ ਯੂਥ ਡਿਵੈਲਪਮੈਂਟ ਬੋਰਡ ਪੰਜਾਬ ਵੱਲੋਂ ਪੇਂਡੂ ਯੂਥ ਕਲੱਬਾਂ ਨੂੰ ਮਜ਼ਬੂਤ ਕਰਕੇ ਉਨ੍ਹਾਂ ਵਿੱਚ ਸ਼ਾਮਲ ਅਹੁੱਦੇਦਾਰਾਂ ਅਤੇ ਮੈਂਬਰਾਂ ਦੇ ਵਿਸ਼ੇਸ਼ ਟ੍ਰੇਨਿੰਗ ਕੈਂਪ ਲਗਾਏ ਜਾਣਗੇ।ਉਨ੍ਹਾਂ ਦੱਸਿਆਂ ਕਿ ਯੂਥ ਕਲੱਬਾਂ ਵਲੋਂ ਪਿੰਡ ਪੱਧਰ ਤੇ ਨੌਜਵਾਨਾਂ ਦੀ ਭਲਾਈ ਪ੍ਰੋਗਰਾਮ ਉਲੀਕੇ ਜਾਣਗੇ ਤਾਂ ਜੋ ਨੌਜਵਾਨ ਨਸ਼ਿਆਂ ਵੱਲ ਜਾਣ ਦੀ ਬਜਾਏ ਆਪਣੇ ਸਰੀਰ ਨੂੰ ਨਰੋਆਂ ਅਤੇ ਰੋਗ ਰਹਿਤ ਰੱਖਣ ਲਈ ਖੇਡਾਂ, ਜ਼ਿੰਮਾਂ ਵਿੱਚ ਜਾ ਕੇ ਸਰੀਰਕ ਕਸਰਤ ਕਰਨ ਤਾਂ ਜੋ ਉਹ ਆਪਣੇ ਅਤੇ ਆਪਣੇ ਪਰਿਵਾਰ ਲਈ ਰੋਜ਼ਗਾਰ ਦੇ ਸਾਧਨ ਪੈਦਾ ਕਰਨ ਵੱਲ ਅੱਗੇ ਵੱਧ ਸਕਣ। ਇਸ 'ਆਪ' ਦੇ ਸੀਨੀਅਰ ਪ੍ਰਧਾਨ ਪ੍ਰੀਤ ਗਿੱਲ, ਬਲਵੰਤ ਸਿੰਘ ਮੌਲਵੀਵਾਲਾ, ਸਰਪੰਚ ਤਲਵਿੰਦਰ ਸਿੰਘ ਮੌਲਵੀਵਾਲਾ, ਦਵਿੰਦਰ ਸਿੰਘ ਸੇਲਵਾਲਾ ਬਲਾਕ ਪ੍ਰਧਾਨ ਪਾਤੜਾਂ ਆਦਿ ਪ੍ਰਮੁੱਖ ਤੌਰ 'ਤੇ ਹਾਜ਼ਰ ਸਨ।

# ਪ੍ਰੈਸ ਕਲੱਬ ਸਮਾਣਾ ਦੇ ਪ੍ਰਧਾਨ ਅਸ਼ੋਕ ਕੁਮਾਰ ਨੂੰ ਸਦਮਾ, ਮਾਤਾ ਖੇਮੀ ਬਾਈ ਦਾ ਦੇਹਾਂਤ



ਸਮਾਣਾ, 27 ਜੂਨ (ਜਵੰਦਾ) : ਪ੍ਰੈਸ ਕਲੱਬ ਸਮਾਣਾ ਦੇ ਪ੍ਰਧਾਨ ਅਸ਼ੋਕ ਕੁਮਾਰ ਪੱਤਰਕਾਰ ਅਤੇ ਲੋਕ ਰਾਜ ਜੀ ਕਰਿਆਨਾ ਵਾਲੇ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਸਤਿਕਾਰਯੋਗ ਮਾਤਾ ਖੇਮੀ ਬਾਈ (ਧਰਮਪਤਨੀ ਸ੍ਰੀ ਭਵਾਨੀ ਰਾਮ) ਇਸ ਸੰਸਾਰ ਨੂੰ ਅਲਵਿਦਾ ਕਹਿ ਉਸ ਪਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ।ਇਸ ਦੁੱਖ ਦੀ ਘੜੀ ਵਿੱਚ ਸਾਬਕਾ ਮੰਤਰੀ ਅਤੇ ਹਲਕਾ ਸਮਾਣਾ ਵਿਧਾਇਕ ਸਰਦਾਰ ਚੇਤਨ ਸਿੰਘ ਜੌੜਾਮਾਜਰਾ, ਮਾਰਕੀਟ ਕਮੇਟੀ ਸਮਾਣਾ ਦੇ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ, ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ, ਸਾਬਕਾ ਵਿਧਾਇਕ ਰਜਿੰਦਰ ਸਿੰਘ, ਮੈਡਮ ਗੁਰਸ਼ਰਨ ਕੌਰ ਰੰਧਾਵਾ, ਪ੍ਰਵੀਨ ਸ਼ਰਮਾ, ਅਗਰਵਾਲ ਧਰਮਸ਼ਾਲਾ ਪ੍ਰਧਾਨ ਮਦਨ ਮਿੱਤਲ, ਮਨਜਿੰਦਰ ਸਿੰਘ ਰਾਣਾ ਸੇਖੋਂ, ਗੋਪਾਲ ਕ੍ਰਿਸ਼ਨ ਗਰਗ, ਕਪੂਰ ਚੰਦ ਬਾਂਸਲ, ਰਿਸ਼ੂ ਸਿੰਗਲਾ ਅਤੇ ਯਤਿਨ ਵਰਮਾ ਆਦਿ ਸਮੇਤ ਵੱਖ ਵੱਖ ਰਾਜਨੀਤਿਕ, ਧਾਰਮਿਕ, ਸਮਾਜਿਕ ਆਗੂਆਂ ਅਤੇ ਸਮੂਹ ਪੱਤਰਕਾਰ ਭਾਈਚਾਰੇ ਵੱਲੋਂ ਅਸ਼ੋਕ ਕੁਮਾਰ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ।

# ਪੱਤਰਕਾਰ ਚਰਨਜੀਵ ਜੋਸ਼ੀ ਦੀ ਮਾਤਾ ਦਾ ਭੋਗ 30 ਨੂੰ



ਪਟਿਆਲਾ, 27 ਜੂਨ (ਚ.ਨ.ਸ.) : ਬਹੁਤ ਦੁਖੀ ਹਿਰਦੇ ਨਾਲ ਆਪ ਸਾਰਿਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੱਤਰਕਾਰ ਚਰਨਜੀਵ ਜੋਸ਼ੀ ਦੇ ਪੂਜਨੀਕ ਮਾਤਾ ਸ੍ਰੀਮਤੀ ਕਵਿਤਾ ਜੋਸ਼ੀ ਪਤਨੀ ਸਵ: ਸ੍ਰੀ ਜਗਮੋਹਨ ਜੋਸ਼ੀ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਮਿਤੀ 20 ਜੂਨ ਨੂੰ ਗੁਰੂ ਚਰਨਾਂ ਜਾ ਬਿਰਾਜੇ ਹਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਗਰੁੜ ਪੁਰਾਣ ਜੀ ਦੇ ਪਾਠ ਦਾ ਭੋਗ ਮਿਤੀ 30 ਜੂਨ 2025 ਸੋਮਵਾਰ ਨੂੰ ਦੁਪਹਿਰ 1 ਵਜੇ ਤੋਂ 2 ਵਜੇ ਹਨੂੰਮਾਨ ਮੰਦਰ ਰਾਜਪੁਰਾ ਰੋਡ ਨੇੜੇ ਸਰਹੰਦੀ ਗੇਟ ਪਟਿਆਲਾ ਵਿਖੇ ਪਵੇਗਾ।

# ਕੁੱਟਮਾਰ ਤੇ ਬਦਸਲੂਕੀ ਕਰਨ ਦੇ ਦੋਸ਼ 'ਚ ਪਤਨੀ ਤੇ ਪੁੱਤਰ ਸਮੇਤ ਤਿੰਨ ਖ਼ਿਲਾਫ਼ ਮਾਮਲਾ ਦਰਜ

ਸਮਾਣਾ, 27 ਜੂਨ (ਵਿਜੇ ਕੁਮਾਰ) : ਸਿਟੀ ਪੁਲਸ ਨੇ ਇੰਦਰਾਪੁਰੀ ਦੇ ਇੱਕ ਵਿਅਕਤੀ ਨਾਲ ਕੁੱਟਮਾਰ ਅਤੇ ਬਦਸਲੂਕੀ ਕਰਨ ਦੇ ਦੋਸ਼ ਵਿੱਚ ਉਸਦੀ ਪਤਨੀ, ਪੁੱਤਰ ਅਤੇ ਇੱਕ ਹੋਰ ਵਿਅਕਤੀ ਸਣੇ ਤਿੰਨ ਲੋਕਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਮੁਲਜ਼ਮਾਂ ਵਿੱਚ ਕਮਲੇਸ਼ ਰਾਣੀ, ਸਾਹਿਲ ਜਿੰਦਲ ਵਾਸੀ ਇੰਦਰਾਪੁਰੀ ਸਮਾਣਾ ਅਤੇ ਉਨ੍ਹਾਂ ਦੇ ਘਰ ਵਿੱਚ ਰਹਿਣ ਵਾਲਾ ਨਿਤਿਨ ਬਾਂਸਲ ਸ਼ਾਮਲ ਹਨ। ਮਾਮਲੇ ਦੇ ਜਾਂਚ ਅਧਿਕਾਰੀ, ਸਿਟੀ ਪੁਲਿਸ ਦੇ ਹੈੱਡ ਕਾਂਸਟੇਬਲ ਜਗਦੀਪ ਸਿੰਘ ਨੇ ਦੱਸਿਆ ਕਿ ਪ੍ਰਦੀਪ ਕੁਮਾਰ ਪੁੱਤਰ ਹਰੀ ਕਿਸ਼ਨ ਵਾਸੀ ਇੰਦਰਾਪੁਰੀ ਸਮਾਣਾ ਵੱਲੋਂ ਪੁਲਸ ਨੂੰ ਦਰਜ ਕਰਵਾਈ ਸ਼ਿਕਾਇਤ ਅਨੁਸਾਰ 9 ਮਈ ਨੂੰ ਉਸਦੀ ਪਤਨੀ ਕਮਲੇਸ਼ ਰਾਣੀ, ਪੁੱਤਰ ਸਾਹਿਲ ਜਿੰਦਲ ਨੇ ਘਰ ਵਿੱਚ ਰਹਿਣ ਵਾਲੇ ਨਿਤਿਨ ਬਾਂਸਲ ਨਾਲ ਮਿਲ ਕੇ ਉਸ ਨਾਲ ਬਦਸਲੂਕੀ ਕੀਤੀ ਅਤੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਗੰਭੀਰ ਹਾਲਤ ਵਿੱਚ ਉਸਨੂੰ ਇਲਾਜ ਲਈ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਅਧਿਕਾਰੀ ਅਨੁਸਾਰ, ਸ਼ਿਕਾਇਤ ਅਤੇ ਮੈਡੀਕਲ ਰਿਪੋਰਟ ਮਿਲਣ ਉਪਰੰਤ ਪੁਲਸ ਨੇ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮੁਲਜ਼ਮਾਂ ਨੂੰ ਜਲਦੀ ਹੀ ਕਾਬੂ ਕਰ ਲਿਆ ਜਾਵੇਗਾ।

# ਭੁੱਕੀ ਬ੍ਰਾਮਦ

ਪਟਿਆਲਾ, 27 ਜੂਨ (ਵਿਨੋਦ ਸ਼ਰਮਾ) : ਥਾਣਾ ਸਨੌਰ ਪੁਲਿਸ ਨੇ ਕਥਿਤ ਦੋਸ਼ੀ ਰਣਜੀਤ ਸਿੰਘ ਵਾਸੀ ਪਿੰਡ ਹਡਾਣਾ ਵਿਰੁੱਧ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਹਰਜਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਅਨਾਜ ਮੰਡੀ ਸਨੌਰ ਕੋਲ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ 'ਤੇ 3 ਕਿੱਲੋ ਭੁੱਕੀ ਚੂਰਾ ਪੋਸਤ ਬ੍ਰਾਮਦ ਹੋਈ।

# ਪੱਤਰਕਾਰ ਭਾਰਤ ਭੂਸ਼ਨ ਨੂੰ ਸਦਮਾ, ਮਾਤਾ ਸਵਰਗਵਾਸ, ਮ੍ਰਿਤਕ ਦਾ ਸਰੀਰ ਦਾਨ ਕੀਤਾ

ਪਟਿਆਲਾ, 27 ਜੂਨ (ਰੁਪਾਣਾ) : ਪੱਤਰਕਾਰ ਭਾਰਤ ਭੂਸ਼ਨ ਦੀ ਮਾਤਾ ਮਾਤਾ ਬਿਮਲ (70) ਪਤਨੀ ਨਵੀਨ ਵਾਸੀ ਬੀ-ਟੈਂਕ ਨੇੜੇ ਆਰੀਆ ਸਮਾਜ ਚੌਂਕ ਪਟਿਆਲਾ ਸਵਰਗਵਾਸ ਹੋ ਗਏ। ਉਨ੍ਹਾਂ ਵੱਲੋਂ ਆਪਣੀ ਸੁਆਸਾਂ ਰੂਪੀ ਪੂੰਜੀ ਪੂਰੀ ਕਰਨ ਤੋਂ ਬਾਅਦ ਆਪਣਾ ਸਰੀਰ ਦਾਨ ਕਰਕੇ ਮਿਸਾਲ ਪੈਦਾ ਕੀਤੀ ਗਈ ਹੈ। ਮਾਤਾ ਬਿਮਲ ਦਾ ਸਰੀਰ ਰਿਸ਼ੀਕੇਸ਼ ਏਮਜ਼ ਹਸਪਤਾਲ ਵਿਖੇ ਦਾਨ ਕੀਤਾ ਗਿਆ ਹੈ। ਇਸ ਮੌਕੇ ਰਿਸ਼ਤੇਦਾਰਾਂ ਤੇ ਸਾਕ ਸਬੰਧੀਆਂ ਵੱਲੋਂ ਅਰਥੀ ਨੂੰ ਮੋਢਾ ਦਿੱਤਾ ਗਿਆ। ਇਸ ਮੌਕੇ ਮਾਤਾ ਬਿਮਲ ਅਮਰ ਰਹੇ ਦੇ ਆਕਾਸ਼ ਗੂੰਜਾਊ ਨਾਅਰੇ ਲਗਾਏ ਅਤੇ ਬਜ਼ਾਰ ਵਿੱਚੋਂ ਦੀ ਦੇਹ ਨੂੰ ਲੈ ਕੇ ਗੁਜ਼ਰਦਿਆਂ ਮੈਡੀਕਲ ਵੈਨ ਨੂੰ ਰਵਾਨਾ ਕੀਤਾ ਗਿਆ। ਇਸ ਦੌਰਾਨ ਦੇਖਿਆ ਕਿ ਪਟਿਆਲਾ ਸ਼ਹਿਰ ਦੇ ਆਮ ਲੋਕਾਂ ਵਿੱਚ ਪਰਿਵਾਰ ਵੱਲੋਂ ਕੀਤੇ ਗਏ ਸਰੀਰਦਾਨ ਨੂੰ ਵੱਡਾ ਪੁੰਨ ਦਾ ਕੰਮ ਦੱਸਿਆ ਅਤੇ ਕਿਹਾ ਕਿ ਅਜਿਹੀ ਭਾਵਨਾ ਹਰ ਕਿਸੇ ਇਨਸਾਨ ਵਿੱਚ ਨਹੀਂ ਹੁੰਦੀ। ਬਲਾਕ ਪਟਿਆਲਾ ਵੱਲੋਂ ਇਹ 24ਵਾਂ ਸਰੀਰ ਦਾਨ ਕੀਤਾ ਗਿਆ ਹੈ।



# ਪਟਿਆਲਾ-ਆਸ/ਪਾਸ



## ਤਰਸ ਦੇ ਅਧਾਰ 'ਤੇ ਨੌਕਰੀਆਂ ਦੇ ਪੈਂਡਿੰਗ ਮਾਮਲੇ ਜਲਦ ਨਿਪਟਾਏ ਜਾਣ : ਜਸਬੀਰ ਸਿੰਘ ਸੁਰ ਸਿੰਘ

### ☛ਰੋਜ਼ਾਨਾ ਪ੍ਰਗਤੀ ਦੀ ਨਿਗਰਾਨੀ ਦਾ ਐਲਾਨ, ਐਚ.ਆਰ. ਵਿਭਾਗ ਨੂੰ ਯੋਗ ਕੇਸਾਂ 'ਤੇ ਤੇਜ਼ੀ ਨਾਲ ਕੰਮ ਕਰਨ ਦੇ ਨਿਰਦੇਸ਼



ਪਟਿਆਲਾ, 27 ਜੂਨ (ਰੂਪਾਣਾ) : ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (PSPCL) ਦੇ ਡਾਇਰੈਕਟਰ (ਪ੍ਰਸ਼ਾਸਨ) ਜਸਬੀਰ ਸਿੰਘ ਸੁਰ ਸਿੰਘ ਨੇ ਸ਼ੁੱਕਰਵਾਰ ਨੂੰ ਪਟਿਆਲਾ ਵਿਖੇ ਇੱਕ ਅਹਿਮ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਵੱਖ-ਵੱਖ ਜ਼ੋਨਾਂ ਵਿੱਚ ਤਰਸ ਦੇ ਆਧਾਰ 'ਤੇ ਪੈਂਡਿੰਗ ਪਏ ਨੌਕਰੀਆਂ ਦੇ ਮਾਮਲਿਆਂ ਦੀ ਸਮੀਖਿਆ ਕੀਤੀ ਗਈ। ਮੀਟਿੰਗ ਵਿੱਚ ਸਾਰੇ ਜ਼ੋਨਾਂ ਦੇ ਮੁੱਖ ਦਫਤਰਾਂ ਦੇ ਸੀਨੀਅਰ ਨੁਮਾਇੰਦਿਆਂ ਨੇ ਹਿੱਸਾ ਲਿਆ। ਇਸ ਦਾ ਮੁੱਖ ਮਕਸਦ ਪ੍ਰਕਿਰਿਆ ਨੂੰ ਤੇਜ਼ ਕਰਨਾ ਅਤੇ ਯੋਗ ਬਿਨੈਕਾਰਾਂ ਨੂੰ ਸਮੇਂ ਸਿਰ ਸਹਾਇਤਾ ਪ੍ਰਦਾਨ ਕਰਨਾ ਸੀ।ਮੀਟਿੰਗ ਦੌਰਾਨ, ਡਾਇਰੈਕਟਰ ਸੁਰ ਸਿੰਘ ਨੇ ਮ੍ਰਿਤਕ ਕਰਮਚਾਰੀਆਂ ਦੇ ਪਰਿਵਾਰਾਂ ਨੂੰ ਰਾਹਤ ਦੇਣ ਵਿੱਚ ਤਰਸ ਦੇ ਆਧਾਰ 'ਤੇ ਨੌਕਰੀਆਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਸਾਰੇ ਵਿਭਾਗਾਂ ਨੂੰ ਇਨ੍ਹਾਂ ਮਾਮਲਿਆਂ ਨੂੰ ਪਹਿਲ ਦੇ ਆਧਾਰ 'ਤੇ ਨਿਪਟਾਉਣ ਦੀ ਅਪੀਲ ਕੀਤੀ। ਉਨ੍ਹਾਂ ਇਹ ਵੀ ਦੱਸਿਆ ਕਿ ਕਾਫੀ ਗਿਣਤੀ ਵਿੱਚ ਅਸਾਮੀਆਂ ਖਾਲੀ ਹਨ, ਜਿਨ੍ਹਾਂ ਨੂੰ ਯੋਗ ਬਿਨੈਕਾਰਾਂ ਦੀ ਸਹਾਇਤਾ ਲਈ ਤੁਰੰਤ ਭਰਿਆ ਜਾ ਸਕਦਾ ਹੈ।ਉਨ੍ਹਾਂ ਨੇ ਖਾਸ ਤੌਰ 'ਤੇ ਮਨੁੱਖੀ ਸਰੋਤ (HR) ਵਿਭਾਗ ਨੂੰ ਪੈਂਡਿੰਗ ਮਾਮਲਿਆਂ ਨੂੰ ਖਤਮ ਕਰਨ ਲਈ ਤੇਜ਼ੀ ਨਾਲ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ, ਤਰਸ ਦੇ ਆਧਾਰ 'ਤੇ ਨੌਕਰੀਆਂ ਦੀ ਮੰਗ ਕਰਨ ਵਾਲੇ ਬਿਨੈਕਾਰਾਂ ਨੇ ਮੁਸ਼ਕਲ ਸਮਿਆਂ ਵਿੱਚ ਬਹੁਤ ਹਿੰਮਤ ਦਿਖਾਈ ਹੈ। ਇਹ ਸਾਡਾ ਫਰਜ਼ ਹੈ ਕਿ ਅਸੀਂ ਉਨ੍ਹਾਂ ਦੇ ਕੇਸਾਂ 'ਤੇ ਕੁਸ਼ਲਤਾ ਨਾਲ ਕੰਮ ਕਰੀਏ ਅਤੇ ਉਨ੍ਹਾਂ ਨੂੰ ਉਹ ਮੌਕੇ ਮਿਲਣ ਜਿਨ੍ਹਾਂ ਦੇ ਉਹ ਹੱਕਦਾਰ ਹਨ।ਜਵਾਬਦੇਹੀ ਅਤੇ ਕੰਮ ਵਿੱਚ ਤੇਜ਼ੀ ਲਿਆਉਣ ਲਈ, ਡਾਇਰੈਕਟਰ ਸੁਰ ਸਿੰਘ ਨੇ ਐਲਾਨ ਕੀਤਾ ਕਿ ਉਹ ਇਨ੍ਹਾਂ ਮਾਮਲਿਆਂ ਦੀ ਪ੍ਰਗਤੀ ਦੀ ਰੋਜ਼ਾਨਾ ਨਿਗਰਾਨੀ ਕਰਨਗੇ।ਡਾਇਰੈਕਟਰ (ਪ੍ਰਸ਼ਾਸਨ) ਜਸਬੀਰ ਸਿੰਘ ਸੁਰ ਸਿੰਘ ਨੇ ਸਰਕਾਰੀ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਪੰਜਾਬ ਦੇ ਮੁੱਖ ਮੰਤਰੀ ਮਾਨਯੋਗ ਸ. ਭਗਵੰਤ ਸਿੰਘ ਮਾਨ ਦੇ ਲਗਾਤਾਰ ਸਮਰਥਨ ਦੀ ਵੀ ਸ਼ਲਾਘਾ ਕੀਤੀ।ਉਨ੍ਹਾਂ ਨੇ ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਦੇ ਨਿਰੰਤਰ ਮਾਰਗਦਰਸ਼ਨ ਦਾ ਵੀ ਧੰਨਵਾਦ ਕੀਤਾ। ਮੀਟਿੰਗ ਸਾਰੇ ਜ਼ੋਨਲ ਨੁਮਾਇੰਦਿਆਂ ਦੀ ਤਰਫੋਂ ਪੈਂਡਿੰਗ ਕੇਸਾਂ ਨੂੰ ਤੇਜ਼ ਕਰਨ ਅਤੇ PSPCL ਦੇ ਤਰਸ ਭਰੇ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਦੀ ਪੱਕੀ ਸਮੂਹਿਕ ਵਚਨਬੱਧਤਾ ਨਾਲ ਸਮਾਪਤ ਹੋਈ।

## ਡਾ. ਬਲਬੀਰ ਸਿੰਘ ਵੱਲੋਂ ਘਰ-ਘਰ ਜਾ ਕੇ ਡੇਂਗੂ ਲਾਰਵਾ ਦੀ ਚੈਕਿੰਗ, ਲੋਕਾਂ ਨੂੰ ਕੀਤਾ ਜਾਗਰੂਕ

### ਸਿਹਤ ਮੰਤਰੀ ਨੇ ਘਰਾਂ 'ਚ ਮਿਲੇ ਲਾਰਵਾ ਨੂੰ ਕਰਵਾਇਆ ਨਸ਼ਟ, ਲੋਕਾਂ ਨੂੰ ਸੁਚੇਤ ਰਹਿਣ ਦੀ ਕੀਤੀ ਅਪੀਲ



ਪਟਿਆਲਾ, 27 ਜੂਨ (ਰੂਪਾਣਾ/ਵਿਨੋਦ ਸ਼ਰਮਾ/ਦੀਪਕ ਜੈਦਕਾ) : ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਸੂਬਾ ਵਾਸੀਆਂ ਨੂੰ ਡੇਂਗੂ, ਚਿਕਨਗੁਨੀਆ ਤੇ ਮਲੇਰੀਆ ਵਰਗੀਆਂ ਘਾਤਕ ਬਿਮਾਰੀਆਂ ਤੋਂ ਬਚਾਉਣ ਲਈ 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਤਹਿਤ ਸੂਬੇ ਦੇ ਵੱਖ ਵੱਖ ਜ਼ਿਲ੍ਹਿਆਂ 'ਚ ਜਾ ਕੇ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ, ਇਸੇ ਲੜੀ ਤਹਿਤ ਅੱਜ ਉਨ੍ਹਾਂ ਪਟਿਆਲਾ ਦੇ ਰਣਜੀਤ ਨਗਰ ਵਿਖੇ ਸਿਹਤ ਵਿਭਾਗ ਦੀਆਂ ਟੀਮਾਂ ਨਾਲ ਘਰ ਘਰ ਜਾ ਕੇ ਡੇਂਗੂ ਦਾ ਲਾਰਵਾ ਲੱਭਿਆ ਤੇ ਉਸ ਨੂੰ ਨਸ਼ਟ ਕਰਵਾਉਂਦੇ ਹੋਏ ਨਾਲ ਨਾਲ ਲੋਕਾਂ ਨੂੰ ਇਸ ਪ੍ਰਤੀ ਜਾਗਰੂਕ ਕੀਤਾ। ਆਪਣੇ ਦੌਰੇ ਦੌਰਾਨ ਡਾ. ਬਲਬੀਰ ਸਿੰਘ ਨੇ ਰਣਜੀਤ ਨਗਰ ਵਾਸੀਆਂ ਨੂੰ ਡੇਂਗੂ ਤੋਂ ਬਚਾਅ ਲਈ 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਮੁਹਿੰਮ ਦੇ ਮਕਸਦ ਬਾਰੇ ਦੱਸਦਿਆਂ ਕਿਹਾ ਕਿ ਜੇਕਰ ਹਫ਼ਤੇ 'ਚ ਇਕ ਦਿਨ ਪਾਣੀ ਨਾਲ ਭਰੀਆਂ ਥਾਵਾਂ ਨੂੰ ਖਾਲੀ ਕਰ ਦਿੱਤਾ ਜਾਵੇ ਤਾਂ ਡੇਂਗੂ ਦਾ ਲਾਰਵਾ ਪਨਪ ਨਹੀਂ ਸਕੇਗਾ ਤੇ ਲੋਕ ਮੱਛਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚ ਸਕਣਗੇ। ਇਸ ਮੌਕੇ ਉਨ੍ਹਾਂ ਦੇ ਨਾਲ ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਵੀ ਮੌਜੂਦ ਸਨ।ਡਾ. ਬਲਬੀਰ ਸਿੰਘ ਨੇ ਰਣਜੀਤ ਨਗਰ ਦੇ ਕਈ ਘਰਾਂ ਵਿੱਚ ਜਾ ਕੇ ਵੱਖ-ਵੱਖ ਪਾਣੀ ਵਾਲੇ ਬਰਤਨਾਂ, ਛੱਤਾਂ ਦੇ ਗਮਲੇ, ਪਾਰਕ ਅਤੇ ਪੰਛੀਆਂ ਤੇ ਪਸ਼ੂਆਂ ਨੂੰ ਪਾਣੀ ਪਿਲਾਉਣ ਲਈ ਵਰਤੇ ਜਾਂਦੇ ਭਾਂਡਿਆਂ ਤੇ ਕਾਰ ਸਰਵਿਸ ਸਟੇਸ਼ਨ ਦੀ ਜਾਂਚ ਕੀਤੀ। ਸਿਹਤ ਮੰਤਰੀ ਵੱਲੋਂ ਹਰ ਉਸ ਥਾਂ ਦੀ ਜਾਂਚ ਕੀਤੀ ਗਈ ਜਿੱਥੇ ਡੇਂਗੂ ਦਾ ਲਾਰਵਾ ਹੋਣ ਦੀ ਸੰਭਾਵਨਾ ਸੀ, ਉਨ੍ਹਾਂ ਨੇ ਕਈ ਘਰਾਂ ਵਿੱਚ ਲਾਰਵਾ ਖੁਦ ਲੱਭਿਆ ਤੇ ਇਸ ਨੂੰ ਨਸ਼ਟ ਕਰਨ ਦੇ ਨਾਲ-ਨਾਲ ਲੋਕਾਂ ਨੂੰ ਜਾਗਰੂਕ ਕੀਤਾ। ਉਨ੍ਹਾਂ ਖਾਲੀ ਪਏ ਪਲਾਟਾਂ ਦੇ ਮਾਲਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਪਲਾਟਾਂ ਦੀ ਸਫ਼ਾਈ ਜ਼ਰੂਰ ਕਰਵਾਉਣ ਤਾਂ ਕਿ ਖਾਲੀ ਪਲਾਟਾਂ 'ਚ ਖੜ੍ਹੇ ਪਾਣੀ ਕਾਰਨ ਰਹਿੰਦੇ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਇਆ ਜਾ ਸਕੇ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਸੂਬਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਹਰ ਸ਼ੁੱਕਰਵਾਰ ਸਵੇਰੇ 9 ਵਜੇ ਤੋਂ ਸਵੇਰੇ 10 ਵਜੇ ਤੱਕ ਇਕ ਘੰਟਾ ਆਪਣੇ ਘਰਾਂ ਅਤੇ ਆਲੇ ਦੁਆਲੇ ਡੇਂਗੂ ਖ਼ਤਮ ਕਰਨ ਲਈ ਸਮਾਂ ਕੱਢਣ। ਇਸ ਦੌਰਾਨ ਸਾਰੇ ਫੁੱਲਾਂ ਦੇ ਗਮਲੇ, ਕੂਲਰ 'ਚ ਖੜ੍ਹਾ ਪਾਣੀ, ਫਰਿਜ ਦੀਆਂ ਟਰੇਆਂ ਅਤੇ ਖੁੱਲ੍ਹੇ ਵਿੱਚ ਪਏ ਪਾਣੀ ਨਾਲ ਭਰੇ ਹੋਰ ਕਿਸੇ ਵੀ ਭਾਂਡੇ ਚੋਂ ਪਾਣੀ ਦੀ ਨਿਕਾਸੀ ਕਰਨ ਤੋਂ ਇਲਾਵਾ ਸੁਕਾਅ ਦੇਣਾ ਚਾਹੀਦਾ ਹੈ ਤਾਂ ਜੋ ਮੱਛਰ ਦੇ ਲਾਰਵੇ ਦਾ ਪ੍ਰਜਣਨ ਚੱਕਰ ਟੁੱਟ ਜਾਵੇ, ਜਿਸ ਨੂੰ ਬਾਲਗ ਮੱਛਰ ਵਜੋਂ ਵਿਕਸਿਤ ਹੋਣ ਵਿੱਚ ਇੱਕ ਹਫ਼ਤਾ ਲੱਗ ਜਾਂਦਾ ਹੈ। ਸਿਹਤ ਤੇ ਪਰਿਵਾਰ ਭਲਾਈ ਮੰਤਰੀ ਨੇ ਇਹ ਵੀ ਦੱਸਿਆ ਕਿ ਭਾਵੇਂ ਡੇਂਗੂ ਦਾ ਟੈਸਟ ਅਤੇ ਇਲਾਜ ਸਰਕਾਰੀ ਹਸਪਤਾਲਾਂ ਵਿੱਚ ਬਿਲਕੁਲ ਮੁਫ਼ਤ ਹੈ ਪਰ ਅਸੀਂ ਕੁਝ ਸਧਾਰਨ ਸਾਵਧਾਨੀਆਂ ਅਪਣਾ ਕੇ ਡੇਂਗੂ ਵਰਗੀਆਂ ਬਿਮਾਰੀਆਂ ਤੋਂ ਆਪਣੇ ਆਪ ਨੂੰ ਬਚਾਅ ਸਕਦੇ ਹਾਂ। ਉਨ੍ਹਾਂ ਕਿਹਾ ਕਿ ਸੂਬੇ ਦੇ ਸਰਕਾਰੀ ਹਸਪਤਾਲਾਂ ਵਿੱਚ ਵਾਧੂ ਬੈੱਡ ਡੇਂਗੂ ਦੇ ਮਰੀਜ਼ਾਂ ਲਈ ਰਾਖਵੇਂ ਰੱਖੇ ਗਏ ਹਨ। ਇਸ ਮੌਕੇ ਐਸ.ਐਮ.ਓ. ਡਾ. ਮੋਨਿਕਾ ਤੇ ਡਾ. ਸੁਮਿਤ ਸਿੰਘ ਸਮੇਤ ਸਿਹਤ ਵਿਭਾਗ ਦਾ ਅਮਲਾ ਮੌਜੂਦ ਸੀ।

## 'ਆਪ' ਵੱਲੋਂ ਚੇਅਰਮੈਨ ਬਰਾੜ ਹਲਕਾ ਸ਼ੁਤਰਾਣਾ ਦੇ ਸੰਗਠਨ ਇੰਚਾਰਜ ਨਿਯੁਕਤ

### ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਅਤੇ ਵਲੰਟੀਅਰਾਂ ਵੱਲੋਂ ਸਵਾਗਤ



ਪਾਤੜਾਂ, 27 ਜੂਨ (ਹਰਮਿੰਦਰ ਕਰਤਾਰਪੁਰ): ਆਮ ਆਦਮੀ ਪਾਰਟੀ ਵੱਲੋਂ ਪਾਰਟੀ ਦੇ ਸੰਗਠਨ ਨੂੰ ਮਜ਼ਬੂਤ ਕਰਨ ਲਈ ਆਰੰਭੀ ਮੁਹਿੰਮ ਦੌਰਾਨ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ ਨੂੰ ਹਲਕਾ ਸ਼ੁਤਰਾਣਾ ਸੰਗਠਨ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ।ਇਸ ਸਬੰਧੀ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਦੱਸਿਆ ਕਿ ਪਾਰਟੀ ਦੇ ਸੂਬਾ ਪ੍ਰਧਾਨ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਜਮੀਨੀ ਪੱਧਰ ਉੱਤੇ ਜੁੜੇ ਆਗੂਆਂ ਅਤੇ ਵਲੰਟੀਅਰਾਂ ਨੂੰ ਸਮੁੱਚੇ ਸੂਬੇ ਵਿੱਚ ਵੱਡੀਆਂ ਜ਼ਿਮੇਵਾਰੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਚੇਅਰਮੈਨ ਮਹਿੰਗਾ ਸਿੰਘ ਬਰਾੜ ਜ਼ਮੀਨੀ ਪੱਧਰ ਦੇ ਆਗੂ ਹੋਣ ਦੇ ਨਾਲ ਲੋਕਾਂ ਨੂੰ ਸਮਰਪਿਤ ਆਗੂ ਵੀ ਹਨ, ਜੋ ਦਿਨ ਰਾਤ ਲੋਕਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਤੱਤਪਰ ਰਹਿੰਦੇ ਹਨ ਆਮ ਆਦਮੀ ਪਾਰਟੀ ਦੀ ਹਲਕਾ ਸ਼ੁਤਰਾਣਾ ਯੂਨਿਟ ਵੱਲੋਂ ਵੀ ਚੇਅਰਮੈਨ ਮਹਿੰਗਾ ਸਿੰਘ ਬਰਾੜ ਦੀ ਨਿਯੁਕਤੀ ਦਾ ਸਵਾਗਤ ਕੀਤਾ ਗਿਆ। ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਸੀਨੀਅਰ ਆਗੂ ਪ੍ਰਧਾਨ ਪ੍ਰੀਤ ਗਿੱਲ, ਚੇਅਰਮੈਨ ਲਖਵਿੰਦਰ ਸਿੰਘ ਗਲੋਲੀ, ਬੂਟਾ ਸਿੰਘ ਸ਼ੁਤਰਾਣਾ, ਜਸਵਿੰਦਰ ਸਿੰਘ ਸ਼ੇਰਗੜ੍ਹ, ਨਿਸ਼ਾਨ ਸਿੰਘ ਠਰੂਆ, ਕੁਲਦੀਪ ਸਿੰਘ ਥਿੰਦ, ਸਰਪੰਚ ਕਰਨੈਲ ਸਿੰਘ ਨਾਸਤੇ, ਸਰਪੰਚ ਲਖਵਿੰਦਰ ਸਿੰਘ ਸੰਮੂ, ਕੌਂਸਲਰ ਕੁਲਦੀਪ ਸਿੰਘ ਬਿੱਟੂ ਬਦੇਸ਼ਾਂ, ਡਾਕਟਰ ਡੀਡੀ ਸਿੰਗਲਾ, ਮਦਨ ਲਾਲ ਪਾਤੜਾਂ, ਬੂਟਾ ਸਿੰਘ ਵਿਰਕ ਵੱਲੋਂ ਵੀ ਨਵੀਂ ਨਿਯੁਕਤੀ ਦਾ ਸਵਾਗਤ ਕਰਦਿਆਂ ਕਿਹਾ ਕਿ ਵਿਧਾਨ ਸਭਾ ਹਲਕਾ ਸ਼ੁਤਰਾਣਾ ਵਿੱਚ ਮਹਿੰਗਾ ਸਿੰਘ ਬਰਾੜ ਹੀ ਇੱਕੋ ਇੱਕ ਅਜਿਹੇ ਆਗੂ ਹਨ, ਜੋ ਪਾਰਟੀ ਦੇ ਸਾਰੇ ਆਗੂਆਂ ਅਤੇ ਵਲੰਟੀਅਰਾਂ ਨੂੰ ਨਾਲ ਲੈ ਕੇ ਚੱਲ ਸਕਦੇ ਹਨ। ਇਸ ਸਬੰਧੀ ਜਦੋਂ ਨਵ-ਨਿਯੁਕਤ ਇੰਚਾਰਜ ਚੇਅਰਮੈਨ ਮਹਿੰਗਾ ਸਿੰਘ ਬਰਾੜ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਹ ਪਾਰਟੀ ਵੱਲੋਂ ਦਿੱਤੀ ਗਈ ਹਰ ਇੱਕ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ।

## ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਬਡੂੰਗਰ ਤੇ ਮੈਂਬਰ ਸਹਿਬਾਨਾਂ ਨੂੰ ਸੌਂਪਿਆ ਬੇਨਤੀ ਪੱਤਰ



ਭੁਨਰਹੇੜੀ, 27 ਜੂਨ (ਗੁਰਜੀਤ ਸਿੰਘ ਢੌਟ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ ਕਿਰਪਾਲ ਸਿੰਘ ਬਡੂੰਗਰ, ਐਗਜੈਕਟਿਵ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਜਸਮੇਰ ਸਿੰਘ ਲਾਲੜੂ ਨਾਲ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਪ੍ਰਧਾਨ ਬੂਟਾ ਸਿੰਘ ਸ਼ਾਦੀਪੁਰ ਨੇ ਗੁਰਦੁਆਰਾ ਸਾਹਿਬ ਬਾਬਾ ਗਾਂਧਾ ਸਿੰਘ ਬਰਨਾਲਾ ਦੇ ਪ੍ਰਬੰਧ ਅਧੀਨ ਬਾਬਾ ਬਲਵੰਤ ਸਿੰਘ ਗੁਰਦੁਆਰਾ ਸਾਹਿਬ ਭੁੱਨਰਹੇੜੀ ਦੇ ਪ੍ਰਬੰਧ ਸਬੰਧੀ ਵਿਚਾਰ ਵਟਾਂਦਰਾ ਕੀਤਾ। ਸੰਗਤ ਰੂਪ ਆਏ ਇਸ ਵਫਦ ਵੱਲੋਂ ਗੁਰੂ ਘਰ ਦੇ ਪ੍ਰਬੰਧ ਸਬੰਧੀ ਬੇਨਤੀ ਪੱਤਰ ਦਿੱਤਾ। ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਭੁੱਨਰਹੇੜੀ ਗੁਰੂ ਘਰ ਤੀਹ ,ਚਾਲੀ ਪਿੰਡਾਂ ਦੇ ਮੁੱਖ ਕੇਂਦਰ ਹੋਣ ਕਰਨ ਬਾਬਾ ਅਮਰੀਕ ਸਿੰਘ ਕਾਰ ਸੇਵਾ ਅਤੇ ਪਿੰਡ ਨਿਵਾਸੀਆਂ ਦੇ ਸਹਿਯੋਗ ਨਾਲ ਦੀਵਾਨ ਹਾਲ ਦੀ ਸੇਵਾ ਕਰਵਾਈ ਜਾ ਚੁੱਕੀ ਹੈ। ਹੁਣ ਸੰਗਤ ਦੀ ਇੱਛਾ ਹੈ, ਕਿ ਦਰਬਾਰ ਹਾਲ ਦਾ ਵਿਸਥਾਰ ਕਰਵਾਉਣ ਅਤੇ ਕਾਰ ਪਾਰਕਿੰਗ ਵੀ ਬਣਾਈ ਜਾਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਹਿਬਾਨਾ ਨੇ ਵਫ਼ਦ ਨੂੰ ਵਿਸ਼ਵਾਸ ਦਿਵਾਇਆ ਹੈ, ਕਿ ਉਹਨਾਂ ਕਿਹਾ ਕਿ ਸੰਗਤ ਦੀਆਂ ਭਾਵਨਾਵਾਂ ਨੂੰ ਪੂਰਾ ਕਰਨ ਲਈ ਗੁਰਦੁਆਰਾ ਸਾਹਿਬ ਦੀ ਮੈਨੇਜਮੈਂਟ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਕਦਮ ਉਠਾਉਣ ਲਈ ਆਖਿਆ ਜਾਵੇਗਾ।

## ਵਧੀਕ ਡਿਪਟੀ ਕਮਿਸ਼ਨਰ ਵੱਲੋਂ ਮੀਰਾਪੁਰ ਚੋਅ, ਅਦਾਲਤੀ ਵਾਲਾ ਡਰੇਨ ਤੇ ਟਾਂਗਰੀ ਨਦੀ ਦਾ ਦੌਰਾ



ਦੁਧਨਸਾਧਾਂ, 27 ਜੂਨ (ਗੁਰਜੀਤ ਸਿੰਘ ਢੌਟ) : ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ (ਜ) ਇਸ਼ਾ ਸਿੰਗਲ ਵੱਲੋਂ ਅੱਜ ਸਬ ਡਵੀਜ਼ਨ ਦੁਧਨਸਾਧਾਂ ਵਿਚੋਂ ਲੰਘਦੀ ਮੀਰਪੁਰ ਚੋਅ, ਅਦਾਲਤੀ ਵਾਲਾ ਡਰੇਨ ਅਤੇ ਟਾਂਗਰੀ ਨਦੀ ਦਾ ਦੌਰਾ ਕੀਤਾ। ਇਸ ਮੌਕੇ ਐਸ.ਡੀ.ਐਮ. ਦੁਧਨਸਾਧਾਂ ਕ੍ਰਿਪਾਲਵੀਰ ਸਿੰਘ ਅਤੇ ਡਰੇਨੇਜ ਵਿਭਾਗ ਦੇ ਅਧਿਕਾਰੀ ਮੌਜੂਦ ਸਨ। ਏ.ਡੀ.ਸੀ. ਨੇ ਮੀਰਾਪੁਰ ਚੋਅ ਦੀ ਸਫ਼ਾਈ 'ਚ ਦੇਰੀ ਦਾ ਗੰਭੀਰ ਨੋਟਿਸ ਲੈਂਦਿਆਂ ਚੋਅ ਦੀ ਸਫ਼ਾਈ ਦਾ ਕੰਮ ਤੁਰੰਤ ਮੌਕੇ 'ਤੇ ਸ਼ੁਰੂ ਕਰਵਾਉਂਦਿਆਂ ਕਿਹਾ ਕਿ ਅਜਿਹੇ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਟਿਆਲਾ ਜ਼ਿਲ੍ਹੇ ਵਿੱਚੋਂ ਲੰਘਦੀਆਂ ਸਾਰੀਆਂ ਡਰੇਨਾਂ, ਨਦੀਆਂ ਤੇ ਨਾਲਿਆਂ ਦੀ ਸਫ਼ਾਈ ਦਾ ਕੰਮ ਜੰਗੀ ਪੱਧਰ 'ਤੇ ਕੀਤਾ ਜਾ ਰਿਹਾ ਹੈ ਤੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀਆਂ ਹਦਾਇਤਾਂ ਅਨੁਸਾਰ ਏ.ਡੀ.ਸੀਜ ਪੱਧਰ ਦੇ ਅਧਿਕਾਰੀ ਰੋਜ਼ਾਨਾ ਮੌਕੇ 'ਤੇ ਜਾ ਕੇ ਸਫ਼ਾਈ ਕਾਰਜਾਂ ਦਾ ਜਾਇਜ਼ਾ ਲੈ ਰਹੇ ਹਨ। ਇਸ ਮੌਕੇ ਇਸ਼ਾ ਸਿੰਗਲ ਨੇ ਵੱਖ ਵੱਖ ਵਿਭਾਗਾਂ ਵੱਲੋਂ ਹੜ੍ਹਾਂ ਤੋਂ ਬਚਾਅ ਲਈ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਕਿਹਾ ਸਮੂਹ ਵਿਭਾਗ ਆਪਣੇ ਵਿਭਾਗ ਨਾਲ ਸਬੰਧਤ ਪ੍ਰਬੰਧ ਪੂਰਨ ਤੌਰ ਤੇ ਮੁਕੰਮਲ ਕਰਨਾ ਯਕੀਨੀ ਬਣਾਉਣ ਤਾਂ ਜੋ ਮਾਨਸੂਨ ਦੇ ਸੀਜ਼ਨ ਵਿੱਚ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਐਸ.ਡੀ.ਐਮ ਦੁਧਨਸਾਧਾਂ ਕ੍ਰਿਪਾਲਵੀਰ ਸਿੰਘ ਨੇ ਦੱਸਿਆ ਕਿ ਸਬ ਡਵੀਜ਼ਨ ਦੁਧਨਸਾਧਾਂ ਵਿੱਚੋਂ ਲੰਘਦੇ ਚੋਅ, ਡਰੇਨ ਤੇ ਨਦੀਆਂ ਦੀ ਸਾਫ਼ ਸਫ਼ਾਈ ਦੀ ਨਿਗਰਾਨੀ ਉਹ ਖ਼ੁਦ ਕਰ ਰਹੇ ਹਨ ਤੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਲਗਾਤਾਰ ਸੰਪਰਕ ਵਿੱਚ ਹਨ।ਵਧੀਕ ਡਿਪਟੀ ਕਮਿਸ਼ਨਰ ਇਸ਼ਾ ਸਿੰਗਲ ਨੇ ਪਟਿਆਲਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮਾਨਸੂਨ ਸੀਜ਼ਨ ਤੋਂ ਪਹਿਲਾ ਨਦੀਆਂ-ਨਾਲਿਆਂ ਦੀ ਸਫ਼ਾਈ ਸਮੇਤ ਹਰੇਕ ਤਰ੍ਹਾਂ ਦੇ ਪੁਖ਼ਤਾ ਪ੍ਰਬੰਧ ਕੀਤੇ ਹੋਏ ਹਨ। ਇਸ ਲਈ ਪਟਿਆਲਾ ਵਾਸੀ ਨਿਸ਼ਚਿਤ ਰਹਿੰਦੇ ਹੋਏ ਅਫ਼ਵਾਹਾਂ ਤੋਂ ਸੁਚੇਤ ਰਹਿਣ ਤੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜੋ ਲੋਕਾਂ ਵਿੱਚ ਘਬਰਾਹਟ ਜਾਂ ਡਰ ਪੈਦਾ ਕਰਦੀ ਹੋਵੇ ਬਿਨਾਂ ਵੈਰੀਫਾਈ ਕੀਤੇ ਅੱਗੇ ਨਾ ਭੇਜੀ ਜਾਵੇ।

## ਸਰਕਾਰੀ ਵੂਮੈਨ ਕਾਲਜ 'ਚ ਬੂਟੇ ਲਗਾਏ

ਪਟਿਆਲਾ, 27 ਜੂਨ (ਚ.ਨ.ਸ.) : ਜ਼ਿੰਦਗੀ ਨੂੰ ਸਿਹਤਮੰਦ ਅਤੇ ਪ੍ਰਦੂਸ਼ਨ ਰਹਿਤ ਬਣਾਉਣ ਲਈ ਅਤੇ ਹਰਾ-ਭਰਾ ਬਣਾਉਣ ਲਈ ਸਾਰਿਆਂ ਨੂੰ ਬੂਟੇ ਲਗਾਉਣੇ ਬਹੁਤ ਜ਼ਰੂਰੀ ਹਨ। ਗਲੋਬਲ ਵਾਰਮਿੰਗ ਦਾ ਖਤਰਾ ਮੰਡਰਾ ਰਿਹਾ ਹੈ। ਵਿਕਾਸ ਦੇ ਨਾਮ 'ਤੇ ਦਰੱਖਤ ਕੱਟੇ ਜਾ ਰਹੇ ਹਨ। ਉਨੇ ਲਗਾਏ ਨਹੀਂ ਜਾ ਰਹੇ। ਸਾਡਾ ਸਭ ਦਾ ਫਰਜ ਬਣਦਾ ਹੈ ਕਿ ਅਸੀਂ ਬੂਟੇ ਜ਼ਰੂਰ ਲਗਾਈਏ। ਬੂਟੇ ਕਿਸੇ ਤਿਉਹਾਰ 'ਤੇ ਜਾਂ ਜਨਮਦਿਨ 'ਤੇ ਬੂਟਾ ਲਗਾ ਕੇ ਅਸੀਂ ਖੁਸ਼ੀ ਮਨਾਈਏ। ਇਹ ਵਿਚਾਰ ਸ੍. ਅਜੀਤ ਸਿੰਘ ਵਾਈਸ ਪ੍ਰਧਾਨ ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ, ਅਗਰਵਾਲ ਚੇਤਨਾ ਸਭਾ ਅਤੇ ਗਾਰਡਨਜ ਇਨਵਾਇਰਨਮੈਂਟ ਸੋਸਾਇਟੀ ਵੱਲੋਂ ਸਰਕਾਰੀ ਵੂਮੈਨ ਕਾਲਜ ਵਿਖੇ ਬੂਟੇ ਲਗਾਉਣ ਸਮੇਂ ਪ੍ਰਗਟ ਕੀਤੇ। 70 ਤੋਂ ਵੱਧ ਬੂਟੇ ਲਗਾਏ ਗਏ। ਵਿਜੈ ਕੁਮਾਰ ਗੋਇਲ ਵੱਲੋਂ ਅਗਰਵਾਲ ਚੇਤਨਾ ਸਭਾ ਅਤੇ ਗਾਰਡਨਜ ਇਨਵਾਇਰਨਮੈਂਟ ਸੋਸਾਇਟੀ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਜਲਦ ਹੀ ਹੋਰ ਥਾਵਾਂ 'ਤੇ ਬੂਟੇ ਲਗਾਏ ਜਾਣਗੇ। ਇਸ ਅਵਸਰ 'ਤੇ ਪ੍ਰੋ. ਸੰਦੀਪ ਜਿੰਦਲ, ਪ੍ਰੋ. ਜਗਦੀਸ਼ ਕੌਰ ਅਤੇ ਸ਼੍ਰੀਮਤੀ ਭੱਟੀ ਹਾਜ਼ਰ ਸਨ।



## ਦਾਜ ਲਈ ਤੰਗ ਕਰਨ 'ਤੇ ਮਾਮਲਾ ਦਰਜ

ਪਟਿਆਲਾ, 27 ਜੂਨ (ਵਿਨੋਦ ਸ਼ਰਮਾ) : ਦਾਜ ਲਈ ਤੰਗ ਕਰਨ ਸਬੰਧੀ ਥਾਣਾ ਵੂਮੈਨ ਪਟਿਆਲਾ ਪੁਲਿਸ ਕੋਲ ਜਸਵੰਤ ਸਿੰਘ ਪੁੱਤਰ ਬੁੱਢਾ ਸਿੰਘ ਵਾਸੀ ਵਾਰਡ ਨੰ. 8 ਘਨੌਰ ਨੇ ਕਥਿਤ ਦੋਸ਼ੀਆਂ ਗੁਰਦੇਵ ਸਿੰਘ, ਬਲਜਿੰਦਰ ਕੌਰ ਵਾਸੀ ਪਿੰਡ ਅਸੰਧ ਜ਼ਿਲ੍ਹਾ ਕਰਨਾਲ ਹਰਿਆਣਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੀ ਲੜਕੀ ਦਾ ਵਿਆਹ ਮਿਤੀ 17/11/14 ਨੂੰ ਕਥਿਤ ਦੋਸ਼ੀ ਗੁਰਦੇਵ ਸਿੰਘ ਨਾਲ ਹੋਇਆ ਸੀ, ਜੋ ਵਿਆਹ ਤੋ ਬਾਅਦ ਕਥਿਤ ਦੋਸ਼ੀ ਉਸ ਦੀ ਲੜਕੀ ਨੂੰ ਹੋਰ ਦਾਜ ਦਹੇਜ ਲਈ ਤੰਗ ਪ੍ਰੇ ਕਰਨ ਲੱਗ ਪਏ ਸਨ, ਜੋ ਉਸਦੇ ਦਾਜ ਦਾ ਸਮਾਨ ਵੀ ਦੋਸ਼ੀਆਂ ਦੇ ਕਬਜ਼ੇ ਵਿੱਚ ਹੈ। ਪੁਲਿਸ ਨੇ ਧਾਰਾ 406,498ਏ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਮਨੁੱਖਤਾ ਦੇ ਭਲੇ ਲਈ ਖ਼ੂਨਦਾਨ ਕੈਂਪ ਲਗਾਇਆ



ਬਲਬੇੜਾ , 27 ਅਪ੍ਰੈਲ (ਗੁਰਜੀਤ ਸਿੰਘ ਢੌਟ) : ਮਨੁੱਖਤਾ ਦੇ ਭਲੇ ਲਈ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਵੱਲੋਂ ਟਿੱਲਾ ਬਾਬਾ ਸ੍ਰੀ ਚੰਦ ਜੀ ਦੇ ਅਸਥਾਨ ਡਕਾਲਾ ਵਿਖੇ ਕੈਂਪ ਕਮਾਂਡਰ ਮਨਵਿੰਦਰ ਸਿੰਘ ਦੀ ਅਗਵਾਈ ਹੇਠ ਦੂਜਾ ਖ਼ੂਨਦਾਨ ਕੈਂਪ ਲਗਾਇਆ, ਜਿਸ ਵਿਚ 12 ਵਲੰਟੀਅਰਾਂ ਨੇ ਖ਼ੂਨਦਾਨ ਕੀਤਾ। ਖ਼ੂਨਦਾਨੀਆਂ ਨੂੰ ਭੁਪਿੰਦਰ ਸਿੰਘ ਡਕਾਲਾ, ਭਾਈ ਜਰਨੈਲ ਸਿੰਘ ਝੰਡੀ, ਰਣਜੀਤ ਸਿੰਘ ਤੇ ਹੋਰਨਾਂ ਨੇ ਸਰਟੀਫਿਕੇਟ ਤੇ ਯਾਦਗਾਰੀ ਮੱਗ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਮਨਵਿੰਦਰ ਸਿੰਘ ਰਾਮਗੜ੍ਹ ਨੇ ਕਿਹਾ ਕਿ ਖ਼ੂਨ ਇੱਕ ਅਜਿਹਾ ਤਰਲ ਹੈ ਜੋ ਡੁਪਲੀਕੇਟ ਨਹੀਂ ਬਣਾਇਆ ਜਾ ਸਕਦਾ। ਦਾਨ ਕੀਤੇ ਖ਼ੂਨ ਨਾਲ ਲੋੜਵੰਦ ਮਰੀਜ਼ਾਂ ਦੀ ਜਾਨ ਬਚਾਈ ਜਾ ਸਕਦੀ ਹੈ। ਗਰੁੱਪ ਵੱਲੋਂ ਹਰ ਮਹੀਨੇ ਦੀ 5 ਅਤੇ 20 ਤਰੀਕ ਨੂੰ ਸਰਕਾਰੀ ਰਜਿੰਦਰਾ ਹਸਪਤਾਲ ਦੇ ਬਲੱਡ ਬੈਂਕ ਵਿਖੇ ਸਵੇਰੇ 9 ਤੋਂ 1 ਵਜੇ ਤੱਕ ਖ਼ੂਨਦਾਨ ਕੈਂਪ ਲਗਾਇਆ ਜਾਂਦਾ ਹੈ, ਤਾਂ ਜੋ ਲੋੜਵੰਦ ਮਰੀਜ਼ਾਂ ਨੂੰ ਸਮੇਂ ਸਿਰ ਖ਼ੂਨ ਮਿਲ ਸਕੇ।

## ਅਣਪਛਾਤੀ ਲਾਸ਼ ਮਿਲੀ

ਸਮਾਣਾ 27 ਜੂਨ (ਵਿਜੇ ਕੁਮਾਰ) : ਸਮਾਣਾ ਸਿਟੀ ਪੁਲਿਸ ਨੂੰ ਬੀਤੀ ਰਾਤ ਗਊਸ਼ਾਲਾ ਦੀ ਬੈਕ ਸਾਈਡ ਖਾਲੀ ਪਲਾਟਾਂ ਵਿੱਚੋਂ ਇੱਕ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ ਹੈ, ਜਿਸ ਦੀ ਪਛਾਣ ਨਾ ਹੋਣ ਕਾਰਨ ਪੁਲਿਸ ਨੇ ਮ੍ਰਿਤਕ ਦੀ ਲਾਸ਼ ਨੂੰ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ 72 ਘੰਟੇ ਲਈ ਰਖਵਾ ਦਿੱਤਾ ਗਿਆ ਹੈ, ਜਿਸ ਦਾ ਹੁਲੀਆ ਉਮਰ 40-45 ਸਾਲ, ਕਾਲੇ ਰੰਗ ਦੀ ਲੋਅਰ, ਟੀ-ਸ਼ਰਟ ਪਹਿਨੀ ਹੋਈ ਹੈ। ਚਿਹਰੇ ਦੀ ਪਹਿਚਾਣ ਕਈ ਦਿਨਾਂ ਦੀ ਲਾਸ ਹੋਣ ਕਾਰਨ ਨਹੀਂ ਆ ਰਹੀ, ਜਿਸ ਕਿਸੇ ਦੀ ਵੀ ਹੋਵੇ ਜਾਂ ਕਿਸੇ ਨੂੰ ਇਸ ਦੀ ਸੂਚਨਾ ਮਿਲੇ ਤਾਂ ਉਹ ਥਾਣਾ ਸਿਟੀ ਸਮਾਣਾ ਦੇ 95929 12426 ਤੇ 8588 31801 ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

## ਪਿੰਡ ਮੁਰਾਦਪੁਰਾ ਦੇ ਨਸ਼ਾ ਤਸਕਰ ਦੀ ਜਾਇਦਾਦ ਜ਼ਬਤ

ਸਮਾਣਾ, 27 ਜੂਨ (ਵਿਜੇ ਕੁਮਾਰ) : ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆ ਵਿਰੁੱਧ' ਤਹਿਤ ਸਿਟੀ ਪੁਲਸ ਨੇ ਕਾਰਵਾਈ ਕਰਦਿਆਂ ਸਮਾਣਾ ਸ਼ਹਿਰ ਦੇ ਨਾਲ ਲੱਗਦੇ ਨਸ਼ਿਆਂ ਦੇ ਹਾਟਸਪਾਟ ਮੰਨੇ ਜਾਂਦੇ ਪਿੰਡ ਮੁਰਾਦਪੁਰਾ ਵਿੱਚ ਇੱਕ ਨਸ਼ਾ ਤਸਕਰ ਦੀ ਲੱਖਾਂ ਰੁਪਏ ਦੀ ਜਾਇਦਾਦ ਜ਼ਬਤ ਕੀਤੀ। ਇਸ ਸਬੰਧੀ ਪਿੰਡ ਮੁਰਾਦਪੁਰਾ ਵਿੱਚ ਪੁਲਸ ਟੀਮ ਨਾਲ ਪਹੁੰਚੇ ਡੀ.ਐਸ.ਪੀ ਫਤਹਿ ਸਿੰਘ ਬਰਾੜ ਅਤੇ ਸਿਟੀ ਪੁਲਿਸ ਥਾਣਾ ਦੇ ਇੰਸਪੈਕਟਰ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਨਸ਼ੇ ਦਾ ਹਾਟਸਪਾਟ ਮੰਨੇ ਜਾਂਦੇ ਪਿੰਡ ਮੁਰਾਦਪੁਰਾ ਦੇ ਵਸਨੀਕ ਕੁਲਦੀਪ ਸਿੰਘ ਪੁੱਤਰ ਅਮਰ ਸਿੰਘ ਖ਼ਿਲਾਫ਼ ਨਸ਼ਾ ਤਸਕਰੀ ਦੇ ਲਗਭਗ ਅੱਧਾ ਦਰਜਨ ਮਾਮਲੇ ਦਰਜ ਹਨ, ਅਤੇ ਉਹ ਇਸ ਸਮੇਂ ਜੇਲ੍ਹ ਵਿੱਚ ਹੈ। ਪੁਲਸ ਵਿਭਾਗ ਵੱਲੋਂ ਨਸ਼ਾ ਵੇਚ ਕੇ ਬਣਾਈ ਗਈ ਜਾਇਦਾਦ ਸਬੰਧੀ ਕੇਸ ਕੰਪੀਟੈਂਟ ਅਥਾਰਟੀ, ਦਿੱਲੀ ਨੂੰ ਭੇਜਿਆ ਗਿਆ ਸੀ, ਜਿਸ ਦੀ ਜਾਂਚ ਪੜਤਾਲ ਉਪਰੰਤ ਵਿਭਾਗ ਨੂੰ ਮਨਜ਼ੂਰੀ ਮਿਲ ਚੁੱਕੀ ਹੈ। ਇਸ ਤੋਂ ਬਾਅਦ ਪਰਿਵਾਰ ਨੂੰ ਸੂਚਿਤ ਕਰਕੇ ਪਿੰਡ ਵਾਸੀਆਂ ਸਾਹਮਣੇ ਜਾਇਦਾਦ ਜ਼ਬਤ ਕਰਨ ਦਾ ਨੋਟਿਸ ਚਿਪਕਾ ਦਿੱਤਾ ਗਿਆ। ਡੀਐਸਪੀ ਸਮਾਣਾ ਨੇ ਲੋਕਾਂ ਨੂੰ ਨਸ਼ਿਆਂ ਦੇ ਧੰਦੇ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਅਤੇ ਚੇਤਾਵਨੀ ਦਿੰਦਿਆਂ ਕਿਹਾ ਕਿ ਨਸ਼ਾ ਤਸਕਰੀ ਦੇ ਕਾਰਜ ਵਿੱਚ ਸ਼ਾਮਲ ਲੋਕਾਂ ਨੂੰ ਬਖਸ਼ਿਆ ਨਹੀਂ ਜਾਵੇਗਾ।

## ਨਗਰ ਨਿਗਮ ਵੱਲੋਂ ਚਾਰ ਵਿਅਕਤੀਆਂ ਨੂੰ ਤਰਸ ਦੇ ਅਧਾਰ 'ਤੇ ਮਿਲੀ ਸਫਾਈ ਸੇਵਕ ਦੀ ਨੌਕਰੀ

### ਕਰਮਚਾਰੀਆਂ ਨੇ ਮੇਅਰ ਦਾ ਕੀਤਾ ਧੰਨਵਾਦ



ਪਟਿਆਲਾ 27 ਜੂਨ (ਰੁਪਾਣਾ) : ਮੇਅਰ ਕੁੰਦਨ ਗੋਗੀਆ ਨੇ ਇਸ ਮੌਕੇ 'ਤੇ ਕਿਹਾ ਕਿ ਨਗਰ ਨਿਗਮ ਦਾ ਟੀਚਾ ਸਿਰਫ਼ ਸ਼ਹਿਰ ਨੂੰ ਸਾਫ਼-ਸੁਥਰਾ ਰੱਖਣਾ ਹੀ ਨਹੀਂ, ਸਗੋਂ ਆਪਣੇ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਚਿੰਤਾ ਕਰਨਾ ਵੀ ਹੈ। ਮੇਅਰ ਗੋਗੀਆ ਨੇ ਕਿਹਾ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਮਾਮਲਿਆਂ ਵਿੱਚ ਤੁਰੰਤ ਮਦਦ ਕੀਤੀ ਜਾਵੇਗੀ। ਦੱਸਣਯੋਗ ਹੈ ਕਿ ਅੱਜ ਨਗਰ ਨਿਗਮ ਵੱਲੋਂ ਸ਼੍ਰੀਮਤੀ ਜੋਤੀ ਪਤਨੀ ਮ੍ਰਿਤਕ ਅਜੈ ਸਹੋਤਾ ਨੂੰ ਸਫਾਈ ਸੇਵਕ, ਅਜੈ ਕਮਾਰ ਪੁੱਤਰ ਲੇਟ ਰਾਣੀ ਸਫਾਈ ਸੇਵਕ, ਜਸਪ੍ਰੀਤ ਪੁੱਤਰ ਭਗਵਾਨ ਸਿੰਘ ਨੂੰ ਸੇਵਾਦਾਰ ਅਤੇ ਬੰਟੀ ਪੁੱਤਰ ਲੇਟ ਸ਼੍ਰੀ ਨੱਥੂ ਨੂੰ ਤਰਸ ਦੇ ਅਧਾਰ 'ਤੇ ਸਫਾਈ ਸੇਵਕ ਦੀ ਨੌਕਰੀ ਦਿੱਤੀ ਗਈ ਹੈ। ਇਹ ਫੈਸਲਾ ਮੇਅਰ ਕੁੰਦਨ ਗੋਗੀਆ ਅਤੇ ਨਗਰ ਨਿਗਮ ਕਮਿਸ਼ਨਰ ਪਰਮਵੀਰ ਸਿੰਘ ਦੀ ਅਗਵਾਈ ਵਿੱਚ ਨਗਰ ਨਿਗਮ ਟੀਮ ਵੱਲੋਂ ਲਿਆ ਗਿਆ, ਤਾਂ ਜੋ ਮ੍ਰਿਤਕ ਕਰਮਚਾਰੀ ਦੇ ਪਰਿਵਾਰ ਨੂੰ ਆਰਥਿਕ ਸਹਾਰਾ ਮਿਲ ਸਕੇ। ਨਵੀਂ ਨਿਯੁਕਤ ਹੋਏ ਕਰਮਚਾਰੀਆਂ ਨੇ ਨਗਰ ਨਿਗਮ ਕਮਿਸ਼ਨਰ ਅਤੇ ਮੇਅਰ ਦਾ ਧੰਨਵਾਦ ਕਰਦਿਆਂ ਕਿਹਾ, ਕਿ ਅਸੀਂ ਆਪਣੇ ਭਵਿੱਖ ਨੂੰ ਲੈ ਕੇ ਬਹੁਤ ਚਿੰਤਤ ਸੀ। ਨਗਰ ਨਿਗਮ ਵੱਲੋਂ ਸਾਨੂੰ ਨੌਕਰੀ ਦੇਣ ਨਾਲ ਮੇਰੇ ਪਰਿਵਾਰ ਨੂੰ ਸਹਾਰਾ ਮਿਲੇਗਾ।

## ਪੰਜਾਬੀ ਯੂਨੀਵਰਸਿਟੀ ਦਾ ਪੰਜਾਬੀ ਵਿਭਾਗ ਕਰਵਾਏਗਾ 'ਮੋਢੀ-ਮੁਖੀ ਦਿਵਸ' ਸਮਾਗਮ

ਪਟਿਆਲਾ, 27 ਜੂਨ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵੱਲੋਂ 1 ਜੁਲਾਈ 2025 ਨੂੰ ਸਵੇਰੇ 11 ਵਜੇ ਪੰਜਾਬੀ ਵਿਭਾਗ ਦੇ ਪਹਿਲੇ ਮੁਖੀ ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਨਮਿਤ 'ਮੋਢੀ-ਮੁਖੀ ਦਿਵਸ' ਅਤੇ ਸਨਮਾਨ ਸਮਾਗਮ ਕਰਵਾਇਆ ਜਾ ਰਿਹਾ ਹੈ। ਵਿਭਾਗ ਮੁਖੀ ਡਾ. ਰਾਜਵੰਤ ਕੌਰ ਪੰਜਾਬੀ ਨੇ ਇਸ ਸਮਾਗਮ ਬਾਰੇ ਵੇਰਵੇ ਸਾਂਝੇ ਕਰਦਿਆਂ ਦੱਸਿਆ ਕਿ ਵਿਭਾਗ ਦੇ ਲੈਕਚਰ ਹਾਲ ਵਿੱਚ ਹੋਣ ਵਾਲ਼ੇ ਇਸ ਸਮਾਗਮ ਦੀ ਪ੍ਰਧਾਨਗੀ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਕਰਨਗੇ। ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਡੀਨ ਭਾਸ਼ਾਵਾਂ ਡਾ. ਭੁਪਿੰਦਰ ਸਿੰਘ ਖਹਿਰਾ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਣਗੇ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਵਿੱਚ ਪਹਿਲਾ 'ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਮੋਢੀ-ਮੁਖੀ ਸਨਮਾਨ' ਵਿਭਾਗ ਦੇ ਸਾਬਕਾ ਪ੍ਰੋਫ਼ੈਸਰ ਅਤੇ ਮੁਖੀ ਉੱਘੇ ਵਿਦਵਾਨ ਡਾ. ਨਰਿੰਦਰ ਸਿੰਘ ਕਪੂਰ ਨੂੰ ਪ੍ਰਦਾਨ ਕੀਤਾ ਜਾਵੇਗਾ। ਸਨਮਾਨ-ਪੱਤਰ ਵਕਤਾ ਡਾ. ਗੁਰਮੁਖ ਸਿੰਘ ਹੋਣਗੇ। ਪ੍ਰਧਾਨਗੀ ਮੰਡਲ ਵਿਚ ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਦੀ ਸਪੁੱਤਰੀ ਪ੍ਰੋ. ਮਾਨਵਤਾ ਘੁੰਮਣ ਅਤੇ ਡਾ. ਸਤੀਸ਼ ਕੁਮਾਰ ਵਰਮਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਣਗੇ ਜਦੋਂ ਕਿ ਮੁੱਖ ਵਕਤਾ ਵਜੋਂ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਤੇ ਡੀਨ ਅਕਾਦਮਿਕ ਮਾਮਲੇ ਡਾ. ਜਸਵਿੰਦਰ ਸਿੰਘ ਸ਼ਿਰਕਤ ਕਰਨਗੇ। ਡਾ. ਪੰਜਾਬੀ ਨੇ ਇਹ ਵੀ ਦੱਸਿਆ ਕਿ ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਦੇ ਸਪੁੱਤਰ ਸ. ਜੈ ਪ੍ਰਕਾਸ਼ ਸਿੰਘ ਧਾਲੀਵਾਲ ਦੇ ਸਹਿਯੋਗ ਨਾਲ਼ ਹੋ ਰਹੇ ਇਸ ਸਮਾਗਮ ਵਿਚ ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਦੇ ਜੀਵਨ ਅਤੇ ਸਾਹਿਤਕ ਯੋਗਦਾਨ ਦੇ ਵਿਭਿੰਨ ਪਹਿਲੂਆਂ ਬਾਰੇ ਡਾ. ਰਾਜਿੰਦਰ ਪਾਲ ਸਿੰਘ ਬਰਾੜ ਅਤੇ ਡਾ. ਸੁਰਜੀਤ ਸਿੰਘ ਵੀ ਰੌਸ਼ਨੀ ਪਾਉਣਗੇ।

## ਪੀ.ਡੀ.ਏ ਨੇ ਪਿੰਡ ਦੂਲੱਦੀ ਵਿਖੇ ਵਿਕਸਿਤ ਕੀਤੀ ਅਣ-ਅਧਿਕਾਰਤ ਕਲੋਨੀ ਢਾਹੀ

ਨਾਭਾ, 27 ਜੂਨ (ਚੌਧਰੀਮਾਜਰਾ/ਬਲਜਿੰਦਰ ਮਾਨ) : ਪਟਿਆਲਾ ਡਿਵੈਲਪਮੈਂਟ ਅਥਾਰਿਟੀ (ਪੀ.ਡੀ.ਏ.), ਪਟਿਆਲਾ ਦੇ ਰੈਗੂਲੇਟਰੀ ਵਿੰਗ ਨੇ ਪਿੰਡ ਦੂਲੱਦੀ ਤਹਿਸੀਲ ਤੇ ਜ਼ਿਲ੍ਹਾ ਪਟਿਆਲਾ ਵਿਖੇ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ ਐਕਟ, 1995 ਦੀ ਉਲੰਘਣਾ ਕਰਕੇ ਵਿਕਸਿਤ ਕੀਤੀ ਅਣ-ਅਧਿਕਾਰਤ ਕਲੋਨੀ ਖ਼ਿਲਾਫ਼ ਕਾਰਵਾਈ ਕਰਦੇ ਹੋਏ ਇਸ ਨੂੰ ਢਾਹ ਦਿੱਤਾ ਹੈ। ਇਸ ਮੁਹਿੰਮ ਤਹਿਤ ਪੀ.ਡੀ.ਏ. ਨੇ ਇਹ ਸਪੱਸ਼ਟ ਸੰਦੇਸ਼ ਦਿੱਤਾ ਹੈ ਕਿ ਪੀ.ਡੀ.ਏ., ਪਟਿਆਲਾ ਦੇ ਅਧਿਕਾਰ ਖੇਤਰ ਵਿੱਚ ਕਿਸੇ ਵੀ ਤਰ੍ਹਾਂ ਦੀ ਅਣ-ਅਧਿਕਾਰਤ ਕਲੋਨੀ ਦੀ ਉਸਾਰੀ ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ, ਤਾਂ ਜੋ ਆਮ ਜਨਤਾ ਨੂੰ ਇਹਨਾਂ ਵਿਕਸਤ ਹੋਈਆਂ ਕਲੋਨੀਆਂ ਵਿੱਚ ਆਪਣੀ ਅਹਿਮ ਪੂੰਜੀ ਨੂੰ ਨਿਵੇਸ਼ ਕਰਨ ਤੋਂ ਬਚਾਇਆ ਜਾ ਸਕੇ ਅਤੇ ਪਟਿਆਲਾ ਜਿਲ੍ਹੇ ਵਿੱਚ ਹੋ ਰਹੇ ਗੈਰ-ਯੋਜਨਾਬੱਧ ਵਿਕਾਸ ਨੂੰ ਰੋਕਿਆ ਜਾ ਸਕੇ। ਪੀ.ਡੀ.ਏ ਦੇ ਮੁੱਖ ਪ੍ਰਸ਼ਾਸਕ ਮਨੀਸ਼ਾ ਰਾਣਾ ਅਤੇ ਵਧੀਕ ਪ੍ਰਸ਼ਾਸਕ ਜਸ਼ਨਦੀਪ ਕੌਰ ਗਿੱਲ ਨੇ ਦੱਸਿਆ ਕਿ ਪੀ.ਡੀ.ਏ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਪਟਿਆਲਾ ਵਾਸੀ ਭਵਿੱਖ ਵਿੱਚ ਕਿਸੇ ਵੀ ਕਲੋਨੀ ਵਿੱਚ ਮਕਾਨ/ਪਲਾਟ ਦੀ ਖਰੀਦ ਕਰਨ ਤੋਂ ਪਹਿਲਾਂ ਉਸ ਕਲੋਨੀ ਸਬੰਧੀ ਸਰਕਾਰ/ਪੀ.ਡੀ.ਏ. ਪਾਸੋਂ ਪ੍ਰਵਾਨਗੀ ਸਬੰਧੀ ਦਸਤਾਵੇਜ਼ ਚੈੱਕ ਕਰ ਲੈਣ ਜਾਂ ਇਸ ਸਬੰਧੀ ਪੀ.ਡੀ.ਏ. ਦਫਤਰ ਜਾਣਕਾਰੀ ਪ੍ਰਾਪਤ ਕਰ ਲੈਣ ਤਾਂ ਜੋ ਉਹਨਾਂ ਨੂੰ ਭਵਿੱਖ ਵਿੱਚ ਕਿਸੇ ਵੀ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਮਨੀਸ਼ਾ ਰਾਣਾ ਅਤੇ ਜਸ਼ਨਦੀਪ ਕੌਰ ਗਿੱਲ ਨੇ ਦੱਸਿਆ ਕਿ ਇਹਨਾਂ ਕਲੋਨੀਆਂ ਤੋਂ ਇਲਾਵਾ ਕੁੱਝ ਹੋਰ ਅਣ-ਅਧਿਕਾਰਤ ਕਲੋਨਾਈਜ਼ਰਾਂ ਨੂੰ ਵੀ ਨੋਟਿਸ ਜਾਰੀ ਕੀਤੇ ਗਏ ਹਨ ਅਤੇ ਜੇਕਰ ਇਸ ਸਬੰਧੀ ਕੋਈ ਪੁਖਤਾ ਜਵਾਬ ਜਾਂ ਦਸਤਾਵੇਜ ਨੋਟਿਸ ਵਿੱਚ ਦਿੱਤੇ ਸਮੇਂ ਦੌਰਾਨ ਪ੍ਰਾਪਤ ਨਹੀ ਹੁੰਦੇ ਹਨ ਤਾਂ ਉਹਨਾਂ ਵਿਰੁੱਧ ਵੀ ਇਸ ਤਰ੍ਹਾਂ ਦੀ ਕਾਰਵਾਈ ਕੀਤੀ ਜਾਵੇਗੀ ਅਤੇ ਪਾਪਰਾ ਐਕਟ 1995 ਦੀਆਂ ਧਾਰਾਵਾਂ ਤਹਿਤ ਐਫ.ਆਈ.ਆਰ. ਵੀ ਦਰਜ ਕਰਵਾਈ ਜਾਵੇਗੀ।



## ਖ਼ਾਲਸਾ ਕਾਲਜ ਵਿਖੇ 'ਨਸ਼ਾ ਮੁਕਤ ਭਾਰਤ ਪਖਵਾੜਾ' ਮਨਾਇਆ

ਪਟਿਆਲਾ, 27 ਜੂਨ (ਰੁਪਾਣਾ) : ਅਖਿਲ ਭਾਰਤੀ ਤਕਨੀਕੀ ਸਿੱਖਿਆ ਪ੍ਰੀਸ਼ਦ ਅਤੇ ਸਿੱਖਿਆ ਮੰਤਰਾਲਾ ਭਾਰਤ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਖ਼ਾਲਸਾ ਕਾਲਜ ਪਟਿਆਲਾ ਦੇ ਨੈਸ਼ਨਲ ਸਰਵਿਸ ਸਕੀਮ (ਐਨਐਸਐਸ) ਵਿਭਾਗ ਅਤੇ ਬੱਡੀ ਗਰੁੱਪ ਨੇ ਸਾਂਝੇ ਤੌਰ 'ਤੇ "ਨਸ਼ਾ ਮੁਕਤ ਭਾਰਤ ਪਖਵਾੜਾ" ਮਨਾਇਆ। ਜਿਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਅਤੇ ਸਮਾਜ ਨੂੰ ਨਸ਼ਿਆਂ ਦੇ ਵਿਰੁੱਧ ਜਾਗਰੂਕ ਕਰਨਾ ਸੀ। ਸੰਯੁਕਤ ਰਾਸ਼ਟਰ ਵੱਲੋਂ 26 ਜੂਨ ਨੂੰ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਦਿਵਸ ਵਜੋਂ ਮਨਾਇਆ ਜਾਂਦਾ ਹੈ, ਅਤੇ ਇਸੇ ਦੇ ਮੱਦੇਨਜ਼ਰ ਭਾਰਤ ਸਰਕਾਰ ਦੇ "ਨਸ਼ਾ ਮੁਕਤ ਭਾਰਤ" ਦੇ ਵਿਜ਼ਨ ਨੂੰ ਸਾਕਾਰ ਕਰਨ ਲਈ ਇਹ ਪਹਿਲਕਦਮੀ ਕੀਤੀ ਗਈ। ਖ਼ਾਲਸਾ ਕਾਲਜ ਪਟਿਆਲਾ ਵਿਖੇ ਆਯੋਜਿਤ ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ ਗਿਆ। ਐਨਐਸਐਸ ਪ੍ਰੋਗਰਾਮ ਅਫਸਰ ਡਾ. ਦਵਿੰਦਰ ਸਿੰਘ, ਡਾ. ਜਗਤਾਰ ਸਿੰਘ ਅਤੇ ਡਾ. ਸਪਨਾ ਨੇ ਵਿਦਿਆਰਥੀਆਂ ਨਾਲ ਨਸ਼ਿਆਂ ਦੀ ਸਮੱਸਿਆ ਅਤੇ ਇਸ ਦੇ ਸਮਾਜਿਕ ਤੇ ਵਿਅਕਤੀਗਤ ਨੁਕਸਾਨਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕੀਤਾ। ਇਸ ਦੌਰਾਨ ਬੱਡੀ ਗਰੁੱਪ ਦੇ ਇੰਚਾਰਜ ਡਾ. ਗੋਰਖ ਸਿੰਘ ਨੇ ਵੀ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਵਿਰੁੱਧ ਸੰਘਰਸ਼ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਪ੍ਰੋਤਸਾਹਿਤ ਕੀਤਾ। ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੇ ਨਸ਼ਿਆਂ ਵਿਰੁੱਧ ਸਹੁੰ ਵੀ ਚੁੱਕੀ, ਜਿਸ ਵਿੱਚ ਉਨ੍ਹਾਂ ਨੇ ਨਸ਼ੇ ਨਾ ਕਰਨ ਅਤੇ ਸਮਾਜ ਨੂੰ ਨਸ਼ਾ ਮੁਕਤ ਕਰਨ ਦੀ ਸਹੁੰ ਖਾਧੀ। ਇਸ ਤੋਂ ਇਲਾਵਾ, "ਮਿਸ਼ਨ-ਡਰੱਗ ਫਰੀ ਕੈਂਪਸ" ਦੇ ਹਿੱਸੇ ਵਜੋਂ ਜਾਗਰੂਕਤਾ ਪ੍ਰੋਗਰਾਮ ਵੀ ਆਯੋਜਿਤ ਕੀਤੇ ਗਏ ਅਤੇ ਵਿਦਿਆਰਥੀਆਂ ਨੂੰ ਨਸ਼ਿਆਂ ਦੀ ਰੋਕਥਾਮ ਲਈ ਜਾਗਰੂਕ ਕੀਤਾ ਗਿਆ। ਇਸ ਮੌਕੇ, ਪ੍ਰਮੁੱਖ ਸ਼ਖਸੀਅਤਾਂ ਅਤੇ ਸੰਸਥਾ ਦੇ ਮੁਖੀਆਂ ਵੱਲੋਂ ਨਸ਼ਾ ਵਿਰੋਧੀ ਸੁਨੇਹੇ ਵੀ ਜਾਰੀ ਕੀਤੇ ਗਏ, ਜੋ ਵੀਡੀਓ ਸੁਨੇਹਿਆਂ ਦੇ ਰੂਪ ਵਿੱਚ ਪ੍ਰਸਾਰਿਤ ਕੀਤੇ ਗਏ। ਇਹ ਪ੍ਰੋਗਰਾਮ ਸਮਾਜ ਵਿੱਚ ਨਸ਼ਿਆਂ ਦੀ ਸਮੱਸਿਆ ਨੂੰ ਖਤਮ ਕਰਨ ਅਤੇ "ਨਸ਼ਾ ਮੁਕਤ ਭਾਰਤ" ਦੇ ਸੁਪਨੇ ਨੂੰ 2047 ਤੱਕ ਸਾਕਾਰ ਕਰਨ ਵਿੱਚ ਇੱਕ ਅਹਿਮ ਕਦਮ ਸਾਬਤ ਹੋਇਆ। ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸਰਗਰਮ ਸ਼ਮੂਲੀਅਤ ਦੀ ਸ਼ਲਾਘਾ ਕੀਤੀ ਅਤੇ ਇਸ ਤਰ੍ਹਾਂ ਦੇ ਸਮਾਜਿਕ ਮੁਹਿੰਮਾਂ ਵਿੱਚ ਹੋਰ ਵੀ ਹਿੱਸਾ ਲੈਣ ਦੀ ਅਪੀਲ ਕੀਤੀ।

## ਦੁਕਾਨ 'ਚੋਂ ਸੋਨੇ ਦੀ ਚੈਨ ਤੇ ਹੋਰ ਸਮਾਨ ਚੋਰੀ

ਪਟਿਆਲਾ, 27 ਜੂਨ (ਵਿਨੋਦ ਸ਼ਰਮਾ) : ਥਾਣਾ ਕੋਤਵਾਲੀ ਪਟਿਆਲਾ ਪੁਲਿਸ ਕੋਲ ਦੀਪਕ ਕੁਮਾਰ ਪੁੱਤਰ ਰਾਜ ਕੁਮਾਰ ਵਾਸੀ ਮੋਤਾ ਸਿੰਘ ਨਗਰ ਨੇੜੇ ਤੇਜਬਾਗ ਕਲੋਨੀ ਪਟਿਆਲਾ ਨੇ 2 ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੀ ਨੋਧਾ ਸਿਰ ਮੁਹੱਲਾ ਨੇੜੇ ਦਰਸ਼ਨੀ ਗੇਟ ਪਟਿਆਲਾ ਵਿਖੇ ਰਾਜ ਜਿਊਲਰਜ਼ ਦੇ ਨਾਮ 'ਤੇ ਦੁਕਾਨ ਹੈ। ਉਸ ਦਾ ਪਿਤਾ ਦੁਕਾਨ 'ਤੇ ਹਾਜ਼ਰ ਸੀ ਤਾਂ 2 ਅਣਪਛਾਤੇ ਵਿਅਕਤੀ ਦੁਕਾਨ 'ਤੇ ਆਏ ਅਤੇ ਸੋਨੇ ਦੀਆਂ ਵਾਲੀਆਂ ਪਸੰਦ ਕਰਕੇ 2 ਹਜਾਰ ਰੁਪਏ ਅਡਵਾਂਸ ਦੇ ਕੇ ਚਲੇ ਗਏ, ਜੋ ਬਾਅਦ ਵਿੱਚ ਪਤਾ ਲੱਗਾ ਕਿ ਗਹਿਣੇ ਪਸੰਦ ਕਰਦੇ ਸਮੇਂ ਸੋਨੇ ਦੀ ਚੈਨ, ਪੈਂਡਲ ਦੇ ਪੈਕਟ ਚੋਰੀ ਕਰਕੇ ਲੈ ਗਏ। ਪੁਲਿਸ ਨੇ ਧਾਰਾ 305,3(5) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।